PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

5th - 12th December 2024 • Issue No. 3059

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

# ਸ੍ਰੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਆਪਣੀ ਧਾਰਮਿਕ ਸਜ਼ਾ ਭੁਗਤ ਰਹੇ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ ਉੱਤੇ ਨਰਾਇਣ ਸਿੰਘ ਚੌੜਾ ਵੱਲੋਂ ਦਿਨ ਦਿਹਾੜੇ ਜਾਨ ਲੇਵਾ ਹਮਲਾ

## ਸੁਰੱਖਿਆ ਸੇਵਾਦਾਰਾਂ ਨੇ ਤੁਰੰਤ ਅੱਗੇ ਆ ਕੇ ਸੁਖਬੀਰ ਸਿੰਘ ਬਾਦਲ ਨੂੰ ਗੋਲੀ ਲੱਗਣ ਤੋਂ ਬਚਾਅ ਲਿਆ















## ਹਮਲੇ ਤੋਂ ਬਾਅਦ ਸਾਬਕਾ ਖਾੜਕੂ, ਸ਼ਾਇਰ ਤੇ ਲੇਖਕ ਨਰਾਇਣ ਸਿੰਘ ਚੌੜਾ ਪੁਲਿਸ ਵੱਲੋਂ ਗ੍ਰਿਫਤਾਰ

# ਗੁਰਦੁਆਰਾ ਸਿੰਘ ਸਭਾ ਡਰਬੀ ਦੇ ਮੁੱਖ ਗ੍ਰੰਥੀ ਗਿਆਨੀ ਦਰਬਾਰਾ ਸਿੰਘ ਦੇ ਸੇਵਾ ਮੁਕਤ ਹੋਣ ਤੇ ਸਿਰੋਪਾਓ ਦੇ ਕੇ ਕੀਤਾ ਸਨਮਾਨ

## ਸਾਰੇ ਗੁਰਦੁਆਰਾ ਸਾਹਿਬਾਂ ਦੀਆਂ ਕਮੇਟੀਆਂ ਨੂੰ ਆਪਣੇ ਪ੍ਰਚਾਰਕਾਂ ਦਾ ਖਾਸ ਧਿਆਨ ਰੱਖਣਾ ਚਾਹੀਦਾ



ਗਿਆਨੀ ਦਰਬਾਰਾ ਸਿੰਘ ਨੂੰ ਸੇਵਾ ਮੁਕਤੀ ਦੌਰਾਨ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਸਨਮਾਨ ਕਰਦੇ ਹੋਏ ਗੁਰੂ ਘਰ ਦੇ ਸੇਵਾਦਾਰ





**ਡਰਬੀ (ਪੰਜਾਬ ਟਾਈਮਜ਼) – ਇਥੇ ਗੁਰ-ਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਲੰਮਾ ਸਮਾਂ ਮੁੱਖ ਸੇਵਾਦਾਰ ਵਜੋਂ ਸੇਵਾ ਕਰਨ ਵਾਲੇ ਗਿਆਨੀ ਦਰਬਾਰਾ ਸਿੰਘ ਜੀ ਬੀਤੇ ਦਿਨੀਂ ਸੇਵਾ ਮੁਕਤ ਹੋ ਗਏ ਹਨ। ਉਹਨਾਂ ਨੇ ਇਥੇ ਵੀਹ ਸਾਲ ਤੋਂ ਵੀ ਵੱਧ ਸਮਾਂ ਗੁਰਦੁਆਰਾ ਸਾਹਿਬ ਵਿਖੇ ਕੀਰਤਨੀ ਜਥੇ ਵਜੋਂ ਸੇਵਾ ਨਿਭਾਈ। ਉਹਨਾਂ ਨੇ ਸੇਵਾ ਕਰਦਿਆਂ ਨਾਲ-ਨਾਲ ਆਪਣੀ ਕਿਰਤ ਵੀ ਜਾਰੀ ਰੱਖੀ, ਤੇ ਹੁਣ ਤੱਕ ਉਹਨਾਂ ਦੇ ਕੋਲ ਅੱਧੀ ਦਰਜਨ ਤੋਂ ਵੱਧ ਟਰੱਕਾਂ ਦਾ ਫਲੀਟ ਹੈ, ਜਿਸ ਦਾ ਪ੍ਰਬੰਧ ਉਹਨਾਂ ਦਾ ਸਪੁੱਤਰ ਸਤਨਾਮ ਸਿੰਘ ਉਹਨਾਂ ਨਾਲ ਮਿਲ ਕੇ ਕਰਦਾ ਹੈ। ਉਹਨਾਂ ਨੇ ਆਪਣੀ ਨਿੱਜੀ ਕਿਰਤ ਦੇ ਨਾਲ ਨਾਲ ਗੁਰੂ ਘਰ ਵਿਖੇ ਸੇਵਾ ਵੀ ਜਾਰੀ ਰੱਖੀ। ਸਤਨਾਮ ਸਿੰਘ ਜਿੱਥੇ ਤਬਲੇ ਦੇ ਮਾਹਿਰ ਹਨ ਉਥੇ ਸਿੰਘ ਸਭਾ ਵਿਖੇ ਅਜਾਇਬਘਰ ਦੀ ਟੀਮ ਨਾਲ ਮਿਲ ਕੇ ਨਿਸ਼ਕਾਮ ਸੇਵਾਵਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ। ਗਿਆਨੀ ਦਰਬਾਰਾ ਸਿੰਘ ਨੇ ਬਹੁਤ ਸਾਰੇ ਬੱਚਿਆਂ ਤੇ ਸਿਆਣਿਆਂ ਨੂੰ ਗੁਰਬਾਣੀ ਦੀ ਸੰਥਿਆ ਵੀ ਦਿੱਤੀ, ਜਿਹਨਾਂ ਚੋਂ ਬਹੁਤੇ ਅਖੰਡ ਪਾਠ ਕਰ ਸਕਦੇ ਹਨ।**

ਬੀਤੇ ਦਿਨੀਂ ਗਿਆਨੀ ਦਰਬਾਰਾ ਸਿੰਘ ਹੁਣਾਂ ਨੂੰ ਗੁਰੂ ਘਰ ਵੱਲੋਂ ਸਿਰੋਪਾਓ ਦੇ ਕੇ ਮਾਣ ਸਨਮਾਨ ਕੀਤਾ ਗਿਆ। ਉਹਨਾਂ ਨੇ ਸੇਵਾ ਮੁਕਤ ਹੋਣ ਉਪਰੰਤ ਕਿਹਾ ਕਿ ਗੁਰੂ ਘਰ ਵਿਖੇ ਜਦੋਂ ਵੀ ਲੋੜ ਹੋਵੇ, ਉਹ ਨਿਸ਼ਕਾਮ ਸੇਵਾਦਾਰ ਵਜੋਂ ਹਾਜ਼ਰ ਹੋਣਗੇ। ਇਸ ਮੌਕੇ ਸਿੰਘ ਸਭਾ ਦੇ ਜਨਰਲ ਸਕੱਤਰ ਸ: ਰਾਜਿੰਦਰ ਸਿੰਘ ਪੁਰੇਵਾਲ ਨੇ ਸ: ਦਰਬਾਰਾ ਸਿੰਘ ਦੀਆਂ ਗੁਰੂ ਘਰ ਵਿਖੇ ਸੇਵਾਵਾਂ ਲਈ ਉਹਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਗਿਆਨੀ ਜੀ ਦੇ ਜੀਵਨ ਤੋਂ ਹੋਰ ਵੀ ਸੇਵਾਦਾਰਾਂ ਨੂੰ ਸੇਧ ਲੈਣੀ ਚਾਹੀਦੀ ਹੈ। ਜਿਹਨਾਂ ਨੇ ਗੁਰੂ ਘਰ ਵਿਖੇ ਸੇਵਾਵਾਂ ਨਿਭਾਉਂਦਿਆਂ ਆਪਣਾ ਚੰਗਾ ਕਾਰੋਬਾਰ ਵੀ ਸਥਾਪਿਤ ਕੀਤਾ, ਤੇ ਅੱਜ ਉਹ ਹੋਰਾਂ ਨੂੰ ਕੰਮ ਦੇਣ ਵਿੱਚ ਸਫਲ ਹੋਏ ਹਨ।

ਯਾਦ ਰਹੇ, ਡਰਬੀ ਦੇ ਗੁਰੂ ਅਰਜਨ ਦੇਵ ਗੁਰਦੁਆਰਾ ਸਾਹਿਬ ਵਿਖੇ ਗਰੰਥੀ ਅਤੇ ਕੀਰਤਨ ਦੀ ਸੇਵਾ ਕਰਨ ਵਾਲੇ ਹੋਰ ਵੀ ਨਾਮੀ ਗਿਰਾਮੀ ਪ੍ਰਚਾਰਕਾਂ ਨੇ ਪੰਥ ਦੀ ਸੇਵਾ ਵਿੱਚ ਬਹੁਤ ਯੋਗਦਾਨ ਪਾਇਆ, ਜਿਹਨਾਂ ਵਿੱਚ ਵਰਣਨਯੋਗ ਹਨ, ਗਿਆਨੀ ਇੰਦਰਜੀਤ ਸਿੰਘ ਜੀ ਜੋ ਰਾਗਾਂ ਦੇ ਮਾਹਰ ਹਨ, ਜਿਹਨਾਂ ਦੇ ਸੈਂਕੜੇ ਕੀਰਤਨੀਏ ਸ਼ਗਿਰਦ ਹਨ। ਇਸੇ ਤਰ੍ਹਾਂ ਸਵਰਗੀ ਗਿਆਨੀ ਨਿਰੰਜਨ ਸਿੰਘ ਨਰਗਿਸ ਹੁਣਾਂ ਨੇ ਵੀ ਪ੍ਰਚਾਰਕ ਵਜੋਂ ਵਡਮੁੱਲਾ ਯੋਗਦਾਨ ਪਾਇਆ, ਤੇ ਬਹੁਤ ਸਾਰਾ ਧਾਰਮਿਕ ਸਾਹਿਤ ਲਿਖਿਆ। ਇਸੇ ਤਰ੍ਹਾਂ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਹੁਣਾਂ ਦਾ ਵੀ ਬੜਾ ਯੋਗਦਾਨ ਹੈ, ਜਿਹਨਾਂ ਨੇ ਦੇਸ਼ ਵਿਦੇਸ਼ ਵਿੱਚ ਪੰਥ ਦਾ ਪ੍ਰਚਾਰ ਕਰਨ ਦੇ ਨਾਲ-ਨਾਲ ਧਾਰਮਿਕ ਸਾਹਿਤ ਦੀ ਵੀ ਰਚਨਾ ਕੀਤੀ ਤੇ ਕਈ ਕਿਤਾਬਾਂ ਪੰਥ ਦੀ ਝੋਲੀ ਵਿੱਚ ਪਾਈਆਂ। ਇਹਨਾਂ ਦੇ ਇਲਾਵਾ ਡਰਬੀ ਦੇ ਗੁਰੂ ਘਰਾਂ ਵਿਖੇ ਸੇਵਾ ਕਰਨ ਵਾਲੇ ਹੋਰ ਵੀ ਬਹੁਤ ਸਾਰੇ ਸੇਵਾਦਾਰ ਸਤਿਕਾਰਯੋਗ ਹਨ ਜਿਹਨਾਂ ਨੇ ਸਿੱਖੀ ਦੇ ਪ੍ਰਚਾਰ ਤੇ ਪਸਾਰ ਲਈ ਸੇਵਾਵਾਂ ਕੀਤੀਆਂ ਹਨ।

# ਸ: ਰਾਜਿੰਦਰ ਸਿੰਘ ਪੁਰੇਵਾਲ ਵੱਲੋਂ ਖਾਲਸਾ ਸਕੂਲ ਸਰੀ ਵਿਖੇ ਮਾਸਟਰ ਕੁਲਵਿੰਦਰ ਸਿੰਘ ਨਾਲ ਮੁਲਾਕਾਤ

**ਸਰੀ (ਕੈਨੇਡਾ) ਪੰਜਾਬ ਟਾਈਮਜ਼ – ਸਿੰਘ ਸਭਾ ਡਰਬੀ ਦੇ ਜਨਰਲ ਸਕੱਤਰ ਤੇ ਸਿੱਖ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ ਬੀਤੇ ਦਿਨੀਂ ਕੈਨੇਡਾ ਇੱਕ ਵਿਆਹ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਗਏ ਸਨ। ਇਸ ਯਾਤਰਾ ਦੌਰਾਨ ਉਹਨਾਂ ਦੇ ਨਾਲ ਬੀਬੀ ਬਲਦੀਸ਼ ਕੌਰ ਡਰਬੀ, ਬੀਬੀ ਹਰਜਿੰਦਰ ਕੌਰ ਢਿੱਲੋਂ ਲੈਸਟਰ, ਬੀਬੀ ਪਿੰਦਰ ਕੌਰ ਡਾਲਾਸ (ਅਮਰੀਕਾ) ਤੋਂ ਅਤੇ ਇੰਡੀਆ ਪੱਧਰ ਦੇ ਉੱਘੇ ਸਾਬਕਾ ਹਾਕੀ ਖਿਡਾਰੀ ਰਣਜੀਤ ਸਿੰਘ ਸੰਧੂ (ਕਾਲਾ) ਆਦਿ ਵੀ ਸ਼ਾਮਿਲ ਸਨ। ਕਾਲਾ ਪੰਜਾਬ ਦੀ ਹਾਕੀ ਟੀਮ ਵਿੱਚ ਬਹੁਤ ਵਾਰੀ ਖੇਡ ਚੁੱਕਿਆ ਹੈ।**

ਇਥੇ ਉਹਨਾਂ ਨੇ ਸਰੀ ਵਿਖੇ ਖਾਲਸਾ ਸਕੂਲ ਦਾ ਵਿਸ਼ੇਸ਼ ਤੌਰ ਤੇ ਦੌਰਾ ਕੀਤਾ। ਯਾਦ ਰਹੇ ਖਾਲਸਾ ਸਕੂਲ ਸਰੀ ਸਵਰਗੀ ਭਾਈ ਰਿਪੁਦਮਨ ਸਿੰਘ ਮਲਿਕ ਵੱਲੋਂ ਸਥਾਪਿਤ ਕੀਤਾ ਗਿਆ ਸੀ। ਜਿਸ ਦੀਆਂ ਕਈ ਬਰਾਂਚਾਂ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਦੁਨਿਆਵੀ ਪੜ੍ਹਾਈ ਦੇ ਨਾਲ-ਨਾਲ ਸਿੱਖ ਧਰਮ ਦੀ ਵਿੱਦਿਆ ਵੀ ਹਾਸਲ ਕਰਦੇ ਹਨ।





ਖਾਲਸਾ ਸਕੂਲ ਸਰੀ ਵਿਖੇ ਸ: ਰਾਜਿੰਦਰ ਸਿੰਘ ਪੁਰੇਵਾਲ, ਮਾਸਟਰ ਕੁਲਵਿੰਦਰ ਸਿੰਘ, ਬਲਦੀਸ਼ ਕੌਰ, ਹਰਜਿੰਦਰ ਕੌਰ, ਗੁਰਕੀਰਤ ਕੌਰ, ਦਲੇਰ ਕੌਰ ਅਤੇ ਪਿੰਦਰ ਕੌਰ ਤੇ ਹੋਰ ਪਤਵੰਤੇ ਨਜ਼ਰ ਆ ਰਹੇ ਹਨ।

ਉਹਨਾਂ ਦੱਸਿਆ ਕਿ ਖਾਲਸਾ ਸਕੂਲ ਸਰੀ ਵਿਖੇ ਧਾਰਮਿਕ ਵਿਸ਼ੇ ਦੇ ਮੁਖੀ ਮਾਸਟਰ ਕੁਲਵਿੰਦਰ ਸਿੰਘ ਨੇ ਕੈਨੇਡਾ ਜਾਣ ਤੋਂ ਪਹਿਲਾਂ ਸਿੰਘ ਸਭਾ ਡਰਬੀ ਵਿਖੇ ਵੀ ਮੁੱਖ ਗਰੰਥੀ ਵਜੋਂ ਕਾਫ਼ੀ ਸਮਾਂ ਸੇਵਾ ਨਿਭਾਈ ਸੀ, ਤੇ ਇਥੇ ਬਹੁਤ ਸਾਰੇ ਬੱਚਿਆਂ ਤੇ ਬੀਬੀਆਂ ਨੂੰ ਗੁਰਬਾਣੀ ਦੀ ਸੰਥਿਆ ਦਿੱਤੀ। ਇਸ ਉਪਰੰਤ ਉਹ ਕੈਨੇਡਾ ਚਲੇ ਗਏ ਸਨ। ਮਾਸਟਰ ਕੁਲਵਿੰਦਰ ਸਿੰਘ ਇਸ ਵਕਤ 60-70 ਦੇ ਕਰੀਬ ਧਾਰਮਿਕ ਵਿਸ਼ੇ ਦੇ ਅਧਿਆਪਕਾਂ ਦੀ ਅਗਵਾਈ ਕਰਦੇ ਹਨ, ਜਿੱਥੇ 4 ਹਜ਼ਾਰ ਦੇ ਲੱਗਭੱਗ ਵਿਦਿਆਰਥੀ ਪੜ੍ਹਦੇ ਹਨ। ਸਵਰਗੀ ਰਿਪੁਦਮਨ ਸਿੰਘ ਮਲਿਕ ਹੁਣਾਂ ਦਾ ਪੰਥਕ ਸੇਵਾਵਾਂ ਵਿੱਚ ਬਹੁਤ ਯੋਗਦਾਨ ਰਿਹਾ ਹੈ। ਖਾਲਸਾ ਸਕੂਲਾਂ ਦੇ ਨਾਲ-ਨਾਲ ਉਹਨਾਂ ਨੇ ਖਾਲਸਾ ਯੂਨੀਅਨ ਬੈਂਕ ਵੀ ਖੋਹਲੇ।

# ਬੁੱਢਾ ਦਰਿਆ : ਕੀ ਪੰਜਾਬੀਆਂ ਨੂੰ ਖ਼ਤਮ ਕਰਨ ਲਈ ਕੀਤੇ ਜਾ ਰਹੇ ਨੇ ਜ਼ਹਿਰੀਲੇ ਪਾਣੀ



## ✪ ਆਖ਼ਰਕਾਰ ਪੰਜਾਬ ਸਰਕਾਰ ਕਿਉਂ ਨਹੀਂ ਹੱਲ ਕਰ ਰਹੀ ਮਸਲਾ ✪ ਪਾਣੀ ਪ੍ਰਦੂਸ਼ਣ ਮਾਮਲੇ ਨੂੰ ਲੈਕੇ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਜ਼ਬਰਦਸਤ ਹੋਇਆ ਟਕਰਾਅ





## • ਨਿਊਜ਼ ਵਿਸ਼ਲੇਸ਼ਣ •

ਲੁਧਿਆਣਾ-ਵਲੀਪੁਰ ਕਲਾਂ ਪਿੰਡ ਹੀ ਉਹ ਥਾਂ ਹੈ, ਜਿੱਥੇ ਬੁੱਢਾ ਨਾਲੇ ਦੇ ਕਾਲੇ ਪਾਣੀ ਦਾ ਸਤਲੁਜ ਦਰਿਆ ਵਿੱਚ ਸੁਮੇਲ ਹੁੰਦਾ ਹੈ। ਬੁੱਢੇ ਦਰਿਆ ਦਾ ਦੂਸ਼ਿਤ ਪਾਣੀ ਕਈ ਕਿੱਲੋ ਮੀਟਰ ਤੱਕ ਕਾਲੇ ਰੰਗ ਦੀ ਧਾਰਾ ਦੇ ਰੂਪ ਵਿੱਚ ਸਤਲੁਜ ਦਰਿਆ ਦੇ ਨਾਲ-ਨਾਲ ਇੱਥੇ ਚੱਲਦਾ ਦਿਖਾਈ ਦਿੰਦਾ ਹੈ। ਇੱਕ ਵਕਤ ਸੀ ਜਦੋਂ ਬੁੱਢੇ ਦਰਿਆ ਦਾ ਪਾਣੀ ਸਾਫ਼ ਹੁੰਦਾ ਸੀ ਅਤੇ ਉਹ ਇਹ ਪਾਣੀ ਖੇਤ ਦੀ ਸਿੰਚਾਈ ਦੇ ਨਾਲ-ਨਾਲ ਪੀਣ ਲਈ ਵੀ ਵਰਤਦੇ ਸਨ। ਬ੍ਰਿਟਿਸ਼ ਰਾਜ ਸਮੇਂ 1904 ਦੇ ਲੁਧਿਆਣਾ ਜ਼ਿਲ੍ਹੇ ਦੇ ਗੈਜ਼ੀਟਿਅਰ ਵਿੱਚ ਵੀ ਇਸ ਨੂੰ ਬੁੱਢਾ ਦਰਿਆ ਕਿਹਾ ਗਿਆ ਹੈ।

ਇਸ ਗੈਜ਼ਟੀਅਰ ਵਿੱਚ ਇਹ ਵੀ ਕਿਹਾ ਗਿਆ ਹੈ ਇਸ ਨਾਲੇ ਦੇ ਪਾਣੀ ਪੂਰਨ ਤੌਰ ਉੱਤੇ ਸਾਫ਼ ਹੈ ਅਤੇ ਹੜ੍ਹਾਂ ਦੇ ਸਮੇਂ ਤੋਂ ਇਲਾਵਾ ਇਸ ਦੀ ਵਰਤੋਂ ਪੀਣ ਲਈ ਵੀ ਕੀਤੀ ਜਾਂਦੀ ਹੈ। ਬੁੱਢੇ ਨਾਲੇ ਦੇ ਕਿਨਾਰੇ ਉੱਤੇ ਕਿਸੇ ਸਮੇਂ ਮੇਲਾ ਲੱਗਦਾ ਸੀ ਅਤੇ ਲੋਕ ਇਸ ਵਿੱਚ ਇਸ਼ਨਾਨ ਕਰਦੇ ਸਨ। ਹੌਲੀ-ਹੌਲੀ ਇਸ ਵਿੱਚ ਲੁਧਿਆਣਾ ਦਾ ਦੂਸ਼ਿਤ ਪਾਣੀ ਆਉਣਾ ਸ਼ੁਰੂ ਹੋ ਗਿਆ ਅਤੇ ਹੁਣ ਸਥਿਤੀ ਇਹ ਹੈ ਕਿ ਇੱਥੇ ਖੜ੍ਹੇ ਹੋਣਾ ਵੀ ਮੁਸ਼ਕਿਲ ਹੋ ਗਿਆ ਹੈ।

ਮਹਾਨਗਰ ਦੇ ਪੂਰਬੀ ਖੇਤਰ ਤੋਂ ਸ਼ੁਰੂ ਹੋ ਕੇ ਪੂਰੇ ਸ਼ਹਿਰ ਵਿਚੋਂ ਲੰਘਣ ਵਾਲਾ ਬੁੱਢਾ ਦਰਿਆ ਖ਼ਤਰਨਾਕ ਤੋਂ ਵੀ ਵੱਧ ਪੱਧਰ 'ਤੇ ਦੂਸ਼ਿਤ ਹੋ ਚੁੱਕਾ ਹੈ। ਕੂਮ ਕਲਾਂ ਤੋਂ ਸ਼ੁਰੂ ਹੋ ਕੇ ਸਤਲੁਜ ਦਰਿਆ ਵਿਚ ਜਾ ਰਲਣ ਤੱਕ ਉਦਯੋਗਿਕ ਇਕਾਈਆਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਜ਼ਹਿਰੀਲੇ ਪਾਣੀ ਨੇ ਬੁੱਢੇ ਦਰਿਆ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਦੂਸ਼ਿਤ ਕਰ ਦਿੱਤਾ ਹੈ। ਪੁਰਾਣੇ ਸਮੇਂ ਸਾਫ ਪਾਣੀ ਦੇ ਇਸ ਸੋਮੇ ਵਿਚ ਚੋਰੀ-ਛੁੱਪੇ ਸੁੱਟੇ ਜਾਣ ਵਾਲੇ ਡਾਇੰਗਾਂ, ਇਲੈਕਟਰੋ ਪਲੇਟਿੰਗ ਇਕਾਈਆਂ ਦੇ ਖ਼ਤਰਨਾਕ ਕੈਮੀਕਲਾਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਮਲਮੂਤਰ ਨੇ ਬੁੱਢੇ ਦਰਿਆ ਨੂੰ ਗੰਦਾ ਨਾਲਾ ਬਣਾ ਦਿੱਤਾ। ਅਨੁਮਾਨ ਮੁਤਾਬਕ ਫੈਕਟਰੀਆਂ ਵਿਚੋਂ ਨਿਕਲਣ ਵਾਲੇ ਕੈਮੀਕਲ ਯੁਕਤ ਜ਼ਹਿਰੀਲੇ ਪਾਣੀ ਨੂੰ ਸਾਫ ਕਰਨ ਲਈ ਲਗਾਏ ਐੱਸਟੀਪੀ ਪਲਾਂਟਾਂ ਦੇ ਮੁਕੰਮਲ ਢੰਗ ਨਾਲ ਕੰਮ ਨਾ ਕਰਨ ਕਾਰਨ ਦੂਸ਼ਿਤ ਪਾਣੀ ਬੁੱਢੇ ਦਰਿਆ ਵਿਚ ਜਾ ਰਲਦਾ ਹੈ। ਦਰਿਆ ਦੇ ਕਰੀਬ ਮਹਾਨਗਰ ਵਿਚ ਚਲਦੇ 230 ਦੇ ਕਰੀਬ ਡਾਇੰਗ ਯੂਨਿਟ, ਹਜ਼ਾਰਾਂ ਦੀ ਗਿਣਤੀ ਵਿਚ ਉਦਯੋਗਿਕ ਇਕਾਈਆਂ ਅਤੇ ਇਲੈਕਟਰੋਪਲੇਟਿੰਗ ਯੂਨਿਟ ਵੀ ਪਾਣੀ ਨੂੰ ਪੂਰੀ ਤਰ੍ਹਾਂ ਨਾਲ ਸਾਫ ਕੀਤੇ ਬਿਨਾਂ ਬੁੱਢੇ ਨਾਲ਼ੇ ਵਿਚ ਸੁੱਟਦੇ ਹਨ। ਇਸ ਦੇ ਨਾਲ ਹੀ ਸ਼ਹਿਰਵਾਸੀਆਂ ਦਾ ਸੀਵਰੇਜ ਵੇਸਟ ਵੀ ਬੁੱਢੇ ਦਰਿਆ ਨੂੰ ਦੂਸ਼ਿਤ ਕਰਨ ਵਿਚ ਅਹਿਮ ਰੋਲ ਅਦਾ ਕਰਦਾ ਹੈ। ਇਨਸਾਨੀ ਸਵਾਰਥ ਦੀ ਭੇਟ ਚੜੀ ਬੁੱਢਾ ਨਾਲਾ ਅੱਜ ਏਨਾ ਦੂਸ਼ਿਤ ਹੋ ਚੁੱਕਾ ਹੈ ਕਿ ਆਪਣੇ ਰਾਹ ਵਿਚ ਆਉਂਦੇ ਪਿੰਡਾਂ ਦੇ ਲੋਕਾਂ ਨੂੰ ਹੀ ਨਹੀਂ ਬਲਕਿ ਹੋਰ ਜ਼ਿਲ੍ਹਿਆਂ ਦੇ ਵਸਨੀਕਾਂ ਨੂੰ ਵੀ ਜਾਨਲੇਵਾ ਬਿਮਾਰੀਆਂ ਵੰਡ ਰਿਹਾ ਹੈ। ਕੈਂਸਰ, ਕਾਲਾ ਪੀਲੀਆ, ਦਮਾ, ਕਿਡਨੀ, ਚਮੜ ਦੇ ਗੰਭੀਰ ਰੋਗ ਤੇਜ਼ੀ ਨਾਲ ਸੂਬੇ ਦੇ ਲੋਕਾਂ ਨੂੰ ਲਪੇਟ ਵਿਚ ਲੈ ਰਹੇ ਹਨ। ਕੁਝ ਕੁ ਧਨਾਢ ਲੋਕਾਂ ਦੀ ਪੈਸੇ ਦੀ ਭੁੱਖ ਸਮੁੱਚੇ ਪੰਜਾਬ ਵਾਸੀਆਂ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੀ ਹੈ। ਪਿੰਡ ਵਾਸੀਆਂ ਮੁਤਾਬਕ ਪਿਛਲੇ ਇਕ ਦਹਾਕੇ ਵਿਚ ਹੀ ਗੰਦੇ ਨਾਲੇ ਦੇ ਜ਼ਹਿਰੀਲੇ ਪਾਣੀ ਨੇ ਅਣਗਿਣਤ ਕੀਮਤੀ ਜਾਨਾਂ ਨਿਗਲ ਲਈਆਂ। ਇਕ-ਇਕ ਘਰ ਵਿਚ ਕਾਲੇ ਪੀਲੀਏ, ਕੈਂਸਰ, ਦਮੇ, ਦੰਦਾਂ ਦੀਆਂ ਬਿਮਾਰੀਆਂ, ਚਮੜ ਦੀਆਂ ਬਿਮਾਰੀਆਂ ਨਾਲ ਕਈ ਕਈ ਮੈਂਬਰ ਗ੍ਰਸਤ ਹੋ ਚੁੱਕੇ ਹਨ। ਪਿੰਡ ਵਿਚ ਸ਼ਾਇਦ ਹੀ ਕੋਈ ਘਰ ਹੋਵੇ, ਜਿਸ ਘਰ ਉੱਪਰ ਦੂਸ਼ਿਤ ਪਾਣੀ ਦਾ ਕਹਿਰ ਨਾ ਟੁੱਟਿਆ ਹੋਵੇ। ਛੋਟੀਆਂ ਛੋਟੀਆਂ ਉਮਰਾਂ ਦੇ ਬੱਚਿਆਂ ਦੇ ਸਿਰ ਚਿੱਟੇ ਵਾਲਾਂ ਨਾਲ਼ ਭਰੇ ਹੋਏ ਹਨ। ਪਿੰਡਾਂ ਦੇ ਜ਼ਿਆਦਾਤਰ ਘਰਾਂ ਦੀ ਕਮਾਈ ਦਾ ਵੱਡਾ ਹਿੱਸਾ ਬਿਮਾਰੀਆਂ ਦੇ ਇਲਾਜ ਵਿਚ ਖਰਚ ਹੋ ਰਿਹਾ ਹੈ 2015 ਦੇ ਸਰਕਾਰੀ ਅੰਕੜੀਂ ਮੁਤਾਬਕ ਮੁਕਤਸਰ, ਮਾਨਸਾ, ਬਠਿੰਡਾ ਅਤੇ ਫਿਰੋਜ਼ਪੁਰ ਵਿਚ ਪ੍ਰਤੀ ਇਕ ਲੱਖ ਪਿੱਛੇ ਔਸਤ 107 ਕੈਂਸਰ ਦੇ ਰੋਗੀ ਹਨ, ਜਿਨ੍ਹਾਂ ਵਿਚੋਂ ਸਿਰਫ ਮੁਕਤਸਰ ਵਿਚ ਇਹ ਔਸਤ 136 ਮਰੀਜ਼ ਪ੍ਰਤੀ ਇਕ ਲੱਖ ਤੋਂ ਵੀ ਜ਼ਿਆਦਾ ਹੈ। ਇਸ ਸਰਵੇਖਣ ਦੇ 9 ਸਾਲ ਬਾਅਦ ਹਾਲਾਤ ਇਸ ਤੋਂ ਵੀ ਵੱਧ ਮਾੜ ਹੋਣ ਦਾ ਖਦਸ਼ਾ ਹੈ।

ਬਾਕੀ ਹਿਸਾ ਸਫ਼ਾ 4 ਤੇ ਪੜ੍ਹੋ →

## ਕੀ ਹੈ ਬੁੱਢਾ ਦਰਿਆ

ਬੁੱਢਾ ਦਰਿਆ ਲੁਧਿਆਣਾ ਦੇ ਕੂੰਮਕਲਾਂ ਪਿੰਡ ਤੋਂ ਸ਼ੁਰੂ ਹੁੰਦਾ ਹੈ ਅਤੇ ਲੁਧਿਆਣਾ ਸ਼ਹਿਰ ਵਿੱਚ ਦੀ ਇਸ ਦਾ ਸਫ਼ਰ ਸਿਰਫ਼ 14 ਕਿਲੋਮੀਟਰ ਹੈ। ਮੂਲ ਰੂਪ ਵਿੱਚ, ਇਹ ਸਤਲੁਜ ਦਰਿਆ ਦੀ ਇੱਕ ਸਹਾਇਕ ਨਦੀ ਜਾਂ ਕੁਦਰਤੀ ਜਲ ਧਾਰਾ ਸੀ, ਜੋ ਇੱਥੋਂ ਦੇ ਵਾਸੀਆਂ ਨੂੰ ਕੁਦਰਤ ਨਾਲ ਜੁੜਨ ਦਾ ਇੱਕ ਸੋਮਾ ਸੀ। ਸਮਾਂ ਬੀਤਣ ਦੇ ਨਾਲ ਸਾਫ਼ ਅਤੇ ਤਾਜੇ ਪਾਣੀ ਦੀ ਇਹ ਧਾਰਾ, ਪੰਜਾਬ ਦੇ ਸਭ ਤੋਂ ਵੱਧ ਪ੍ਰਦੂਸ਼ਿਤ ਜਲ ਸਰੋਤਾਂ ਵਿੱਚੋਂ ਇੱਕ ਬਣ ਗਈ ਹੈ, ਜੋ ਬੇਰੋਕ ਅਤੇ ਗ਼ੈਰ ਯੋਜਨਾਬੱਧ ਉਦਯੋਗੀਕਰਨ ਅਤੇ ਸ਼ਹਿਰੀ ਵਿਕਾਸ ਦੀਆਂ ਵਾਤਾਵਰਣ ਪ੍ਰਤੀ ਲਾਗਤਾਂ ਦਾ ਪ੍ਰਤੀਕ ਹੈ।

ਵਾਤਾਵਰਨ ਪ੍ਰੇਮੀ ਪਰਮਜੀਤ ਸਿੰਘ ਜੌਹਲ ਜੋ ਇਸ ਮੋਰਚੇ ਵਿਚ ਸ਼ਾਮਿਲ ਹਨ, ਦਾ ਕਹਿਣਾ ਹੈ ਕਿ ਲੁਧਿਆਣਾ ਦੇ ਇੱਕ ਉਦਯੋਗਿਕ ਕੇਂਦਰ ਵਜੋਂ ਵਿਕਸਤ ਹੋਣ ਦੇ ਨਾਲ, ਬੁੱਢੇ ਨਾਲੇ ਦੇ ਕਿਨਾਰੇ ਅਤੇ ਸ਼ਹਿਰ ਦੇ ਹੋਰਨਾਂ ਹਿੱਸਿਆਂ ਵਿੱਚ ਕੱਪੜੇ ਰੰਗਣ ਵਾਲੀਆਂ ਅਤੇ ਕਈ ਹੋਰ ਫ਼ੈਕਟਰੀਆਂ ਖੁੰਬਾਂ (ਘਾਹ) ਵਾਂਗੂੰ ਵਧਦੀਆਂ ਗਈਆਂ। ਉਨ੍ਹਾਂ ਮੁਤਾਬਕ ਇਸ ਦਾ ਨਤੀਜਾ ਇਹ ਹੋਇਆ ਕਿ ਉਦਯੋਗਿਕ ਇਕਾਈ ਦਾ ਦੂਸ਼ਿਤ ਪਾਣੀ, ਸ਼ਹਿਰ ਦੇ ਅਣਟਰੀਟਡ ਸੀਵਰੇਜ ਅਤੇ ਡੇਅਰੀਆਂ ਵਿੱਚ ਰੱਖੇ ਪਸ਼ੂਆਂ ਦੇ ਮਲ ਮੂਤਰ ਨੇ ਇਸ ਸਾਫ਼ ਧਾਰਾ ਨੂੰ ਬਹੁਤ ਹੀ ਜ਼ਹਿਰੀਲੇ ਜਲ ਮਾਰਗ ਵਿੱਚ ਬਦਲ ਦਿੱਤਾ ਹੈ। ਉਹ ਕਹਿੰਦੇ ਹਨ ਕਿ ਭਾਰੀ ਧਾਤਾਂ, ਰਸਾਇਣਕ ਅਤੇ ਹੋਰ ਪ੍ਰਦੂਸ਼ਣ ਨੇ ਬੁੱਢੇ ਨਾਲੇ ਦੇ ਨੀਲੇ ਪਾਣੀ ਨੂੰ ਕਾਲਾ ਅਤੇ ਬਦਬੂਦਾਰ ਕਰ ਦਿੱਤਾ, ਜਿਸ ਕਾਰਨ ਹੁਣ ਇਸ ਦੇ ਆਸ-ਪਾਸ ਰਹਿਣ ਵਾਲੇ ਲੋਕਾਂ ਦੇ ਨਾਲ-ਨਾਲ ਸਤਲੁਜ ਦਾ ਪਾਣੀ ਸਿੰਚਾਈ ਅਤੇ ਪੀਣ ਲਈ ਵਰਤਣ ਵਾਲਿਆਂ ਲਈ ਗੰਭੀਰ ਖ਼ਤਰੇ ਪੈਦਾ ਕਰ ਰਿਹਾ ਹੈ।

ਸਥਾਨਕ ਵਾਸੀਆਂ ਮੁਤਾਬਕ ਬਹੁਤ ਸਾਰੀਆਂ ਅਜਿਹੀਆਂ ਇਕਾਈਆਂ ਵੀ ਹਨ, ਜੋ ਰਜਿਸਟਰਡ ਹੀ ਨਹੀਂ ਹਨ ਅਤੇ ਉਹ ਪਾਣੀ ਸਿੱਧਾ ਸੀਵਰੇਜ ਵਿੱਚ ਪਾ ਰਹੇ ਹਨ। ਸ਼ਹਿਰ ਵਾਸੀਆਂ ਮੁਤਾਬਕ ਹਰ ਰੋਜ਼ ਲੱਖਾਂ ਲਿਟਰ ਅਣਸੋਧਿਆ ਸੀਵਰੇਜ ਸਿੱਧਾ ਬੁੱਢਾ ਨਾਲੇ ਵਿੱਚ ਪਾਇਆ ਜਾ ਰਿਹਾ ਹੈ।

ਪੰਜਾਬ ਵਿਚ ਲਗਾਤਾਰ ਕੈਂਸਰ, ਕਾਲੇ ਪੀਲੀਏ, ਦਮੇ ਤੇ ਚਮੜ ਦੇ ਰੋਗੀਆਂ ਦੀ ਗਿਣਤੀ ਵਿਚ ਵਾਧਾ ਸਾਫ ਇਸ਼ਾਰਾ ਦੇ ਰਿਹਾ ਹੈ ਕਿ ਆਉਣ ਵਾਲਾ ਸਮਾਂ ਪੰਜਾਬੀਆਂ ਲਈ ਕਿੰਨਾ ਭਿਆਨਕ ਸਾਬਤ ਹੋਣ ਵਾਲਾ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਮਾਈਕ੍ਰੋਬਾਇਆਲੋਜਿਸਟ ਵਿਭਾਗ ਦੀ ਪ੍ਰੋਫੈਸਰ ਡਾਕਟਰ ਪ੍ਰਿਆ ਕਤਿਆਲ ਮੁਤਾਬਕ ਅਧਿਐਨ ਦੌਰਾਨ ਬੁੱਢੇ ਦਰਿਆ ਦੇ ਪਾਣੀ ਵਿੱਚ ਜੋ ਬੈਕਟੀਰੀਆ ਮਿਲੇ, ਉਹ ਮਨੁੱਖੀ ਸਿਹਤ ਲਈ ਕਾਫ਼ੀ ਖ਼ਤਰਨਾਕ ਸਨ। ਉਹ 2022 ਵਿੱਚ ਬੁੱਢੇ ਦਰਿਆ ਵਿੱਚ ਬੈਕਟੀਰੀਆ ਦੀ ਮੌਜੂਦਗੀ ਬਾਰੇ ਕੀਤੇ ਗਏ ਅਧਿਐਨ ਦਾ ਹਿੱਸਾ ਸਨ।

## ਕਿਸੇ ਵੀ ਸਰਕਾਰ ਨੇ ਧਿਆਨ ਨਹੀਂ ਦਿੱਤਾ

ਅਪ੍ਰੈਲ 2015 ਵਿੱਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਬੁੱਢੇ ਨਾਲੇ ਦੀ ਸਫਾਈ ਲਈ 15 ਮੈਂਬਰੀ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਸੀ ਮੀਡੀਆ ਰਿਪੋਰਟ ਮੁਤਾਬਕਾ ਦਿੱਲੀ ਸਥਿਤ ਇਕ ਕੰਪਨੀ ਨੂੰ ਵਿਸਤ੍ਰਿਤ ਪ੍ਰੋਜੈਕਟ ਰਿਪੋਰਟ ਤਿਆਰ ਕਰਨ ਲਈ ਕਰੋੜਾਂ ਦਾ ਭੁਗਤਾਨ ਵੀ ਕੀਤਾ ਗਿਆ ਪਰ ਪ੍ਰੋਜੈਕਟ ਕਦੇ ਵੀ ਪੂਰਾ ਨਹੀਂ ਹੋਇਆ।

ਕਾਂਗਰਸ ਦੀ ਸਰਕਾਰ ਸਮੇਂ ਉਸ ਸਮੇਂ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਾਲੇ ਦੀ ਸਫ਼ਾਈ ਲਈ ਨਾਮਧਾਰੀ ਸੰਪਰਦਾ ਦੇ ਮੁਖੀ ਠਾਕੁਰ ਉਦੈ ਸਿੰਘ ਦੀ ਨਿਗਰਾਨੀ ਹੇਠ ਇੱਕ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ) ਦਾ ਗਠਨ ਕੀਤਾ ਸੀ ਇਹ ਕੋਸ਼ਿਸ਼ ਵੀ ਨਕਾਮ ਰਹੀ।

ਗੌਸਪੁਰ ਪਿੰਡ ਦੇ ਲੋਕਾਂ ਮੁਤਾਬਕ ਮੌਜੂਦਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਤਾਂ ਸਮਾਜਿਕ ਜੱਥੇਬੰਦੀਆਂ ਦੇ ਮੰਚ ਤੋਂ ਲਗਾਤਾਰ ਆ ਕੇ ਬੁੱਢੇ ਨਾਲੇ ਦੇ ਖ਼ਿਲਾਫ਼ ਬੋਲਦੇ ਅਤੇ ਸੰਘਰਸ਼ ਕਰਦੇ ਰਹੇ ਹਨ ਪਰ ਹੁਣ ਸਰਕਾਰ ਵਿਚ ਹੋਣ ਦੇ ਬਾਵਜੂਦ ਉਨ੍ਹਾਂ ਇਸ ਮਸਲੇ ਉਤੇ ਗੌਰ ਕਰਨੀ ਹੀ ਛੱਡ ਦਿੱਤੀ।

3 ਸਫ਼ੇ ਦਾ ਬਾਕੀ ਹਿਸਾ

ਪੰਜਾਬ ਸਰਕਾਰ ਦੀ ਸਤਲੁਜ ਦਰਿਆ ਨੂੰ ਸਾਫ਼ ਕਰਨ ਬਾਰੇ 2019 ਵਿੱਚ ਬਣਾਈ ਗਈ ਐਕਸ਼ਨ ਕਮੇਟੀ ਦੀ ਰਿਪੋਰਟ ਮੁਤਾਬਕ ਦਰਿਆ ਨੂੰ ਦੂਸ਼ਿਤ ਕਰਨ ਵਾਲੇ ਕਾਰਨਾਂ ਵਿੱਚੋਂ ਇੱਕ ਕਾਰਨ ਲੁਧਿਆਣਾ ਦਾ ਬੁੱਢਾ ਦਰਿਆ ਦਾ ਪਾਣੀ ਵੀ ਸੀ। ਕਈ ਸਰਕਾਰਾਂ ਆਈਆਂ ਉਨ੍ਹਾਂ ਨੇ ਨਾਲੇ ਦੀ ਸਫ਼ਾਈ ਲਈ ਫ਼ੰਡ ਜਾਰੀ ਕੀਤਾ, ਟਰੀਟਮੈਂਟ ਪਲਾਂਟ ਸਥਾਪਤ ਕੀਤੇ ਪਰ ਬੁੱਢਾ ਦਰਿਆ ਸਾਫ਼ ਨਹੀਂ ਹੋ ਸਕਿਆ। ਪਿਛਲੇ ਸਾਲਾਂ ਦੌਰਾਨ, ਸੂਬਾ ਸਰਕਾਰ ਨੇ ਦਰਿਆ ਦੀ ਸਫ਼ਾਈ ਲਈ ਕਈ ਪਹਿਲਕਦਮੀਆਂ ਕੀਤੀਆਂ। ਇਨ੍ਹਾਂ ਵਿੱਚ ਸੀਵਰੇਜ ਟਰੀਟਮੈਂਟ ਪਲਾਂਟ, ਉਦਯੋਗਾਂ ਦੀ ਰਹਿੰਦ-ਖੂੰਹਦ ਜਾਂ ਗੰਧਲੇ ਪਾਣੀ ਦੇ ਇਲਾਜ ਵਾਸਤੇ ਸਾਂਝੇ ਟਰੀਟਮੈਂਟ ਪਲਾਂਟ ਸਥਾਪਤ ਕੀਤੇ ਗਏ। ਫਿਰ ਵੀ ਨਤੀਜੇ ਸਾਰਥਕ ਨਹੀਂ ਰਹੇ।

ਬੁੱਢੇ ਦਰਿਆ ਨੂੰ ਲੈ ਕੇ ਵਾਤਾਵਰਨ ਪ੍ਰੇਮੀਆਂ ਨੇ ਕਾਲੇ ਪਾਣੀ ਦਾ ਮੋਰਚਾ ਵੀ ਸ਼ੁਰੂ ਕੀਤਾ ਹੋਇਆ ਹੈ। ਇਸੇ ਕਾਰਣ ਕਾਲੇ ਪਾਣੀ ਦਾ ਮੋਰਚਾ ਟੀਮ ਨੇ ਰੰਗਾਈ ਕਾਰਖ਼ਾਨੇਦਾਰਾਂ ਵਲੋਂ ਬੁੱਢੇ ਦਰਿਆ ਵਿਚ ਕਥਿਤ ਰੂਪ ਨਾਲ ਛੱਡੇ ਜਾਣ ਵਾਲੇ ਪ੍ਰਦੂਸ਼ਿਤ ਪਾਣੀ ਨੂੰ ਬੰਨ੍ਹ ਮਾਰਨ ਲਈ ਦਿੱਤੇ ਗਏ ਸੱਦੇ ਦੇ ਚੱਲਦੇ ਬੀਤੇ ਦਿਨੀਂ ਸਥਾਨਕ ਫ਼ਿਰੋਜ਼ਪੁਰ ਰੋਡ ਵੇਰਕਾ ਮਿਲਕ ਪਲਾਂਟ ਨੇੜੇ ਇਕੱਠੇ ਹੋਏ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਾਲੇ ਟਕਰਾਅ ਦੌਰਾਨ ਪੁਲਿਸ ਵਲੋਂ ਕਾਲੇ ਪਾਣੀ ਦਾ ਮੋਰਚਾ ਟੀਮ ਦੇ ਆਗੂ ਡਾ. ਅਮਨਦੀਪ ਸਿੰਘ ਬੈਂਸ, ਕੁਲਦੀਪ ਖਹਿਰਾ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਦੇ ਪ੍ਰਧਾਨ ਬਲਬੀਰ ਸਿੰਘ ਰਾਜੇਵਾਲ, ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਦੇ ਬਾਪੂ ਤਰਸੇਮ ਸਿੰਘ, ਬੀਬੀ ਗੁਰਪ੍ਰੀਤ ਕੌਰ ਸਿਵੀਆ, ਜਥੇਦਾਰ ਪਰਮਜੀਤ ਸਿੰਘ ਜੌਹਲ ਸਮੇਤ 100 ਦੇ ਕਰੀਬ ਪ੍ਰਦਰਸ਼ਨਕਾਰੀਆਂ ਨੂੰ ਹਿਰਾਸਤ ਵਿਚ ਲੈ ਲਿਆ, ਜਿਨ੍ਹਾਂ ਨੂੰ ਸ਼ਹਿਰ ਦੇ ਵੱਖ-ਵੱਖ ਥਾਣਿਆਂ ਵਿਚ ਨਜ਼ਰਬੰਦ ਕੀਤਾ ਗਿਆ ਸੀ। ਟਕਰਾਅ ਦੌਰਾਨ ਇਕ ਪੁਲਿਸ ਇੰਸਪੈਕਟਰ ਸਮੇਤ ਕੁੱਝ ਪ੍ਰਦਰਸ਼ਨਕਾਰੀਆਂ ਦੇ ਵੀ ਸੱਟਾਂ ਲੱਗੀਆਂ ਹਨ ਪੁਲਿਸ ਦਾ ਰਵਈਆ ਸੰਘਰਸ਼ਸ਼ੀਲ ਲੋਕਾਂ ਪ੍ਰਤੀ ਜਾਬਰਾਨਾ ਸੀ।

ਇਸ ਦੌਰਾਨ ਜਿਥੇ ਕਈ ਪ੍ਰਦਰਸ਼ਨਕਾਰੀਆਂ ਦੀਆਂ ਦਸਤਾਰਾਂ ਲੱਥੀਆਂ, ਉਥੇ ਪੁਲਿਸ ਇੰਸਪੈਕਟਰ ਨਵਦੀਪ ਸਿੰਘ ਜ਼ਖ਼ਮੀ ਹੋ ਗਏ। ਇਸ ਸਾਰੇ ਵਿਰੋਧ ਪ੍ਰਦਰਸ਼ਨ ਦੌਰਾਨ ਕਾਲੇ ਪਾਣੀ ਦਾ ਮੋਰਚਾ ਟੀਮ ਦੇ ਆਗੂ ਫ਼ਿਲਮਕਾਰ ਅਮਿਤੋਜ਼ ਮਾਨ ਤੇ ਜਸਕੀਰਤ ਸਿੰਘ ਵੀ ਮੌਕੇ 'ਤੇ ਪਹੁੰਚ ਕੇ ਜੋਸ਼ੀਲੀਆਂ ਤਕਰੀਰਾਂ ਕਰਦਿਆਂ ਪੰਜਾਬ ਸਰਕਾਰ ਦੀ ਨਿਖੇਧੀ ਕੀਤੀ।

ਅਮਿਤੋਜ਼ ਮਾਨ ਅਤੇ ਜਸਕੀਰਤ ਸਿੰਘ ਨੇ ਕਿਹਾ ਕਿ ਬੁੱਢੇ ਦਰਿਆ ਦਾ ਪ੍ਰਦੂਸ਼ਣ ਫੈਲਦਾ ਹੋਇਆ ਲੁਧਿਆਣਾ ਤੋਂ ਫ਼ਿਰੋਜ਼ਪੁਰ ਤੱਕ ਪਹੁੰਚ ਗਿਆ ਹੈ ਅਤੇ ਲੋਕ ਕੈਂਸਰ ਵਰਗੀਆਂ ਨਾਮੁਰਾਦ ਬਿਮਾਰੀਆਂ ਦਾ ਸ਼ਿਕਾਰ ਤਾਂ ਹੋ ਹੀ ਰਹੇ ਹਨ ਅਤੇ ਪਿੰਡਾਂ ਵਿਚ ਪਸ਼ੂ ਵੀ ਪ੍ਰਦੂਸ਼ਿਤ ਪਾਣੀ ਦੀ ਮਾਰ ਤੋਂ ਨਹੀਂ ਬਚ ਪਾ ਰਹੇ। ਇੱਥੋਂ ਤੱਕ ਕਿ ਕਈ ਪਿੰਡਾਂ ਦੀ ਤਾਂ ਹੋਂਦ ਹੀ ਖ਼ਤਰੇ 'ਚ ਪੈ ਚੁੱਕੀ ਹੈ। ਅਮਿਤੋਜ਼ ਮਾਨ ਨੇ ਕਿਹਾ ਕਿ ਸਰਕਾਰ ਨੂੰ ਇਸ ਭੁਲੇਖੇ 'ਚ ਨਹੀਂ ਰਹਿਣਾ ਚਾਹੀਦਾ ਕਿ ਇਹ ਕੁੱਝ ਲੋਕਾਂ ਦਾ ਸੰਘਰਸ਼ ਹੈ, ਸਗੋਂ ਇਹ ਪੰਜਾਬ ਦੇ ਪਾਣੀਆਂ ਦਾ ਗੰਭੀਰ ਮਸਲਾ ਹੈ ਅਤੇ ਪੰਜਾਬ ਦੇ ਲੋਕਾਂ ਦਾ ਮਸਲਾ ਹੈ, ਪਰ ਦੁੱਖ ਦੀ ਗੱਲ ਹੈ ਕਿ ਪ੍ਰਦੂਸ਼ਣ ਫੈਲਾਉਣ ਵਾਲਿਆਂ ਵਲੋਂ ਪ੍ਰਵਾਸੀ ਮਜ਼ਦੂਰਾਂ ਨੂੰ ਇਕੱਠਾ ਕਰਕੇ ਦੋ ਭਾਈਚਾਰਿਆਂ ਵਿਚ ਟਕਰਾਅ ਪੈਦਾ ਕਰਨ ਵਾਲੀ ਸਥਿਤੀ ਬਣਾਈ ਜਾ ਰਹੀ ਹੈ, ਜਿਸ ਲਈ ਪੰਜਾਬ ਸਰਕਾਰ ਵੋਟ ਬੈਂਕ ਲਈ ਉਨ੍ਹਾਂ ਦੀ ਹਮਾਇਤ ਕਰ ਰਹੀ ਹੈ।

ਅਮਿਤੋਜ਼ ਮਾਨ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ 15 ਦਸੰਬਰ ਤੱਕ ਪ੍ਰਵਾਸੀ ਮਜ਼ਦੂਰਾਂ ਦੀ ਤਸਦੀਕ ਨਾ ਕਰਵਾਈ ਗਈ ਤਾਂ ਉਹ ਇਸ ਨੂੰ ਲੈ ਕੇ ਵੀ ਵੱਡਾ ਸੰਘਰਸ਼ ਸ਼ੁਰੂ ਕਰ ਦੇਣਗੇ। ਇਸਦੇ ਨਾਲ ਹੀ ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਪੰਜਾਬ ਦੇ ਪਾਣੀਆਂ ਦੇ ਮਸਲੇ ਨੂੰ ਗੰਭੀਰਤਾ ਨਾਲ ਲੈਣ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਆਧਾਰ ਕਾਰਡ ਅਤੇ ਰਾਸ਼ਨ ਕਾਰਡ ਨਾ ਬਣਾਉਣ ਤਾਂ ਕਿ ਖਿੰਡਦੇ ਜਾ ਰਹੇ ਪੰਜਾਬ ਨੂੰ ਸੰਭਾਲਿਆ ਜਾ ਸਕੇ।

ਪੰਜਾਬ ਸਰਕਾਰ ਨੂੰ ਨਾਕਾਮ ਕਰਾਰ ਦਿੰਦਿਆਂ ਪ੍ਰਦਰਸ਼ਨਕਾਰੀਆਂ ਦਾ ਹਜ਼ਾਰਾਂ ਦਾ ਇਕੱਠ ਅਮਿਤੋਜ਼ ਮਾਨ ਦੀ ਅਗਵਾਈ ਹੇਠ ਦੁਪਹਿਰ 2 ਵਜੇ ਪੁਲਿਸ ਰੋਕਾਂ ਤੋੜ ਕੇ ਗੁਰਦੁਆਰਾ ਨਾਨਕਸਰ ਸਾਹਿਬ ਤੱਕ ਪਹੁੰਚ ਗਿਆ, ਜਿੱਥੇ ਪੁਲਿਸ ਨੇ ਉਨ੍ਹਾਂ ਨੂੰ ਮੁੜ ਰੋਕ ਲਿਆ।

ਇਸ ਦੌਰਾਨ ਪੁਲਿਸ ਵਲੋਂ ਪ੍ਰਦਰਸ਼ਨਕਾਰੀਆਂ ਉਪਰ ਪਾਣੀ ਦੀਆਂ ਬੁਛਾਰਾਂ ਅਤੇ ਲਾਠੀਚਾਰਜ ਦਾ ਫ਼ੈਸਲਾ ਵੀ ਕੀਤਾ ਗਿਆ, ਜਿਸ ਦੀ ਨਿਗਰਾਨੀ ਖੁਦ ਜ਼ਿਲ੍ਹਾ ਪੁਲਿਸ ਕਮਿਸ਼ਨਰ ਵਲੋਂ ਕੀਤੀ ਜਾ ਰਹੀ ਸੀ, ਪਰ ਚੰਡੀਗੜ੍ਹ ਤੋਂ ਆਏ ਹੁਕਮਾਂ ਦੇ ਬਾਅਦ ਪੁਲਿਸ ਨੂੰ ਆਪਣਾ ਫ਼ੈਸਲਾ ਬਦਲਣਾ ਪਿਆ।

ਵਧੀਕ ਕਮਿਸ਼ਨਰ ਪੁਲਿਸ ਸ਼ੁਭਮ ਅਗਰਵਾਲ ਵਲੋਂ ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੀਆਂ ਮੰਗਾਂ ਨੂੰ ਸਰਕਾਰ ਤੱਕ ਪਹੁੰਚਾਉਣ ਅਤੇ ਧਰਨਾ ਚੁੱਕਣ ਦੀ ਅਪੀਲ ਵੀ ਕੀਤੀ ਗਈ, ਜਿਸ ਨੂੰ ਧਰਨਾਕਾਰੀਆਂ ਨੇ ਰੱਦ ਕਰਦੇ ਹੋਏ ਗੁਰਦੁਆਰਾ ਨਾਨਕਸਰ ਸਾਹਿਬ ਕੋਲ ਪੱਕਾ ਮੋਰਚਾ ਲਗਾਉਣ ਦਾ ਐਲਾਨ ਕਰ ਦਿੱਤਾ। ਅਮਿਤੋਜ਼ ਮਾਨ ਨੇ ਕਿਹਾ ਕਿ ਪ੍ਰਸ਼ਾਸਨ ਵਲੋਂ ਸਮਾਜ ਸੇਵੀ ਲੱਖਾ ਸਿੰਘ ਸਿਧਾਣਾ, ਬਾਪੂ ਤਰਸੇਮ ਸਿੰਘ ਪਿਤਾ ਭਾਈ ਅੰਮ੍ਰਿਤ ਪਾਲ ਸਿੰਘ, ਪਰਮਜੀਤ ਸਿੰਘ ਜੋਹਲ ਯੂਕੇ ਅਤੇ ਹਿਰਾਸਤ ਵਿਚ ਲਏ ਹੋਰ ਪ੍ਰਦਰਸ਼ਨਕਾਰੀ ਸਾਥੀਆਂ ਨੂੰ ਰਿਹਾਅ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਇਸ ਪ੍ਰਦਰਸ਼ਨ ਵਿਚ ਪੰਜਾਬ ਦੇ ਵੱਖ-ਵੱਖ ਪਿੰਡਾਂ, ਸ਼ਹਿਰਾਂ ਦੇ ਨਾਲ ਹੀ ਰਾਜਸਥਾਨ ਤੋਂ ਵੀ ਲੋਕ ਵੱਡੀ ਗਿਣਤੀ ਵਿਚ ਪਹੁੰਚ ਕੇ ਪੰਜਾਬ ਸਰਕਾਰ ਦੀ ਨਿਖੇਧੀ ਕਰਦੇ ਨਜ਼ਰ ਆਏ।

ਉਧਰ ਦੂਸਰੇ ਪਾਸੇ ਤਾਜਪੁਰ ਰੋਡ ਉਪਰ ਵੀ ਕੇਂਦਰੀ ਜੇਲ੍ਹ ਦੇ ਨੇੜੇ ਪੂਰਾ ਦਿਨ ਸਥਿਤੀ ਤਣਾਅਪੂਰਨ ਬਣੀ ਰਹੀ, ਜਿੱਥੇ ਰੰਗਾਈ ਕਾਰਖ਼ਾਨੇਦਾਰਾਂ ਵਲੋਂ ਵੱਡਾ ਇਕੱਠ ਕੀਤਾ ਗਿਆ ਸੀ, ਉਥੇ ਹੀ ਬੰਨ੍ਹ ਮਾਰਨ ਦੀ ਹਮਾਇਤ ਵਿਚ ਵੀ ਸੈਂਕੜੇ ਲੋਕਾਂ ਵਲੋਂ ਵਿਰੋਧ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ।

ਸਾਬਕਾ ਕੌਂਸਲਰ ਸੁਖਵਿੰਦਰ ਸਿੰਘ ਨੇ ਕਿਹਾ ਕਿ ਰੰਗਾਈ ਕਾਰਖ਼ਾਨੇਦਾਰਾਂ ਵਲੋਂ ਕੀਤਾ ਗਿਆ ਇਕੱਠ ਉਨ੍ਹਾਂ ਦੇ ਪ੍ਰਵਾਸੀ ਮਜ਼ਦੂਰਾਂ ਦਾ ਇਕੱਠ ਹੈ, ਜਦਕਿ ਪਾਣੀਆਂ ਦੇ ਮਸਲੇ 'ਤੇ ਪੰਜਾਬ ਦੇ ਗ਼ੈਰਤਮੰਦ ਲੋਕ ਆਪ ਮੁਹਾਰੇ ਇਕੱਠੇ ਹੋਏ ਹਨ, ਜਿਨ੍ਹਾਂ ਨੂੰ ਕੋਈ ਲਾਲਚ ਨਹੀਂ, ਬਲਕਿ ਉਹ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਮਿਲਣ ਵਾਲੇ ਜ਼ਹਿਰੀਲੇ ਪਾਣੀ ਨੂੰ ਲੈ ਕੇ ਚਿੰਤਤ ਹਨ। ਤਾਜਪੁਰ ਰੋਡ 'ਤੇ ਵੀ ਪ੍ਰਦਰਸ਼ਨਕਾਰੀਆਂ ਅਤੇ ਪੁਲਿਸ ਵਿਚਕਾਰ ਟਕਰਾਅ ਦੇਖਣ ਨੂੰ ਮਿਲਿਆ।


### ਬਣੀ ਸਹਿਮਤੀ, 7 ਦਿਨਾਂ ਵਿਚ ਹੋਵੇਗੀ ਕਾਰਵਾਈ

ਸ਼ਾਮ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਅਮਰਜੀਤ ਬੈਂਸ ਅਤੇ ਵਧੀਕ ਕਮਿਸ਼ਨਰ ਪੁਲਿਸ ਸ਼ੁਭਮ ਅਗਰਵਾਲ ਨੇ ਅਮਿਤੋਜ਼ ਮਾਨ ਅਤੇ ਜਸਕੀਰਤ ਸਿੰਘ ਸਮੇਤ ਹੋਰ ਆਗੂਆਂ ਨਾਲ ਅਹਿਮ ਮੀਟਿੰਗ ਕੀਤੀ।

ਮੀਟਿੰਗ ਵਿਚ ਅਧਿਕਾਰੀਆਂ ਵਲੋਂ ਸਰਕਾਰ ਦੇ ਹਵਾਲੇ ਨਾਲ ਪ੍ਰਦਰਸ਼ਨਕਾਰੀਆਂ ਨੂੰ ਭਰੋਸਾ ਦਿੱਤਾ ਗਿਆ ਕਿ 7 ਦਿਨਾਂ ਦੇ ਅੰਦਰ ਬੁੱਢੇ ਦਰਿਆ ਪ੍ਰਦੂਸ਼ਣ ਮਾਮਲੇ 'ਤੇ ਮਾਹਿਰਾਂ ਤੋਂ ਕਾਨੂੰਨੀ ਸਲਾਹ ਲੈ ਕੇ ਤਿੰਨਾਂ ਸੀ.ਈ.ਟੀ.ਪੀਜ਼ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ। ਇਸ ਦੇ ਨਾਲ ਹੀ ਪੁਲਿਸ ਵਲੋਂ ਹਿਰਾਸਤ ਵਿਚ ਲਏ ਸਾਰੇ ਆਗੂਆਂ ਨੂੰ ਤੁਰੰਤ ਪ੍ਰਭਾਵ ਨਾਲ ਰਿਹਾਅ ਕਰ ਦਿੱਤਾ ਗਿਆ। ਸਰਕਾਰ ਦੇ ਇਸ ਭਰੋਸੇ ਦੇ ਬਾਅਦ ਟੀਮ ਕਾਲੇ ਪਾਣੀ ਦਾ ਮੋਰਚਾ ਦੇ ਆਗੂਆਂ ਵਲੋਂ ਮੋਰਚਾ ਚੁੱਕਣ ਦਾ ਐਲਾਨ ਤਾਂ ਕਰ ਦਿੱਤਾ ਗਿਆ, ਪਰ ਸਮਾਜ ਸੇਵੀ ਲੱਖਾ ਸਿੰਘ ਸਿਧਾਣਾ ਦੇ ਮੋਰਚੇ ਵਾਲੀ ਥਾਂ ਉਪਰ ਪਹੁੰਚਣ ਤੱਕ ਉਡੀਕ ਕੀਤੀ ਗਈ।

## ਬਲਿਹਾਰ ਸਿੰਘ ਰਾਮੇਵਾਲ ਵੱਲੋਂ ਸੁਖਬੀਰ ਸਿੰਘ ਬਾਦਲ 'ਤੇ ਹੋਏ ਕਾਤਲਾਨਾ ਹਮਲੇ ਦੀ ਨਿਖੇਧੀ

### ਕਿਹਾ "ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਲਲਕਾਰਨ ਵਾਲਾ ਵੀ ਬਖਸ਼ਿਆ ਨਹੀਂ ਜਾਣਾ ਚਾਹੀਦਾ।"



ਗਲਾਸਗੋ/ ਬਰਮਿੰਘਮ (ਮਨਦੀਪ ਖੁਰਮੀ ਹਿੰਮਤਪੁਰਾ)-ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਮਿਲੀ ਧਾਰਮਿਕ ਸਜਾ ਭੁਗਤ ਰਹੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ 'ਤੇ ਹੋਏ ਹਮਲੇ ਦੇ ਸੰਬੰਧ ਵਿੱਚ ਵਿਸ਼ਵ ਭਰ ਵਿੱਚੋਂ ਵੱਖੋ ਵੱਖਰੇ ਪ੍ਰਤੀਕਰਮ ਆ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਬਾਦਲ ਯੂਕੇ ਦੇ ਪ੍ਰਧਾਨ ਬਲਿਹਾਰ ਸਿੰਘ ਰਾਮੇਵਾਲ ਵੱਲੋਂ ਵੀ ਇਸ ਸੰਬੰਧੀ ਆਪਣਾ ਬਿਆਨ ਜਾਰੀ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਸਿੱਖਾਂ ਦੀ ਸਰਬਉੱਚ ਸੰਸਥਾ ਵੱਲੋਂ ਜਦੋਂ ਸੁਖਬੀਰ ਸਿੰਘ ਬਾਦਲ ਨੂੰ ਧਾਰਮਿਕ ਸਜਾ ਸੁਣਾਈ ਗਈ ਹੈ ਉਹਨਾਂ ਉੱਪਰ ਕਾਤਲਾਨਾ ਹਮਲਾ ਕਰਨਾ ਅਤੀ ਨਿੰਦਣਯੋਗ ਹੈ। ਉਹਨਾਂ ਕਿਹਾ ਕਿ ਅਜਿਹੇ ਲੋਕ ਇਹ ਦਿਖਾਉਣ ਦੀ ਤਾਕ ਵਿੱਚ ਹਨ ਕਿ ਉਹ ਸ੍ਰੀ ਅਕਾਲ ਤਖਤ ਸਾਹਿਬ ਦੇ ਫੈਸਲੇ ਨੂੰ ਨਹੀਂ ਮੰਨਦੇ ਤੇ ਉਸ ਤੋਂ ਵੀ ਉੱਪਰ ਹਨ। ਸਰਦਾਰ ਰਾਮੇਵਾਲ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਨੇ ਇੱਕ ਨਿਮਾਣੇ ਸਿੱਖ ਵੱਲੋਂ ਵਜੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਤੇ ਬਾਕੀ ਸੰਗਤਾਂ ਵੱਲੋਂ ਜੋ ਸਜ਼ਾ ਉਹਨਾਂ ਦੀ ਝੋਲੀ ਪਾਈ ਗਈ, ਉਸਨੂੰ ਕਬੂਲਦਿਆਂ ਆਪਣੀਆਂ ਹੋਈਆਂ ਭੁੱਲਾਂ ਦੀ ਖਿਮਾ ਵੀ ਮੰਗੀ ਪਰ ਇਸ ਤਰ੍ਹਾਂ ਸ਼ਰੇਆਮ ਆ ਕੇ ਉਹਨਾਂ ਉੱਪਰ ਕਾਤਲਾਨਾ ਹਮਲਾ ਕਰਨਾ ਅਤੀ ਨਿੰਦਣਯੋਗ ਹੈ। ਸਰਦਾਰ ਰਾਮੇਵਾਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਬਾਦਲ ਯੂਕੇ ਦੇ ਸਮੁੱਚੇ ਮੈਂਬਰਾਨ ਇਸ ਕਾਤਲਾਨਾ ਹਮਲੇ ਦੀ ਘੋਰ ਨਿੰਦਾ ਕਰਦੇ ਹਨ।

## ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਬਾਰੇ 22 ਦਿਨ ਬਾਅਦ ਹੋਇਆ ਖੁਲਾਸਾ!

### ✪ ਗ੍ਰੰਥੀ ਸਿੰਘ ਦੇ ਸਾਲੇ ਨੇ ਅੰਜਾਮ ਦਿੱਤਾ

ਬਰਨਾਲਾ-ਬਰਨਾਲਾ ਦੇ ਪਿੰਡ ਕੱਟੂ ਵਿੱਚ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਦੇ ਖਿਲਾਫ ਪਿੰਡ ਵਾਲਿਆਂ ਵਿੱਚ ਕਾਫੀ ਰੋਸ ਹੈ। ਹਾਲਾਂਕਿ ਘਟਨਾ ਨੂੰ ਅੰਜਾਮ ਦੇਣ ਵਾਲੇ ਸ਼ਖਸ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਹੈ। ਪਿੰਡ ਵਾਲਿਆਂ ਦਾ ਕਹਿਣਾ ਹੈ ਕਿ 3 ਨਵੰਬਰ ਨੂੰ ਗੁਰੂ ਘਰ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜਨ ਦਾ ਸ਼ੱਕ ਹੋਇਆ ਸੀ। ਜਦੋਂ 22 ਦਿਨ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਦਾ ਪ੍ਰਕਾਸ਼ ਕਰਨ ਲੱਗੇ ਤਾਂ ਪਤਾ ਚੱਲਿਆ ਕਿ ਅੰਗਾਂ ਦੀ ਬੇਅਦਬੀ ਹੋਈ ਹੈ। ਪਿੰਡ ਦੇ ਲੋਕਾਂ ਨੇ ਇਕੱਠੇ ਹੋ ਕੇ ਇਸ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ। ਦੱਸਿਆ ਜਾ ਰਿਹਾ ਹੈ ਕਿ ਫੜਿਆ ਗਿਆ ਮੁਲਜ਼ਮ ਗੁਰੂ ਘਰ ਵਿੱਚ ਸੇਵਾ ਨਿਭਾ ਰਹੇ ਗ੍ਰੰਥੀ ਸਿੰਘ ਦਾ ਰਿਸ਼ਤੇਦਾਰ ਹੀ ਹੈ। ਪੁਲਿਸ ਮੁਤਾਬਿਕ ਜਦੋਂ ਸੀਸੀਟੀਵੀ ਕੈਮਰੇ ਦੀ ਫੁਟੇਜ ਖੰਗਾਲੀ ਗਈ ਤਾਂ ਦੋਸ਼ੀ ਦੀ ਪਹਿਚਾਣ ਸਾਹਮਣੇ ਆਈ ਹੈ। ਇਸ ਘਟਨਾ ਨੂੰ ਗ੍ਰੰਥੀ ਸਿੰਘ ਦੇ ਸਾਲੇ ਨੇ ਅੰਜਾਮ ਦਿੱਤਾ ਸੀ। ਦੱਸਿਆ ਜਾ ਰਿਹਾ ਹੈ ਕਿ 3 ਨਵੰਬਰ 2024 ਨੂੰ ਰਾਤ 11 ਤੋਂ 12 ਵਜੇ ਵਿਚਾਲੇ ਮੁਲਜ਼ਮ ਗੁਰੂ ਘਰ ਦੇ ਅੰਦਰ ਦਾਖਲ ਹੋਇਆ ਅਤੇ ਪੂਰੀ ਘਟਨਾ ਨੂੰ ਅੰਜਾਮ ਦਿੱਤਾ। ਘਟਨਾ ਨੂੰ ਅੰਜਾਮ ਦੇਣ ਵੇਲੇ ਮੁਲਜ਼ਮ ਵੱਲੋਂ ਸਾਰੇ ਕੈਮਰੇ ਬੰਦ ਕਰ ਦਿੱਤੇ ਗਏ। ਪਰ ਇਸ ਤੋਂ ਪਹਿਲਾਂ ਗੁਰੂ ਘਰ ਦੇ ਇੱਕ ਕੈਮਰੇ ਵਿੱਚ ਉਸ ਦੀ ਸਾਰੀ ਹਰਕਤ ਕੈਦ ਹੋ ਗਈ। ਮੁਲਜ਼ਮ ਡੇਢ ਮਹੀਨੇ ਤੋਂ ਗੁਰੂ ਘਰ ਵਿੱਚ ਰਹਿ ਰਿਹਾ ਸੀ ਉਸ ਨੇ ਇਸ ਨੂੰ ਕਿਉਂ ਅੰਜਾਮ ਦਿੱਤਾ ਸੀ ਪੜਤਾਲ ਚੱਲ ਰਹੀ ਹੈ ਮੁਲਜ਼ਮ ਖਿਲਾਫ ਮੁਕਦਮਾ ਦਰਜ ਕਰਕੇ ਦੋ ਦਿਨਾਂ ਰਿਮਾਂਡ ਤੋਂ ਬਾਅਦ ਉਸ ਨੂੰ ਜੇਲ ਭੇਜ ਦਿੱਤਾ ਹੈ।

# ਅਕਾਲ ਤਖਤ ਸਾਹਿਬ ਨੇ ਬਾਦਲ ਸੀਨੀਅਰ ਦੀ ਸਿਆਸੀ ਵਿਰਾਸਤ ਕਲੰਕਿਤ ਐਲਾਨੀ

**ਕਵਰ ਸਟੋਰੀ** ✪ ਸੁਖਬੀਰ ਤੇ ਹੋਰਨਾਂ ਨੂੰ ਸਿਖ ਪੰਥ ਦਾ ਅਪਰਾਧੀ ਐਲਾਨਿਆ, ਪਰ ਸਿਆਸਤ ਉਪਰ ਪਾਬੰਦੀ ਨਹੀਂ ✪ ਅਕਾਲੀ ਦਲ ਦੀ ਲੀਡਰਸ਼ਿਪ ਨੈਤਿਕ ਅਧਿਕਾਰ ਗੁਆ ਚੁੱਕੀ ਹੈ-ਜਥੇਦਾਰ ✪ ਅਕਾਲੀ ਦਲ ਦੀ ਹੋਏਗੀ ਮੁੜ ਸਿਰਜਣਾ, ਜਥੇਦਾਰ ਧਾਮੀ ਦੀ ਅਗਵਾਈ ਵਿਚ ਕਮੇਟੀ ਬਣੀ









ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਆਗੂਆਂ ਵਲੋਂ 2007 ਤੋਂ 2017 ਦੇ ਸਮੇਂ ਵਿਚ ਸੱਤਾਧਾਰੀ ਹੁੰਦਿਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਵਿਚ ਹੁੰਦਿਆਂ ਕੀਤੀਆਂ ਗਈਆਂ ਅਨੇਕਾਂ ਤਰ੍ਹਾਂ ਦੇ ਧਾਰਮਿਕ ਤੇ ਰਾਜਨੀਤਕ ਗੁਨਾਹਾਂ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਪੁੱਜੇ ਮਾਮਲੇ ਸੰਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਵਲੋਂ ਸੁਣਾਏ ਜਾਣ ਵਾਲੇ ਫ਼ੈਸਲੇ ਦੀ ਲੰਮੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ। ਹੁਣੇ ਜਿਹੇ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨਾਂ ਵੱਲੋਂ ਲੰਬੀ ਉਡੀਕ ਤੋਂ ਬਾਅਦ ਸੁਣਾਈ ਗਈ 'ਤਨਖਾਹ' (ਧਾਰਮਿਕ ਸਜ਼ਾ) ਅਨੁਸਾਰ 2007 ਤੋਂ 2017 ਤੱਕ ਦੀਆਂ ਸਰਕਾਰਾਂ ਸਮੇਂ ਜਿਥੇ ਸ਼੍ਰੋਮਣੀ ਅਕਾਲੀ ਦਲ ਵਲੋਂ ਹੋਈਆਂ ਭੁੱਲਾਂ ਲਈ ਸੁਖਬੀਰ ਸਿੰਘ ਬਾਦਲ ਤੇ ਅਕਾਲੀ ਲੀਡਰਸ਼ਿਪ ਨੂੰ ਧਾਰਮਿਕ ਸਜ਼ਾ ਦਾ ਐਲਾਨ ਕੀਤਾ ਹੈ, ਉਥੇ ਇਸ ਤੋਂ ਇਲਾਵਾ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ 7 ਮੈਂਬਰੀ ਕਮੇਟੀ ਦਾ ਗਠਨ ਕਰਦਿਆਂ ਇਸ ਨੂੰ 6 ਮਹੀਨੇ ਦੇ ਅੰਦਰ-ਅੰਦਰ ਦਲ ਦੀ ਨਵੀਂ ਤੇ ਯੋਗ ਭਰਤੀ ਕਰਕੇ ਪ੍ਰਧਾਨ ਸਮੇਤ ਅਹੁਦੇਦਾਰਾਂ ਦੀ ਚੋਣ ਕਰਵਾਉਣ ਦੀ ਵੱਡੀ ਜ਼ਿੰਮੇਵਾਰੀ ਸੌਂਪੀ ਗਈ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਇਸ ਅਹਿਮ ਇਕੱਤਰਤਾ ਵਿਚ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਤੇ ਗਿਆਨੀ ਬਲਜੀਤ ਸਿੰਘ ਸ਼ਾਮਿਲ ਹੋਏ।

ਇਸ ਮੌਕੇ ਸਿੰਘ ਸਾਹਿਬਾਨ ਦੇ ਆਦੇਸ਼ ਅਨੁਸਾਰ ਅਕਾਲੀ ਦਲ ਦੀਆਂ 2007 ਤੋਂ 2017 ਤੱਕ ਦੀਆਂ ਸਰਕਾਰਾਂ ਦੌਰਾਨ ਸਿੱਖ ਕੈਬਨਿਟ ਮੰਤਰੀਆਂ ਤੋਂ ਇਲਾਵਾ ਅਕਾਲੀ ਦਲ ਦੀ 2015 ਵਾਲੀ ਕੋਰ ਕਮੇਟੀ ਦੇ ਮੈਂਬਰ ਤੇ ਸ਼੍ਰੋਮਣੀ ਕਮੇਟੀ ਦੀ 2015 ਵਾਲੀ ਅੰਤ੍ਰਿੰਗ ਕਮੇਟੀ ਦੇ ਮੈਂਬਰ ਅਕਾਲ ਤਖ਼ਤ ਸਾਹਿਬ ਸਨਮੁਖ ਗਲ ਵਿਚ ਪੱਲਾ ਪਾ ਕੇ ਨਿਮਾਣੇ ਸਿੱਖਾਂ ਵਾਂਗ ਪੇਸ਼ ਹੋਏ।

ਅਕਾਲ ਤਖਤ ਸਾਹਿਬ ਤੋਂ ਪ੍ਰਕਾਸ਼ ਸਿੰਘ ਬਾਦਲ ਦੇ ਮਰਨ ਬਾਅਦ ਪੰਥ ਰਤਨ ਫ਼ਖ਼ਰ-ਏ-ਕੌਮ' ਦੀ ਉਪਾਧੀ ਦਾ ਖਿਤਾਬ ਵਾਪਸ ਲੈਕੇ ਉਸਦੀ ਪੰਥ ਵਿਰੋਧੀ ਸਿਆਸੀ ਵਿਰਾਸਤ ਨੂੰ ਕਲੰਕਿਤ ਕਰਾਰ ਦਿਤਾ। ਯਾਦ ਰਹੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖਤ ਸਾਹਿਬ ਦੇ ਉਸ ਸਮੇਂ ਦੇ ਜਥੇਦਾਰ ਗੁਰਬਚਨ ਸਿੰਘ ਨੇ 13 ਸਾਲ ਪਹਿਲਾਂ ਫਖਰੇ ਕੌਮ ਅਵਾਰਡ ਦਿੱਤਾ ਸੀ।

ਇਹ ਫੈਸਲਾ ਸਭ ਤੋਂ ਸਿਖ ਪੰਥ ਲਈ ਸੰਤੁਸ਼ਟੀਜਨਕ ਸਿਧ ਹੋਇਆ ਜਿਸ ਨਾਲ ਅਕਾਲ ਤਖਤ ਸਾਹਿਬ ਦਾ ਅਕਸ ਬਹਾਲ ਹੋਇਆ ਹੈ। ਸਿੰਘ ਸਾਹਿਬਾਨ ਵਲੋਂ ਇਹ ਫੁਰਮਾਨ ਸੁਖਬੀਰ ਬਾਦਲ ਦੀ ਸਿਆਸਤ ਲਈ ਕਰਾਰਾ ਝਟਕਾ ਤੇ ਪ੍ਰਸ਼ਨਚਿੰਨ ਹੈ ਕਿ ਇਸ ਅਕਾਲੀ ਲੀਡਰਸ਼ਿਪ ਨੇ ਸਿਖ ਪੰਥ ਦੀ ਸਿਆਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਦਿੱਤਾ ਹੈ।

ਬਾਕੀ ਹਿਸਾ ਸਫਾ 6 ਤੇ ਪੜ੍ਹੋ

## ਕੀ ਹੋਵੇਗਾ ਭਵਿੱਖ ਅਕਾਲੀ ਲੀਡਰਸ਼ਿਪ ਦਾ

ਤੇਰਾਂ ਸਾਲਾਂ ਬਾਅਦ, ਸੁਖਬੀਰ ਸਿੰਘ ਬਾਦਲ ਨੇ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਪੇਸ਼ ਹੋ ਕੇ ਗੁਨਾਹ (ਅਪਰਾਧਾਂ) ਨੂੰ ਸਵੀਕਾਰ ਕੀਤਾ ਜਦੋਂ ਉਸਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿੱਚ ਅਕਾਲੀ ਦਲ ਤੇ ਪੰਜਾਬ ਸਰਕਾਰ ਦੀ ਕਮਾਂਡ ਸੀ। ਹੁਣ ਤਕ ਸੁਖਬੀਰ ਸਿੰਘ ਬਾਦਲ ਐਲਾਨੀਆ ਕਹਿੰਦਾ ਰਿਹਾ ਸੀ ਕਿ ਉਸ ਉਪਰ ਲਗੇ ਦੋਸ਼ ਅਕਾਲੀ ਦਲ ਤੇ ਖਾਲਸਾ ਪੰਥ ਵਿਰੁਧ ਸਾਜਿਸ਼ ਹੈ। ਇਹ ਸਾਜਿਸ਼ੀ ਲੋਕ ਅਕਾਲੀ ਦਲ ਖਤਮ ਕਰਨਾ ਚਾਹੁੰਦੇ ਹਨ।

ਅਸਲ ਵਿੱਚ, ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਵਜੋਂ ਪੰਜਵਾਂ ਕਾਰਜਕਾਲ ਹੀ ਨਹੀਂ, ਸਗੋਂ ਬਾਦਲ ਦਾ ਤੀਜਾ ਕਾਰਜਕਾਲ (1997-2002) ਤੋਂ ਬਾਅਦ ਲਗਭਗ ਪੂਰਾ ਕਾਰਜਕਾਲ ਨੁਕਸਦਾਰ ਸੀ, ਜਿਸ ਕਾਰਣ ਸਿਖ ਪੰਥ ਦਾ ਭਰੋਸਾ ਅਕਾਲੀ ਦਲ ਤੋਂ ਹੋਲੀ ਹੋਲੀ ਉਠ ਗਿਆ ਸੀ। ਹੁਣ ਸਥਿਤੀ ਇਹ ਹੈ ਕਿ ਬਾਦਲ ਪਰਿਵਾਰ ਅਤੇ ਉਸ ਦੇ ਸਰਪ੍ਰਸਤਾਂ ਲਈ ਆਪਣੀ ਪਰਿਵਾਰਕ ਵਿਰਾਸਤ ਦੇ ਗੀਤ ਗਾਉਣੇ ਵੀ ਔਖੇ ਹੋ ਜਾਣਗੇ। ਜੇਕਰ ਪੂਰੀ ਹਲੀਮੀ ਨਾਲ ਅਕਾਲੀ ਲੀਡਰਸ਼ਿਪ ਸਿੰਘ ਸਾਹਿਬਾਨ ਦੇ ਆਦੇਸ਼ਾਂ 'ਤੇ ਅਮਲ ਕਰਦੀ ਹੈ ਅਤੇ ਭਵਿੱਖ ਵਿਚ ਇਕਮੁੱਠ ਹੋ ਕੇ ਤੁਰਦੀ ਹੈ, ਤਾਂ ਉਹ ਇਕ ਵਾਰ ਫਿਰ ਪਾਰਟੀ ਦੀ ਪੁਨਰ ਸੁਰਜੀਤੀ ਵਿਚ ਕਾਮਯਾਬ ਹੋ ਸਕੇਗੀ। ਬੀਬੀ ਕਿਰਨਜੋਤ ਕੌਰ ਨੇ ਅਕਾਲ ਤਖਤ ਸਾਹਿਬ ਦੇ ਫੈਸਲੇ ਨੂੰ ਕੁਝ ਹੱਦ ਤਕ ਤਸਲੀਬਖਸ਼ ਕਿਹਾ ਹੈ।

ਸਿੱਖ ਵਿਦਵਾਨ ਗੁਰਤੇਜ ਸਿੰਘ ਆਈਏਐਸ ਨੇ ਕਿਹਾ ਕਿ ਸਿੰਘ ਸਾਹਿਬਾਨ ਵਲੋਂ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਦੀ ਅਗਵਾਈ ਵਿਚ ਅਕਾਲੀ ਦਲ ਦੀ ਪੁਨਰ ਸਿਰਜਣਾ ਤੇ ਭਰਤੀ ਲਈ ਟੀਮ ਬਣਾਉਣੀ ਠੀਕ ਨਹੀਂ, ਕਿਉਂਕਿ ਧਾਮੀ ਦਾ ਵਰਤਾਰਾ ਸਿਖ ਪੰਥ ਦੇ ਹੱਕ ਵਿਚ ਖੜਨ ਦੀ ਥਾਂ ਬਾਦਲ ਪਰਿਵਾਰ ਤੇ ਸੁਖਬੀਰ ਦੀ ਪ੍ਰਧਾਨਗੀ ਬਚਾਉਣ ਦੇ ਹੱਕ ਵਿਚ ਰਿਹਾ। ਇਸ ਕਮੇਟੀ ਵਿਚ ਭਾਈ ਅੰਮ੍ਰਿਤ ਪਾਲ ਸਿੰਘ ਧੜਾ, ਬਾਬਾ ਸਰਬਜੋਤ ਸਿੰਘ ਬੇਦੀ ਤੇ ਹੋਰ ਪੰਥਕ ਸੰਸਥਾਵਾਂ ਦੇ ਆਗੂ ਲਏ ਜਾਣੇ ਚਾਹੀਦੇ ਸਨ ਜੋ ਅਕਾਲੀ ਦਲ ਦਾ ਪੰਥਕ ਸਰੂਪ ਘੜ ਸਕਦੇ ਤੇ ਸਿਖ ਜਜਬਾ ਜਗਾ ਸਕਦੇ। ਅਯੋਗ ਬੰਦੇ ਕਦੇ ਵੀ ਅਕਾਲੀ ਵਿਰਾਸਤ ਖੜੀ ਨਹੀਂ ਕਰ ਸਕਦੇ।ਉਨ੍ਹਾਂ ਇਹ ਵੀ ਕਿਹਾ ਕਿ ਸੁਖਬੀਰ ਨੂੰ ਸਿਆਸੀ ਸਜ਼ਾ ਲਗਾਉਣੀ ਚਾਹੀਦੀ ਸੀ। ਇਸ ਦੇ ਦੋਸ਼ ਸਭ ਤੋਂ ਵਡੇ ਹਨ। ਜੇ ਵਿਰਸਾ ਸਿੰਘ ਵਲਟੋਹਾ ਨੂੰ ਅਕਾਲੀ ਦਲ ਤੋਂ ਕਢਿਆ ਜਾ ਸਕਦਾ ਹੈ ਤਾਂ ਸੁਖਬੀਰ ਦੀ ਸਜ਼ਾ ਏਨੀ ਘੱਟ ਕਿਉਂ?

ਸਿੱਖ ਇਤਿਹਾਸਕਾਰ ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਅਕਾਲ ਤਖ਼ਤ ਦੇ ਫ਼ੈਸਲੇ ਨੂੰ 'ਇਤਿਹਾਸਕ, ਸੁਚੱਜਾ ਅਤੇ ਸਮੇਂ ਮੁਤਾਬਕ ਲਿਆ ਗਿਆ ਫ਼ੈਸਲਾ' ਮੰਨਦੇ ਹੋਏ ਕਹਿੰਦੇ ਹਨ, "ਮੈਂ ਇਸ ਫ਼ੈਸਲੇ ਦੀ ਦਾਦ ਦਿੰਦਾ ਹਾਂ, ਸਾਰੇ ਹੀ ਫ਼ੈਸਲੇ ਬਹੁਤ ਦੀ ਸਿਆਣਪ ਤੇ ਸੂਝਬੂਝ ਨਾਲ ਲਏ ਗਏ ਹਨ। ਇਸ ਫੈਸਲੇ ਨੇ ਅਕਾਲੀ ਦਲ ਦੀ ਸਥਾਪਿਤ ਧਿਰ ਦੀਆਂ ਗ਼ਲਤੀਆਂ ਦਾ ਪਰਦਾਸ਼ਫਾਸ਼ ਕਰਨ ਦੇ ਨਾਲ-ਨਾਲ ਕੌਮ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਿਆ ਹੈ। ਡਾਕਟਰ ਢਿੱਲੋਂ ਕਹਿੰਦੇ ਹਨ, "ਇਸ ਫ਼ੈਸਲੇ ਦਾ ਦੂਰਗਾਮੀ ਅਸਰ ਪਵੇਗਾ, ਇਸ ਨੇ ਨਾ ਸਿਰਫ਼ ਮੌਜੂਦਾ ਲੀਡਰਸ਼ਿਪ ਬਲਕਿ ਭਵਿੱਖ ਦੀ ਲੀਡਰਸ਼ਿਪ ਲਈ ਵੀ ਮਿਸਾਲ ਕਾਇਮ ਕਰ ਦਿੱਤੀ ਹੈ, ਕਿ ਜੇਕਰ ਉਹ ਆਪਹੁਦਰੇਪਣ ਕਰਨਗੇ ਤਾਂ ਉਨ੍ਹਾਂ ਦਾ ਵੀ ਹਾਲ਼ ਇਹੀ ਹੋਵੇਗਾ ਅਤੇ ਇਸ ਲਈ ਉਹ ਘੱਟੋ-ਘੱਟ ਸਿੱਖ ਸਿਧਾਂਤਾਂ ਨਾਲ ਖਿਲਵਾੜ ਕਰਨ ਤੋਂ ਪਹਿਲਾਂ ਜ਼ਰੂਰ ਸੋਚਣਗੇ।"

ਸੀਨੀਅਰ ਪੱਤਰਕਾਰ ਜਸਪਾਲ ਸਿੰਘ ਦਾ ਕਹਿਣਾ ਹੈ, "ਜੇਕਰ ਸੁਖਬੀਰ ਸਿੰਘ ਬਾਦਲ ਦੇ ਅਕਾਲੀ ਦਲ ਦੀ ਗੱਲ ਕਰੀਏ ਤਾਂ ਸਾਰਿਆਂ ਦੀ ਕੋਸ਼ਿਸ਼ ਸੀ ਇਸ ਨੂੰ ਮੁੜ ਸੁਰਜੀਤ ਕਰੀਏ, ਪਰ ਹੋਇਆ ਇਸ ਦੇ ਉਲਟ ਕਿਉਂਕਿ ਹੁਣ 6 ਮਹੀਨਿਆਂ ਦੇ ਅੰਦਰ ਨਵੇਂ ਅਕਾਲੀ ਦਲ ਦੀ ਉਸਾਰੀ ਲਈ ਆਖ ਦਿੱਤਾ ਗਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਕੋਲੋਂ ਦੋ ਕਬੂਲਨਾਮੇ ਲਏ ਗਏ ਹਨ। ਇਸ ਦਾ ਮਤਲਬ ਹੈ ਕਿ ਉਸ ਵੇਲੇ ਦੀ ਸਿਆਸਤ ਨੂੰ ਰੱਦ ਕੀਤਾ ਗਿਆ ਹੈ ਜਿਸ ਦਾ ਇਸ ਅਸਰ ਬਹੁਤ ਅੱਗੇ ਤੱਕ ਜਾਵੇਗਾ।

5 ਸਫ਼ੇ ਦੀ ਬਾਕੀ

ਹਾਲਾਂਕਿ, ਜਥੇਦਾਰਾਂ ਦਾ ਇਹ ਫੈਸਲਾ ਸੁਖਬੀਰ ਸਿੰਘ ਬਾਦਲ ਤੇ ਗੁਨਾਹਗਾਰ ਅਕਾਲੀ ਲੀਡਰਸ਼ਿਪ ਲਈ ਸਿਆਸੀ ਜੀਵਨ ਰੇਖਾ ਛੱਡਦਾ ਹੈ, ਕਿਉਂਕਿ ਉਨ੍ਹਾਂ ’ਤੇ ਕੋਈ ਸਿਆਸੀ ਰੋਕ ਨਹੀਂ ਲਗਾਈ ਗਈ। ਸਿਵਾਏ ਉਨ੍ਹਾਂ ਦੇ ਪ੍ਰਧਾਨਗੀ ਅਸਤੀਫੇ ਨੂੰ ਸਵੀਕਾਰ ਕਰਨ ਤੋਂ ਇਲਾਵਾ। ਉਹ ਤਨਖਾਹ ਪੂਰੀ ਕਰਨ ਬਾਅਦ ਸਿਆਸਤ ਵਿਚ ਫਿਰ ਸਰਗਰਮ ਹੋ ਸਕਦੇ ਹਨ। ਇੱਕ ਤਰ੍ਹਾਂ ਨਾਲ ਅਕਾਲ ਤਖ਼ਤ ਸਾਹਿਬ ਨੇ ਸੁਖਬੀਰ ਸਿੰਘ ਬਾਦਲ ਦੀ ਸਿਆਸੀ ਕਿਸਮਤ ਉਪਰ ਮੋਹਰ ਲਾਉਣ ਦੀ ਥਾਂ ਗੁਰੂ ਪੰਥ ਦੀ ਕਚਹਿਰੀ ਵਿੱਚ ਮਾਮਲਾ ਛੱਡ ਦਿੱਤਾ ਹੈ ਕਿ ਉਸਦੀ ਸਿਆਸਤ ਮਨਜ਼ੂਰ ਕਰਨੀ ਹੈ ਜਾਂ ਨਹੀਂ। ਪਰ, ਜਿਸ ਤਰ੍ਹਾਂ ਅਕਾਲ ਤਖਤ ਸਾਹਿਬ ਸਾਹਮਣੇ ਗੁਰੂ ਪੰਥ ਦੇ ਅਪਰਾਧੀ ਵਜੋਂ ਖੜੇ ਹੋਕੇ ਸੁਖਬੀਰ ਸਿੰਘ ਬਾਦਲ ਤੇ ਉਸਦੇ ਸਾਥੀਆਂ ਨੇ ਸਪੱਸ਼ਟ ਤੌਰ ’ਤੇ ਖਾਸ ਗੁਨਾਹ (ਅਪਰਾਧਾਂ) ਨੂੰ ਸਵੀਕਾਰ ਕੀਤਾ ਸੀ, ਉਸ ਕਰਕੇ ਇਨ੍ਹਾਂ ਦੀ ਸਿਆਸਤ ਦਾ ਸਿੱਖ ਪੰਥ ਵਿਚ ਪੁਨਰ ਸਵੀਕਾਰ ਹੋਣਾ ਇੱਕ ਵੱਡੀ ਚੁਣੌਤੀ ਹੈ। ਅਕਾਲ ਤਖਤ ਸਾਹਿਬ ਤੋਂ ਗੁਨਾਹਗਾਰ ਠਹਿਰਾਈ ਅਕਾਲੀ ਲੀਡਰਸ਼ਿਪ ਦੀ ਸਿਆਸੀ ਹੋਂਦ ਹੁਣ ਉਸਦੇ ਆਚਰਣ ’ਤੇ ਨਿਰਭਰ ਕਰੇਗੀ।

## ਕੀ ਹੋਏ ਫੈਸਲੇ

ਸਿੰਘ ਸਾਹਿਬਾਨ ਵਲੋਂ ਜਾਰੀ ਆਦੇਸ਼ ਅਨੁਸਾਰ ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਆਪਣੇ ’ਤੇ ਲੱਗੇ ਹਰ ਗੁਨਾਹ ਨੂੰ ਕਬੂਲ ਕੀਤਾ ਤੇ ਸੁਖਦੇਵ ਸਿੰਘ ਢੀਂਡਸਾ ਨੇ ਵੀ ਆਪਣਾ ਬਣਦਾ ਗੁਨਾਹ ਕਬੂਲ ਕੀਤਾ। ਇਨ੍ਹਾਂ ਦੇ ਨਾਲ ਹੇਠ ਲਿਖੇ 7 ਭਾਗੀਦਾਰ ਹਨ, ਜਿਨ੍ਹਾਂ ਨੇ ਗੁਨਾਹਾਂ ਵਿਚ ਸਾਂਝੀਦਾਰੀ ਨੂੰ ਕਬੂਲ ਕੀਤਾ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸੁਖਬੀਰ ਸਿੰਘ ਬਾਦਲ ਤੇ ਉਨ੍ਹਾਂ ਨਾਲ ਕੈਬਨਿਟ ਦਾ ਹਿੱਸਾ ਰਹੇ ਅਕਾਲੀ ਆਗੂਆਂ ਨੂੰ ਧਾਰਮਿਕ ਸਜ਼ਾ ਸੁਣਾਉਣ ਤੋਂ ਪਹਿਲਾਂ ਦੋਸ਼ਾਂ ਦਾ ਸਾਹਮਣਾ ਕਰ ਰਹੇ ਸਾਰੇ ਆਗੂਆਂ ਤੋਂ ਕੀਤੇ ਗਏ ਗੁਨਾਹਾਂ ਦਾ ਜਵਾਬ ਹਾਂ ਜਾ ਨਾਂਹ ਵਿਚ ਦੇਣ ਦੇ ਆਦੇਸ਼ ਕੀਤੇ ਗਏ, ਜਿਸ ਤੋਂ ਬਾਅਦ ਜਥੇਦਾਰ ਵਲੋਂ ਸਭ ਤੋਂ ਪਹਿਲਾਂ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਸਰਕਾਰ ਦੌਰਾਨ ਪੰਥਕ ਮੁੱਦਿਆਂ ਨੂੰ ਵਿਸਾਰਨ ਦਾ ਗੁਨਾਹ ਕਰਨ ਸੰਬੰਧੀ ਸਵਾਲ ਕੀਤਾ ਤਾਂ ਸੁਖਬੀਰ ਨੇ ਜਵਾਬ ‘ਹਾਂ’ ਵਿਚ ਦਿੱਤਾ। ਇਸ ਉਪਰੰਤ ਜਥੇਦਾਰ ਵਲੋਂ ਹੋਰ ਗੁਨਾਹਾਂ ਬਾਰੇ ਪੁੱਛੇ ਸਵਾਲਾਂ ਕਿ, ਅਕਾਲੀ ਸਰਕਾਰ ਸਮੇਂ ਸਿੱਖਾਂ ਦੇ ਕਾਤਲ ਅ਼ਫਸਰਾਂ ਨੂੰ ਤਰੱਕੀਆਂ ਦੇਣ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਟਿਕਟਾਂ ਦੇਣ, ਸਿੱਖਾਂ ਦੇ ਗੁਨਾਹਗਾਰ ਡੇਰਾ ਸਿਰਸਾ ਮੁਖੀ ’ਤੇ ਦਰਜ ਕੇਸ ਵਾਪਸ ਕਰਵਾਉਣ ਦਾ ਗੁਨਾਹ ਕਰਨ, ਡੇਰਾ ਸਿਰਸਾ ਮੁਖੀ ਨੂੰ ਬਿਨਾਂ ਮੁਆਫੀ ਮੰਗੇ ਮੁਆ਼ਫੀ ਦਿਵਾਉਣ ਲਈ ਜਥੇਦਾਰਾਂ ਨੂੰ ਆਪਣੇ ਘਰ ਸੱਦ ਕੇ ਮੁਆ਼ਫੀ ਦਿਵਾਉਣ ਬਾਰੇ ਕਹਿਣ, ਸਰਕਾਰ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਚੋਰੀ ਹੋਏ, ਪੋਸਟਰ ਲਗਾ ਕੇ ਸਿੱਖਾਂ ਨੂੰ ਵੰਗਾਰਨ ਵਾਲਿਆਂ ਨੂੰ ਲੱਭਣ ਵਿਚ ਨਾਕਾਮ ਰਹਿਣ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਅੰਗ ਪਾੜ ਕੇ ਉਨ੍ਹਾਂ ਦੀ ਬੇਅਦਬੀ ਕਰਨ ਵਾਲਿਆਂ ਦੀ ਪੁਸ਼ਤ ਪਨਾਹੀ ਕਰਨ, ਬਹਿਬਲ ਕਲਾਂ ਵਿਚ ਸਿੱਖਾਂ ’ਤੇ ਗੋਲੀ ਚਲਾ ਕੇ ਕਤਲ ਦੀ ਘਟਨਾ, ਸ਼੍ਰੋਮਣੀ ਕਮੇਟੀ ਨੂੰ ਕਹਿ ਕੇ ਡੇਰਾ ਸਿਰਸਾ ਨੂੰ ਦਿੱਤੀ ਗਈ ਮੁਆ਼ਫੀ ਨੂੰ ਸਹੀ ਠਹਿਰਾਉਣ ਲਈ ਇਸ਼ਤਿਹਾਰ ਲਗਵਾਉਣ ਲਈ ਗੁਰੂ ਕੀ ਗੋਲਕ ਦੀ ਦੁਰਵਰਤੋਂ ਕਰਨ ਦੇ ਕੀਤੇ ਗਏ ਗੁਨਾਹਾਂ ਦਾ ਜਵਾਬ ਮੰਗਿਆ ਗਿਆ, ਜਿਸ ਦਾ ਜਵਾਬ ਸੁਖਬੀਰ ਵਲੋਂ ਹਾਂ ਵਿਚ ਦਿੱਤਾ ਗਿਆ।

ਇਸ ਦੌਰਾਨ ਜਥੇਦਾਰ ਸਾਹਿਬਾਨ ਨੇ ਉਕਤ ਦੋਸ਼ਾਂ ਲਈ ਸਿੱਧੇ ਰੂਪ ਵਿਚ ਸ਼ਾਮਿਲ ਦੋਸ਼ੀ ਅਕਾਲੀ ਆਗੂਆਂ ਤੇ ਮੰਤਰੀਆਂ ਤੋਂ ਇਲਾਵਾ ਇਨ੍ਹਾਂ ਗਲਤੀਆਂ ਦਾ ਵਿਰੋਧ ਕਰਨ ਵਾਲੇ ਜਾਂ ਸਿੱਧੇ ਤੌਰ ’ਤੇ ਸ਼ਾਮਿਲ ਨਾ ਰਹੇ ਹੋਣ ਵਾਲੇ ਅਕਾਲੀ ਆਗੂਆਂ ਤੇ ਸਾਬਕਾ ਮੰਤਰੀਆਂ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਉਨ੍ਹਾਂ ਨੂੰ ਵੱਖੋ ਵੱਖ ਧਾਰਮਿਕ ਤਨਖ਼ਾਹਾਂ ਲਗਾਈਆਂ। ਸਿੱਧੇ ਰੂਪ ਵਿਚ ਦੋਸ਼ੀ ਪਾਏ ਗਏ ਤੇ ਦੋਸ਼ ਕਬੂਲ ਕਰਨ ਵਾਲੇ ਅਕਾਲੀ ਆਗੂਆਂ, ਜਿਨ੍ਹਾਂ ਵਿਚ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਡਾ: ਦਲਜੀਤ ਸਿੰਘ ਚੀਮਾ, ਬਲਵਿੰਦਰ ਸਿੰਘ ਭੂੰਦੜ, ਗੁਲਜ਼ਾਰ ਸਿੰਘ ਰਣੀਕੇ, ਸੁੱਚਾ ਸਿੰਘ ਲੰਗਾਹ ਤੇ ਹੀਰਾ ਸਿੰਘ ਗਾਬੜੀਆ ਸ਼ਾਮਿਲ ਸਨ, ਨੂੰ ਗਲਾਂ ਵਿਚ ਗੁਰਬਾਣੀ ਲਿਖੀਆਂ ਤ਼ਖ਼ਤੀਆਂ ਪਾ ਕੇ ਹੇਠ ਲਿਖੇ ਅਨੁਸਾਰ ਤਨਖਾਹ ਲਗਾਈ ਗਈ। ਅਕਾਲੀ ਦਲ ਦੀਆਂ ਸਰਕਾਰਾਂ ਸਮੇਂ ਹੋਈਆਂ ਭੁੱਲਾਂ ਗਲਤੀਆਂ ਲਈ ਸੁਖਬੀਰ ਸਿੰਘ ਬਾਦਲ ਵਲੋਂ ਆਪਣਾ ਗੁਨਾਹ ਕਬੂਲ ਕਰਨ ਤੋਂ ਬਾਅਦ ਸੁਖਬੀਰ ਤੇ ਸੁਖਦੇਵ ਸਿੰਘ ਢੀਂਡਸਾ ਨੂੰ ਠੀਕ ਨਾ ਹੋਣ ਕਾਰਨ ਵੀਲ੍ਹ ਚੇਅਰ ’ਤੇ ਬੈਠ ਕੇ ਇਕ ਘੰਟਾ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਡਿਊੜੀ ਵਿਚ ਚੋਬਦਾਰ ਵਾਲਾ ਚੋਲਾ ਪਾ ਕੇ ਹੱਥ ਵਿਚ ਰਵਾਇਤੀ ਸ਼ਸਤਰ ਬਰਛਾ ਫੜ ਕੇ ਤੇ ਗਲਾਂ ਵਿਚ ਗੁਰਬਾਣੀ ਲਿਖੀ ਤ਼ਖ਼ਤੀ ਪਾ ਕੇ ਸਵੇਰੇ 9 ਤੋਂ 10 ਵਜੇ ਤੱਕ ਇਕ ਘੰਟਾ ਡਿਊਟੀ ਦੇਣ ਸਮੇਤ ਹੋਰ ਅਕਾਲੀ ਆਗੂਆਂ ਨੂੰ ਦੋ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਜੂਠੇ ਬਰਤਨ ਸਾਫ ਕਰਨ, ਜੋੜਿਆਂ ਦੀ ਸੇਵਾ ਕਰਨ, ਕੀਰਤਨ ਸਰਵਣ ਕਰਨ ਤੇ ਨਿਤਨੇਮ ਤੋਂ ਇਲਾਵਾ ਇਕ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨ ਦੀ ਧਾਰਮਿਕ ਤਨ਼ਖ਼ਾਹ ਲਗਾਈ ਗਈ। ਇਸ ਤੋਂ ਇਲਾਵਾ ਇਨ੍ਹਾਂ ਸੱਤ ਅਕਾਲੀ ਆਗੂਆਂ ਨੂੰ ਦੋ ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਇਕ ਘੰਟਾ ਲੰਗਰ ਵਿਚ ਭਾਂਡੇ ਮਾਂਜਣ, ਇਕ ਘੰਟਾ ਕੀਰਤਨ ਸੁਣਨ ਤੇ ਹਰ ਰੋਜ਼ ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਇਕ ਪਾਠ ਕਰਨ ਦੀ ਸੇਵਾ ਤੋਂ ਇਲਾਵਾ ਇਹੀ ਸੇਵਾਵਾਂ ਦੋ ਦਿਨ ਤ਼ਖ਼ਤ ਸ੍ਰੀ ਕੇਸਗੜ੍ਹ ਸਾਹਿਬ, ਦੋ ਦਿਨ ਤ਼ਖ਼ਤ ਸ੍ਰੀ ਦਮਦਮਾ ਸਾਹਿਬ, ਦੋ ਦਿਨ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਤੇ ਦੋ ਦਿਨ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਉਪਰੋਕਤ ਤਨਖਾਹ ਭੁਗਤਣ ਦਾ ਆਦੇਸ਼ ਦਿੱਤਾ ਗਿਆ। ਉਪਰੰਤ ਡਾ: ਚੀਮਾ ’ਤੇ ਡੇਰਾ ਸਿਰਸਾ ਮੁਖੀ ਦੇ ਪੱਤਰ ਵਿਚ ਨਾਂਅ ਨਾਲ ਖਿਮਾ ਯਾਚਨਾ ਸ਼ਬਦ ਲਿਖਣ ਦੇ ਲੱਗੇ ਦੋਸ਼ ਦਾ ਜਵਾਬ ਮੰਗਿਆ, ਜਿਸ ’ਤੇ ਡਾ: ਚੀਮਾ ਨੇ ਅਜਿਹਾ ਕਰਨ ਤੋਂ ਨਾਂਹ ਕਰ ਦਿੱਤਾ। ਪ੍ਰੇਮ ਸਿੰਘ ਚੰਦੂਮਾਜਰਾ ਵਲੋਂ ਡੇਰਾ ਸਿਰਸਾ ਮੁਖੀ ਵਲੋਂ ਰਚਾਏ ਸਵਾਂਗ ਦੌਰਾਨ ਉਸ ਦੀ ਪਾਈ ਹੋਈ ਪੁਸ਼ਾਕ ਉਪਲਬਧ ਕਰਵਾਉਣ ਦੇ ਲਗੇ ਦੋਸ਼ਾਂ ਦਾ ਜਵਾਬ ਮੰਗਿਆ ਗਿਆ, ਜਿਸ ਬਾਰੇ ਉਨ੍ਹਾਂ ਇਨਕਾਰ ਕਰ ਦਿੱਤਾ। ਇਸ ਤੋਂ ਇਲਾਵਾ ਆਪ੍ਰੇਸ਼ਨ ਕਾਲੀ ਗਰਜ ਦੌਰਾਨ ਹੋਈ ਫਾਇਰਿੰਗ ਵਿਚ ਉਸ ਦੇ ਸ਼ਾਮਿਲ ਹੋਣ ਬਾਰੇ ਪੁੱਛੇ ਜਾਣ ’ਤੇ ਚੰਦੂਮਾਜਰਾ ਵਲੋਂ ਇਨ੍ਹਾਂ ਦੋਸ਼ਾਂ ਨੂੰ ਵੀ ਅਸਵੀਕਾਰ ਕੀਤਾ ਗਿਆ। ਇਸ ਦੌਰਾਨ ਸੁਖਦੇਵ ਸਿੰਘ ਢੀਂਡਸਾ ਵਲੋਂ ਸਿੱਖਾਂ ਦੇ ਕਾਤਲ ਅ਼ਫਸਰਾਂ ਨੂੰ ਤਰੱਕੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਟਿਕਟਾਂ ਦਿਵਾਉਣ ਸੰਬੰਧੀ ਕੀਤੇ ਗੁਨਾਹਾਂ ਬਾਰੇ ਪੁੱਛੇ ਜਾਣ ’ਤੇ ਆਪਣਾ ਗੁਨਾਹ ਸਵੀਕਾਰ ਕੀਤਾ। ਇਸ ਸੰਬੰਧੀ ਪਰਮਿੰਦਰ ਸਿੰਘ ਢੀਂਡਸਾ ਨੇ ਸਵੀਕਾਰ ਕੀਤਾ ਕਿ ਇਸ ਬਾਰੇ ਜਾਣਕਾਰੀ ਤਾਂ ਉਸ ਨੂੰ ਸੀ, ਪਰ ਇਸ ਵਿਚ ਉਸ ਦੀ ਕੋਈ ਸ਼ਮੂਲੀਅਤ ਨਹੀਂ ਹੈ। ਸੁਰਜੀਤ ਸਿੰਘ ਰੱਖੜਾ ਨੇ ਵੀ ਇਸ ਗੁਨਾਹ ਨੂੰ ਅਸਵੀਕਾਰ ਕੀਤਾ। ਇਸ ਉਪਰੰਤ ਜਥੇਦਾਰ ਵਲੋਂ ਆਪਣੇ ਗੁਨਾਹ ਕਬੂਲਣ ਵਾਲੇ ਆਗੂਆਂ ਨੂੰ ਸੁਖਬੀਰ ਸਿੰਘ ਬਾਦਲ ਦੇ ਪਿੱਛੇ ਖੜ੍ਹੇ ਹੋਣ ਤੇ ਜਿਹੜੇ ਆਗੂ ਉਦੋਂ ਚੁੱਪ ਰਹੇ ਸਨ, ਜਾਂ ਜਿਨ੍ਹਾਂ ਵਿਰੋਧ ਕੀਤਾ ਸੀ ਉਨ੍ਹਾਂ ਨੂੰ ਵੱਖਰੇ ਖੜ੍ਹੇ ਹੋਣ ਦਾ ਆਦੇਸ਼ ਸੁਣਾਇਆ। ਇਸੇ ਦੌਰਾਨ ਚੰਦੂਮਾਜਰਾ ਨੂੰ ਡੇਰਾ ਮੁਖੀ ਨੂੰ ਮੁਆ਼ਫ ਕਰਨ ਦੇ ਫ਼ੈਸਲੇ ਦਾ ਅਖਬਾਰਾਂ ਵਿਚ ਬਿਆਨ ਲਗਾ ਕੇ ਹਮਾਇਤ ਕਰਨ ਲਈ ਸੁਖਬੀਰ ਦੇ ਨਾਲ ਖੜ੍ਹੇ ਹੋਣ ਲਈ ਕਿਹਾ ਗਿਆ। ਇਸੇ ਦੌਰਾਨ ਚੰਦੂਮਾਜਰਾ ’ਤੇ ਲੱਗੇ ਦੋਸ਼ਾਂ ਸੰਬੰਧੀ ਲੱਗੀਆਂ ਪੁਰਾਣੀਆਂ ਖ਼ਬਰਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਵਲੋਂ ਪੜ੍ਹ ਕੇ ਸੁਣਾਈਆਂ ਗਈਆਂ, ਜਿਸ ’ਤੇ ਚੰਦੂਮਾਜਰਾ ਨੇ ਇਨ੍ਹਾਂ ਬਿਆਨਾਂ ਨੂੰ ਝੁਠਲਾਇਆ ਤੇ ਇਸ ਦਾ ਸਪੱਸ਼ਟੀਕਰਨ ਨਾ ਕਰਨ ਲਈ ਆਪਣੀ ਗਲਤੀ ਨੂੰ ਸਵੀਕਾਰਿਆ। ਇਸ ਦੌਰਾਨ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਕੈਬਨਿਟ ਦਾ ਹਿੱਸਾ ਹੋਣ ਦੇ ਨਾਤੇ ਜੋ ਆਵਾਜ਼ ਬੁਲੰਦ ਕਰਨੀ ਚਾਹੀਦੀ ਸੀ, ਨਹੀਂ ਕਰ ਸਕਿਆ ਇਸ ਕਰਕੇ ਉਨ੍ਹਾਂ ਆਪਣੇ ਗੁਨਾਹ ਸਵੀਕਾਰ ਕੀਤੇ।

## ਡਾ: ਉਪਿੰਦਰਜੀਤ ਕੌਰ, ਮਲੂਕਾ, ਬੰਗੀ ਤੇ ਭੌਰ ਨਹੀਂ ਹੋਏ ਸ਼ਾਮਿਲ

ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਈ ਅਕਾਲੀ ਲੀਡਰਸ਼ਿਪ ’ਚ ਅਕਾਲੀ ਆਗੂ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਤੇ ਡਾ: ਉਪਿੰਦਰਜੀਤ ਕੌਰ ਤੇ ਸ਼੍ਰੋਮਣੀ ਕਮੇਟੀ ਦੇ ਤਤਕਾਲੀ ਅੰਤ੍ਰਿੰਗ ਕਮੇਟੀ ਮੈਂਬਰ ਸੁਖਦੇਵ ਸਿੰਘ ਭੌਰ ਤੇ ਮੋਹਨ ਸਿੰਘ ਬੰਗੀ ਬਿਮਾਰ ਹੋਣ ਕਾਰਨ ਜਾਂ ਵਿਦੇਸ਼ ਗਏ ਹੋਣ ਕਾਰਨ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਨਹੀਂ ਹੋਏ। ਉਨ੍ਹਾਂ ਨੂੰ ਸਿੰਘ ਸਾਹਿਬਾਨ ਦੀ ਅਗਲੀ ਇਕੱਤਰਤਾ ਵਿਚ ਪੇਸ਼ ਹੋਣ ਦਾ ਆਦੇਸ਼ ਕੀਤਾ ਕੀਤਾ ਗਿਆ।

## ਰਾਮੂਵਾਲੀਆ, ਸਿਰਸਾ ਤੇ ਮਨਪ੍ਰੀਤ ਦੀ ਨਹੀਂ ਹੋਈ ਸੁਣਵਾਈ

ਇਸੇ ਦੌਰਾਨ ਤਲਬ ਕੀਤੇ ਗਏ ਸਾਬਕਾ ਅਕਾਲੀ ਆਗੂ ਬਲਵੰਤ ਸਿੰਘ ਰਾਮੂਵਾਲੀਆ, ਪਹਿਲਾਂ ਅਕਾਲੀ ਦਲ ਤੇ ਹੁਣ ਭਾਜਪਾ ਵਿਚ ਸ਼ਾਮਿਲ ਮਨਜਿੰਦਰ ਸਿੰਘ ਸਿਰਸਾ ਤੇ ਮਨਪ੍ਰੀਤ ਸਿੰਘ ਬਾਦਲ ਵੀ ਅਕਾਲ ਤਖ਼ਤ ਸਾਹਿਬ ਸਨਮੁਖ ਪੇਸ਼ ਹੋਣ ਪੁੱਜੇ,

ਬਾਕੀ ਹਿਸਾ ਸਫਾ 48 ਤੇ ਪੜ੍ਹੋ

# ਅਠਾਰਵੀਂ ਸਦੀ ਤੇ ਅਜੋਕੇ ਸਮੇਂ ਦੌਰਾਨ ਅਕਾਲ ਤਖਤ ਸਾਹਿਬ ਦੇ ਕਈ ਮਹੱਤਵਪੂਰਨ ਫੈਸਲੇ

ਅਕਾਲ ਤਖਤ ਸਾਹਿਬ ਦੀ ਪਰੰਪਰਾ ਹੈ ਕਿ ਅਠਾਰਵੀਂ ਸਦੀ ਦੌਰਾਨ ਸਿਖ ਪੰਥ ਦੇ ਜਥੇਦਾਰ ਵਲੋਂ ਪਹਿਲਾਂ ਪੰਥ ਦਾ ਨੁਮਾਇੰਦਾ ਇਕੱਠ ਬੁਲਾਕੇ ਪੰਜ ਸਿੰਘ ਚੁਣਕੇ ਫੈਸਲੇ ਲਏ ਜਾਂਦੇ ਸਨ, ਸਿੱਖ ਧਰਮ ਦੀਆਂ ਦਰਪੇਸ਼ ਸਮੱਸਿਆਵਾਂ ਉੱਪਰ ਵਿਚਾਰ ਕੀਤੀ ਜਾਂਦੀ ਸੀ ਅਤੇ ਹੁਣ ਅਕਾਲ ਤਖਤ ਦੇ ਜਥੇਦਾਰ ਪੰਜ ਸਿੰਘ ਸਾਹਿਬਾਨ ਦੇ ਰੂਪ ਵਿਚ ਫੈਸਲੇ ਲੈਂਦੇ ਹਨ।

* ਫਰਵਰੀ 1762 ਦੇ ਵੱਡੇ ਘੱਲੂਘਾਰੇ ਤੋਂ ਬਾਅਦ ਇਸੇ ਸਾਲ ਅਕਤੂਬਰ ਵਿੱਚ ਸਿੱਖਾਂ ਵੱਲੋਂ ਅਕਾਲ ਤਖ਼ਤ ਸਾਹਿਬ ’ਤੇ ਸਰਬੱਤ ਖਾਲਸਾ ਦੌਰਾਨ ਇਕੱਤਰ ਹੋ ਕੇ ਫੈਸਲਾ ਲਿਆ ਕਿ ਅਹਿਮਦ ਸ਼ਾਹ ਅਬਦਾਲੀ ਦਾ ਜਥੇਬੰਦ ਹੋਕੇ ਮੁਕਾਬਲਾ ਕੀਤਾ ਜਾਵੇਗਾ। ਅਬਦਾਲੀ ਉਸ ਵੇਲੇ ਲਾਹੌਰ ਸੀ ਅਤੇ ਸਿੱਖਾਂ ਵੱਲੋਂ ਅਕਾਲ ਤਖ਼ਤ ਸਾਹਿਬ ਤੋਂ ਹੀ ਕੂਚ ਕੀਤਾ ਗਿਆ। ਅਬਦਾਲੀ ਲਾਹੌਰ ਤੋਂ ਆਇਆ, ਅੰਮ੍ਰਿਤਸਰ ਨਜ਼ਦੀਕ ਜੰਗ ਹੋਈ ਅਤੇ ਉਸ ਦੇ ਇਤਿਹਾਸਕਾਰਾਂ ਵੱਲੋਂ ਲਿਖਿਆ ਗਿਆ ਹੈ ਕਿ ਸਿੱਖ ਬਹੁਤ ਬਹਾਦੁਰੀ ਨਾਲ ਲੜੇ। ਸ਼ਾਮ ਤੱਕ ਅਬਦਾਲੀ ਲੜਾਈ ਵਿੱਚੋਂ ਹਾਰ ਕੇ ਲਾਹੌਰ ਪਹੁੰਚ ਗਿਆ ਸੀ। ਇਸ ਤੋਂ ਬਾਅਦ 1764 ਵਿੱਚ ਵੀ ਅਬਦਾਲੀ ਨੇ ਹਮਲਾ ਕੀਤਾ ਨੁਕਸਾਨ ਵੀ ਹੋਇਆ ਅਤੇ ਅੰਤ ਸਿੱਖਾਂ ਨੇ ਫਿਰ ਉਸ ਨੂੰ ਹਰਾ ਦਿੱਤਾ। 1765 ਵਿੱਚ ਸਿੱਖਾਂ ਨੇ ਲਾਹੌਰ ਵਿੱਚ ਖਾਲਸਾ ਰਾਜ ਦੀ ਸਥਾਪਨਾ ਕਰ ਦਿੱਤੀ।’

ਸਪੱਸ਼ਟ ਹੈ ਕਿ ਖਾਲਸਾ ਰਾਜ ਦੀ ਸਥਾਪਨਾ ਦਾ ਮੁੱਢ ਅਕਾਲ ਤਖ਼ਤ ਸਾਹਿਬ ਤੋਂ ਹੀ ਬੱਝਿਆ ਸੀ।

* ਵਿਸਾਖੀ 1799 ਦੌਰਾਨ ਅਕਾਲ ਤਖਤ ਦੇ ਜਥੇਦਾਰ ਨੇ ਸਰਬੱਤ ਖਾਲਸਾ ਵਿਚ ਐਲਾਨ ਕੀਤਾ ਕਿ ਅਬਦਾਲੀ ਦੇ ਪੋਤਰੇ ਸ਼ਾਹ ਜਮਾਨ ਨਾਲ ਟਕਰ ਲਈ ਜਾਵੇਗੀ ਤੇ ਉਸਦੀਆਂ ਜਾਗੀਰਾਂ ਖਾਲਸਾ ਪੰਥ ਸਵੀਕਾਰ ਨਹੀਂ ਕਰੇਗਾ। ਖਾਲਸਾ ਰਾਜ ਖੁਦ ਸਥਾਪਤ ਕਰੇਗਾ।

* 1801 ਦੌਰਾਨ ਬਾਬਾ ਸਾਹਿਬ ਸਿੰਘ ਬੇਦੀ ਨੇ ਲਾਹੌਰ ਤਖਤ ਉਪਰ ਮਹਾਰਾਜਾ ਰਣਜੀਤ ਸਿੰਘ ਨੂੰ ਬਿਠਾਕੇ ਖਾਲਸਾ ਰਾਜ ਦੀ ਹੋਂਦ ਦਾ ਐਲਾਨ ਕਰ ਦਿਤਾ।

* 1978-ਆਧੁਨਿਕ ਸਮੇਂ ਦੀ ਗੱਲ ਕੀਤੀ ਜਾਵੇ ਤਾਂ 10 ਜੂਨ,1978 ਨੂੰ ਨਿਰੰਕਾਰੀਆਂ ਦੇ ਬਾਈਕਾਟ ਦਾ ਹੁਕਮਨਾਮਾ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਇਆ ਸੀ। ਅਪ੍ਰੈਲ 1978 ਸਿੱਖਾਂ ਅਤੇ ਨਿਰੰਕਾਰੀਆਂ ਦਰਮਿਆਨ ਹੋਏ ਝੜਪ ਤੋਂ ਬਾਅਦ 13 ਸਿੱਖਾਂ ਅਤੇ 3 ਨਿਰੰਕਾਰੀ ਸਮਰਥਕਾਂ ਦੀ ਜਾਨ ਗਈ ਸੀ।

* 2007-ਡੇਰਾ ਸੌਦਾ ਮੁਖੀ ਰਾਮ ਰਹੀਮ ਵੱਲੋਂ ਸਲਾਮਤਪੁਰਾ ਵਿਖੇ ਗੁਰੂ ਗੋਬਿੰਦ ਸਿੰਘ ਵੇਸ਼ ਭੂਸ਼ਾ ਅਤੇ ਅੰਮ੍ਰਿਤ ਸੰਚਾਰ ਦੀ ਨਕਲ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਵੱਲੋਂ ਕਰਕੇ ਸਿੱਖਾਂ ਨੂੰ ਡੇਰੇ ਦਾ ਬਾਈਕਾਟ ਕਰਨ ਨੂੰ ਆਖਿਆ ਗਿਆ ਸੀ।

* 2015- 2015 ਵਿੱਚ ਅਕਾਲ ਤਖ਼ਤ ਸਾਹਿਬ ਵੱਲੋਂ ਡੇਰਾ ਮੁਖੀ ਨੂੰ ਮੁਆ਼ਫੀ ਦਿੱਤੀ ਗਈ, ਸਿੱਖਾਂ ਦੇ ਵਿਰੋਧ ਤੋਂ ਬਾਅਦ ਅਕਤੂਬਰ 2015 ਵਿੱਚ ਇਹ ਫੈਸਲਾ ਵਾਪਸ ਲੈਂਦੇ ਹੋਏ 2007 ਦੇ ਹੁਕਮਨਾਮੇ ‘ਤੇ ਕਾਇਮ ਰਹਿਣ ਦੀ ਗੱਲ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਵੱਲੋਂ ਆਖੀ ਗਈ। ਇਹ ਹੁਕਮਨਾਮਾ ਬਾਦਲ ਪਰਿਵਾਰ ਦੀ ਅਕਾਲੀ ਸਿਆਸਤ ਲਈ ਘਾਤਕ ਸਿਧ ਹੋਇਆ।

# ਦਰਬਾਰ ਸਾਹਿਬ ਦੇ ਬਾਹਰ ਸੇਵਾ ਕਰ ਰਹੇ ਸੁਖਬੀਰ ਬਾਦਲ 'ਤੇ ਭਾਈ ਚੌੜਾ ਨੇ ਚਲਾਈ ਗੋਲ਼ੀ

## ✪ ਸੁਖਬੀਰ ਦਰਬਾਰ ਸਾਹਿਬ ਦੇ ਮੁੱਖ ਗੇਟ 'ਤੇ 'ਸੇਵਾਦਾਰ' ਦੇ ਚੋਲ਼ੇ ਵਿਚ ਕਰ ਰਹੇ ਸਨ ਪਹਿਰੇਦਾਰੀ

ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਦੇ ਬਾਹਰ ਗੋਲ਼ੀ ਚੱਲਣ ਦੀ ਖਬਰ ਹੈ। ਆਖਿਆ ਜਾ ਰਿਹਾ ਹੈ ਕਿ ਇਹ ਸੁਖਬੀਰ ਸਿੰਘ ਬਾਦਲ ਨੂੰ ਇਹ ਗੋਲ਼ੀ ਸੁਖਬੀਰ ਬਾਦਲ ਨੂੰ ਮਾਰਨ ਲਈ ਚਲਾਈ ਗਈ ਸੀ ਹਾਲਾਂਕਿ ਉਹ ਬਿਲਕੁਲ ਸੁਰੱਖਿਅਤ ਹਨ। ਪੁਲਿਸ ਨੇ ਮੁਲਜ਼ਮ ਭਾਈ ਨਰਾਇਣ ਸਿੰਘ ਚੌੜਾ ਨੂੰ ਗ੍ਰਿਫਤਾਰ ਕਰ ਲਿਆ ਹੈ। ਏਡੀਸੀਪੀ ਹਰਪਾਲ ਸਿੰਘ ਨੇ ਇਸ ਦੀ ਪੁਸ਼ਟੀ ਕੀਤੀ ਹੈ। ਪੁਲਿਸ ਨੂੰ ਚੌੜਾ ਉੱਪਰ ਪਹਿਲਾਂ ਹੀ ਸ਼ੱਕ ਸੀ ਕਿ ਉਹ ਅਜਿਹੀ ਕਿਸੇ ਘਟਨਾ ਨੂੰ ਅੰਜਾਮ ਦੇ ਸਕਦਾ ਹੈ। ਇਸ ਲਈ ਪੁਲਿਸ ਦੀ ਉੱਪਰ ਲਗਾਤਾਰ ਨਜ਼ਰ ਸੀ। ਇਹ ਘਟਨਾ ਸਵੇਰੇ ਸਾਢੇ 9 ਵਜੇ ਦੀ ਹੈ।

ਘਟਨਾ ਵੇਲੇ ਸੁਖਬੀਰ ਬਾਦਲ ਸੇਵਾ 'ਤੇ ਤਾਇਨਾਤ ਸਨ। ਅਚਾਨਕ ਨਰਾਇਣ ਸਿੰਘ ਬਾਦਲ ਦੇ ਬਿਲਕੁਲ ਨੇੜੇ ਆਇਆ, ਜਿਵੇਂ ਹੀ ਦੂਰੀ ਕੁਝ ਮੀਟਰ ਰਹਿ ਗਈ, ਉਸ ਨੇ ਆਪਣੀ ਪਿਸਤੌਲ ਕੱਢ ਕੇ ਸੁਖਬੀਰ ਵੱਲ ਨਿਸ਼ਾਨਾ ਸਾਧਿਆ। ਇੱਕ ਸੁਰੱਖਿਆ ਕਰਮਚਾਰੀ ਤੁਰੰਤ ਨਰਾਇਣ ਸਿੰਘ ਵੱਲ ਵਧਿਆ ਤੇ ਪਿਸਤੌਲ ਦੇ ਮੂੰਹ ਨੂੰ ਉੱਪਰ ਅਸਮਾਨ ਵੱਲ ਕੀਤਾ ਜਿਸ ਕਾਰਨ ਇਹ ਹਵਾਈ ਫਾਇਰ ਹੋ ਗਿਆ ਤੇ ਨਿਸ਼ਾਨਾ ਖੁੰਝ ਗਿਆ। ਸਾਦੀ ਵਰਦੀ ਵਿਚ ਮੌਜੂਦ ਸੁਰੱਖਿਆ ਕਰਮੀਆਂ ਨੇ ਤੁਰੰਤ ਘੇਰਾਬੰਦੀ ਕਰ ਕੇ ਬਾਦਲ ਨੂੰ ਸੁਰੱਖਿਆ ਘੇਰੇ ਵਿੱਚ ਲੈ ਲਿਆ।



### ਘਟਨਾ ਦੀ ਨਿਖੇਧੀ

ਇਸ ਗੋਲੀਬਾਰੀ ਤੋਂ ਬਾਅਦ ਵਿਰੋਧੀਆਂ ਵੱਲੋਂ ਸਵਾਲ ਚੁੱਕੇ ਜਾ ਰਹੇ ਹਨ।ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ ਦਾ ਕਹਿਣਾ ਹੈ, ਇਹ ਵਾਹਿਗੁਰੂ ਦਾ ਅਸਥਾਨ ਹੈ, ਉਹ ਸਾਡੀ ਰੱਖਿਆ ਕਰਦਾ ਹੈ। 'ਸੇਵਾ' ਜਾਰੀ ਰਹੇਗੀ। ਅਸੀਂ ਵਾਹਿਗੁਰੂ 'ਤੇ ਭਰੋਸਾ ਰੱਖਦੇ ਹਾਂ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਕਹਿਣਾ ਹੈ, "ਅਸੀਂ ਆਪਣੇ ਸਰੋਤਾਂ ਰਾਹੀਂ ਇਸਦੀ ਚੰਗੀ ਤਰ੍ਹਾਂ ਜਾਂਚ ਕਰਾਂਗੇ। ਮੈਨੂੰ ਲੱਗਦਾ ਹੈ ਕਿ ਉਸ (ਹਮਲਾਵਰ) ਨੂੰ ਪੁਲਿਸ ਫੜ ਕੇ ਲੈ ਗਈ ਹੈ। ਗੁਰੂ ਰਾਮਦਾਸ ਜੀ ਨੇ ਸੁਖਬੀਰ ਸਿੰਘ ਬਾਦਲ ਨੂੰ ਬਚਾਇਆ ਸੀ। ਅਸੀਂ ਸੁਰੱਖਿਆ ਪ੍ਰਬੰਧਾਂ ਦੀ ਜਾਂਚ ਕਰ ਰਹੇ ਹਾਂ।"

ਅਕਾਲੀ ਦਲ ਦੇ ਸੀਨੀਅਰ ਆਗੂ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਹਮਲਾਵਰ ਫੜਿਆ ਗਿਆ ਹੈ। ਡਾ. ਦਲਜੀਤ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਇਸ ਘਟਨਾ ਦੀ ਨਿਆਂਇਕ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੰਜਾਬ 'ਚ ਲਾਅ ਐਂਡ ਆਰਡਰ ਦਾ ਜਨਾਜ਼ਾ ਨਿਕਲ ਚੁੱਕਾ ਹੈ।

ਪੰਜਾਬ ਕਾਂਗਰਸ ਪ੍ਰਧਾਨ ਰਾਜ ਵੜਿੰਗ ਰਾਜਾ ਵੜਿੰਗ ਨੇ ਕਿਹਾ ਕਿ ਇਸ ਵਿੱਚ ਸੂਬਾ ਪੁਲਿਸ ਦਾ ਬਹੁਤ ਵੱਡਾ ਫੇਲਈਅਰ ਹੈ।

ਜ਼ਿਕਰਯੋਗ ਹੈ ਕਿ ਭਾਈ ਨਰਾਇਣ ਸਿੰਘ ਚੌੜਾ ਨੂੰ 4 ਅਗਸਤ 2018 ਨੂੰ ਕੇਂਦਰੀ ਜੇਲ੍ਹ ਅੰਮ੍ਰਿਤਸਰ ਤੋਂ ਰਿਹਾਅ ਕਰ ਦਿੱਤਾ ਗਿਆ ਸੀ। ਉਸ ਨੂੰ ਸਾਲ 2013 ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਤੇ ਉਦੋਂ ਤੋਂ ਜੇਲ੍ਹ ਵਿਚ ਬੰਦ ਸੀ। ਚਾਰ ਲੰਬਿਤ ਕੇਸਾਂ ਵਿਚ ਜ਼ਮਾਨਤ ਮਿਲਣ ਤੋਂ ਬਾਅਦ ਰਿਹਾਅ ਕਰ ਦਿੱਤਾ ਗਿਆ ਸੀ। ਨਰਾਇਣ ਸਿੰਘ ਬੁੜੈਲ ਜੇਲ੍ਹ ਬ੍ਰੇਕ ਕੇਸ ਸਮੇਤ 2013 ਤੋਂ ਬਾਅਦ ਕੁਝ ਕੇਸਾਂ ਵਿਚ ਬਰੀ ਹੋ ਗਿਆ ਸੀ।

### ਪੁਲੀਸ ਅਧਿਕਾਰੀਆਂ ਵੱਲੋਂ ਮੌਕੇ 'ਤੇ ਜਾਂਚ ਸ਼ੁਰੂ

ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਮੌਕੇ ਤੇ ਪੁੱਜ ਕੇ ਸਥਿਤੀ ਦਾ ਜਾਇਜ਼ਾ ਲਿਆ। ਉਹਨਾਂ ਕਿਹਾ ਕਿ ਮੌਕੇ ਤੇ ਤੈਨਾਤ ਸੁਰੱਖਿਆ ਕਰਮਚਾਰੀਆਂ ਨੇ ਇਸ ਵਿਅਕਤੀ ਨੂੰ ਤੁਰੰਤ ਕਾਬੂ ਕਰ ਲਿਆ ਹੈ। ਉਨ੍ਹਾਂ ਪੁਸ਼ਟੀ ਕੀਤੀ ਕਿ ਇਹ ਵਿਅਕਤੀ ਨਰਾਇਣ ਸਿੰਘ ਚੌੜਾ ਹੀ ਹੈ। ਜਿਸ ਦੇ ਖ਼ਿਲਾਫ਼ ਪਹਿਲਾਂ ਵੀ ਕਈ ਮਾਮਲੇ ਦਰਜ ਹੈ।

ਉਹਨਾਂ ਕਿਹਾ ਕਿ ਜਿਸ ਵੇਲੇ ਗੋਲੀ ਚਲਾਉਣ ਦਾ ਯਤਨ ਕੀਤਾ ਉਸ ਵੇਲੇ ਤਿੰਨ ਪੁਲੀਸ ਕਰਮਚਾਰੀ ਸਾਦੇ ਕੱਪੜਿਆਂ ਵਿੱਚ ਸੁਖਬੀਰ ਸਿੰਘ ਬਾਦਲ ਦੇ ਨਾਲ ਤੈਨਾਤ ਸਨ। ਜਿਨਾਂ ਨੇ ਤੁਰੰਤ ਉਸ ਨੂੰ ਰੋਕਿਆ ਅਤੇ ਕਾਬੂ ਕਰ ਲਿਆ। ਉਹਨਾਂ ਕਿਹਾ ਕਿ ਧਾਰਮਿਕ ਅਸਥਾਨ ਹੋਣ ਕਾਰਨ ਇੱਥੇ ਹਰ ਆਣ ਜਾਣ ਵਾਲੇ ਵਿਅਕਤੀ ਦੀ ਤਲਾਸ਼ੀ ਨਹੀਂ ਲਈ ਜਾ ਸਕਦੀ ਪਰ ਇਸ ਦੇ ਬਾਵਜੂਦ ਸੁਰੱਖਿਆ ਕਰਮਚਾਰੀਆਂ ਵੱਲੋਂ ਚੌਕਸੀ ਵਰਤੀ ਜਾ ਰਹੀ ਸੀ।

# ਭਾਈ ਨਰਾਇਣ ਸਿੰਘ ਚੌੜਾ ਇਸ ਤੋਂ ਪਹਿਲਾਂ ਵੀ ਕਈ ਵਾਰ ਗ੍ਰਿਫ਼ਤਾਰ ਹੋ ਚੁੱਕੇ ਹਨ

ਭਾਈ ਨਰਾਇਣ ਸਿੰਘ ਚੌੜਾ ਸਿੱਖੀ ਦੀ ਚੜ੍ਹਦੀ ਕਲਾ ਲੋਚਣ ਵਾਲਾ ਗੁਰਸਿੱਖ ਹੈ ਜਿਸ ਕਰਕੇ ਹਕੂਮਤ ਉਸਨੂੰ ਖਤਰਨਾਕ ਸਮਝਦੀ ਹੈ।ਉਹ ਦਸ ਲੱਖ ਦਾ ਇਨਾਮੀ ਖਾੜਕੂ ਰਿਹਾ ਹੈ।1956 ਵਿਚ ਜਨਮੇ ਭਾਈ ਨਾਰਾਇਣ ਸਿੰਘ ਦਾ ਪਿੰਡ ਚੌੜਾ ਹੈ ਜੋ ਡੇਰਾ ਬਾਬਾ ਨਾਨਕ ਜਿਲਾ ਗੁਰਦਾਸਪੁਰ ਵਿਚ ਪੈਂਦਾ ਹੈ।ਉਨਾਂ ਨੇ ਐਮ. ਏ. ਤੱਕ ਪੜਾਈ ਕੀਤੀ ਹੈ।ਫਿਰ ਉਹ ਸ਼੍ਰੋਮਣੀ ਕਮੇਟੀ ਵਿਚ ਪਰਚਾਰਕ ਲੱਗ ਗਏ।1981-82 ਵਿਚ ਉਹ ਭਾਈ ਕੰਵਰ ਸਿੰਘ ਧਾਮੀ ਨਾਲ ਅਕਾਲ ਫੈਡਰੇਸ਼ਨ ਵਿਚ ਸਰਗਰਮ ਹੋਕੇ ਖਾਲਿਸਤਾਨ ਦੀ ਕਾਇਮੀ ਲਈ ਸੇਵਾ ਕਰਨ ਲੱਗ ਗਏ।1984 ਦੇ ਘੱਲੂਘਾਰੇ ਤੋਂ ਬਾਦ ਉਹ ਹਥਿਆਰਬੰਦ ਸਿੱਖ ਸੰਘਰਸ਼ ਵਿਚ ਸਰਗਰਮ ਹੋ ਗਏ।ਉਨਾਂ ਦੀ ਕਿਤਾਬ, 'ਗੁਰੀਲਾ ਯੁਧ-ਨੀਤੀ' ਬੜੀ ਚਰਚਿਤ ਰਹੀ।ਮਗਰੋਂ ਉਨਾਂ ਹੋਰ ਵੀ ਕਈ ਕਿਤਾਬਾਂ ਲਿਖੀਆਂ।

ਖਾੜਕੂ ਸੰਘਰਸ਼ ਦੌਰਾਨ ਭਾਈ ਨਾਰਾਇਣ ਸਿੰਘ ਚੌੜਾ ਵਲੋਂ ਲਿਖੀਆਂ ਲਿਖਤਾਂ ਪੜ੍ਹਨ ਮਗਰੋਂ ਉਨਾਂ ਦੀ ਉਚੀ-ਸੁਚੀ ਸੋਚ ਦਾ ਪਤਾ ਲੱਗਦਾ ਹੈ।ਇਹ ਲਿਖਤਾਂ 'ਪੰਥਕ ਦਸਤਾਵੇਜ'ਨਾਮੀ ਸੰਗ੍ਰਹਿ ਵਿਚ ਦਰਜ਼ ਹਨ।ਦਰਅਸਲ ਉਹ ਖਾਲਿਸਤਾਨ ਦੇ ਸਿਧਾਂਤਕ ਤਰਜ਼ਮਾਨ ਹਨ।ਖਾਲਿਸਤਾਨ ਦੇ ਇੱਕ ਥੰਮ ਵਜੋਂ ਭਾਈ ਚੌੜਾ ਨੇ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ।ਭਾਈ ਨਰਾਇਣ ਸਿੰਘ ਨੇ ਸ਼ਮਸ਼ੇਰ ਸਿੰਘ, ਚਮਕੌਰ ਸਿੰਘ ਤੇ ਕਪੂਰ ਸਿੰਘ ਜਮਰੌਦ ਦੇ ਨਾਂ ਹੇਠ ਸੇਵਾ ਕੀਤੀ। ਅਕਾਲ ਫੈਡਰੇਸ਼ਨ ਦੇ ਨਾਲ ਹੀ ਉਹ ਖਾਲਿਸਤਾਨ ਲਿਬਰੇਸ਼ਨ ਆਰਮੀ,ਬੱਬਰ ਖਾਲਸਾ ਰਾਂਹੀ ਵੀ ਸਰਗਰਮ ਰਹੇ।

ਆਪਣੇ ਕੌਮੀ ਸਫਰ ਦੌਰਾਨ 5-9-95 ਨੂੰ ਕਪੂਰਥਲੇ ਤੋਂ ਅੰਮ੍ਰਿਤਸਰ ਨੂੰ ਆ ਰਹੀ ਬੱਸ ਤੋਂ ਉਤਰਦਿਆਂ ਪੁਲੀਸ ਨੇ ਗ੍ਰਿਫਤਾਰ ਕਰ ਲਿਆ ਸੀ ਤੇ 16 ਦਿਨ ਗੈਰ-ਕਾਨੂੰਨੀ ਹਿਰਾਸਤ ਵਿਚ ਤਸੀਹੇ ਦੇਣ ਮਗਰੋਂ ਕਈ ਝੂਠੇ ਕੇਸ ਪਾਕੇ ਜੇਲ ਵਿਚ ਨਜ਼ਰਬੰਦ ਕਰ ਦਿਤਾ ਸੀ।ਜੇਲ ਵਿਚੋਂ ਉਨਾਂ ਨੇ ਮੁਖਮੰਤਰੀ ਸ. ਬਾਦਲ ਨੂੰ ਖੁੱਲਾ ਖਤ ਲਿਖਕੇ ਸਵਾਲ ਕੀਤਾ ਸੀ ਕਿ ਤੁਸੀ ਸਿਖ ਜਵਾਨੀ ਦੇ ਕਾਤਲ ਪੁਲਸੀਆਂ ਨੂੰ ਸਜਾਵਾ ਦਿਵਾਉਣ ਦਾ ਵਾਅਦਾ ਕਰਕੇ ਸੱਤਾ ਹਾਸਲ ਕੀਤੀ ਸੀ ਤੇ ਹੁਣ ਉਸ ਵਾਅਦੇ ਨੂੰ ਭੁਲ ਭੁਲਾ ਹੀ ਗਏ ਹੋ।ਇਸ ਖਤ ਵਿਚ ਭਾਈ ਸਾਹਿਬ ਨੇ ਪੁਲੀਸ ਦੀਆਂ,ਕੈਟਾਂ ਬਾਰੇ ਤੇ ਹੋਰ ਸਰਕਾਰੀ ਚਾਲਾਂ ਬਾਰੇ ਐਨੇ ਵੇਰਵੇ ਦਿੱਤੇ ਕਿ ਬੰਦਾ ਅੱਜ ਵੀ ਪੜ੍ਹਕੇ ਭਾਈ ਸਾਹਿਬ ਦੀ ਸੂਝ-ਬੂਝ,ਦਲੇਰੀ ਤੇ ਅਣਖ ਤੋਂ ਕੁਰਬਾਨ ਹੋ ਜਾਂਦਾ ਹੈ।ਕੈਟਾਂ ਦੇ ਨਾਂ ਤੇ ਕਾਰਨਾਮੇ ਨਸ਼ਰ ਕਰਨ ਵਾਲਾ ਇਹ ਦਸਤਾਵੇਜ ਹਕੂਮਤੀ ਕਹਿਰ ਦਾ ਸਬੂਤ ਹੈ।

ਜੇਲ ਤੋਂ ਰਿਹਾ ਹੋਣ ਮਗਰੋਂ ਭਾਈ ਨਾਰਾਇਣ ਸਿੰਘ ਨੇ ਓਵਰਗਰਾਂਊਡ ਸਰਗਰਮੀਆਂ ਜਾਰੀ ਰੱਖੀਆਂ।ਇਸ ਦੌਰਨ ਸੈਮੀਨਾਰਾਂ, ਇਕਤਰਤਾਵਾਂ ਤੇ ਜਨਤਕ ਪਲੇਟਫਾਰਮ ਤੋਂ ਸਿੱਖ ਹੱਕਾਂ ਦੀ ਗੱਲ ਕਰਨ ਦੇ ਨਾਲ ਨਾਲ ਆਵਾਜ-ਏ-ਖਾਲਸਾ ਪਰਚਾ ਕੱਢਿਆ। ਅਣਪਛਾਤੀਆਂ ਲਾਸ਼ਾਂ ਦੇ ਕੇਸ,ਸੰਤ ਭਿੰਡਰਾਂਵਾਲਿਆਂ ਨੂੰ ਸਦੀ ਦਾ ਮਹਾਨ ਸਿੱਖ ਐਲਾਨਣ, ਸੰਤਾਂ ਦੀ ਸ਼ਹੀਦੀ ਨੂੰ ਐਲਾਨਣ ਬਾਰੇ ਉਨਾਂ ਦੀ ਸਰਗਰਮੀ ਉਭਰਕੇ ਸਾਹਮਣੇ ਆਈ।ਭਾਈ ਦਲਜੀਤ ਸਿੰਘ ਬਿਟੂ ਤੇ ਭਾਈ ਕੰਵਰਪਾਲ ਸਿੰਘ ਸਮੇਤ ਹੋਰ ਸੰਘਰਸ਼ਸ਼ੀਲ ਆਗੂਆਂ ਦੇ ਨਾਲ ਸਾਂਝੇ ਤੌਰ ਤੇ ਪ੍ਰੋਗਰਾਮ ਕੀਤੇ।

ਆਮ ਕਿਹਾ ਜਾਂਦਾ ਹੈ ਕਿ ਉਹ 'ਸਵਾ ਲੱਖ ਫੌਜ' ਹੈ।ਉਹ ਬਹੁਤੀ ਵੱਡੀ ਟੀਮ ਬਣਾਕੇ ਵਿਚਰਨ ਨਾਲੋਂ ਸੀਮਤ ਜਿਹੇ ਸਾਥੀਆਂ ਨਾਲ ਮਿਲਕੇ ਬੜੀ ਕਾਮਯਾਬੀ ਨਾਲ ਮਿਥੇ ਨਿਸ਼ਾਨੇ ਸਰ ਕਰਦੇ ਰਹੇ ਹਨ।ਪੰਥ ਦੀ ਚੜ੍ਹਦੀ ਕਲਾ ਵਾਲੀ ਹਰ ਸਰਗਰਮੀ ਵਿਚ ਉਹ ਮੋਹਰੀ ਰਹਿਣ ਵਾਲੀ ਹਸਤੀ ਹਨ।ਜਦ ਘਰ ਪੋਤਰੇ ਦੀ ਬਖਸ਼ਿਸ਼ ਹੋਈ ਤਾਂ ਉਨਾਂ ਨੇ ਬੜੀ ਸ਼ਿਦਤ ਨਾਲ ਇੱਕ ਸ਼ਹੀਦ ਦੇ ਨਾਂ ਤੇ ਉਸਦਾ ਨਾਂ ਰੱਖਿਆ। ਸਿੱਖਾਂ ਦੇ ਕਾਤਲ ਮੰਨੇ ਗਏ ਮੁਖਮੰਤਰੀ ਬੇਅੰਤ ਸਿੰਘ ਨੂੰ ਸੋਧਣ ਵਾਲੇ ਭਾਈ ਦਲਾਵਰ ਸਿੰਘ ਨੂੰ ਗੋਲਡ ਮੈਡਲ ਨਾਲ ਨਿਵਾਜਣ ਵੇਲੇ ਉਨਾਂ ਦੇ ਚੇਹਰੇ ਤੇ ਵੱਖਰਾ ਹੀ ਜਲੌਅ ਸੀ।

ਖਾਲਿਸਤਾਨ ਪ੍ਰਤੀ ਉਨਾਂ ਅੰਦਰ ਜੋ ਭਾਵਨਾ ਹੈ, ਉਸਦੀ ਥਾਹ ਪਾਉਣੀ ਹਾਰੀ-ਸਾਰੀ ਦਾ ਕੰਮ ਨਹੀ। ਸਾਦੇ ਜਿਹੇ ਪਹਿਰਾਵੇ ਤੇ ਵੱਡੇਰੀ ਉਮਰ ਦੇ ਇਸ ਸਖਸ਼ ਨੂੰ ਬੱਸ-ਗੱਡੀ ਵਿਚ ਬੈਠਾ ਦੇਖਕੇ ਕੋਈ ਸੋਚ ਹੀ ਨਹੀ ਸਕਦਾ ਕਿ ਖਾਲਿਸਤਾਨ ਦਾ ਇੱਕ ਥੰਮ ਉਸਦੀ ਨਾਲ ਦੀ ਸੀਟ ਤੇ ਬੈਠਾ ਹੈ।

2004 ਵਿਚ ਬੁੜੈਲ ਜੇਲ ਤੋਂ ਭਾਈ ਜਗਤਾਰ ਸਿੰਘ ਹਵਾਰਾ, ਭਾਈ ਪਰਮਜੀਤ ਸਿੰਘ ਭਿਓਰਾ ਤੇ ਭਾਈ ਜਗਤਾਰ ਸਿੰਘ ਤਾਰਾ ਦੀ ਫਰਾਰੀ ਤੋਂ ਬਾਅਦ ਹੋਈ ਉਨਾਂ ਦੀ ਗ੍ਰਿਫਤਾਰੀ ਦੇ ਵੇਰਵੇ ਜਾਣਕੇ, ਉਨਾਂ ਨੂੰ ਮਿਲਣ-ਗਿਲਣ ਵਾਲੇ ਹੈਰਾਨ ਹੀ ਰਹਿ ਗਏ ਸਨ। ਉਹ ਕੇਸ ਅਜੇ ਚੱਲਦਾ ਹੀ ਸੀ ਕਿ ਜਮਾਨਤ ਤੇ ਆਉਣ ਮਗਰੋਂ 2010 ਵਿਚ ਉਨਾਂ ਦੀ ਹੋਰ ਕਈ ਮੁਕਦਮਿਆਂ ਵਿਚ ਤਲਾਸ਼ ਸ਼ੁਰੂ ਹੋ ਗਈ।

ਹੁਣ ਭਾਈ ਜਸਵੰਤ ਸਿੰਘ ਖਾਲੜਾ ਦੇ ਅਧੂਰੇ ਰਹਿ ਗਏ ਕਾਰਜ ਨੂੰ ਨੇਪਰੇ ਚਾੜ੍ਹ ਰਿਹਾ ਹੈ।ਖਾੜਕੂ ਲਹਿਰ ਦੌਰਾਨ ਜਿਹੜੇ ਪੁਲਸ ਵਾਲਿਆਂ ਨੇ ਇਨਾਮ ਤੇ ਤਰੱਕੀ ਦੇ ਲਾਲਚ ਵਿਚ ਜੁਲਮ ਕੀਤੇ ਉਨ੍ਹਾਂ ਖਿਲਾਫ ਉਹ ਜੰਗ ਲੜ ਰਿਹਾ ਹੈ।ਜਿੰਨੇ ਪੁਲਿਸ ਵਾਲਿਆਂ ਨੂੰ ਸਜ਼ਾ ਹੋਈ ਹੈ ਤੇ ਜਿੰਨਿਆਂ ਖਿਲਾਫ ਕੇਸ ਚੱਲ ਰਹੇ ਹਨ ਉਨਹਾਂ ਦੀ ਪੈਰਵਾਈ ਭਾਈ ਨਰਾਇਣ ਸਿੰਘ ਚੌੜਾ ਕਰ ਰਿਹਾ ਹੈ।ਸਿਖ ਸੰਘਰਸ਼ ਦੇ ਪੀੜਿਤ ਪਰਿਵਾਰ ਉਹਦੇ ਆਸਰੇ ਕਾਨੂੰਨੀ ਜੰਗ ਲੜ ਰਹੇ ਹਨ।ਹਕੂਮਤੀ ਦਹਿਸ਼ਤਗਰਦੀ ਦੇ ਸਤਾਏ ਲੋਕਾਂ ਲਈ ਉਹ ਹਮੇਸ਼ਾਂ ਇਕ ਵੱਡਾ ਆਸਰਾ ਸਾਬਿਤ ਹੋਇਆ ਹੈ।

ਹੁਣੇ ਜਿਹੇ ਭਾਰਤੀ ਖੁਫੀਆ ਏਜੰਸੀਆ ਦੇ ਸਾਬਕਾ ਅਫਸਰ ਜੀ ਬੀ ਐਸ ਸਿਧੂ ਨੇ ਡੀਪ ਸਟੇਟ ਵਲੋ ਖਾਲਿਸਤਾਨ ਦੀ ਸਾਜਿਸ਼ ਕਿਤਾਬ ਲਿਖਕੇ ਜਦ ਗੁੰਮਰਾਹਕੁੰਨ ਪ੍ਰਚਾਰ ਕੀਤਾ ਤਾਂ ਭਾਈ ਨਰਾਇਣ ਸਿੰਘ ਚੌੜਾ ਨੇ ਬਰਾਬਰ ਕਿਤਾਬ ਲਿਖਕੇ ਸਾਬਿਤ ਕਰ ਦਿਤਾ ਕਿ ਖਾਲਿਸਤਾਨ ਦੇ ਸੰਘਰਸ਼ ਨੂੰ ਬਦਨਾਮ ਕਰਨ ਦੀ ਸਾਜਿਸ਼ ਚਲ ਰਹੀ ਹੈ।

ਵਿਚਾਰ :– ਵਕਤ ਨਾਲ ਜੋ ਬਦਲੇ, ਉਹ ਕਾਮਯਾਬ ਰਹਿੰਦਾ ਹੈ। ਵਕਤ ਨੂੰ ਜੋ ਬਦਲੇ, ਉਹ ਸ਼ਾਹਸਵਾਰ ਹੁੰਦਾ ਹੈ–ਕ੍ਰਿਸ਼ਨ ਭਨੋਟ



ਰਜਿੰਦਰ ਸਿੰਘ ਪੁਰੇਵਾਲ

# ਕੀ ਅਕਾਲ ਤਖਤ ਸਾਹਿਬ ਦੇ ਉਦਮ ਨਾਲ ਅਕਾਲੀ ਦਲ ਦੀ ਨਵ ਸਿਰਜਣਾ ਹੋ ਸਕੇਗੀ?

ਪੰਜ ਸਿੰਘ ਸਾਹਿਬਾਨ ਵਲੋਂ ਸੁਖਬੀਰ ਸਿੰਘ ਬਾਦਲ ਸਮੇਤ ਹੋਰਨਾਂ ਅਕਾਲੀ ਆਗੂਆਂ ਨੂੰ ਲਗਾਈ ਧਾਰਮਿਕ ਸਜ਼ਾ ਨਾਲ ਜਿੱਥੇ ਅਕਾਲੀ ਲੀਡਰਸ਼ਿਪ ’ਤੇ ਲੱਗੇ ਦਾਗ ਸਾਫ਼ ਹੋਣਗੇ, ਉਥੇ ਸੁਖਬੀਰ ਸਿੰਘ ਬਾਦਲ ਦਾ ਅਸਤੀਫ਼ਾ ਮਨਜ਼ੂਰ ਕਰਨ ਅਤੇ ਨਵੀਂ ਮੈਂਬਰਸ਼ਿਪ ਕਰਨ ਲਈ ਬਣਾਈ ਗਈ ਕਮੇਟੀ ਨਾਲ ਅਕਾਲੀ ਸਿਆਸਤ ਨੂੰ ਨਵਾਂ ਮੋੜਾ ਆਉਣ ਦੀ ਸੰਭਾਵਨਾ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਨਾਲ ਬਾਦਲ ਪਰਿਵਾਰ ਦਾ ਅਕਾਲੀ ਦਲ ’ਤੇ ਦਬਦਬਾ ਘੱਟਣ ਅਤੇ ਪੰਥਕ ਤੇ ਅਕਾਲੀ ਏਕਤਾ ਹੋਣ ਦਾ ਰਾਹ ਪੱਧਰਾ ਹੋ ਗਿਆ ਹੈ। ਸਿੰਘ ਸਾਹਿਬਾਨ ਦੇ ਫੈਸਲੇ ਕਾਰਣ ਨਵੀ ਭਰਤੀ ਹੋਵੇਗੀ, ਜਿਸ ਵਿਚੋਂ ਨਵੀਂ ਲੀਡਰਸ਼ਿੱਪ ਪੈਦਾ ਹੋਣ ਦੀ ਸੰਭਾਵਨਾ ਹੈ।

ਪੰਜ ਸਿੰਘ ਸਾਹਿਬਾਨ ਨੇ ਧੜੇਬੰਦੀ ’ਚ ਵੰਡੇ ਗਏ ਅਕਾਲੀ ਆਗੂਆਂ ਨੂੰ ਦਾਗੀ ਤੇ ਬਾਗੀ ਕਹਿੰਦੇ ਹੋਏ ਆਪਣੇ ਵੱਖ ਵੱਖ ਚੁੱਲ੍ਹੇ ਬੰਦ ਕਰਨ ਦੇ ਹੁਕਮ ਦਿੱਤੇ ਹਨ, ਉਸ ਨਾਲ ਅਕਾਲੀ ਦਲ ਵਿਚ ਏਕਤਾ ਹੋ ਸਕੇਗੀ। ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਪੰਜ ਸਿੰਘ ਸਾਹਿਬਾਨ ਵਲੋਂ ਲਏ ਗਏ ਫੈਸਲੇ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਹੁਰਾਂ ਦੀ ਅਗਵਾਈ ਹੇਠ ਅਕਾਲੀ ਦਲ ਦੀ ਨਵੀ ਮੈਂਬਰਸ਼ਿਪ ਕਰਨ, ਡੈਲੀਗੇਟ ਬਣਾਉਣ ਬਾਰੇ ਕਮੇਟੀ ਗਠਿਤ ਕੀਤੀ ਹੈ, ਜਿਸ ਵਿਚ ਗੁਰਪ੍ਰਤਾਪ ਸਿੰਘ ਵਡਾਲਾ, ਇਕਬਾਲ ਸਿੰਘ ਝੂੰਦਾ, ਮਨਪ੍ਰੀਤ ਸਿੰਘ ਇਯਾਲੀ, ਸੰਤਾ ਸਿੰਘ ਉਮੈਦਪੁਰੀ ਅਤੇ ਸਤਵੰਤ ਕੌਰ ਪੁੱਤਰੀ ਭਾਈ ਬੇਅੰਤ ਸਿੰਘ ਸਰਦਾਰ ਕ੍ਰਿਪਾਲ ਸਿੰਘ ਬਡੂੰਗਰ ਨੂੰ ਸ਼ਾਮਲ ਕੀਤਾ ਗਿਆ ਹੈ।

ਇਥੇ ਜ਼ਿਕਰਯੋਗ ਹੈ ਕਿ ਗੁਰੂ ਗਰੰਥ ਸਾਹਿਬ ਦੀਆਂ ਬੇਅਦਬੀਆਂ ਦੀਆਂ ਘਟਨਾਵਾਂ ਅਤੇ ਡੇਰਾ ਮੁਖੀ ਨੂੰ ਮਾਫ਼ੀ ਦੇਣ ਤੋਂ ਬਾਅਦ ਅਕਾਲੀ ਦਲ ਹਾਸ਼ੀਏ ’ਤੇ ਚਲਾ ਗਿਆ। ਸਾਲ 2022 ਵਿਚ ਸੰਗਰੂਰ ਹਲਕੇ ਦੀ ਹੋਈ ਜ਼ਿਮਨੀ ਚੋਣ ਵਿਚ ਖਾਲਿਸਤਾਨ ਸਮਰਥਕ ਮੰਨੇ ਜਾਂਦੇ ਸਿਮਰਨਜੀਤ ਸਿੰਘ ਮਾਨ ਚੋਣ ਜਿੱਤ ਗਏ। ਇਸੇ ਤਰ੍ਹਾਂ ਲੋਕ ਸਭਾ ਚੋਣਾਂ ਵਿਚ ਖਡੂਰ ਸਾਹਿਬ ਤੇ ਫਰੀਦਕੋਟ ਹਲਕੇ ਤੋਂ ਗਰਮ ਖਿਆਲੀ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਸੰਸਦ ਮੈਂਬਰ ਚੁਣੇ ਗਏ। ਇਸ ਚੋਣ ਨੇ ਅਕਾਲੀ ਦਲ ਦੇ ਭਵਿੱਖ ’ਤੇ ਹੋਰ ਵੀ ਸਵਾਲ ਖੜ੍ਹੇ ਕਰ ਦਿੱਤੇ। ਇਸ ਤੋਂ ਸਪਸ਼ਟ ਸੀ ਕਿ ਸਿਖ ਪੰਥ ਬਾਦਲ ਦਲ ਤੋਂ ਸੰਤੁਸ਼ਟ ਨਹੀਂ ਸੀ।

ਸਿੰਘ ਸਾਹਿਬਾਨ ਨੇ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੋਂ ਫ਼ਖਰ ਏ ਕੌਮ ਐਵਾਰਡ ਵਾਪਸ ਲੈ ਕੇ ਬਾਦਲ ਪਰਿਵਾਰ ਨੂੰ ਵੱਡਾ ਧਾਰਮਿਕ ਤੇ ਸਿਆਸੀ ਝਟਕਾ ਦਿੱਤਾ ਹੈ। ਇਸ ਫੈਸਲੇ ਨੇ ਸਿਖ ਪੰਥ ਨੂੰ ਸੰਤੁਸ਼ਟੀ ਦਿਤੀ ਹੈ। ਇਸ ਤੋਂ ਬਿਨਾਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੁਖਬੀਰ ਬਾਦਲ ਦਾ ਅਸਤੀਫ਼ਾ ਮਨਜ਼ੂਰ ਕਰਕੇ ਤਿੰਨ ਦਿਨਾਂ ਦੇ ਅੰਦਰ ਅੰਦਰ ਅਕਾਲ ਤਖ਼ਤ ਸਾਹਿਬ ਨੂੰ ਸੂਚਿਤ ਕਰਨ ਦਾ ਹੁਕਮ ਦਿੱਤਾ ਹੈ, ਇਹ ਵੀ ਬਾਦਲ ਪਰਿਵਾਰ ਲਈ ਵੱਡਾ ਸਿਆਸੀ ਝਟਕਾ ਹੈ। ਭਾਵੇਂ ਸੁਖਬੀਰ ਬਾਦਲ ਨੇ ਅਸਤੀਫ਼ਾ ਦੇ ਦਿੱਤਾ ਸੀ, ਪਰ ਵਰਕਿੰਗ ਕਮੇਟੀ ਤੇ ਕੋਰ ਕਮੇਟੀ ਅਸਤੀਫ਼ਾ ਮਨਜ਼ੂਰ ਕਰਨ ਦੇ ਰੌਅ ਵਿਚ ਨਹੀਂ ਸੀ ਹੁਣ ਅਕਾਲੀ ਦਲ ਦੇ ਐਕਟਿੰਗ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਹਿ ਦਿਤਾ ਜਲਦ ਮੀਟਿੰਗ ਬੁਲਾਕੇ ਸੁਖਬੀਰ ਸਿੰਘ ਬਾਦਲ ਦਾ ਅਸਤੀਫਾ ਵਾਪਸ ਲੈ ਲਿਆ ਜਾਵੇਗਾ।

ਹੁਣ ਸਿੰਘ ਸਾਹਿਬਾਨ ਦੇ ਫੈਸਲੇ ਅਨੁਸਾਰ ਨਵੀ ਮੈਂਬਰਸ਼ਿਪ ਹੋਣ ਅਤੇ ਡੈਲੀਗੇਟ ਬਣਨ ਨਾਲ ਛੇ ਮਹੀਨੇ ਦੇ ਅੰਦਰ ਅੰਦਰ ਅਕਾਲੀ ਦਲ ਦੀ ਨਵੀ ਚੋਣ ਕਰਵਾਈ ਜਾਵੇਗੀ। ਨਵੀਂ ਚੋਣ ਮੌਕੇ ਅਕਾਲੀ ਦਲ ਦੀ ਵਾਗਡੋਰ ਕਿਸੇ ਨੇਤਾ ਦੇ ਹੱਥ ਆਵੇਗੀ ਇਹ ਤਾਂ ਭਵਿੱਖ ਦੇ ਗਰਭ ਵਿਚ ਹੈ, ਪਰ ਅਕਾਲੀ ਦਲ ਵਿਚ ਏਕੇ ਦਾ ਮੁੱਢ ਬੰਨਿਆ ਗਿਆ ਹੈ। ਕੀ ਸਿੱਖ ਅਤੇ ਪੰਜਾਬ ਦੇ ਵੋਟਰ ਅਕਾਲੀ ਦਲ ਦੀ ਲੀਡਰਸ਼ਿਪ ਨੂੰ ਮਾਫ਼ ਕਰਨਗੇ ਅਤੇ ਭਵਿੱਖ ਵਿਚ ਅਕਾਲੀ ਦਲ ਨਾਲ ਚੱਲਣਗੇ ਇਹ ਨਵਾਂ ਸਵਾਲ ਖੜ੍ਹਾ ਹੋ ਗਿਆ ਹੈ। ਪਰ ਸਿੰਘ ਸਾਹਿਬਾਨ ਨੂੰ ਚਾਹੀਦਾ ਹੈ ਕਿ ਅਕਾਲੀ ਦਲ ਵਿਚ ਭਾਈ ਅੰਮ੍ਰਿਤ ਪਾਲ ਸਿੰਘ ਵਾਲੀ ਧਿਰ, ਅਖੰਡ ਕੀਰਤਨੀ ਜਥਾ, ਸਿਖ ਮਿਸ਼ਨਰੀ ਕਾਲਜ, ਬਾਬਾ ਸਰਬਜੋਤ ਸਿੰਘ ਬੇਦੀ ਦੇ ਧੜੇ ਦੇ ਪ੍ਰਤੀਨਿਧ ਸ਼ਾਮਲ ਹੋਣੇ ਚਾਹੀਦੇ ਹਨ ਤਾਂ ਜੋ ਅਕਾਲੀ ਦਲ ਦੁਬਾਰਾ ਮਜਬੂਤ ਹੋ ਸਕੇ।

ਪੰਜਾਬ ਤੇ ਪੰਥ ਦੀਆਂ ਸਮਸਿਆਵਾਂ ਇਸੇ ਕਰਕੇ ਹਨ ਕਿ ਅਕਾਲੀ ਦਲ ਕਮਜੋਰ ਹੈ। ਜਦੋਂ ਵੀ ਖੇਤਰੀ ਮੁੱਦਿਆਂ ਜਾਂ ਸੂਬੇ ਦੇ ਹੱਕਾਂ ’ਤੇ ਹਮਲਾ ਹੋਇਆ ਹੈ, ਤਾਂ ਅਕਾਲੀ ਦਲ ਸੰਘਰਸ਼ ਲਈ ਤਿਆਰ ਰਿਹਾ ਹੈ। ਇੱਥੋਂ ਤੱਕ ਕਿ ਐਮਰਜੈਂਸੀ ਦਾ ਵਿਰੋਧ ਕਰਨ ਵਿੱਚ ਵੀ ਅਕਾਲੀ ਦਲ ਦੀ ਅਹਿਮ ਭੂਮਿਕਾ ਰਹੀ। ਪਰ ਹੌਲੀ ਹੌਲੀ ਅਕਾਲੀ ਦਲ ਸੰਘਰਸ਼ਾਂ ਤੋਂ ਉੱਠ ਕੇ ਸੱਤਾ ਦੇ ਇਰਦ-ਗਿਰਦ ਘੁੰਮਣ ਵਾਲੀ ਪਾਰਟੀ ਬਣ ਗਈ। ਇਸੇ ਸਤਾ ਦੀ ਭੁੱਖ ਨੇ ਅਕਾਲੀ ਦਲ ਦਾ ਵਡਾ ਨੁਕਸਾਨ ਕੀਤਾ ਹੈ। ਮੋਰਚਾ ਰਾਜਨੀਤੀ ਅਕਾਲੀ ਦਲ ਦੀ ਤਾਕਤ ਸੀ, ਜਿਸਨੂੰ ਅਕਾਲੀ ਦਲ ਭੁਲਾ ਬੈਠਾ ਹੈ। ਮੋਰਚਿਆਂ, ਸੰਘਰਸ਼ਾਂ ਵਿੱਚੋਂ ਸੱਤਾ ਨਿਕਲਦੀ ਹੈ, ਸੱਤਾ ਆਪਣੇ ਆਪ ਵਿੱਚ ਕੁਝ ਨਹੀਂ ਹੈ। ਅਕਾਲੀ ਦਲ ਨੂੰ ਇਹ ਸਮਝਣਾ ਪਵੇਗਾ। ਸੱਤਾ ਵਿੱਚ ਵਾਪਸ ਆਉਣ ਲਈ ਅਕਾਲੀ ਦਲ ਨੂੰ ਆਪਣੀ ਵਿਚਾਰਧਾਰਾ ਵੱਲ ਆਉਣਾ ਪਵੇਗਾ। ਜੇ ਅਕਾਲੀ ਦਲ ਨੂੰ ਬਚਾਉਣਾ ਹੈ ਤਾਂ ਪਾਰਟੀ ਨੂੰ ਲੀਡਰਸ਼ਿਪ ਵਿੱਚ ਬਦਲਾਅ ਕਰਨਾ ਪਵੇਗਾ ਅਤੇ ਪਾਰਟੀ ਨੂੰ ਪੰਥਕ ਵਿਚਾਰਧਾਰਾ ਨਾਲ ਜੋੜਣਾ ਪਵੇਗਾ, ਸੂਬੇ ਦੀ ਖੁਦਮੁਖਤਿਆਰੀ ਤੇ ਸੰਘੀ ਢਾਂਚੇ ਨਾਲ ਜੋੜਣਾ ਪਵੇਗਾ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# BRAVERY OF CIVILIAN VICTIMS OF UKRAINE AND GAZA WARS



Gurmukh Singh OBE

In recent years, we have seen the courage, resilience and struggle for survival of the people of Ukraine and Gaza. Innocent civilians are the victims of the struggle for global dominance between the super powers through regional wars.

On 24 February 2022, Russia invaded neighbouring Ukraine. Russia hoped that Ukraine would surrender after token resistance before the overwhelming might of its army. Clearly, that was a costly mistake which did not take into account the resolve of the Ukrainian people. In this context, NATO support for Ukraine is a side issue.

Ukrainians have gone to *unimaginable lengths* to defend their country and freedom. While many joined the war as frontline soldiers, others have stayed back to provide essential supporting services. Despite danger to their lives, thousands have stayed on in their homes and farms. Mothers have taken their children to neighbouring countries leaving their husbands and grownup sons and daughters behind to fight the invading Russian army. Many mothers have left their children with relatives or in the care of trusted friends to return to Ukraine to join the war effort. It is most moving to watch even the brave little children showing remarkable composure for their age groups.

Ukrainian resistance against overwhelming odds, define the nature of courage. President Zelensky is seen as an outstanding example of a courageous leader motivating his people and winning friends abroad. According to Prof. Cynthia Pury of Clemson University, US, true courage involves choice. It involves risk and it needs to be for something that is worthwhile. For the Ukrainian people their right to self-determination and how they exercise it as a free choice, makes it worthwhile. Freedom of choice is a fundamental human right while making the choice of how and when to exercise it, is a matter of political realities and foresight. (Nearer home, the Sikhs face this choice.)

Watching these scenes. Sikhs are reminded of the brave *Singh-Singhania* of the 18th century mentioned in the *Ardaas of the Khalsa* (daily Sikh prayer which is also a synopsis of Sikh history.)

In the Middle-East, the invasion of the small strip of Gaza by Israel started after Hamas terrorists crossed into Israel on 7 October 2023. According to reports, they killed 1,200 people and took 251 hostages back to Gaza. In retaliation, Israel started, what PM Netanyahu called a war of *mighty vengeance.* Israel has used massive air and fire-power to kill over 45,000 civilians and erased large parts of Gaza to the ground while Hamas terrorists remain elusive.

UN reports confirm that nearly 70% of those who lost their lives have been women and children. The war has made worse the situation for disabled people in Gaza, where an estimated 21% of households have at least one member living with a disability. That amounts to approximately 58,000 people according to the Palestinian Central Bureau of Statistics. Despite all the great hardships, it is remarkable that the people of Gaza continue to survive.

The women, the children, the handicapped and the war wounded are paying the heaviest price. There are journalists on the ground taking risks as they send out reports. According to UN reports there are *unprecedented levels of international law violations.*

Finally, the month of December reminds the global Sikh Qaum of their own blood stained pages of history (*Sikh Ithaas de Khooni Patray, Giani Sohan Singh Sital*), following the ultimate sacrifices of *Sarbans Daani* Guru Gobind Singh in December 1705. More about that later.

Gurmukh Singh OBE, Ret'd Principal Civil Servant (UK) sewauk2005@yahoo.co.uk

# ਸੁਖਪਾਲ ਸਿੰਘ ਖਹਿਰਾ ਨੇ ਭਈਆਂ ਦੇ ਉਪਰ ਚੁੱਕੇ ਸੁਆਲ


## ✪ ਕਿਹਾ ਕਿ ਹਿਮਾਚਲ ਦੀ ਤਰਜ਼ ਤੇ ਕਾਨੂੰਨ ਬਣਾਓ, ਸੂਬਾ ਸਰਕਾਰ ਤੇ ਕੱਸੇ ਤੰਜ

ਜਲੰਧਰ-ਪੰਜਾਬ ਕਾਂਗਰਸ ਦੇ ਸੀਨੀਅਰ ਲੀਡਰ ਅਤੇ ਭੁਲੱਥ ਤੋਂ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਪ੍ਰੈਸ ਕਾਨਫਰੰਸ ਕਰ ਇਕ ਵਾਰ ਪੰਜਾਬ ਲਈ ਹਿਮਾਚਲ ਪ੍ਰਦੇਸ਼ ਦਾ ਤਰਜ ਤੇ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਇਸ ਸਬੰਧੀ ਇਕ ਬਿੱਲ 23 ਜਨਵਰੀ 2023 ਨੂੰ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਦਿੱਤਾ ਸੀ ਕਿ ਪੰਜਾਬੀਆਂ ਦੀ ਪਹਿਚਾਣ, ਸੱਭਿਆਚਾਰ ਅਤੇ ਪੰਜਾਬੀਅਤ ਬਚਾਉਣ ਲਈ ਇਹ ਕਾਨੂੰਨ ਬਣਾਉਣ ਬਹੁਤ ਜ਼ਰੂਰੀ ਹੈ ਪਰ ਆਮ ਆਦਮੀ ਪਾਰਟੀ ਦੀ ਸਰਕਾਰ, ਸਪੀਕਰ ਕੁਲਤਾਰ ਸਿੰਘ ਸੰਧਵਾ ਅਤੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਇਸ ਬਿੱਲ ਨੂੰ ਨੁਕਰੇ ਲਗਾ ਕੇ ਰੱਖਿਆ ਹੋਇਆ ਹੈ।

ਖਹਿਰਾ ਨੇ ਦੱਸਿਆ ਕਿ ਪੰਜਾਬ ਵਿਚ ਕੋਈ ਵੀ ਆ ਕੇ ਕੰਮ ਕਰੇ ਸਾਨੂੰ ਕਈ ਇਤਰਾਜ਼ ਨਹੀਂ ਪਰ ਹਰ ਕੋਈ ਇੱਥੋਂ ਦਾ ਆਸਾਨੀ ਨਾਲ ਵਸਨੀਕ ਬਣ ਰਿਹਾ ਹੈ ਜਿਸ ਨਾਲ ਪੰਜਾਬੀਅਤ ਖਤਰੇ ਵਿਚ ਹੈ। ਉਨ੍ਹਾਂ ਮੋਹਾਲੀ ਜ਼ਿਲ੍ਹੇ ਦੇ ਪਿੰਡ ਜਗਤਪੁਰਾ ਦਾ ਹਵਾਲਾ ਦਿੰਦੇ ਕਿਹਾ ਕਿ ਕਿਸ ਤਰ੍ਹਾਂ ਉੱਥੇ ਗੈਰ ਪੰਜਾਬੀਆਂ ਦੀਆਂ ਵੋਟਾਂ ਬਣੀਆਂ ਹਨ ਧੱਕੇ ਨਾਲ ਉਹ ਪਿੰਡ ਦੇ ਵਸਨੀਕ ਬਣ ਰਹੇ ਸਨ। ਖਹਿਰਾ ਨੇ ਕਿਹਾ ਕਿ ਇਸ ਸਮੇਂ ਪੰਜਾਬ ਦੀ ਆਬਾਦੀ ਦਾ ਸਤੁੰਲਨ ਵੱਡਾ ਖਤਰੇ ਵਿਚ ਹੈ ਕਿਉਂਕਿ ਪੌਣੇ ਤਿੰਨ ਕਰੋੜ ਪੰਜਾਬੀਆਂ ਵਿਚੋਂ 75-80 ਲੱਖ ਬਾਹਰ ਚਲੇ ਹਨ ਹਨ ਬਾਹਰ ਗਏ ਲੋਕਾਂ ਦਾ ਥਾਂ ਦੀ 50 ਲੱਖ ਗੈਰ ਪੰਜਾਬੀ ਆ ਕੇ ਵਸ ਚੁੱਕੇ ਹਨ। ਅਸੀਂ ਗੈਰ ਪੰਜਾਬੀ ਦੇ ਖਿਲਾਫ ਨਹੀਂ ਹਨ।

ਖਹਿਰਾ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਲੋਕ ਸਭਾ ਚੋਣਾਂ ਦੌਰਾਨ ਗਲਤ ਪ੍ਰਚਾਰ ਕਰਨ ਦਾ ਇਲਜ਼ਾਮ ਲਗਾਇਆ ਹੈ। ਖਹਿਰਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੇ ਲੋਕ ਸਭਾ ਚੋਣਾਂ ਵਿਚ ਗਲਤ ਪ੍ਰਚਾਰ ਕਰਕੇ ਕਿਹਾ ਸੀ ਕਿ ਪੰਜਾਬ ਵਿਚ ਕਾਂਗਰਸ ਦਾ ਇਕ ਲੀਡਰ ਬਿਹਾਰੀਆਂ ਨੂੰ ਪੰਜਾਬ ਵਿਚੋਂ ਬਾਹਰ ਕੱਢਣਾ ਚਾਹੁੰਦਾ ਹੈ ਪਰ ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਕਦੇ ਵੀ ਬਿਹਾਰੀ ਸ਼ਬਦ ਨਹੀਂ ਵਰਤਿਆ।

ਖਹਿਰਾ ਨੇ ਇਕ ਹੋਰ ਖੁਲਾਸਾ ਕਰਦਿਆਂ ਕਿਹਾ ਕਿ ਗੁਜਰਾਤ, ਰਾਜਸਥਾਨ ਅਤੇ ਉੱਤਰੀ ਪੂਰਬੀ ਸੂਬਿਆਂ ਵਿਚ ਅਜਿਹੇ ਕਾਨੂੰਨ ਬਣ ਚੁੱਕੇ ਹਨ ਅਤੇ ਹੁਣੇ-ਹੁਣੇ ਭਾਜਪਾ ਸ਼ਾਸਤ ਸੂਬੇ ਉੱਤਰਾਖੰਡ ਵਿਚ ਇਹ ਕਾਨੂੰਨ ਲਾਗੂ ਕੀਤਾ ਹੈ ਕਿ ਜਿੱਥੇ ਕੋਈ ਬਾਹਰੋਂ ਆਕੇ ਜ਼ਮੀਨ ਨਾ ਖਰੀਦ ਸਕੇ ਅਤੇ ਨਾ ਹੀ ਨੌਕਰੀ ਲੈ ਸਕੇ। ਇਸ ਦੇ ਨਾਲ ਹੀ ਖਹਿਰਾ ਨੇ ਉਨ੍ਹਾਂ ਲੋਕਾਂ ਦੇ ਜਵਾਬ ਦਿੰਦੇ ਕਿਹਾ ਕਿ ਜੋ ਕਹਿੰਦੇ ਸਨ ਕਿ ਸਾਡੇ ਬੱਚੇ ਵੀ ਤਾਂ ਬਾਹਰ ਪੜ੍ਹਨ ਲਈ ਜਾਂਦੇ ਹਨ। ਖਹਿਰਾ



ਨੇ ਕਿਹਾ ਕਿ ਉਨ੍ਹਾਂ ਨੂੰ ਮੇਰਾ ਜਵਾਬ ਹੈ ਕਿ ਸਾਡੇ ਬੱਚੇ ਬਾਹਰ ਦੇ ਮੁਲਕਾਂ ਦੀਆਂ ਸ਼ਰਤਾਂ ਪੂਰੀਆਂ ਕਰੀਆਂ ਬਗੈਰ ਬਾਹਰ ਨਹੀਂ ਜਾਂਦੇ। ਖਹਿਰਾ ਨੇ ਕਿਹਾ ਕਿ ਸਾਡੇ ਬੱਚੇ ਬਾਹਰ ਦੇ ਮੁਲਕਾਂ ਦੀਆਂ ਸ਼ਰਤਾਂ ਪੂਰੀਆਂ ਕਰਕੇ ਹੀ ਬਾਹਰ ਜਾਂਦੇ ਹਨ ਅਤੇ ਸਾਡੇ ਬੱਚੇ ਜਿੱਥੇ ਵੀ ਜਾ ਰਹੇ ਹਨ ਤਾਂ ਉਨ੍ਹਾਂ ਮੁਲਕਾਂ ਦੀ ਆਬਾਦੀ ਕਿਸੇ ਹੋਰ ਮੁਲਕਾਂ ਵਿਚ ਸ਼ਿਫਟ ਨਹੀਂ ਕਰ ਰਹੀ। ਉਨ੍ਹਾਂ ਦੀ ਆਬਾਦੀ ਆਪਣੇ ਦੇਸ਼ ਵਿਚ ਹੀ ਰਹਿ ਰਹੀ ਹੈ। ਇਸ ਦੌਰਾਨ ਖਹਿਰਾ ਨੇ ਕਿਹਾ ਕਿ ਪੰਜਾਬ ਵਿਚ ਦਿਨ ਦਿਹਾੜੇ ਕਤਲ ਹੋ ਰਹੇ ਹਨ ਪਰ ਪੁਲਿਸ ਕੋਈ ਐਕਸ਼ਨ ਨਹੀਂ ਲੈ ਰਹੀ। ਖਹਿਰਾ ਨੇ ਮੋਹਾਲੀ ਜ਼ਿਲ੍ਹੇ ਦੇ ਪਿੰਡ ਕੁੰਭੜਾ ਵਿਚ ਪ੍ਰਵਾਸੀਆਂ ਵੱਲੋਂ ਕੀਤੇ ਕਤਲ ਬਾਰੇ ਕਿਹਾ ਕਿ ਪੁਲਿਸ ਨੇ ਧਰਨੇ ਤੋਂ ਬਗੈਰ ਕੋਈ ਕਾਰਵਾਈ ਨਹੀਂ ਕੀਤੀ ਸੀ।

ਉਨ੍ਹਾਂ ਆਪ ਸਰਕਾਰ ਤੇ ਇਸ ਕਾਨੂੰਨ ਪ੍ਰਤੀ ਸੰਜੀਦਾ ਨਾ ਹੋਣ ਦਾ ਇਲਜ਼ਾਮ ਲਗਾਇਆ ਹੈ। ਖਹਿਰਾ ਨੇ ਕਿਹਾ ਕਿ ਮੇਰੇ ਦਿੱਤੇ ਬਿੱਲ ਤੇ ਅਜੇ ਤੱਕ ਕੋਈ ਐਕਸ਼ਨ ਸਪੀਕਰ ਵੱਲੋਂ ਨਹੀਂ ਲਿਆ। ਖਹਿਰਾ ਨੇ ਕਿਹਾ ਕਿ ਜੇਕਰ ਇਹ ਬਿੱਲ ਕਾਨੂੰਨ ਬਣਦਾ ਹੈ ਤਾਂ ਇਸ ਨਾਲ ਪੰਜਾਬ ਦਾ ਹੀ ਫਾਇਦਾ ਹੋਵੇਗਾ। ਪਰ ਮੇਰੇ ਬਾਰ-ਬਾਰ ਰਿਮਾਇੰਡਰ ਭੇਜਣ ਤੋਂ ਬਾਅਦ ਵੀ ਸਰਕਾਰ ਨੇ ਕੋਈ ਐਕਸ਼ਨ ਨਹੀਂ ਲਿਆ।

ਖਹਿਰਾਂ ਨੇ ਮੰਗ ਕਰਦਿਆਂ ਕਿਹਾ ਕਿ ਘੱਟੋ-ਘੱਟ ਇਸ ਬਿੱਲ ਨੂੰ ਵਿਧਾਨ ਸਭਾ ਵਿਚ ਲਿਆ ਕੇ ਚਰਚਾ ਤਾਂ ਕਰਵਾਈ ਜਾਵੇ, ਜਿਸ ਨਾਲ ਵਿਧਾਇਕਾਂ ਦੀ ਰਾਏ ਲਈ ਜਾਵੇ ਤਾਂ ਜੋ ਪਤਾਂ ਲੱਗੇ ਕਿ ਵਿਧਾਇਕ ਇਸ ਬਿੱਲ ਬਾਰੇ ਕੀ ਸੋਚਦੇ ਹਨ। ਖਹਿਰਾ ਨੇ ਇਸ ਬਿੱਲ ਨੂੰ ਅਗਾਮੀ ਸਰਤ ਰੁੱਤ ਸੈਸਨ ਵਿਚ ਲਿਆਉਣ ਦੀ ਮੰਗ ਕੀਤੀ ਹੈ।

# ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਸਹੂਲਤਾਂ ਵਾਪਸ ਲਈਆਂ




## ✪ ਗਿਆਨੀ ਗੁਰਮੁਖ ਸਿੰਘ ਦੀ ਹੋਈ ਬਦਲੀ

ਅੰਮ੍ਰਿਤਸਰ-ਇਸੇ ਦੌਰਾਨ ਸਿੰਘ ਸਾਹਿਬਾਨ ਦੇ ਆਦੇਸ਼ ਅਨੁਸਾਰ ਸ਼੍ਰੋਮਣੀ ਕਮੇਟੀ ਵਲੋਂ ਤਤਕਾਲੀ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਗੱਡੀ ਤੇ ਮੁਲਾਜ਼ਮਾਂ ਸਮੇਤ ਦਿੱਤੀਆਂ ਗਈਆਂ ਸਹੂਲਤਾਂ ਵਾਪਸ ਲੈਂਦਿਆਂ ਦੂਜੇ ਤਤਕਾਲੀ ਜਥੇਦਾਰ ਤੇ ਇਸ ਵੇਲੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮੁੱਖ ਗ੍ਰੰਥੀ ਵਜੋਂ ਸੇਵਾ ਨਿਭਾਅ ਰਹੇ ਗਿਆਨੀ ਗੁਰਮੁਖ ਸਿੰਘ ਦੀ ਬਦਲੀ ਸ੍ਰੀ ਮੁਕਤਸਰ ਸਾਹਿਬ ਵਿਖੇ ਕਰ ਦਿੱਤੀ ਗਈ।

ਇਸ ਦੀ ਪੁਸ਼ਟੀ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ ਨੇ ਕਿਹਾ ਕਿ ਬੀਤੇ ਦਿਨ ਪਤਿਤ ਹੋਣ ਕਾਰਨ ਜਿਹੜੇ ਤਿੰਨ ਸਿੱਖ ਆਗੂਆਂ ਮਨਪ੍ਰੀਤ ਸਿੰਘ ਬਾਦਲ, ਮਨਜਿੰਦਰ ਸਿੰਘ ਸਿਰਸਾ ਤੇ ਬਲਵੰਤ ਸਿੰਘ ਰਾਮੂਵਾਲੀਆ ਦੇ ਮਾਮਲੇ ਦੀ ਸੁਣਵਾਈ ਸਿੰਘ ਸਾਹਿਬਾਨ ਨੇ ਨਹੀਂ ਕੀਤੀ ਸੀ ਤੇ ਉਹ ਆਪਣੇ ਸਪੱਸ਼ਟੀਕਰਨ ਅਕਾਲ ਤਖ਼ਤ ਸਕੱਤਰੇਤ ਵਿਖੇ ਦੇ ਗਏ ਸਨ, ਬਾਰੇ ਵੀ ਮਾਮਲਾ ਸਿੰਘ ਸਾਹਿਬਾਨ ਦੀ ਅਗਲੀ ਹੋਣ ਵਾਲੀ ਇਕੱਤਰਤਾ ਵਿਚ ਵਿਚਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਤਤਕਾਲੀ ਜਥੇਦਾਰਾਂ ਦਾ ਮਾਮਲਾ ਵੀ ਸਿੰਘ ਸਾਹਿਬਾਨ ਦੀ ਅਗਾਮੀ ਇਕੱਤਰਤਾ ਵਿਚ ਵਿਚਾਰੇ ਜਾਣ ਦੀ ਸੰਭਾਵਨਾ ਹੈ।

# ਕੈਨੇਡਾ ਵਿਚ ਅਰਸ਼ ਡੱਲਾ ਦੀ ਹੋਈ ਜ਼ਮਾਨਤ !

## ✪ 30000 ਡਾਲਰ ਦੇ ਮੁਚਲਕੇ 'ਤੇ ਹੋਇਆ ਰਿਹਾਅ



ਬੀਸੀ-ਭਾਰਤ ਸਰਕਾਰ ਵੱਲੋਂ ਖਾੜਕੂ ਐਲਾਨੇ ਗਏ ਅਰਸ਼ਦੀਪ ਸਿੰਘ ਗਿੱਲ ਉਰਫ ਅਰਸ਼ ਡੱਲਾ ਨੂੰ ਕੈਨੇਡਾ ਦੀ ਅਦਾਲਤ ਨੇ ਜ਼ਮਾਨਤ ਦੇ ਦਿੱਤੀ ਹੈ। ਹਾਲਟਨ 'ਚ ਗੋਲ਼ੀਬਾਰੀ ਮਾਮਲੇ ਵਿਚ ਅਰਸ਼ ਡੱਲਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਅਰਸ਼ ਡੱਲਾ ਦੀ ਜ਼ਮਾਨਤ ਲਈ 30,000 ਕੈਨੇਡੀਅਨ ਡਾਲਰ (18 ਲੱਖ 11 ਹਜ਼ਾਰ ਰੁਪਏ) ਦੀ ਜ਼ਮਾਨਤ ਰਾਸ਼ੀ ਜਮ੍ਹਾਂ ਕਰਵਾਈ ਗਈ ਹੈ।

ਅਰਸ਼ ਡੱਲਾ ਨੂੰ 28 ਅਕਤੂਬਰ ਨੂੰ ਕੈਨੇਡਾ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਡੱਲਾ ਦੀ ਹਵਾਲਗੀ ਲਈ ਗੱਲਬਾਤ ਲਈ ਵੀ ਯਤਨ ਕੀਤੇ ਜਾ ਰਹੇ ਸਨ। ਪਰ ਇਸ ਤੋਂ ਪਹਿਲਾਂ ਕਿ ਭਾਰਤ ਕੁਝ ਕਰਦਾ, ਡੱਲਾ ਨੂੰ ਕੈਨੇਡਾ ਵਿੱਚ ਜ਼ਮਾਨਤ ਮਿਲ ਗਈ ਹੈ। ਮਾਮਲੇ ਦੀ ਅਗਲੀ ਸੁਣਵਾਈ 24 ਫਰਵਰੀ 2025 ਨੂੰ ਹੋਵੇਗੀ।


### -ਮਾਮਲਾ ਜਵਾਈ ਦੇ ਕਤਲ ਦਾ, ਕਰਾਇਆ ਸੀ ਪ੍ਰੇਮ ਵਿਆਹ-

# ਸਾਬਕਾ ਡੀਐਸਪੀ ਨੂੰ ਅਦਾਲਤ ਨੇ ਸੁਣਾਈ ਉਮਰ ਕੈਦ !

## ✪ 14 ਸਾਲ ਬਾਅਦ ਪਰਿਵਾਰ ਨੂੰ ਮਿਲਿਆ ਇਨਸਾਫ

ਬਿਉਰੋ ਰਿਪੋਰਟ-ਪੰਜਾਬ ਪੁਲਿਸ ਦੇ ਸਾਬਕਾ ਡੀਐਸਪੀ ਜਗਬੀਰ ਸਿੰਘ ਨੂੰ 14 ਸਾਲ ਪੁਰਾਣੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ। ਦੱਸ ਦੇਈਏ ਕਿ ਇਹ ਮਾਮਲਾ 14 ਸਾਲ ਪੁਰਾਣਾ ਹੈ ਅਤੇ ਪੰਜਾਬ ਪੁਲਿਸ ਦੇ ਸਾਬਕਾ ਡੀਐਸਪੀ ਜਗਬੀਰ ਸਿੰਘ ਨੇ ਆਪਣੇ ਜਵਾਈ ਨੂੰ ਕਿਡਨੈਪ ਕੀਤਾ ਸੀ ਅਤੇ ਸਰਕਾਰੀ ਰਿਕਾਰਡ ਦੇ ਨਾਲ ਛੇੜਛਾੜ ਕੀਤੀ ਸੀ। ਮੋਹਾਲੀ ਅਦਾਲਤ ਵੱਲੋਂ ਉਮਰ ਕੈਦ ਦੇ ਨਾਲ-ਨਾਲ 25 ਹਜ਼ਾਰ ਰੁਪਏ ਦਾ ਜ਼ੁਰਮਾਨਾ ਵੀ ਲਗਾਇਆ ਗਿਆ ਹੈ। 4 ਜੁਲਾਈ 2010 ਨੂੰ ਜਗਬੀਰ ਸਿੰਘ ਵੱਲੋਂ ਆਪਣੇ ਜਵਾਈ ਨੂੰ ਅਗਵਾ ਕੀਤਾ ਸੀ ਅਤੇ ਇਸ ਦੇ ਨਾਲ ਸਰਕਾਰੀ ਰਿਕਾਰਡ ਨਾਲ ਵੀ ਛੇੜਛਾੜ ਕੀਤੀ ਸੀ। ਮ੍ਰਿਤਕ ਗੁਰਦੀਪ ਸਿੰਘ ਦੇ ਪਰਿਵਾਰ ਨੇ ਇਲਜ਼ਾਮ ਲਗਾਇਆ ਸੀ ਕਿ ਗੁਰਦੀਪ ਨੂੰ ਅਗਵਾ ਕਰਕੇ ਉਸ ਦਾ ਕਤਲ ਕਰ ਉਸ ਦੀ ਲਾਸ਼ ਨੂੰ ਖੁਰਦ ਬੁਰਦ ਡੀਐਸਪੀ ਵੱਲੋਂ ਕੀਤਾ ਸੀ ਪਰ ਸਬੂਤਾਂ ਦੀ ਘਾਟ ਕਾਰਨ ਜਗਬੀਰ ਸਿੰਘ ਨੂੰ ਕੇਵਲ ਅਗਵਾ ਕਰਨ ਅਤੇ ਸਰਕਾਰੀ ਰਿਕਾਰਡ ਨਾਲ ਛੇੜਛਾੜ ਕਰਨ ਦੇ ਤਹਿਤ ਦੀ ਸਜ਼ਾ ਸੁਣਾਈ ਗਈ ਹੈ। ਦੱਸ ਦੇਈਏ ਕਿ ਗੁਰਦੀਪ ਸਿੰਘ ਦਾ ਸਾਬਕਾ ਡੀਐਸਪੀ ਦਾ ਲੜਕੀ ਨਾਲ ਪ੍ਰੇਮ ਵਿਆਹ ਹੋਇਆ ਸੀ।

# ਸ਼੍ਰੀ ਅਕਾਲ ਤਖ਼ਤ ਸਾਹਿਬ ਤੋਂ ਸਵ. ਪ੍ਰਕਾਸ਼ ਸਿੰਘ ਬਾਦਲ ਨੂੰ ਮਿਸਾਲੀ ਸਜਾ ਮਿਲਣੀ ਹੋਰਨਾਂ ਆਗੂਆਂ ਲਈ ਵੱਡੀ ਨਸੀਹਤ : ਲਾਲਪੁਰਾ



ਖਰੜ-ਸਾਡੀ ਬਦਕਿਸਮਤੀ ਹੈ ਕਿ ਇੱਕ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੈਠ ਕੇ ਕਬੂਲ ਕਰ ਰਿਹਾ ਹੈ ਕਿ ਗੁਰੂ ਘਰ ਦੀ ਬੇਅਦਬੀ ਵਿੱਚ ਉਹ ਸ਼ਾਮਲ ਸਨ। ਸਾਬਕਾ ਮੁੱਖ ਮੰਤਰੀ ਸਵ. ਪ੍ਰਕਾਸ਼ ਸਿੰਘ ਬਾਦਲ ਨਾਲ ਉਨ੍ਹਾਂ ਨੂੰ ਕੰਮ ਕਰਨਾ ਦਾ ਮੌਕਾ ਮਿਲਿਆ ਹੈ, ਪਰ ਕਿਸੇ ਵਿਅਕਤੀ ਦੇ ਸੰਸਾਰ ਤੋਂ ਚਲੇ ਜਾਣ ਤੋਂ ਵੱਖਰ ਏ ਕੌਮ ਦਾ ਖਿਤਾਬ ਵਾਪਸ ਲੈਣ ਵਰਗੀ ਵੱਡੀ ਸਜ਼ਾ ਮਿਲਣਾ ਹੋਰਨਾਂ ਲਈ ਵੀ ਮਿਸਾਲ ਹੋਣੀ ਚਾਹੀਦੀ ਹੈ। ਸਾਨੂੰ ਸਾਰਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਤੇ ਨਤਮਸਤਕ ਹੋਣਾ ਚਾਹੀਦਾ ਹੈ ਅਤੇ ਆਗੂਆਂ ਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਲੋਕਾਂ ਨੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤੋਂ ਵੀ ਜਵਾਬ ਮੰਗਣਾ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਰਾਸ਼ਟਰੀ ਘੱਟ ਗਿਣਤੀਆਂ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਪਾਰਵਤੀ ਇੰਨਕਲੇਵ ਵਿੱਚ ਸਾਬਕਾ ਡਾਇਰੈਕਟਰ ਬੀਸੀ ਕਮਿਸ਼ਨ ਪੰਜਾਬ ਹਰਮੀਤ ਸਿੰਘ ਕੰਬੋਜ ਪੰਮਾ ਦੇ ਗ੍ਰਹਿ ਵਿਖੇ ਕੀਤਾ।

ਇਸ ਮੌਕੇ ਇੱਥੇ ਪਹੁੰਚਣ ਤੇ ਪਹੁੰਚੇ ਡਾਕਟਰ ਜਤਿੰਦਰ ਸਿੰਘ ਮਗਰ ਅਤੇ ਹਰਮੀਤ ਕੰਬੋਜ ਵੱਲੋਂ ਲਾਲਪੁਰਾ ਦਾ ਸੁਆਗਤ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਲਾਲਪੁਰਾ ਨੇ ਆਖਿਆ ਕਿ 1984 ਦਿੱਲੀ ਸਿੱਖ ਕਤਲੇਆਮ ਵਿੱਚ 2733 ਬੰਦੇ ਮਾਰੇ ਗਏ ਸਨ। ਬਦਕਿਸਮਤੀ ਨਾਲ ਪਿਛਲੇ 40 ਸਾਲਾਂ ਵਿਚ ਪੀੜਤ ਪਰਿਵਾਰਾਂ ਵਿੱਚੋਂ ਸਿਰਫ 14 ਬੰਦਿਆਂ ਨੂੰ ਨੌਕਰੀਆਂ ਮਿਲੀਆਂ ਹਨ, ਪਰ ਉਨ੍ਹਾਂ ਦੇ ਉਦਮ ਸਦਕਾ ਪਿਛਲੇ ਤਿੰਨ ਸਾਲਾਂ ਵਿੱਚ ਕੁਝ ਹਫਤੇ ਪਹਿਲਾਂ 47 ਬੰਦਿਆਂ ਨੂੰ ਨੌਕਰੀਆਂ ਲੈ ਕੇ ਦਿੱਤੀਆਂ ਹਨ, 300 ਦਾ ਕੇਸ ਚੱਲ ਰਿਹਾ ਹੈ ਅਤੇ ਬੇਘਰ ਹੋਏ 944 ਪੀੜਤਾਂ ਨੂੰ ਫਲੈਟਾਂ ਦੀ ਰਿਪੇਅਰ ਕਰਵਾ ਕੇ ਮਾਲਕੀ ਦੇ ਹੱਕ ਦਿੱਤੇ ਗਏ ਹਨ। ਉਨ੍ਹਾਂ ਆਖਿਆ ਕਿ ਪੰਜਾਬੀ ਲੀਡਰਸ਼ਿਪ ਨੂੰ ਰਾਜੀਵ ਲੌਂਗੋਵਾਲ ਸਮਝੌਤੇ ਵਾਂਗ ਬਹੁਤ ਸਾਰੇ ਅਜਿਹੇ ਮੱਸਲੇ ਹਨ ਜੋ ਚੁੱਕਣੇ ਚਾਹੀਦੇ ਸਨ, ਪਰ ਨਹੀਂ ਚੁੱਕੇ ਗਏ ਅਤੇ ਨਾ ਹੀ ਹੱਲ ਨਿਕਲਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਸਾਰੇ ਨਾਗਰਿਕਾਂ ਦੇ ਵਿਕਾਸ ਲਈ 225 ਤੋਂ ਜ਼ਿਆਦਾ ਸਕੀਮਾਂ ਹਨ ਅਤੇ 6 ਘੱਟ ਗਿਣਤੀ ਕੌਮਾਂ ਲਈ 15 ਸਕੀਮਾਂ ਹਨ। ਭਾਰਤ ਸਰਕਾਰ ਦੀਆਂ ਇਨ੍ਹਾਂ 240 ਸਕੀਮਾਂ ਨੂੰ ਲੋਕਾਂ ਤੱਕ ਲੈ ਕੇ ਜਾਣ ਦੀ ਜ਼ਿੰਮੇਵਾਰੀ ਸੂਬਾ ਸਰਕਾਰਾਂ, ਸਿੱਖਿਆ ਵਿਭਾਗ ਅਤੇ ਸਮਾਜ ਸੇਵੀ ਲੋਕਾਂ ਦੀ ਬਣਦੀ ਹੈ, ਪਰ ਇਸ਼ਤਿਹਾਰਬਾਜ਼ੀ ਤੋਂ ਅੱਗੇ ਵੱਧ ਕੇ ਇਹਨਾਂ ਸਕੀਮਾਂ ਦਾ ਲਭ ਲੋਕਾਂ ਤੱਕ ਪੂਰਾ ਨਹੀਂ ਪਹੁੰਚ ਰਿਹਾ।

# ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸ੍ਰੀ ਅਕਾਲ ਤਖਤ ਸਾਹਿਬ ਤੇ ਹੋਏ ਫੈਂਸਲਿਆਂ ਦਾ ਹਾਰਦਿਕ ਸਵਾਗਤ

## " ਸ਼ਹੀਦ ਭਾਈ ਅਮਰੀਕ ਸਿੰਘ ਦੀ ਸਪੁੱਤਰੀ ਨੂੰ ਸੱਤ ਕਮੇਟੀ ਵਿੱਚ ਸ਼ਾਮਲ ਕਰਨਾ ਫਖਰਮਈ ਗੱਲ "

**◆ ਲੰਡਨ – ਸ੍ਰੀ ਅਕਾਲ ਤਖਤ ਸਾਹਿਬ ਵਲੋ ਸੁਖਬੀਰ ਸਿੰਘ ਬਾਦਲ ਸਮੇਤ ਸਮੁੱਚੇ ਦੋਸ਼ੀਆਂ ਨੂੰ ਸੁਣਾਈ ਗਈ ਸਜਾ ਰੂਪੀ ਤਨਖਾਹ ਦਾ ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਸਵਾਗਤ ਕੀਤਾ ਗਿਆ ਹੈ । ਇਸ ਵਾਸਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਰਘਬੀਰ ਸਿੰਘ ਸਮੇਤ ਸਮੁੱਚੇ ਜਥੇਦਾਰ ਧੰਨਵਾਦ ਦੇ ਪਾਤਰ ਹਨ । ਜਿਹਨਾਂ ਨੇ ਹੰਕਾਰ ਨਾਲ ਅੰਨ੍ਹੇ ਹੋ ਚੁੱਕੇ ਵਿਆਕਤੀਆਂ ਨੂੰ ਸੱਚ ਬੋਲਣ ਲਈ ਮਜਬੂਰ ਕਰ ਦਿੱਤਾ।**

ਯੂਨਾਈਟਿਡ ਖਾਲਸਾ ਦਲ ਯੂ,ਕੇ ਦੇ ਪ੍ਰਧਾਨ ਭਾਈ ਨਿਰਮਲ ਸਿੰਘ ਸੰਧੂ ਅਤੇ ਜਨਰਲ ਸਕੱਤਰ ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਨੇ ਇਸ ਸਮੁੱਚੇ ਵਰਤਾਰੇ ਨੂੰ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਅਤੇ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਮਹਾਰਾਜ ਵਲੋਂ ਵਰਤਾਈ ਗਈ ਕਲਾ ਆਖਿਆ ਗਿਆ ਹੈ । ਪ੍ਰਕਾਸ਼ ਬਾਦਲ ਦੀ ਅਗਵਾਈ ਵਿੱਚ ਕਾਲੀ ਦਲ ਨੇ ਪੈਰ ਪੈਰ ਤੇ ਸਿੱਖ ਦੁਸ਼ਮਣ ਜਮਾਤ ਦਾ ਸਾਥ ਦਿਤਾ ਹੈ।ਬਲਕਿ ਦੁਸ਼ਮਣ ਧਿਰ ਦੇ ਕੁਹਾੜੇ ਦਾ ਦਸਤਾ ਬਣ ਕੇ ਸਿੱਖ ਕੌਮ ਤੇ ਜ਼ੁਲਮ ਢਾਹੇ ਗਏ। ਤੇਰਾਂ ਐਪਰੈਲ 1978 ਦੇ ਖੂਨੀ ਸਾਕੇ ਵਿੱਚ ਨਕਰਧਾਰੀ ਗੁਰਬਚਨੇ ਦੀ ਪੁਸ਼ਤ ਪਨਾਹੀ ਤੋਂ ਲੈ ਕੇ ਹਜਾਰਾਂ ਸਿੱਖ ਨੌਜਵਾਨਾਂ ਦੇ ਕਾਤਲਾਂ ਨੂੰ ਅਕਾਲੀ ਦਲ ਬਾਦਲ ਵਿੱਚ ਅਹੁਦੇ ਦੇਣਾ,ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਬੇਅਦਬੀ ਕਰਨ ਵਾਲਿਆਂ ਦਾ ਸਾਥ ਦੇਣਾ ਅਤੇ ਬੇਅਦਬੀਆਂ ਖਿਲਾਫ ਡੱਟਣ ਵਾਲਿਆ ਉੱਪਰ ਅੱਤਿਆਚਾਰ ਕਰਨ ਸਮੇਤ ਸੈਕੜੇ ਅਜਿਹੇ ਕਾਲੇ ਕਾਰਨਾਮੇ ਹਨ ਜੋ ਇਹਨਾਂ ਬਾਦਲਕਿਆਂ ਦੇ ਭ੍ਰਿਸ਼ਟ ਲਾਣੇ ਨੂੰ ਖਾਲਸਾ ਪੰਥ ਦੇ ਦੁਸ਼ਮਣ ਗਰਦਾਨਦਾ ਹੈ। ਪ੍ਰਕਾਸ਼ ਬਾਦਲ ਨੂੰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਦਿੱਤਾ ਗਿਆ ਫਖਰ ਏ ਕੌਮ ਦਾ ਖਿਤਾਬ ਵਾਪਸ ਲੈਣਾ , ਅਕਾਲੀ ਦਲ ਦੀ ਨਵੀਂ ਭਰਤੀ ਕਰਨੀ ਅਤੇ ਡੈਲੀਗੇਟਾਂ ਵਲੋਂ ਨਵੇਂ ਅਹੁਦੇਦਾਰ ਚੁਣਨੇ ਸ਼ਲਾਘਾਯੋਗ ਹਨ । ਯੂਨਾਈਟਿਡ ਖਾਲਸਾ ਦਲ ਯੂ,ਕੇ ਵਲੋਂ ਅਕਾਲੀ ਦਲ ਦੀ ਨਵੀਂ ਭਰਤੀ ਵਾਸਤੇ ਬਣਾਈ ਗਈ ਸੱਤ ਮੈਂਬਰੀ ਕਮੇਟੀ ਵਿੱਚ ਅਮਰ ਸਿੰਘ ਭਾਈ ਅਮਰੀਕ ਸਿੰਘ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਸਿੱਖ ਸਟੂਡੈਂਟਸ ਫੈਡਰੇਸ਼ਨ) ਦੀ ਸਪੁੱਤਰੀ ਬੀਬੀ ਸਤਵੰਤ ਕੌਰ ਨੂੰ ਸ਼ਾਮਲ ਕਰਨ ਦੀ ਪ੍ਰਸੰਸਾ ਕੀਤੀ ਗਈ ਹੈ ।

# ਇੰਗਲੈਂਡ ਵਿੱਚ ਗੰਭੀਰ ਬਿਮਾਰ ਲੋਕਾਂ ਨੂੰ ਸਹਾਇਕ ਮੌਤ ਦੇਣ ਸਬੰਧੀ ਬਿੱਲ ਪਾਸ



ਬਿੱਲ ਦੇ ਹੱਕ ਵਿੱਚ ਪ੍ਰਦਰਸ਼ਨ ਕਰਦੇ ਮੁਹਿੰਮਕਾਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ ਅਤੇ ਵੇਲਜ਼ ਵਿੱਚ ਗੰਭੀਰ ਰੂਪ ਵਿੱਚ ਬਿਮਾਰ ਲੋਕਾਂ ਦੀ ਮੌਤ ਲਈ ਉਹਨਾਂ ਦੀ ਮਦਦ ਕਰਨ ਦੀ ਮੰਗ ਨੂੰ ਪ੍ਰਵਾਨਗੀ ਦੇਣ ਵਾਲਾ ਬਿੱਲ ਅੱਜ ਹੇਠਲੇ ਸਦਨ ਹਾਊਸ ਆਫ ਕਾਮਨਜ਼ ਵਿੱਚ ਪ੍ਰਵਾਨ ਹੋ ਗਿਆ। ਬਿੱਲ ਦੇ ਹੱਕ ਵਿੱਚ 330 ਅਤੇ ਵਿਰੋਧ ਵਿੱਚ 275 ਵੋਟਾਂ ਪਈਆਂ ਜਦ ਕਿ 38 ਸੰਸਦ ਮੈਂਬਰਾਂ ਨੇ ਵੋਟ ਨਹੀਂ ਪਾਈ। ਬਿੱਲ ਦੇ ਹੱਕ ਵਿੱਚ ਪ੍ਰਧਾਨ ਮੰਤਰੀ ਕੀਰ ਸਟਾਰਮਰ, ਸਾਬਕਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਸਮੇਤ ਕਈ ਮੰਤਰੀਆਂ ਨੇ ਵੋਟ ਪਾਈ।

234 ਲੇਬਰ, 61 ਲਿਬਰਲ ਡੈਮੋਕ੍ਰੇਟਿਕ, 23 ਕੰਜ਼ਰਵੇਟਿਵ ਨੇ ਹੱਕ ਵਿੱਚ, 147 ਲੇਬਰ, 92 ਕੰਜ਼ਰਵੇਟਿਵ, 11 ਲਿਬਰਲ ਡੈਮੋਕ੍ਰੇਟਿਕ ਆਦਿ ਮੈਂਬਰਾਂ ਨੇ ਵਿਰੋਧ ਵਿੱਚ ਵੋਟ ਪਾਈ। ਇਹ ਬਿੱਲ 5 ਘੰਟੇ ਚੱਲੀ ਬਹੁਤ ਹੀ ਭਾਵੁਕ ਬਹਿਸ ਤੋਂ ਬਾਅਦ ਪਾਸ ਹੋਇਆ ਹੈ, ਜਦ ਕਿ ਬਹਿਸ ਦੌਰਾਨ ਬਹੁਤ ਸਾਰੇ ਸੰਸਦ ਮੈਂਬਰਾਂ ਨੇ ਹੱਕ ਅਤੇ ਵਿਰੋਧ ਵਿੱਚ ਨਿੱਜੀ ਕਹਾਣੀਆਂ ਨੂੰ ਸਾਂਝਾ ਕੀਤਾ। ਭਾਵੇਂ ਕਿ ਬਿੱਲ ਦੇ ਵਿਰੋਧ ਕਰਨ ਵਾਲੇ ਲੋਕਾਂ ਨੇ ਮੰਗ ਕੀਤੀ ਕਿ ਅਜੇਹੇ ਲੋਕਾਂ ਦੀ ਬੇਹਤਰ ਦੇਖ ਭਾਲ ਕੀਤੀ ਜਾਣੀ ਚਾਹੀਦੀ ਹੈ। ਇਸ ਬਿੱਲ ਨੂੰ ਕਾਨੂੰਨੀ ਰੂਪ ਦੇਣ ਲਈ ਅਜੇ ਸੰਸਦੀ ਜਾਂਚ ਅਤੇ ਮਨਜ਼ੂਰੀ ਪ੍ਰਕ੍ਰਿਆ ਵਿੱਚੋਂ ਲੰਘਣਾ ਹੋਵੇਗਾ। ਬਿੱਲ ਦੇ ਹੱਕ ਅਤੇ ਵਿਰੋਧ ਵਿੱਚ ਇਕੱਤਰ ਹੋਏ ਲੋਕ ਖੁਸ਼ੀ ਅਤੇ ਨਿਰਾਸ਼ਾ ਵਿੱਚ ਹੰਝੂ ਵਹਾ ਕੇ ਪ੍ਰਤੀਕ੍ਰਿਆ ਦੇ ਰਹੇ ਸਨ। ਯੂ ਕੇ ਵਿੱਚ ਵਰਤਮਾਨ ਕਾਨੂੰਨ ਲੋਕਾਂ ਨੂੰ ਮਰਨ ਲਈ ਡਾਕਟਰੀ ਮਦਦ ਮੰਗਣ ਤੋਂ ਰੋਕਦੇ ਹਨ। ਸਿੱਖ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ, ਪ੍ਰੀਤ ਕੌਰ ਗਿੱਲ, ਗੁਰਿੰਦਰ ਸਿੰਘ ਜੋਸ਼ਨ, ਸਤਵੀਰ ਕੌਰ ਨੇ ਬਿੱਲ ਦਾ ਵਿਰੋਧ ਕੀਤਾ, ਜਦ ਕਿ ਐਮ ਪੀ ਜਸ ਅਠਵਾਲ, ਬਾਗੀ ਸ਼ੰਕਰ, ਹਰਪ੍ਰੀਤ ਉੱਪਲ, ਵਰਿੰਦਰ ਜੱਸ, ਸੋਨੀਆ ਕੁਮਾਰ, ਜੀਵਨ ਸਿੰਘ ਸੰਧਰ, ਕੀਰਥ ਇੰਟਵੀਸਲਾ ਨੇ ਹੱਕ ਵਿੱਚ ਵੋਟ ਪਾਏ।

# ਧਹਾਕੇ ਪਹਿਲਾਂ ਦੀ ਗਲਤੀ ਕਾਰਨ ਬਰਤਾਨੀਆਂ ਆਵਾਜਾਈ ਮੰਤਰੀ ਲੁਈਸ ਹੇਗ ਨੂੰ ਦੇਣਾ ਪਿਆ ਅਸਤੀਫਾ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸਭ ਤੋਂ ਘੱਟ ਉਮਰ ਦੀ ਅਤੇ ਆਵਾਜਾਈ ਮੰਤਰੀ ਲੁਈਸ ਹੇਗ ਨੇ ਇੱਕ ਦਹਾਕੇ ਪੁਰਾਣੇ ਮੋਬਾਈਲ ਮਾਮਲੇ ਵਿੱਚ ਦੋਸ਼ੀ ਪਾਏ ਜਾਣ ਤੋਂ ਬਾਅਦ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਪ੍ਰਧਾਨ ਮੰਤਰੀ ਕੀਰ ਸਟਾਰਮਰ ਨੂੰ ਲਿਖੇ ਇੱਕ ਪੱਤਰ ਵਿੱਚ, 37 ਸਾਲਾ ਹੇਗ ਨੇ ਕਿਹਾ ਕਿ ਮੈਂ ਆਪਣੀਆਂ ਰਾਜਨੀਤਿਕ ਜ਼ਿੰਮੇਵਾਰੀਆਂ ਪ੍ਰਤੀ ਪੂਰੀ ਤਰ੍ਹਾਂ ਵਚਨਬੱਧ ਹਾਂ, ਪਰ ਮੈਨੂੰ ਹੁਣ ਵਿਸ਼ਵਾਸ ਹੈ ਕਿ ਸਭ ਤੋਂ ਢੁਕਵਾਂ ਕਦਮ ਅਹੁਦਾ ਛੱਡਣਾ ਹੋਵੇਗਾ। ਹੇਗ ਦੇ ਅਸਤੀਫੇ ਤੋਂ ਕੁਝ ਘੰਟੇ ਪਹਿਲਾਂ ਆਈਆਂ ਖ਼ਬਰਾਂ ਵਿਚ ਹੇਗ 'ਤੇ ਧੋਖਾਧੜੀ ਦਾ ਦੋਸ਼ ਲਗਾਇਆ ਗਿਆ ਹੈ। ਖਬਰਾਂ ਮੁਤਾਬਕ ਹੇਗ ਨੇ 2013 'ਚ ਕਿਹਾ ਸੀ ਕਿ ਉਸ ਦਾ ਮੋਬਾਈਲ ਚੋਰੀ ਹੋ ਗਿਆ ਹੈ। ਹੇਗ ਨੇ ਬਾਅਦ ਵਿੱਚ ਦੱਸਿਆ ਕਿ ਉਸਨੇ ਗਲਤੀ ਨਾਲ ਚੋਰੀ ਹੋਈਆਂ ਚੀਜ਼ਾਂ ਵਿੱਚ ਮੋਬਾਈਲ ਸ਼ਾਮਲ ਕਰ ਲਿਆ ਸੀ। ਜਦੋਂ ਹੇਗ ਨੇ ਆਪਣਾ ਸੈੱਲਫੋਨ ਚਾਲੂ ਕੀਤਾ ਤਾਂ ਪੁਲਸ ਨੇ ਉਸਨੂੰ ਪੁੱਛਗਿੱਛ ਲਈ ਬੁਲਾਇਆ। ਹੇਗ ਨੇ ਗਲਤ ਬਆਨ ਦੇ ਕੇ ਗੁੰਮਰਾਹ ਕਰਨ ਦਾ ਦੋਸ਼ ਮੰਨਿਆ, ਜਿਸ ਤੋਂ ਬਾਅਦ ਉਸ ਨੂੰ ਸ਼ਰਤਾਂ ਦੇ ਨਾਲ ਛੱਡ ਦਿੱਤਾ ਗਿਆ। ਹੇਗ ਨੇ ਅਸਤੀਫ਼ੇ ਤੋਂ ਪਹਿਲਾਂ ਜਾਰੀ ਬਿਆਨ ਵਿੱਚ ਕਿਹਾ ਕਿ ਮੈਂ ਆਪਣਾ ਦੋਸ਼ ਕਬੂਲ ਕਰਦੀ ਹਾਂ। ਮੈਂ ਗਲਤੀ ਕੀਤੀ ਸੀ। ਮੈਜਿਸਟਰੇਟ ਨੇ ਇਨ੍ਹਾਂ ਸਾਰੀਆਂ ਦਲੀਲਾਂ ਨੂੰ ਸਵੀਕਾਰ ਕਰ ਲਿਆ ਅਤੇ ਮੈਨੂੰ ਬਰੀ ਕਰ ਦਿੱਤਾ ਹੈ।

# ਬੇਅਦਬੀ ਮਾਮਲੇ ਵਿਚ ਦਿੱਲੀ ਦੇ 'ਆਪ' ਵਿਧਾਇਕ ਨਰੇਸ਼ ਨੂੰ ਦੋ ਸਾਲ ਦੀ ਸਜ਼ਾ, 11,000 ਹਜ਼ਾਰ ਜੁਰਮਾਨਾ

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

## ✪ ਆਪ ਪਾਰਟੀ ਵੋਟਾਂ ਦੀ ਰਾਜਨੀਤੀ ਲਈ ਫਿਰਕੂ ਦੰਗੇ ਕਰਵਾਉਣਾ ਚਾਹੁੰਦੀ ਏ-ਅਕਾਲੀ ਦਲ
## ✪ ਬੇਅਦਬੀਆਂ ਦੀ ਜਾਂਚ ਲਈ ਸੁਪਰੀਮ ਕੋਰਟ ਦੀ ਅਗਵਾਈ ਵਿਚ ਜਾਂਚ ਕਮਿਸ਼ਨ ਬਣੇ-ਪੰਥਕ ਰਾਇ



ਪੰਜਾਬ ਵਿੱਚ ਮਲੇਰਕੋਟਲਾ ਜ਼ਿਲ੍ਹੇ ਦੀ ਇੱਕ ਅਦਾਲਤ ਨੇ ਬੀਤੇ ਹਫਤੇ ਸਾਲ 2016 ਦੇ ਕੁਰਾਨ ਦੀ ਬੇਅਦਬੀ ਦੇ ਇੱਕ ਮਾਮਲੇ ਵਿੱਚ ਦਿੱਲੀ ਦੇ ਮਹਿਰੌਲੀ ਤੋਂ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਨਰੇਸ਼ ਯਾਦਵ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਸੀ।ਵਧੀਕ ਜ਼ਿਲ੍ਹਾ ਅਤੇ ਸੈਸ਼ਨ ਜੱਜ ਪਰਮਿੰਦਰ ਸਿੰਘ ਗਰੇਵਾਲ ਦੀ ਅਦਾਲਤ ਨੇ ਸਜ਼ਾ ਸੁਣਾਏ ਜਾਣ ਸਮੇਂ ਅਦਾਲਤ ਵਿੱਚ ਮੌਜੂਦ ਯਾਦਵ ਨੂੰ 11,000 ਰੁਪਏ ਦਾ ਜੁਰਮਾਨਾ ਵੀ ਲਗਾਇਆ ਗਿਆ ਸੀ। ਅਦਾਲਤ ਨੇ ਦੋ ਹੋਰ ਵਿਅਕਤੀਆਂ (ਵਿਜੇ ਕੁਮਾਰ ਅਤੇ ਗੌਰਵ ਕੁਮਾਰ) ਦੀ ਦੋ ਸਾਲ ਦੀ ਸਜ਼ਾ ਨੂੰ ਬਰਕਰਾਰ ਰੱਖਿਆ। ਇਕ ਹੋਰ ਦੋਸ਼ੀ ਨੰਦ ਕਿਸ਼ੋਰ ਨੂੰ ਅਧੀਨ ਅਦਾਲਤ ਨੇ ਬਰੀ ਕਰ ਦਿੱਤਾ ਸੀ। ਯਾਦਵ ਨੂੰ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 295ਏ (ਕਿਸੇ ਵੀ ਵਰਗ ਦੇ ਧਰਮ ਜਾਂ ਧਾਰਮਿਕ ਵਿਸ਼ਵਾਸ ਦਾ ਅਪਮਾਨ ਕਰਕੇ ਉਸ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਦੇ ਇਰਾਦੇ ਨਾਲ ਜਾਣਬੁੱਝ ਕੇ ਕੀਤਾ ਗਿਆ ਖਤਰਨਾਕ ਕੰਮ), 153ਏ (ਧਰਮ ਦੇ ਆਧਾਰ 'ਤੇ ਵੱਖ-ਵੱਖ ਸਮੂਹਾਂ ਵਿਚਕਾਰ ਦੁਸ਼ਮਣੀ ਨੂੰ ਉਤਸ਼ਾਹਿਤ ਕਰਨ) ਅਤੇ ਧਾਰਾ 120ਬੀ (ਅਪਰਾਧਿਕ ਸਾਜ਼ਿਸ਼) ਦੇ ਤਹਿਤ ਦੋਸ਼ੀ ਠਹਿਰਾਇਆ ਗਿਆ ਸੀ।

ਯਾਦ ਰਹੇ ਕਿ ਯਾਦਵ ਨੂੰ ਮਾਰਚ 2021 ਵਿੱਚ ਅਧੀਨ ਅਦਾਲਤ ਨੇ ਬੇਅਦਬੀ ਮਾਮਲੇ ਵਿੱਚ ਬਰੀ ਕਰ ਦਿੱਤਾ ਸੀ। ਇਸ ਤੋਂ ਬਾਅਦ ਸ਼ਿਕਾਇਤਕਰਤਾ ਮੁਹੰਮਦ ਅਸ਼ਰਫ ਨੇ ਉਸ ਨੂੰ ਬਰੀ ਕਰਨ ਵਿਰੁੱਧ ਅਪੀਲ ਦਾਇਰ ਕੀਤੀ ਸੀ। ਪੁਲਿਸ ਨੇ ਪਹਿਲਾਂ ਵਿਜੇ, ਗੌਰਵ ਅਤੇ ਕਿਸ਼ੋਰ ਖਿਲਾਫ ਮਾਮਲਾ ਦਰਜ ਕੀਤਾ ਸੀ ਪਰ ਬਾਅਦ ਵਿਚ 'ਆਪ' ਵਿਧਾਇਕ ਯਾਦਵ ਨੂੰ ਇਸ ਮਾਮਲੇ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ।

ਦੱਸਣਯੋਗ ਹੈ ਕਿ 24 ਜੂਨ 2016 ਨੂੰ ਮਾਲੇਰਕੋਟਲਾ ਸ਼ਹਿਰ ਦੀ ਜਰਗ ਰੋਡ ਤੋਂ ਕੁਰਾਨ ਸ਼ਰੀ.ਫ ਦੇ ਅੰਗ ਬਰਾਮਦ ਹੋਣ ਦੀ ਘਟਨਾ ਤੋਂ ਬਾਅਦ ਪੁਲੀਸ ਨੇ ਵਿਜੈ ਕੁਮਾਰ, ਨੰਦ ਕਿਸ਼ੋਰ ਅਤੇ ਗੌਰਵ ਕੁਮਾਰ ਸਮੇਤ ਦੋ ਹੋਰਾਂ ਖ਼ਿਲਾ.ਫ ਕੇਸ ਦਰਜ ਕੀਤਾ ਸੀ। ਬਾਅਦ ਵਿੱਚ ਹਾਲਾਤੀ ਸਬੂਤਾਂ ਅਤੇ ਹੋਰ ਮੁਲਜ਼ਮਾਂ ਦੇ ਬਿਆਨਾਂ 'ਤੇ 'ਆਪ' ਵਿਧਾਇਕ ਨਰੇਸ਼ ਯਾਦਵ ਦਾ ਨਾਂ ਜੋੜਿਆ ਗਿਆ ਸੀ। ਪਟਿਆਲਾ ਤੋਂ ਵਿਜੈ ਕੁਮਾਰ ਦੀ ਗ੍ਰਿ.ਫਤਾਰੀ ਮਗਰੋਂ ਉਸ ਦੇ ਬਿਆਨ 'ਤੇ ਨਰੇਸ਼ ਯਾਦਵ ਨੂੰ ਜਾਂਚ ਵਿਚ ਸ਼ਾਮਲ ਕੀਤਾ ਗਿਆ ਸੀ। ਯਾਦਵ ਵੱਲੋਂ ਵਿਜੈ ਕੁਮਾਰ ਦੇ ਬੈਂਕ ਖਾਤੇ ਵਿੱਚ ਟਰਾਂਸਫਰ ਕੀਤੇ 90 ਲੱਖ ਰੁਪਏ ਅਤੇ ਆਰਐੱਸਐੱਸ ਨਾਲ ਉਸ ਦੇ ਸਬੰਧਾਂ ਦੀ ਜਾਂਚ ਲਈ ਅਰਜ਼ੀ ਦਾਇਰ ਕੀਤੀ ਗਈ ਸੀ।

ਆਮ ਆਦਮੀ ਪਾਰਟੀ ਦੇ ਵਿਧਾਇਕ ਨਰੇਸ਼ ਯਾਦਵ ਤੇ ਬੇਅਦਬੀ ਦੇ ਦੋਸ਼ ਸਾਬਤ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਮਾਨਤਾ ਚੋਣ ਕਮਿਸ਼ਨ ਨੂੰ ਰੱਦ ਕਰਨੀ ਚਾਹੀਦੀ ਹੈ ਸ੍ਰੋਮਣੀ ਅਕਾਲੀ ਦਲ ਦਾ ਮੰਨਣਾ ਹੈ ਕਿ ਆਮ ਆਦਮੀ ਪਾਰਟੀ ਦੇਸ਼ ਦੀ ਅਜਿਹੀ ਪਾਰਟੀ ਸਾਬਤ ਹੋਈ ਹੈ ਜੋ ਵੋਟਾਂ ਦੀ ਰਾਜਨੀਤੀ ਲਈ ਫਿਰਕੂ ਦੰਗੇ ਕਰਵਾਉਣ ਲਈ ਵੀ ਤਿਆਰ ਬਰ ਤਿਆਰ ਹੈ। ਪਵਿੱਤਰ ਕੁਰਾਨ ਸ਼ਰੀਫ ਦੀ ਬੇਅਦਬੀ ਕਰਵਾ ਕੇ ਆਪ ਨੇ ਵੋਟਾਂ ਦੇ ਧਰੁਵੀਕਰਨ ਦੀ ਘਟੀਆ ਤੇ ਘਿਨੌਣੀ ਰਾਜਨੀਤੀ ਕੀਤੀ ਹੈ। ਜੇਕਰ ਡੂੰਘਾਈ ਨਾਲ ਜਾਂਚ ਕਰਵਾਈ ਜਾਵੇ ਤਾਂ ਇਹ ਵੀ ਸਾਹਮਣੇ ਆਵੇਗਾ ਕਿ ਆਮ ਆਦਮੀ ਪਾਰਟੀ ਨੇ ਸਿਰ.ਫ ਇਕ ਨਹੀਂ ਬਲਕਿ ਅਨੇਕਾਂ ਵਾਰੀ ਧਾਰਮਿਕ ਭਾਵਨਾਵਾਂ ਦਾ ਅਪਮਾਨ ਕਰ ਪੰਜਾਬ ਵਿਚ ਭਾਈਚਾਰਕ ਸਾਂਝ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਹਨ। ਵੱਖ-ਵੱਖ ਲੋਕਾਂ ਦੇ ਧਰਮਾਂ ਨੂੰ ਆਪਸ ਵਿਚ ਲੜਾਉਣ ਦੀ ਰਾਜਨੀਤੀ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਮਾਨਤਾ ਚੋਣ ਕਮਿਸ਼ਨ ਨੂੰ ਤੁਰੰਤ ਰੱਦ ਕਰਨੀ ਚਾਹੀਦੀ ਹੈ।

ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਪਿਛੇ ਸਿਆਸਤਦਾਨਾਂ ਤੇ ਪੰਥ ਵਿਰੋਧੀ ਡੇਰਾਵਾਦੀਆਂ ਦਾ ਹਥ ਹੈ ,ਨਾ ਕਿਸੇ ਫਿਰਕੇ ਦਾ। ਇਹ ਸਤਾ ਪ੍ਰਾਪਤੀ ਲਈ ਬੇਅਦਬੀਆਂ ਕਰਾਕੇ ਦੰਗਈ ਰਾਜਨੀਤੀ ਖੇਡ ਰਹੇ ਹਨ। ਸੁਪਰੀਮ ਕੋਰਟ ਦੀ ਅਗਵਾਈ ਵਿਚ ਬੇਅਦਬੀਆਂ ਬਾਰੇ ਜਾਂਚ ਕਮੇਟੀ ਬਣੇ ਜੋ ਸੱਚ ਦਾ ਨਿਤਾਰਾ ਕਰੇ ਤੇ ਦੋਸ਼ੀਆਂ ਨੂੰ ਸਜ਼ਾ ਮਿਲੇ।

# ਹਰਿਆਣਾ ਵਿੱਚ ਸਿੱਖਾਂ ਦੀਆਂ ਦਰਪੇਸ਼ ਮੁਸ਼ਕਲਾਂ ਦੇ ਹੱਲ ਲਈ ਅਕਾਲੀ ਦਲ ਬਣਾਇਆ

## ✪ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੀ ਪੰਜ ਮੈਂਬਰੀ ਕਮੇਟੀ ਅਕਾਲ ਤਖ਼ਤ ਵਿਖੇ ਨਤਮਸਤਕ



ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਸਿਆਸੀ ਤੇ ਪੰਥਕ ਨਿਘਾਰ ਕਾਰਣ ਜਿਥੇ ਇਸ ਦਾ ਅਕਸ ਬੁਰੀ ਤਰ੍ਹਾਂ ਡਿਗਿਆ ਹੈ, ਉਥੇ ਪੰਜਾਬ ਤੋਂ ਬਾਹਰਲੇ ਰਾਜਾਂ ਨੇ ਆਪਣੇ ਮੰਚ ਤੇ ਜਥੇਬੰਦੀਆਂ ਸਿਰਜਣੀਆਂ ਸ਼ੁਰੂ ਕਰ ਦਿਤੀਆਂ ਹਨ। ਕੁਝ ਸਮਾਂ ਪਹਿਲਾਂ ਦਮਦਮੀ ਟਕਸਾਲ ਦੇ ਆਗੂ ਬਾਬਾ ਹਰਨਾਮ ਸਿੰਘ ਧੁੰਮਾ ਦੀ ਅਗਵਾਈ ਵਿਚ ਮਹਾਂਰਾਸ਼ਟਰ ਵਿਖੇ ਸਿੱਖਾਂ ਦੇ ਇਕ ਧੜੇ ਨੇ ਆਪਣੀਆਂ ਸਮਸਿਆਵਾਂ ਹੱਲ ਕਰਾਉਣ ਲਈ ਭਾਜਪਾ ਦੀ ਮਦਦ ਕੀਤੀ ਸੀ।

ਹੁਣ ਹਰਿਆਣਾ ਵਿੱਚ ਬਣੇ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਪ੍ਰਧਾਨ ਦੀ ਨਾਮਜ਼ਦਗੀ ਤੋਂ ਪਹਿਲਾਂ ਇਸ ਸਬੰਧੀ ਬਣਾਈ ਗਈ ਪੰਜ ਮੈਂਬਰੀ ਕਮੇਟੀ ਨੇ ਅਕਾਲ ਤਖ਼ਤ ਵਿਖੇ ਮੱਥਾ ਟੇਕਿਆ ਅਤੇ ਨਵੇਂ ਬਣਾਏ ਦਲ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਹੈ। ਪੰਜ ਮੈਂਬਰੀ ਕਮੇਟੀ ਵਿੱਚ ਸੁਖਵਿੰਦਰ ਸਿੰਘ ਮੰਡੇਬਰ ਯਮੁਨਾਨਗਰ, ਸਵਰਨ ਸਿੰਘ ਬੁੰਗਾ ਟਿੱਬੀ ਪੰਚਕੂਲਾ, ਮਲਕੀਤ ਸਿੰਘ ਪੰਨੀਵਾਲਾ ਸਿਰਸਾ, ਸਵਰਨ ਸਿੰਘ ਰਤੀਆ ਫਤਿਹਾਬਾਦ ਅਤੇ ਉਮਰਾਓ ਸਿੰਘ ਛੀਨਾ ਕੈਥਲ ਸ਼ਾਮਲ ਸਨ। ਉਨ੍ਹਾਂ ਇੱਥੇ ਦਰਬਾਰ ਸਾਹਿਬ ਵਿੱਚ ਨਤਮਸਤਕ ਹੋਣ ਮਗਰੋਂ ਅਕਾਲ ਤਖ਼ਤ ਵਿਖੇ ਨਵੀਂ ਬਣਾਈ ਜਥੇਬੰਦੀ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਸੀ। ਇਸ ਮੌਕੇ ਸੁਖਵਿੰਦਰ ਸਿੰਘ ਮੰਡੇਬਰ ਨੇ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਜਥੇਬੰਦੀ ਦਾ ਹਾਲ ਹੀ ਵਿੱਚ ਐਲਾਨ ਕੀਤਾ ਗਿਆ ਹੈ ਅਤੇ ਇਸ ਦੇ ਪ੍ਰਧਾਨ ਦੀ ਨਾਮਜ਼ਦਗੀ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ ਹੈ, ਜੋ 15 ਦਿਨਾਂ ਵਿੱਚ ਸਿੱਖ ਜਥੇਬੰਦੀਆਂ, ਸੰਤ ਮਹਾਂਪੁਰਸ਼ਾਂ ਅਤੇ ਸਿੱਖ ਸੰਗਤਾਂ ਦੀ ਰਾਏ ਲੈ ਕੇ ਪ੍ਰਧਾਨ ਦੀ ਚੋਣ ਕਰੇਗੀ। ਉਨ੍ਹਾਂ ਕਿਹਾ ਕਿ ਇਹ ਨਵੀਂ ਜਥੇਬੰਦੀ ਹਰਿਆਣਾ ਵਿੱਚ ਸਿੱਖਾਂ ਨੂੰ ਦਰਪੇਸ਼ ਮੁਸ਼ਕਲਾਂ ਦੇ ਹੱਲ ਅਤੇ ਧਾਰਮਿਕ ਚੋਣਾਂ ਲੜਨ ਦੇ ਮੰਤਵ ਲਈ ਬਣਾਈ ਗਈ ਹੈ। ਇਹ ਜਥੇਬੰਦੀ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜੇਗੀ। ਉਨ੍ਹਾਂ ਕਿਹਾ ਕਿ ਸਮੁੱਚੇ ਤੌਰ 'ਤੇ ਰਾਏ ਲੈਣ ਮਗਰੋਂ ਉਹ ਹਰਿਆਣਾ ਵਿੱਚ ਇਕੱਠ ਸੱਦਣਗੇ ਅਤੇ ਸ਼੍ਰੋਮਣੀ ਅਕਾਲੀ ਦਲ ਆਜ਼ਾਦ ਦੇ ਪ੍ਰਧਾਨ ਦੇ ਨਾਂ ਦਾ ਐਲਾਨ ਕੀਤਾ ਜਾਵੇਗਾ।

ਇਸ ਤੋਂ ਸਪਸ਼ਟ ਹੈ ਕਿ ਸ੍ਰੋਮਣੀ ਅਕਾਲੀ ਦਲ ਨੂੰ ਆਪਣੇ ਘਰ ਵਿਚੋਂ ਹੀ ਚੈਲਿੰਜ ਮਿਲਣੇ ਸ਼ੁਰੂ ਹੋ ਗਏ ਹਨ। ਸਿੱਖ ਪੰਥ ਹੁਣ ਵੱਡੀ ਪੱਧਰ ਉਪਰ ਧੜੇਬੰਦੀਆਂ ਵਿਚ ਵੰਡਿਆ ਜਾ ਰਿਹਾ ਹੈ। ਇਸ ਪਿਛੇ ਸਰਕਾਰਾਂ ਦਾ ਹੱਥ ਵੀ ਹੈ ਤਾਂ ਜੋ ਸਿਖ ਸਿਆਸਤ ਕਮਜ਼ੋਰ ਹੋ ਸਕੇ। ਸੋ ਅਕਾਲੀ ਦਲ ਨੂੰ ਸਤਾ ਦਾ ਲੋਭ ਛਡਕੇ ਸਿਖ ਪੰਥ ਦੇ ਵਡੇਰੇ ਹਿੱਤਾਂ ਵਲ ਧਿਆਨ ਦੇਣਾ ਪਵੇਗਾ।

# ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਖੋਲ੍ਹੇ ਭੇਦ, ਅਕਾਲ ਤਖਤ ਨੇ ਜਾਰੀ ਕੀਤੀ ਸਮਰੀ, ਪਰ ਮੇਰੀ ਰਿਪੋਟ ਵਿਚ ਸਭ ਵੇਰਵੇ ਨੇ ✪ ਬਾਦਲ, ਕੈਪਟਨ, ਭਗਵੰਤ ਮਾਨ ਨਿਆਂ ਨਾ ਕਰਨ ਲਈ ਦੋਸ਼ੀ

ਅੰਮ੍ਰਿਤਸਰ-ਸੁਖਬੀਰ ਬਾਦਲ ਸਮੇਤ ਅਕਾਲੀ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਗਈ ਧਾਰਮਿਕ ਸਜ਼ਾ ਤੋਂ ਬਾਅਦ ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਟਿੱਪਣੀ ਕੀਤੀ ਕਿ ਜੋ ਉਨ੍ਹਾਂ ਨੇ ਕਬੂਲ ਕੀਤਾ ਹੈ, ਉਹੀ ਮੇਰੀ ਚਾਰਜਸ਼ੀਟ ਵਿਚ ਸੀ। ਬੇਅਦਬੀ ਅਤੇ ਬਰਗਾੜੀ ਦੀ ਲੜਾਈ ਲੜ ਰਹੇ ਅਤੇ ਇਸ ਮਾਮਲੇ ਵਿਚ ਆਪਣੀ ਆਈਪੀਐਸ ਦੀ ਨੌਕਰੀ ਛੱਡ ਚੁੱਕੇ ਕੁੰਵਰ ਨੇ ਕਿਹਾ ਕਿ ਅਕਾਲ ਤਖ਼ਤ ਸਾਹਿਬ ਤੋਂ ਜੋ ਫੈਸਲਾ ਆਇਆ ਹੈ ਅਤੇ ਜੋ ਕਾਰਵਾਈ ਹੋਈ ਹੈ, ਉਸ ਵਿਚ ਮੁਲਜਮ ਬਾਦਲ ਪਰਿਵਾਰ ਨੇ ਆਪਣਾ ਜੁਰਮ ਕਬੂਲ ਕਰ ਲਿਆ ਹੈ, ਉਹ ਹਰ ਗੱਲ ਉਨ੍ਹਾਂ ਦੀ ਜਾਂਚ ਦਾ ਹਿੱਸਾ ਰਹੀ ਹੈ। ਜੋ ਕੁਝ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਹੋਇਆ, ਇਹ ਇਕ ਟ੍ਰੇਲਰ ਹੈ। ਦੇਖੋ ਅੱਗੇ-ਅੱਗੇ ਕੀ ਹੁੰਦਾ ਹੈ। ਸੱਚ ਸਾਹਮਣੇ ਆ ਜਾਵੇਗਾ। ਹਰ ਚਿਹਰੇ ਤੋਂ ਨਕਾਬ ਹਟ ਜਾਵੇਗਾ।

ਕੁੰਵਰ ਨੇ ਆਪਣੇ ਸੋਸ਼ਲ ਅਕਾਊਂਟ 'ਤੇ ਵੀਡੀਓ ਜਾਰੀ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਦੀ ਕਾਨੂੰਨੀ ਅਤੇ ਸਿਆਸੀ ਟੀਮ ਨੇ ਉਨ੍ਹਾਂ ਦੀ ਰਿਪੋਰਟ ਨੂੰ ਰੱਦ ਕਰ ਦਿੱਤਾ ਸੀ। ਉਹ ਸਪੱਸ਼ਟ ਕਰਨਾ ਚਾਹੁੰਦੇ ਹਨ ਕਿ ਉਨ੍ਹਾਂ ਦੀ ਰਿਪੋਰਟ ਕੋਈ ਰਿਪੋਰਟ ਨਹੀਂ ਸਗੋਂ ਚਾਰਜਸ਼ੀਟ ਸੀ ਅਤੇ ਚਾਰਜਸ਼ੀਟ ਫਰੀਦਕੋਟ ਅਦਾਲਤ ਵਿਚ ਦਿੱਤੀ ਗਈ ਸੀ। ਜਦੋਂ ਇਸ ਨੂੰ ਰੱਦ ਕਰ ਦਿੱਤਾ ਗਿਆ ਸੀ, ਉਦੋਂ ਵੀ ਇਹ ਰਿਪੋਰਟ ਫਰੀਦਕੋਟ ਦੀ ਸੈਸ਼ਨ ਕੋਰਟ ਵਿਚ ਸੀ। ਉਨ੍ਹਾਂ ਨੇ ਹਮੇਸ਼ਾ ਜ਼ੋਰ ਦਿੱਤਾ ਕਿ ਘੱਟੋ-ਘੱਟ ਜਿਹੜੀ ਰਿਪੋਰਟ ਰੱਦ ਕੀਤੀ ਜਾ ਰਹੀ ਹੈ, ਉਸ ਨੂੰ ਹਾਈਕੋਰਟ ਲਿਜਾ ਕੇ ਦੇਖ ਲਿਆ ਜਾਣਾ ਚਾਹੀਦਾ ਹੈ ਕਿ ਉਹ ਕੀ ਹੈ। ਉਸ ਰਿਪੋਰਟ ਨੂੰ ਦੇਖੇ ਬਿਨਾਂ ਇਨਸਾਫ ਕਿਵੇਂ ਹੋ ਸਕਦਾ ਹੈ? ਇਸ ਤਰ੍ਹਾਂ ਇਨਸਾਫ਼ ਦਾ ਕਤਲ ਹੋਇਆ ਹੈ, ਉਹ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਗੋਲੀ ਕਾਂਡ ਵਿਚ।

ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਇਨ੍ਹਾਂ ਵਿਅਕਤੀਆਂ ਤੋਂ ਪੁੱਛਗਿੱਛ ਕੀਤੀ ਸੀ। ਸੁਖਬੀਰ ਸਿੰਘ ਬਾਦਲ, ਪ੍ਰਕਾਸ਼ ਸਿੰਘ ਬਾਦਲ, ਅਕਸ਼ੈ ਕੁਮਾਰ ਤੋਂ ਪੁੱਛਗਿੱਛ ਕੀਤੀ ਗਈ ਸੀ। ਕਈ ਨੇਤਾਵਾਂ ਅਤੇ ਅਧਿਕਾਰੀਆਂ ਤੋਂ ਪੁੱਛਗਿੱਛ ਕੀਤੀ ਗਈ ਸੀ। ਐਸਆਈਟੀ ਨੇ ਉਨ੍ਹਾਂ ਨੂੰ ਸਹਿਯੋਗ ਨਹੀਂ ਦਿੱਤਾ ਸੀ। ਸੀਨੀਅਰ ਮੈਂਬਰਾਂ ਨੇ ਕੋਈ ਕੇਸ ਡਾਇਰੀ ਨਹੀਂ ਲਿਖੀ। ਉਨ੍ਹਾਂ ਇਸ ਬਾਰੇ ਪੰਜਾਬ ਵਿਧਾਨ ਸਭਾ ਵਿਚ ਜ਼ਿਕਰ ਕੀਤਾ ਹੈ। ਅੱਜ ਜੋ ਗੁਨਾਹ ਕਬੂਲ ਕੀਤਾ ਗਿਆ ਹੈ, ਉਹ ਇਕ ਸਮਰੀ ਹੈ। ਉਨ੍ਹਾਂ ਨੇ ਮੈਸੇਂਜਰ ਆਫ ਗੌਡ ਅਤੇ ਅਕਸ਼ੈ ਕੁਮਾਰ ਦੀ ਫਿਲਮ ਸਿੰਘ ਇਜ਼ ਕਿੰਗ ਦਾ ਵੀ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਫਿਲਮਾਂ ਦਾ ਆਪਸੀ ਕੋਈ ਸਬੰਧ ਹੈ। ਉਨ੍ਹਾਂ ਰਿਪੋਰਟ ਦਾ ਜ਼ਿਕਰ ਕੀਤਾ ਕਿ ਜਦੋਂ ਮੁਆਫੀ ਦਿੱਤੀ ਗਈ, ਇਸ਼ਤਿਹਾਰਾਂ 'ਤੇ ਕਿੰਨਾ ਪੈਸਾ ਖਰਚਿਆ ਗਿਆ ਸੀ, ਇਹ ਸਭ ਕੁਝ ਰਿਪੋਰਟ ਵਿਚ ਲਿਖਿਆ ਗਿਆ ਸੀ। ਐਸਜੀਪੀਸੀ ਵੱਲੋਂ ਇਸ਼ਤਿਹਾਰਾਂ 'ਤੇ ਜਾਰੀ ਕੀਤਾ ਗਿਆ ਬਿੱਲ ਵੀ ਰਿਪੋਰਟ ਵਿਚ ਨੱਥੀ ਕੀਤਾ ਗਿਆ ਸੀ। ਇਸ ਰਿਪੋਰਟ ਤੋਂ ਹਰ ਕੋਈ ਡਰ ਗਿਆ ਸੀ। ਇਸ ਤੋਂ ਇਲਾਵਾ ਸਭ ਕੁਝ ਉਨ੍ਹਾਂ ਦੀ ਰਿਪੋਰਟ ਵਿਚ ਹੈ। 24 ਸਤੰਬਰ ਨੂੰ ਮਾਫੀ ਦਿੱਤੀ ਗਈ ਸੀ। ਮੁਆਫ਼ੀ ਪੱਤਰ ਕਿਸਨੇ ਲਿਖਿਆ ਸੀ?



ਉਨ੍ਹਾਂ ਕਿਹਾ ਕਿ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਇਕਬਾਲ ਸਿੰਘ ਦਾ ਬਿਆਨ ਵੀ ਉਨ੍ਹਾਂ ਦੀ ਰਿਪੋਰਟ ਵਿਚ ਹੈ। ਉਨ੍ਹਾਂ ਨੇ ਹਰ ਚੀਜ਼ ਦਾ ਵਿਸਥਾਰਤ ਹੱਥ ਲਿਖਤ ਬਿਆਨ ਦਿੱਤਾ। ਇਹ ਸਭ ਸਬੂਤ ਹੈ। ਇਸ ਤੋਂ ਇਲਾਵਾ ਐਫਆਈਆਰ 2007 ਦੀ ਹੈ। 2012 ਦੀਆਂ ਚੋਣਾਂ ਤੋਂ ਪੰਜ ਦਿਨ ਪਹਿਲਾਂ ਐਫਆਈਆਰ ਰੱਦ ਕਰ ਦਿੱਤੀ ਗਈ ਸੀ। ਰਾਜਪਾਲ ਨੇ ਕੇਸ ਚਲਾਉਣ ਦੀ ਇਜਾਜ਼ਤ ਦੇ ਦਿੱਤੀ ਅਤੇ ਇਕ ਐਸਐਚਓ ਰੱਦ ਕਰਨ ਲਈ ਲਿਖ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਅੱਜ ਵੀ ਆਪਣੇ ਸਟੈਂਡ 'ਤੇ ਕਾਇਮ ਹਨ। ਉਹ 13 ਅਪ੍ਰੈਲ, 2021 ਨੂੰ ਮੇਰੀ ਫੇਸਬੁੱਕ ਪੋਸਟ ਦੇਖ ਸਕਦੇ ਹਨ।

ਜਦੋਂ ਕਾਂਗਰਸ ਦੀ ਸਰਕਾਰ ਸੀ ਤਾਂ ਵੀ ਉਨ੍ਹਾਂ ਨੂੰ ਪਰੇਸ਼ਾਨ ਕੀਤਾ ਗਿਆ। ਹੁਣ ਉਨ੍ਹਾਂ ਨੂੰ ਭਗਵੰਤ ਸਿੰਘ ਮਾਨ ਦੀ ਸਰਕਾਰ ਵਿਚ ਵੀ ਤੰਗ ਪ੍ਰੇਸ਼ਾਨ ਕੀਤਾ ਗਿਆ। ਸਰਕਾਰ ਨੇ ਉਨ੍ਹਾਂ ਨੂੰ ਪ੍ਰੇਸ਼ਾਨ ਕਰਨ ਦੀ ਹੱਦ ਹੀ ਪਾਰ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸੀਐਮ ਮਾਨ ਨੇ ਉਨ੍ਹਾਂ ਨਾਲ ਇਕ ਵਾਰ ਵੀ ਗੱਲ ਨਹੀਂ ਕੀਤੀ। ਜਦੋਂ ਅਰਵਿੰਦ ਕੇਜਰੀਵਾਲ ਅਤੇ ਮਾਨ ਸਰਕਾਰ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਬਰਗਾੜੀ ਅਤੇ ਬੇਅਦਬੀ ਮਾਮਲਿਆਂ ਵਿਚ ਇਨਸਾਫ਼ ਮਿਲੇਗਾ। ਇਸ ਵਿਸ਼ਵਾਸ ਤੋਂ ਬਾਅਦ ਉਹ ਉਨ੍ਹਾਂ ਨਾਲ ਸ਼ਾਮਿਲ ਹੋ ਗਏ। ਜਦੋਂ ਤੋਂ ਮਾਨ ਸਾਹਿਬ ਮੁੱਖ ਮੰਤਰੀ ਬਣੇ ਹਨ, ਉਨ੍ਹਾਂ ਨਾਲ ਇਕ ਵਾਰ ਵੀ ਗੱਲ ਨਹੀਂ ਕੀਤੀ। ਜਦੋਂ ਉਹ ਦੋ-ਤਿੰਨ ਵਾਰ ਵਿਧਾਨਸਭਾ, ਰਿਹਾਇਸ਼ ਅਤੇ ਕੇਜਰੀਵਾਲ ਦੇ ਨੇੜੇ ਹੀ ਮਿਲੇ ਸਨ। ਉਨ੍ਹਾਂ ਨੂੰ ਕੋਈ ਅਹੁਦਾ ਨਹੀਂ ਚਾਹੀਦਾ। ਕੈਪਟਨ ਅਮਰਿੰਦਰ ਸਿੰਘ ਨੇ ਜਿੰਨਾ ਕੀਤਾ ਹੈ, ਉਸ ਤੋਂ 100 ਗੁਣਾ ਵੱਧ ਮਾਨ ਸਰਕਾਰ ਨੇ ਉਨ੍ਹਾਂ ਨਾਲ ਤਸ਼ੱਦਦ ਕੀਤਾ ਹੈ। ਕੈਪਟਨ ਸਰਕਾਰ ਅਤੇ ਮਾਨ ਸਰਕਾਰ ਦੇ ਸਮੇਂ ਵਿਚ ਕਿੰਨਾ ਤਸ਼ੱਦਦ ਹੋਇਆ, ਇਸ ਦਾ ਖੁਲਾਸਾ ਕਰਨਗੇ। ਅੱਜ ਵੀ ਉਨ੍ਹਾਂਨੂੰ ਤਸੀਹੇ ਦਿੱਤੇ ਗਏ ਹਨ। ਉਹ ਇਨ੍ਹਾਂ ਕੇਸਾਂ ਦੀ ਪੈਰਵੀ ਕਰ ਰਹੇ ਹਨ। ਉਹ ਹਰ ਅਦਾਲਤ ਵਿਚ ਪਹਿਰਾ ਦੇ ਰਹੇ ਹਨ। ਉਹ ਆਪਣੇ ਨਿੱਜੀ ਵਕੀਲਾਂ ਨਾਲ ਇਨ੍ਹਾਂ ਕੇਸਾਂ ਦੀ ਪੈਰਵੀ ਕਰ ਰਹੇ ਹਨ।

## ਸੇਵਾਦਾਰ ਦੇ ਚੋਲ਼ੇ ਵਿਚ ਸ੍ਰੀ ਦਰਬਾਰ ਸਾਹਿਬ ਵਿਖੇ ਸੁਖਬੀਰ ਬਾਦਲ ਤੇ ਢੀਂਡਸਾ ਨੇ ਸ਼ੁਰੂ ਕੀਤੀ ਸੇਵਾ

### ✪ ਹੱਥ ਵਿਚ ਬਰਛਾ ਫੜਿਆ ਤੇ ਗਲ਼ ਵਿਚ ਪਾਈ ਗੁਨਾਹਗਾਰ ਵਜੋਂ ਤਖ਼ਤੀ



ਅੰਮ੍ਰਿਤਸਰ-ਸਿੰਘ ਸਾਹਿਬਾਨ ਵੱਲੋਂ ਦਿੱਤੀ ਗਈ ਧਾਰਮਿਕ ਸਜ਼ਾ ਵਜੋਂ ਸੁਖਬੀਰ ਸਿੰਘ ਬਾਦਲ ਨੇ ਵ੍ਹੀਲ ਚੇਅਰ 'ਤੇ ਸੇਵਾਦਾਰ ਦਾ ਪਹਿਰਾਵਾ ਪਾ ਕੇ ਹੱਥ 'ਚ ਬਰਛਾ ਫੜ ਕੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗੇਟ ਘੰਟਾਘਰ ਦੇ ਬਾਹਰ ਪਹਿਰੇਦਾਰੀ ਦੀ ਸੇਵਾ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੇ ਨਾਲ ਹੀ ਸਾਬਕਾ ਅਕਾਲੀ ਮੰਤਰੀ ਅਤੇ ਸਾਬਕਾ ਐੱਮਪੀ ਸੁਖਦੇਵ ਸਿੰਘ ਢੀਂਡਸਾ ਨੇ ਵੀ ਇਹੀ ਸੇਵਾ ਸ਼ੁਰੂ ਕਰ ਦਿੱਤੀ ਹੈ। ਇਸ ਮੌਕੇ ਸੁਖਬੀਰ ਸਿੰਘ ਬਾਦਲ ਤੇ ਸੁਖਦੇਵ ਸਿੰਘ ਢੀਂਡਸਾ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਲ਼ 'ਚ ਪੁਆਈ ਗਈ ਗੁਰਬਾਣੀ ਦੀ ਪੰਗਤੀ ਵਾਲੀ ਤਖ਼ਤੀ ਵੀ ਪਹਿਨੀ ਹੋਈ ਹੈ।

## ਭੂੰਦੜ ਨੇ ਕਿਹਾ-ਸੁਖਬੀਰ ਦਾ ਅਸਤੀਫਾ ਜਲਦੀ ਹੀ ਪ੍ਰਵਾਨ ਕਰਾਂਗੇ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੇ ਕਿਹਾ ਹੈ ਕਿ ਸਿੰਘ ਸਾਹਿਬਾਨ ਦੇ ਹੁਕਮਾਂ ਅਨੁਸਾਰ ਸੁਖਬੀਰ ਬਾਦਲ ਦਾ ਅਸਤੀਫਾ ਜਲਦੀ ਹੀ ਪ੍ਰਵਾਨ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਫਿਲਹਾਲ ਉਹ ਹੁਕਮਾਂ ਅਨੁਸਾਰ ਗੁਰੂ ਅਰਜਨ ਦੇਵ ਨਿਵਾਸ ਵਿਖੇ ਵਾਸ਼ਰੂਮ ਦੀ ਸੇਵਾ ਕਰਨ ਆਏ ਹਨ, ਇਸ ਲਈ ਸੇਵਾ ਦੌਰਾਨ ਉਹ ਇਸ ਬਾਰੇ ਕੋਈ ਟਿੱਪਣੀ ਨਹੀਂ ਕਰਨਗੇ। ਪਾਰਟੀ ਦੇ ਪੁਨਰਗਠਨ ਬਾਰੇ ਪੁੱਛੇ ਜਾਣ 'ਤੇ ਉਨ੍ਹਾਂ ਕਿਹਾ ਕਿ ਸਿੰਘ ਸਾਹਿਬਾਨ ਦੇ ਹਰ ਇਕ ਆਦੇਸ਼ ਦੀ ਪਾਲਣਾ ਕੀਤੀ ਜਾਵੇਗੀ।

## ਲੇਖਕਾਂ ਲਈ ਜ਼ਰੂਰੀ ਬੇਨਤੀ

ਅਦਾਰਾ ਪੰਜਾਬ ਟਾਈਮਜ਼ ਵੱਲੋਂ ਆਪਣੇ ਸਾਰੇ ਲੇਖਕਾਂ, ਕਵੀਆਂ ਅਤੇ ਕਾਲਮ ਨਵੀਸਾਂ ਨੂੰ ਬੇਨਤੀ ਕੀਤੀ ਗਈ ਸੀ ਕਿ ਆਪਣੀਆਂ ਰਚਨਾਵਾਂ ਵਿਚ ਗੁਰਬਾਣੀ ਦੀ ਵਰਤੋਂ ਘਟ ਤੋਂ ਘੱਟ ਕਰਨ। ਜੇ ਬਿਲਕੁੱਲ ਬਹੁਤ ਜ਼ਰੂਰੀ ਹੋਵੇ ਤਾਂ ਹੀ ਗੁਰਬਾਣੀ ਦੀ ਵਰਤੋਂ ਕਰਨ ਤੇ ਗੁਰਬਾਣੀ ਦੀ ਸਤਰ ਵਰਤਣ ਸਮੇਂ ਉਸ ਨਾਲ ਰੈਫਰੈਂਸ ਵਜੋਂ ਪੰਨਾ ਨੰਬਰ ਜ਼ਰੂਰ ਲਿਖਣ ਤਾਂ ਕਿ ਸੁਧਾਈ ਕੀਤੀ ਜਾ ਸਕੇ। ਇਹ ਬੇਨਤੀ ਇਸ ਲਈ ਕੀਤੀ ਗਈ ਸੀ ਕਿ ਇੱਕ ਲੇਖਕ ਬਲਵਿੰਦਰ ਸਿੰਘ ਵੱਲੋਂ ਆਪਣੇ ਲੇਖ ਵਿੱਚ ਗੁਰਬਾਣੀ ਦੀਆਂ ਬਹੁਤ ਸਾਰੀਆਂ ਸਤਰਾਂ ਵਰਤੀਆਂ ਗਈਆਂ ਸਨ, ਪਰ ਉਹਨਾਂ ਵਿੱਚ ਬਹੁਤ ਜ਼ਿਆਦਾ ਗਲਤੀਆਂ ਸਨ ਤੇ ਪੰਨਾ ਨੰਬਰ ਵੀ ਨਹੀਂ ਲਿਖਿਆ ਗਿਆ ਸੀ। ਇਸ ਲਈ ਸਾਰੇ ਲੇਖਕਾਂ ਨੂੰ ਹੀ ਬੇਨਤੀ ਕਰ ਦਿੱਤੀ ਗਈ ਸੀ। ਬੀਬੀ ਚਾਹਲ ਦੇ ਲੇਖ ਸੰਪਾਦਕ ਵੱਲੋਂ ਖੁਦ ਦੇਖ ਕੇ ਗੁਰਬਾਣੀ ਸਤਰਾਂ ਦੀ ਸੁਧਾਈ ਕੀਤੀ ਜਾਂਦੀ ਹੈ, ਹੋ ਸਕਦਾ ਕਿਤੇ ਟਾਈਪਿੰਗ ਜਾਂ ਡਿਜ਼ਾਇਨਿੰਗ ਸਮੇਂ ਕੋਈ ਗਲਤੀ ਰਹਿ ਗਈ ਹੋਵੇ। ਸਾਡੇ ਕੋਲ ਏਨਾ ਸਮਾਂ ਨਹੀਂ ਹੁੰਦਾ ਕਿ ਜੇ ਕੋਈ ਲੇਖਕ ਬਹੁਤ ਜ਼ਿਆਦਾ ਗੁਰਬਾਣੀ ਵਰਤਦਾ ਹੈ ਤੇ ਉਸ ਦਾ ਕੋਈ ਰੈਫਰੈਂਸ ਨਹੀਂ ਦਿੱਤਾ ਗਿਆ ਤੇ ਅਸੀਂ ਉਸ ਦੀ ਸੁਧਾਈ ਕਰ ਸਕੀਏ। ਪਰ ਇਹ ਸਪੱਸ਼ਟ ਹੈ ਕਿ ਅਸੀਂ ਗਲਤ ਗੁਰਬਾਣੀ ਲਿਖਣ/ਛਾਪਣ ਤੋਂ ਗੁਰੇਜ਼ ਕਰਦੇ ਹਾਂ।

–ਸੰਪਾਦਕ / ਡਾਇਰੈਕਟਰ, ਪੰਜਾਬ ਟਾਈਮਜ਼, ਡਰਬੀ, ਯੂ ਕੇ

# ਬ੍ਰਮਿੰਘਮ ਸਿਟੀ ਕੌਂਸਲ ਲੀਡਰ ਨੇ ਸਾਕਾ ਨੀਲਾ ਤਾਰਾ ਵਿੱਚ ਬਰਤਾਨਵੀ ਸਰਕਾਰ ਦੀ ਭੂਮਿਕਾ ਦੀ ਜਾਂਚ ਦੀ ਕੀਤੀ ਮੰਗ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਜੂਨ 1984 ਵਿੱਚ ਭਾਰਤੀ ਸਰਕਾਰ ਦੇ ਆਦੇਸ਼ਾਂ 'ਤੇ ਭਾਰਤੀ ਫੌਜ ਵੱਲੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਅਤੇ ਅਨੇਕਾ ਹੋਰ ਗੁਰਦੁਆਰਾ ਸਾਹਿਬਾਨਾਂ ਤੇ ਹਮਲਾ ਕਰਨ ਦੇ ਮਾਮਲੇ 'ਚ ਬਰਤਾਨੀਆਂ ਸਰਕਾਰ ਦੀ ਭੂਮਿਕਾ ਲੰਮੇਂ ਸਮੇਂ ਤੋਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਲੇਬਰ ਸਰਕਾਰ ਨੇ ਬੀਤੇ ਕਈ ਵਰ੍ਹੇ ਵਿਰੋਧੀ ਧਿਰ ਵਿੱਚ ਹੁੰਦਿਆਂ ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਜਾਂਚ ਦੀ ਮੰਗ ਕੀਤੀ ਸੀ, ਜਿਸ ਨੂੰ ਬਾਅਦ ਚੋਣ ਮਨੋਰਥ ਪੱਤਰ ਦਾ ਵੀ ਹਿੱਸਾ ਬਣਾਇਆ ਗਿਆ। ਲੇਕਨ ਹੁਣ ਲੇਬਰ ਪਾਰਟੀ ਦੀ ਸਰਕਾਰ ਬਣਿਆਂ ਕਈ ਮਹੀਨੇ ਬੀਤ ਗਏ ਹਨ, ਪਰ ਸਰਕਾਰ ਵੱਲੋਂ ਉਕਤ ਮਾਮਲੇ ਵੱਲ ਕੋਈ ਤਵੱਜੋਂ ਨਹੀਂ ਦਿੱਤੀ ਗਈ।*

ਸਰਕਾਰ ਦੀ ਇਸ ਚੁੱਪ ਤੇ ਸਿੱਖ ਭਾਈਚਾਰੇ ਵੱਲੋਂ ਸਵਾਲ ਉਠਾਏ ਜਾ ਰਹੇ ਹਨ। ਬ੍ਰਮਿੰਘਮ ਸਿਟੀ ਕੌਂਸਲ ਦੇ ਲੀਡਰ ਕੌਂਸਲਰ ਜੌਹਨ ਕੌਟਨ ਨੇ ਬਰਤਾਨੀਆਂ ਦੀ ਡਿਪਟੀ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਅੰਮ੍ਰਿਤਸਰ ਘੱਲੂਘਾਰੇ ਨੂੰ 40 ਸਾਲ ਬੀਤ ਗਏ ਹਨ, ਭਾਰਤੀ ਫੌਜ ਵੱਲੋਂ ਸਿੱਖਾਂ ਦੇ ਸਰਵ ਉੱਚ ਅਸਥਾਨ 'ਤੇ ਕੀਤੇ ਹਮਲੇ ਵਿੱਚ ਸੈਂਕੜੇ ਨਾਗਰਿਕ ਮਾਰੇ ਗਏ ਸਨ, ਸਿੱਖਾਂ ਦੀ ਇਤਿਹਾ-ਸਕ ਇਮਾਰਤ ਨੂੰ ਢਹਿ ਢੇਰੀ ਕਰ ਦਿੱਤਾ ਗਿਆ ਸੀ ਅਤੇ ਇਤਿਹਾਸਕ ਲਿਖਤਾਂ ਤਬਾਹ ਕਰ ਦਿੱਤੀਆਂ ਸਨ। ਜੌਹਨ ਕੌਟਨ ਨੇ ਲਿਖਿਆ ਕਿ ਬ੍ਰਮਿੰਘਮ ਸ਼ਹਿਰ ਸਿੱਖਾਂ ਦਾ 65 ਸਾਲਾਂ ਤੋਂ ਵੱਧ ਸਮੇਂ ਤੋਂ ਘਰ ਹੈ, ਜਿਸ ਲਈ ਸਿੱਖਾਂ ਦਾ ਵੱਡਾ ਯੋਗਦਾਨ ਹੈ। ਉਹਨਾਂ ਕਿਹਾ ਕਿ ਜੂਨ 1984 ਦੀਆਂ ਘਟਨਾਵਾਂ ਨੇ ਸਿੱਖਾਂ ਖਿਲਾਫ ਹਿੰਸਾ, ਤਸ਼ੱਦਦ, ਜਬਰਦਸਤੀ ਲਾਪਤਾ ਕਰਨ ਸਮੇਤ ਸਿੱਖ ਵਿਰੋਧੀ ਹਿੰਸਾ ਨੂੰ ਪ੍ਰੇਰਿਤ ਕੀਤਾ। 1984 ਤੋਂ 1995 ਤੱਕ ਭਾਰਤ ਵਿੱਚ ਵਾਪਰੀਆਂ ਘਟਨਾਵਾਂ ਨੂੰ ਲੈ ਕੇ ਇਨਸਾਫ ਨਾ ਮਿਲਣ ਕਾਰਨ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਹੈ। ਉਹਨਾਂ ਮੰਗ ਕੀਤੀ ਕਿ ਸਾਕਾ ਨੀਲਾ ਤਾਰਾ ਵਿੱਚ ਬਰਤਾਨੀਆਂ ਦੀ ਭੂਮਿਕਾ ਸਬੰਧੀ ਜਲਦੀ ਤੋਂ ਜਲਦੀ ਨਿਰਪੱਖ ਜਾਂਚ ਕਰਵਾਈ ਜਾਵੇ।


ਕੌਂਸਲਰ ਲੀਡਰ ਜੌਹਨ ਕੌਟਨ

## ਕੌਂਸਲਰ ਜਗਜੀਤ ਸਿੰਘ ਹਰਦੋਫਰੋਲਾ ਨੇ 10 ਦਿਨਾਂ ਵਿੱਚ 10 ਮੈਰਾਥਨ ਦੌੜੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਇਲਾਕੇ ਹੇਜ਼ ਤੋਂ ਕੌਂਸਲਰ ਜਗਜੀਤ ਸਿੰਘ ਹਰਦੋਫਰੋਲਾ ਪਿਛਲੇ ਲੰਮੇਂ ਸਮੇਂ ਤੋਂ ਸਮਾਜ ਦੀ ਸੇਵਾ ਕਰਨ ਵਾਲੀਆਂ ਸੰਸਥਾਵਾਂ ਲਈ ਦੌੜ ਕੇ ਆਪਣਾ ਯੋਗਦਾਨ ਪਾ ਰਿਹਾ ਹੈ। ਜਗਜੀਤ ਸਿੰਘ ਨੇ 7 ਦਿਨਾਂ ਵਿੱਚ 7 ਮਹਾਂਦੀਪਾਂ ਵਿੱਚ 7 ਮੈਰਾਥਨ ਦੌੜ੍ਹਨ ਦਾ ਰਿਕ-ਾਰਡ ਕਾਇਮ ਕੀਤਾ ਸੀ। ਲੇਕਨ ਹੁਣ ਉਸ ਨੇ 10 ਦਿਨਾਂ ਵਿੱਚ 10 ਪੂਰੀਆਂ ਮੈਰਾਥਨ ਦੌੜ ਕੇ ਨਵਾਂ ਰਿਕਾਰਡ ਸਥਾਪਿਤ ਕੀਤਾ ਹੈ। ਸੈਂਟਰਲ ਨਾਮ ਦੀ ਸੰਸਥਾ ਨੇ ਇੰਗਲੈਂਡ ਦੇ ਸਰੀ ਇਲਾਕੇ ਦੇ ਸ਼ਹਿਰ ਐਗਮ ਅਤੇ ਸਟੇਨਜ਼ ਵਿੱਚ 15 ਨਵੰਬਰ ਤੋਂ 24 ਨਵੰਬਰ ਤੱਕ ਥੇਮਜ਼ ਨਦੀ ਦੇ ਕਿਨਾਰੇ 10 ਦਿਨਾਂ ਵਿੱਚ 10 ਮੈਰਾਥਨ ਕਰਵਾਈਆਂ, ਪ੍ਰਤੀ ਮੈਰਾਥਨ ਵਿੱਚ 42 ਕਿਲੋਮੀਟਰ ਦਾ ਸਫਰ ਤੈਅ ਕਰਨਾ ਹੁੰਦਾ ਹੈ, ਜਦ ਕਿ 10ਵੇਂ ਦਿਨ ਜਗਜੀਤ ਸਿੰਘ ਨੇ 50 ਕਿਲੋਮੀਟਰ ਦੌੜ ਕੇ ਕੁੱਲ 428 ਕਿਲੋਮੀਟਰ ਦਾ ਫਾਸਲਾ ਤੈਅ ਕਰਕੇ ਇਤਿਹਾਸ ਸਿਰਜਿਆ ਹੈ। ਜਿਕਰਯੋਗ ਹੈ ਕਿ ਜਗਜੀਤ ਸਿੰਘ ਹੁਣ ਤੱਕ 20 ਦੇਸ਼ਾਂ ਵਿੱਚ 549 ਮੈਰਾਥਨ ਦੌੜ ਚੁੱਕਾ ਹੈ।


ਮੈਰਾਥਨ ਦੀ ਸਮਾਪਤੀ ਮੌਕੇ ਜਗਜੀਤ ਸਿੰਘ


## ਚਾਰ ਕਿੱਲੋ ਹੈਰੋਇਨ ਸਮੇਤ ਤਿੰਨ ਸਮਗਲਰ ਗ੍ਰਿਫਤਾਰ

**✪ ਦੋਸ਼ੀਆਂ ਨੇ ਖੇਪ ਪਹੁੰਚਾਉਣੀ ਸੀ ਦਿੱਲੀ**

ਅੰਮ੍ਰਿਤਸਰ-ਹੈਰੋਇਨ ਤਸਕਰੀ ਦੇ ਦੋਸ਼ ਹੇਠ ਬੀਤੇ ਦਿਨੀਂ ਘਰਿੰਡਾ ਥਾਣੇ ਦੀ ਪੁਲਿਸ ਨੇ ਤਿੰਨ ਤਸਕਰਾਂ ਲਵਪ੍ਰੀਤ ਸਿੰਘ ਲਵ, ਸਾਹਿਬ ਸਿੰਘ ਅਤੇ ਸੁਖਦੇਵ ਸਿੰਘ ਵਾਸੀ ਪਿੰਡ ਚੱਕ ਡੋਗਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ਵਿਚੋਂ 4 ਕਿੱਲੋ ਹੈਰੋਇਨ ਬਰਾਮਦ ਕਰ ਕੇ ਐਂਨਡੀਪੀਐੱਸ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਐੱਸਐੱਸਪੀ (ਦਿਹਾਤੀ) ਚਰਨਜੀਤ ਸਿੰਘ ਸੋਹਲ ਨੇ ਦੱਸਿਆ ਕਿ ਮੁਲਜ਼ਮਾਂ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਗਿਰੋਹ ਦੇ ਹੋਰ ਮੈਂਬਰਾਂ ਨੂੰ ਵੀ ਜਲਦੀ ਹੀ ਕਾਬੂ ਕਰ ਲਿਆ ਜਾਵੇਗਾ। ਪੁੱਛਗਿੱਛ ਦੌਰਾਨ ਸਾਰੇ ਮੁਲਜ਼ਮਾਂ ਨੇ ਮੰਨਿਆ ਹੈ ਕਿ ਉਨ੍ਹਾਂ ਨੇ ਇਹ ਖੇਪ ਦਿੱਲੀ ਦੇ ਕਿਸੇ ਹੋਰ ਸਮੱਗਲਰ ਨੂੰ ਪਹੁੰਚਾਉਣੀ ਸੀ।


ਐਸ ਐਸ ਧਾਲੀਵਾਲ ਕੇਟਰਿੰਗ, ਗਰੀਨਫੋਰਡ

ਪੀਜ਼ਾ ਅਤੇ ਲਜ਼ੀਜ਼
ਦੇਸੀ/ਪੰਜਾਬੀ ਖਾਣੇ



EST: 35 YEARS
Gary of GREENFORD
Open 7 Days a week:
1:00pm to 10:00pm
Now on Just Eat and Uber Eats
Collection Only
Buy One Pizza Get One FREE



Weddings - Anniversaries, Birthdays-
Engagements, Receptions - Corporate
Events, Exhibitions - Private Parties

ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ
ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:

ਬੁੱਕ ਕਰਨ ਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:
SS DHALIWAL CATERING
Tel: 0208 575 3600 / Mo: 07910 922 879
65 Marnham Crescent, Greenford, Middx, UB6 9SP



VACANCIES
JSR Contracts Ltd.

ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ
ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ

Construction Builders Required on Various Sites in UK

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. Annual pay is - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

Contact Mr. Randhawa via email below:
Email: jsrcontractslimited@gmail.com

# ਮਹਾਰਾਸ਼ਟਰ ਵਿਚ ਮੋਦੀ ਦੀ ਚਾਣਕਿਆ ਨੀਤੀ ਸਫਲ

**✪ ਸ਼ਿਵ ਸੈਨਾ ਸ਼ਿੰਦੇ ਵੀ ਹੋਈ ਗੋਡਿਆਂ ਭਾਰ ✪ ਨਵੀਂ ਵਜ਼ਾਰਤ ਦਾ ਸਹੁੰ ਚੁੱਕ ਸਮਾਗਮ 5 ਦਸੰਬਰ ਨੂੰ ਹੋਵੇਗਾ ✪ ਮੋਦੀ-ਸ਼ਾਹ ਦੀ ਕ੍ਰਿਪਾ ਨਾਲ ਬਣੇਗਾ ਮੁੱਖ ਮੰਤਰੀ**

ਮਹਾਰਾਸ਼ਟਰ ਅਸੰਬਲੀ ਚੋਣਾਂ ਦੇ ਨਤੀਜੇ ਨਿਕਲਿਆਂ ਨੂੰ ਹਫਤੇ ਤੋਂ ਵੱਧ ਸਮਾਂ ਹੋ ਗਿਆ ਹੈ। ਭਾਜਪਾ, ਸ਼ਿਵ ਸੈਨਾ (ਸ਼ਿੰਦੇ) ਤੇ ਐੱਨ ਸੀ ਪੀ (ਅਜੀਤ ਪਵਾਰ) ਦੀ ਸੱਤਾਧਾਰੀ ਮਹਾਯੁਤੀ ਨੇ 288 ਵਿੱਚੋਂ 230 ਸੀਟਾਂ ਜਿੱਤ ਕੇ ਜ਼ਬਰਦਸਤ ਸਫਲਤਾ ਹਾਸਲ ਕੀਤੀ ਹੈ ਪਰ ਅਜੇ ਤੱਕ ਮੁੱਖ ਮੰਤਰੀ ਨਹੀਂ ਬਣਾ ਸਕੀ। ਹੁਣ ਭਾਜਪਾ ਦੇ ਸੂਬਾਈ ਪ੍ਰਧਾਨ ਚੰਦਰਸ਼ੇਖਰ ਬਾਵਨਕੁਲੇ ਨੇ ਐਲਾਨਿਆ ਹੈ ਕਿ ਨਵੀਂ ਵਜ਼ਾਰਤ ਦਾ ਸਹੁੰ ਚੁੱਕ ਸਮਾਗਮ 5 ਦਸੰਬਰ ਨੂੰ ਹੋਵੇਗਾ। ਇਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਸ਼ਾਮਲ ਹੋਣਗੇ। ਚੋਣਾਂ ਦੇ ਨਤੀਜੇ 23 ਨਵੰਬਰ ਨੂੰ ਨਿਕਲੇ ਸਨ ਤੇ 5 ਦਸੰਬਰ ਤੱਕ 12 ਦਿਨ ਹੋ ਜਾਣਗੇ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਏਕਨਾਥ ਸ਼ਿੰਦੇ ਦੀ ਪਾਰਟੀ ਉਨ੍ਹਾਂ ਨੂੰ ਹੀ ਮੁੱਖ ਮੰਤਰੀ ਬਣਾਉਣ 'ਤੇ ਅੜੀ ਹੋਈ ਹੈ, ਕਿਉਂਕਿ ਉਨ੍ਹਾਂ ਦੇ ਕੰਮ ਕਰਨ ਦੇ ਢੰਗ ਕਾਰਨ ਹੀ ਮਹਾਯੁਤੀ ਨੂੰ ਏਨੀ ਵੱਡੀ ਸਫਲਤਾ ਮਿਲੀ ਹੈ। 132 ਸੀਟਾਂ ਜਿੱਤਣ ਵਾਲੀ ਭਾਜਪਾ, ਜਿਸ ਨੂੰ ਆਪਣੇ ਤੌਰ 'ਤੇ ਬਹੁਮਤ ਬਣਾਉਣ ਲਈ ਸਿਰਫ 13 ਸੀਟਾਂ ਦੀ ਹੀ ਲੋੜ ਹੈ, ਦੇ ਆਗੂਆਂ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਭਾਜਪਾ ਦਾ ਹੀ ਬਣਨਾ ਚਾਹੀਦਾ ਹੈ। ਹੁਣ ਤੱਕ ਦੀਆਂ ਖਬਰਾਂ ਵਿੱਚ ਦਵਿੰਦਰ ਫੜਨਵੀਸ ਦਾ ਨਾਂ ਹੀ ਸਭ ਤੋਂ ਅੱਗੇ ਹੈ, ਜਿਹੜੇ ਕਿ ਦੋ ਵਾਰ ਮੁੱਖ ਮੰਤਰੀ ਰਹਿ ਚੁੱਕੇ ਹਨ ਤੇ ਏਕਨਾਥ ਸ਼ਿੰਦੇ ਦੀ ਮਦਦ ਨਾਲ ਊਧਵ ਠਾਕਰੇ ਦੀ ਸਰਕਾਰ ਡੇਗ ਕੇ ਆਪਣੀ ਭਾਈਵਾਲੀ ਵਾਲੀ ਸਰਕਾਰ ਬਣਾਉਣ ਖਾਤਰ ਉਪ ਮੁੱਖ ਮੰਤਰੀ ਬਣਨ ਲਈ ਮਜਬੂਰ ਹੋਏ ਸਨ।



ਮੁੰਬਈ ਵਿੱਚ ਜਦ ਮੁੱਖ ਮੰਤਰੀ ਦੇ ਨਾਂ ਨੂੰ ਲੈ ਕੇ ਸਹਿਮਤੀ ਨਹੀਂ ਬਣੀ ਤਾਂ ਤਿੰਨਾਂ ਆਗੂਆਂ ਦੀ ਬੀਤੇ ਵੀਰਵਾਰ ਦਿੱਲੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਅੱਡ-ਅੱਡ ਮੀਟਿੰਗ ਹੋਈ। ਇਸ ਤੋਂ ਬਾਅਦ ਰਾਤ ਨੂੰ ਤਿੰਨੇ ਮੁੰਬਈ ਪਰਤ ਆਏ ਅਤੇ ਅਗਲੇ ਦਿਨ ਸ਼ੁੱਕਰਵਾਰ ਫਿਰ ਮੀਟਿੰਗ ਕਰਨੀ ਸੀ। ਪਰ ਸ਼ਿੰਦੇ ਅਚਾਨਕ ਸਾਤਾਰਾ ਜ਼ਿਲ੍ਹੇ ਵਿੱਚ ਆਪਣੇ ਪਿੰਡ ਚਲੇ ਗਏ। ਉਨ੍ਹਾਂ ਦੇ ਸ਼ਨੀਵਾਰ ਪਰਤ ਆਉਣ ਦੀ ਆਸ ਸੀ ਪਰ ਹੁਣ ਕਿਹਾ ਜਾ ਰਿਹਾ ਹੈ ਕਿ ਗਲਾ ਜ਼ਿਆਦਾ ਖਰਾਬ ਹੋਣ ਕਰਕੇ ਉਹ ਲੇਟ ਪਰਤਣਗੇ। ਖਬਰਾਂ ਇਹ ਵੀ ਹਨ ਕਿ ਉਹ ਪਿੰਡ ਵਿੱਚ ਸ਼ਰਦ ਪਵਾਰ ਦੀ ਪਾਰਟੀ ਦੇ ਆਗੂ ਨੂੰ ਮਿਲੇ ਹਨ। ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ ਸ਼ਿੰਦੇ ਨੂੰ ਉਪ ਮੁੱਖ ਮੰਤਰੀ ਜਾਂ ਕੇਂਦਰ ਵਿੱਚ ਮੰਤਰੀ ਬਣਾਉਣ ਦੀ ਪੇਸ਼ਕਸ਼ ਕੀਤੀ ਹੈ ਪਰ ਸ਼ਿੰਦੇ ਦਿੱਲੀ ਜਾਣ ਦੇ ਇੱਛੁਕ ਨਹੀਂ।

ਹੁਣ ਭਾਜਪਾ ਦੇ ਦਬਾਅ ਅਧੀਨ ਮਹਾਰਾਸ਼ਟਰ ਦੇ ਕਾਰਜਕਾਰੀ ਮੁੱਖ ਮੰਤਰੀ ਏਕਨਾਥ ਸ਼ਿੰਦੇ ਨੇ ਕਹਿ ਦਿਤਾ ਹੈ ਕਿ ਸੂਬੇ ਦੇ ਨਵੇਂ ਮੁੱਖ ਮੰਤਰੀ ਬਾਰੇ ਫ਼ੈਸਲਾ ਭਾਜਪਾ ਕਰੇਗੀ ਅਤੇ ਉਹ ਇਸ ਦਾ ਪੂਰਾ ਸਮਰਥਨ ਕਰਨਗੇ। ਉਨ੍ਹਾਂ ਕਿਹਾ ਸੀ ਕਿ ਸਰਕਾਰ ਬਣਾਉਣ ਨੂੰ ਲੈ ਕੇ ਮਹਾਯੁਤੀ ਦੇ ਭਾਈਵਾਲਾਂ 'ਚ ਕੋਈ ਮਤਭੇਦ ਨਹੀਂ ਹੈ। ਸਰਕਾਰ ਬਣਾਉਣ ਬਾਰੇ ਗੱਲਬਾਤ ਚੱਲ ਰਹੀ ਹੈ ਅਤੇ ਸਾਰੇ ਫੈਸਲੇ ਮਹਾਯੁਤੀ ਦੇ ਤਿੰਨੋਂ ਭਾਈਵਾਲ ਸ਼ਿਵ ਸੈਨਾ, ਭਾਜਪਾ ਅਤੇ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨਸੀਪੀ) ਵੱਲੋਂ ਸਹਿਮਤੀ ਨਾਲ ਲਏ ਜਾਣਗੇ।

ਭਾਜਪਾ ਆਗੂ ਰਾਓਸਾਹਿਬ ਦਾਨਵੇ ਨੇ ਕਿਹਾ ਕਿ ਮਹਾਰਾਸ਼ਟਰ ਦੇ ਨਵੇਂ ਮੁੱਖ ਮੰਤਰੀ ਦਾ ਨਾਮ ਤੈਅ ਕਰ ਲਿਆ ਗਿਆ ਹੈ ਅਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਤੋਂ ਇਸ ਦੀ ਪੁਸ਼ਟੀ ਦੀ ਉਡੀਕ ਕੀਤੀ ਜਾ ਰਹੀ ਹੈ।


ਮੋਦੀ-ਸ਼ਾਹ ਦੀ ਜੋੜੀ ਬਾਰੇ ਇਹ ਮਸ਼ਹੂਰ ਹੈ ਕਿ ਜਿਹੜੇ ਰਾਜ ਵਿੱਚ ਮੁੱਖ ਮੰਤਰੀ ਬਣਨ ਨੂੰ 72 ਘੰਟੇ ਤੋਂ ਵੱਧ ਲਗਦੇ ਹਨ, ਉੱਥੇ ਉਹ ਨਵੇਂ ਚਿਹਰੇ ਨੂੰ ਹੀ ਮੌਕਾ ਦਿੰਦੇ ਹਨ। ਅਪਣੇ ਅਗੇ ਸਿਰ ਚੁਕਣ ਵਾਲੇ ਮਿੱਤਰ ਨੂੰ ਵੀ ਗੋਡਿਆਂ ਭਾਰ ਕਰ ਦਿੰਦੇ ਹਨ। ਮੱਧ ਪ੍ਰਦੇਸ਼, ਛੱਤੀਸਗੜ੍ਹ, ਰਾਜਸਥਾਨ ਤੇ ਓਡੀਸ਼ਾ ਵਿੱਚ ਮੁੱਖ ਮੰਤਰੀ ਚੁਣਨ ਵਿੱਚ ਦੇਰ ਹੋਈ ਸੀ ਤੇ ਸਭ ਥਾਈਂ ਨਵੇਂ ਚਿਹਰੇ ਹੀ ਕੁਰਸੀ 'ਤੇ ਬਿਠਾਏ ਗਏ। 2017 ਵਿੱਚ ਯੂ ਪੀ ਵਿਚ ਕੇਸ਼ਵ ਪ੍ਰਸਾਦ ਮੌਰੀਆ ਤੇ ਮਨੋਜ ਸਿਨਹਾ ਵਰਗਿਆਂ ਦੇ ਨਾਵਾਂ ਦੀ ਚਰਚਾ ਸੀ ਪਰ 9 ਦਿਨ ਬਾਅਦ ਯੋਗੀ ਆਦਿੱਤਿਆ ਨਾਥ ਮੁੱਖ ਮੰਤਰੀ ਐਲਾਨ ਦਿੱਤੇ ਗਏ।

ਦਰਅਸਲ ਫੜਨਵੀਸ ਆਰ ਐੱਸ ਐੱਸ ਦੀ ਪਸੰਦ ਹਨ ਅਤੇ ਮੋਦੀ-ਸ਼ਾਹ ਜੋੜੀ ਆਰ ਐੱਸ ਐੱਸ ਦੀ ਪਸੰਦ ਦੀ ਥਾਂ ਆਪਣੀ ਪਸੰਦ ਦਾ ਮੁੱਖ ਮੰਤਰੀ ਬਣਾ ਕੇ ਹੀ ਖੁਸ਼ ਹੁੰਦੀ ਹੈ। ਬ੍ਰਾਹਮਣ ਫੜਨਵੀਸ ਤੋਂ ਬਾਅਦ ਵਿਨੋਦ ਤਾਵੜੇ, ਪੰਕਜਾ ਮੁੰਡੇ, ਸੂਬਾ ਪ੍ਰਧਾਨ ਚੰਦਰਸ਼ੇਖਰ ਬਾਵਨਕੁਲੇ ਤੇ ਕੇਂਦਰੀ ਮੰਤਰੀ ਮੁਰਲੀਧਰ ਮੋਹੋਲ ਦੇ ਨਾਵਾਂ ਦੀ ਵੀ ਚਰਚਾ ਹੈ। ਤਾਵੜੇ ਸ਼ਾਹ ਦੇ ਕਰੀਬੀ ਹਨ ਤੇ ਮਰਾਠਾ ਭਾਈਚਾਰੇ ਵਿੱਚੋਂ ਆਉਂਦੇ ਹਨ, ਜਿਨ੍ਹਾਂ ਦਾ ਮਹਾਰਾਸ਼ਟਰ ਦੀ ਸਿਆਸਤ ਵਿੱਚ ਵੱਡਾ ਦਖਲ ਹੁੰਦਾ ਹੈ। ਪੰਕਜਾ ਓ ਬੀ ਸੀ ਵਿਚੋਂ ਹੈ ਤੇ ਐਤਕੀਂ ਮਹਾਰਾਸ਼ਟਰ ਵਿੱਚ ਭਾਜਪਾ ਨੂੰ ਮਹਿਲਾਵਾਂ ਦੀ ਵੱਡੀ ਹਮਾਇਤ ਮਿਲੀ ਹੈ। ਮੁਰਲੀਧਰ ਮੋਹੋਲ ਦਾ ਨਾਂ ਸਭ ਤੋਂ ਉੱਤੇ ਦੱਸਿਆ ਜਾ ਰਿਹਾ ਹੈ। ਉਹ ਪੁਣੇ ਤੋਂ ਪਹਿਲੀ ਵਾਰ ਸਾਂਸਦ ਬਣੇ ਤੇ ਕੇਂਦਰ ਵਿੱਚ ਕੈਬਨਿਟ ਮੰਤਰੀ ਬਣਾ ਦਿੱਤੇ ਗਏ। ਕਈ ਸਾਲ ਤੱਕ ਪੁਣੇ ਦੇ ਮੇਅਰ ਰਹੇ ਹਨ।

ਮਾਮਲਾ ਬਿਸ਼ਨੋਈ ਇੰਟਰਵਿਊ ਦਾ

## ਸੀਨੀਅਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਨਾ ਕਰਨ ਕਾਰਨ ਹਾਈਕੋਰਟ ਸਰਕਾਰ ਤੋਂ ਨਰਾਜ਼

ਚੰਡੀਗੜ੍ਹ-ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਪੰਜਾਬ ਪੁਲਿਸ ਦੇ ਉਸ ਦੋਸ਼ੀ ਅਧਿਕਾਰੀ ਖ਼ਿਲਾਫ਼ ਸਖਤ ਕਾਰਵਾਈ ਕਰਨ ਨੂੰ ਕਿਹਾ ਹੈ, ਜਿਸ ਨੇ ਜੇਲ੍ਹ 'ਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਖਰੜ ਤੋਂ ਕ੍ਰਾਈਮ ਇੰਟੈਲੀਜੈਂਸ ਏਜੰਸੀ (ਸੀ.ਆਈ.ਏ.) ਵਿਚ ਪੁਲਿਸ ਹਿਰਾਸਤ ਦੌਰਾਨ ਟੀ.ਵੀ ਇੰਟਰਵਿਊ ਕਰਵਾਉਣ 'ਚ ਮਦਦ ਕੀਤੀ ਸੀ।






ਹਾਈਕੋਰਟ ਨੇ ਹੁਣ ਤੱਕ ਇਸ ਮਾਮਲੇ 'ਚ ਪੰਜਾਬ ਸਰਕਾਰ ਦੀ ਕਾਰਵਾਈ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਅਜੇ ਤੱਕ ਉੱਚ ਅਧਿਕਾਰੀਆਂ ਨੂੰ ਮੁਅੱਤਲ ਕਿਉਂ ਨਹੀਂ ਕੀਤਾ ਗਿਆ ਅਦਾਲਤ ਨੇ ਵੀਡੀਓ ਕਾਨਫਰੰਸਿੰਗ ਰਾਹੀਂ ਪੇਸ਼ ਹੋਏ ਰਾਜ ਦੇ ਗ੍ਰਹਿ ਸਕੱਤਰ ਨੂੰ ਫਿਟਕਾਰ ਲਗਾਉਂਦੇ ਹੋਏ ਕਿਹਾ ਕਿ ਤੁਸੀਂ ਇਸ ਮਾਮਲੇ 'ਚ ਦੋਹਰਾ ਰਵੱਈਆ ਅਪਣਾ ਰਹੇ ਹੋ। ਤੁਸੀਂ ਸਿਰਫ਼ ਛੋਟੇ ਮੁਲਾਜ਼ਮਾਂ ਖ਼ਿਲਾਫ਼ ਕਾਰਵਾਈ ਕਰ ਰਹੇ ਹੋ ਤੇ ਅਜੇ ਤੱਕ ਉਸ ਵੇਲੇ ਦੇ ਐੱਸ.ਐੱਸ.ਪੀ. ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਅਦਾਲਤ ਨੇ ਸਵਾਲ ਉਠਾਇਆ ਕਿ ਜਦੋਂ ਕਿਸੇ ਜੇਲ੍ਹ ਵਿਚ ਕੋਈ ਘਟਨਾ ਵਾਪਰਦੀ ਹੈ ਤਾਂ ਤੁਸੀਂ ਜੇਲ੍ਹ ਸੁਪਰਡੈਂਟ ਨੂੰ ਮੁਅੱਤਲ ਕਰ ਦਿੰਦੇ ਹੋ, ਇਸ ਮਾਮਲੇ 'ਚ ਤਤਕਾਲੀ ਐਸ.ਐਸ.ਪੀ. ਖ਼ਿਲਾਫ਼ ਕਾਰਵਾਈ ਕਿਉਂ ਨਹੀਂ ਕੀਤੀ ਗਈ। ਅਦਾਲਤ ਦੇ ਸਵਾਲ 'ਤੇ ਗ੍ਰਹਿ ਸਕੱਤਰ ਨੇ ਕਿਹਾ ਕਿ ਸਰਕਾਰ ਇਸ ਮਾਮਲੇ ਦੀ ਸੇਵਾਮੁਕਤ ਜੱਜ ਤੋਂ ਜਾਂਚ ਕਰਵਾ ਰਹੀ ਹੈ ਤੇ ਉਸ ਦੀ ਰਿਪੋਰਟ ਆਉਣ ਤੋਂ ਬਾਅਦ ਕਾਰਵਾਈ ਕੀਤੀ ਜਾਵੇਗੀ। ਇਸ 'ਤੇ ਅਦਾਲਤ ਨੇ ਕਿਹਾ ਕਿ ਤੁਸੀਂ ਜਾਂਚ ਕਿਵੇਂ ਕਰਵਾ ਸਕਦੇ ਹੋ, ਇਹ ਜਾਂਚ ਕਿਵੇਂ ਹੋਵੇਗੀ ਅਤੇ ਕੌਣ ਕਰੇਗਾ, ਇਹ ਅਸੀਂ ਤੈਅ ਕਰਾਂਗੇ। ਅਦਾਲਤ ਨੇ ਪੰਜਾਬ ਸਰਕਾਰ ਨੂੰ 10 ਦਸੰਬਰ ਤੱਕ ਦਾ ਸਮਾਂ ਦਿੰਦਿਆਂ ਕਿਹਾ ਕਿ ਅਦਾਲਤ ਦੇ ਪਿਛਲੇ ਹੁਕਮਾਂ ਅਨੁਸਾਰ ਐਸ.ਐਸ.ਪੀ. ਤੇ ਹੋਰ ਸੀਨੀਅਰ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰੇ ਨਹੀਂ ਤਾਂ ਅਦਾਲਤ ਇਸ ਮਾਮਲੇ ਵਿਚ ਸਖ਼ਤ ਹੁਕਮ ਦੇ ਸਕਦੀ ਹੈ।

## ਸਾਧ ਦੇ ਡੇਰੇ ਵਿਚੋਂ ਢਾਈ ਲੱਖ ਦੀ ਲੁੱਟ ਕਰਨ ਵਾਲਾ ਸੇਵਾਦਾਰ ਮੌਕੇ 'ਤੇ ਫੜਿਆ, 50 ਹਜ਼ਾਰ ਧੂਣੇ 'ਚ ਮੱਚੇ

ਬਰਨਾਲਾ-ਜ਼ਿਲ੍ਹੇ ਦੇ ਪਿੰਡ ਕੁਰੜ ਦੇ ਡੇਰਾ ਚਕੁਆਣਾ ਸਾਹਿਬ ਦੇ ਇੱਕ ਸੇਵਾਦਾਰ ਵੱਲੋਂ ਹੀ ਡੇਰੇ ਦੇ ਇੱਕ ਕਮਰੇ ਦੇ ਗੇਟ ਨੂੰ ਕੁਹਾੜੀ ਨਾਲ ਤੋੜ ਕੇ ਅੰਦਰ ਦਾਖਲ ਹੋਣ 'ਤੇ ਅਲਮਾਰੀ 'ਚੋਂ ਲੱਖਾਂ ਰੁਪਏ ਚੋਰੀ ਕਰਦੇ ਨੂੰ ਮੌਕੇ 'ਤੇ ਹੀ ਹੋਰ ਸੇਵਾਦਾਰਾਂ ਨੇ ਦਬੋਚਦਿਆਂ ਦੋ ਲੱਖ ਦੀ ਨਗਦੀ ਬਰਾਮਦ ਕੀਤੀ ਗਈ ਤੇ 50 ਹਜ਼ਾਰ ਉਸਨੇ ਚੱਲ ਰਹੇ ਧੂੰਣੇ 'ਚ ਸੁੱਟ ਦਿੱਤੇ, ਜੋ ਕਿ ਸੜ ਕੇ ਸਵਾਹ ਹੋ ਗਏ। ਦੋਸ਼ੀ ਨੂੰ ਥਾਣਾ ਠੁੱਲੀਵਾਲ ਪੁਲਿਸ ਹਵਾਲੇ ਕੀਤਾ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਬਾਬਾ ਭਗਵਾਨ ਦਾਸ ਨੇ ਇਸ ਮੌਕੇ ਪੁਲਿਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਕਾਬੂ ਕੀਤੇ ਗਏ ਇਸ ਘਟਨਾ ਨੂੰ ਅੰਜ਼ਾਮ ਦੇਣ ਵਾਲੇ ਖ਼ਿਲਾਫ਼ ਬਣਦੀ ਸਖ਼ਤ ਕਾਰਵਾਈ ਕੀਤੀ ਜਾਵੇ।

# ਅੰਧਵਿਸ਼ਵਾਸ ਦੇ ਚੱਕਰ ਵਿਚ ਪਏ ਪਰਿਵਾਰ ਨਾਲ ਤਾਂਤਰਿਕ ਨੇ ਮਾਰੀ ਠੱਗੀ

## ✪ ਹਜ਼ਾਰਾਂ ਰੁਪਏ ਦੇ ਸੋਨੇ ਦੇ ਗਹਿਣੇ ਅਤੇ ਨਕਦੀ ਲੈ ਕੇ ਫ਼ਰਾਰ ਹੋਏ

ਗੁਰਦਾਸਪੁਰ-ਗੁਰਦਾਸਪੁਰ ਜ਼ਿਲ੍ਹੇ ਦੇ ਧਾਰੀਵਾਲ ਕਸਬੇ 'ਵਿਚੋਂ ਧੋਖਾਧੜੀ ਦਾ ਵੱਡਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਠੱਗ ਇੱਕ ਪਰਿਵਾਰ ਨੂੰ ਗੁੰਮਰਾਹ ਕਰਕੇ ਹਜ਼ਾਰਾਂ ਰੁਪਏ ਦੇ ਸੋਨੇ ਦੇ ਗਹਿਣੇ ਅਤੇ ਨਕਦੀ ਲੈ ਕੇ ਫ਼ਰਾਰ ਹੋ ਗਏ। ਧੋਖਾਧੜੀ ਕਰਨ 'ਚ ਦੋ ਪੁਰਸ਼ ਅਤੇ ਇਕ ਔਰਤ ਸ਼ਾਮਲ ਹੈ। ਸੂਚਨਾ ਤੋਂ ਬਾਅਦ ਪੁਲਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਕਰ ਰਹੀ ਹੈ। ਪੁਲਸ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕਰ ਰਹੀ ਹੈ ਤਾਂ ਜੋ ਠੱਗਾਂ ਬਾਰੇ ਕੋਈ ਸੁਰਾਗ ਮਿਲ ਸਕੇ।

ਘਟਨਾ ਸਬੰਧੀ ਪਰਿਵਾਰਕ ਮੈਂਬਰ ਪਰਮਜੀਤ ਕੌਰ ਅਤੇ ਉਸ ਦੀ ਕੁੜੀ ਸ਼ਬਨਮਜੀਤ ਕੌਰ ਨੇ ਦੱਸਿਆ ਕਿ ਉਹ ਸਾਰੇ ਘਰ ਵਿੱਚ ਸਨ ਅਤੇ ਉਸ ਦਾ ਪਿਤਾ ਹਰਦੇਵ ਸਿੰਘ ਦੀ ਸਿਹਤ ਖਰਾਬ ਹੋਣ ਕਾਰਨ ਵਿਹੜੇ ਵਿੱਚ ਪਿਆ ਸੀ। ਫਿਰ ਇੱਕ ਵਿਅਕਤੀ ਉਸਦੇ ਘਰ ਆਇਆ ਅਤੇ ਉਸਦੀ ਮਾਂ ਨੂੰ ਪੁੱਛਣ ਲੱਗਾ ਕਿ ਇਸ ਇਲਾਕੇ ਵਿੱਚ ਸ਼ਿਵ ਮੰਦਰ ਕਿੱਥੇ ਹੈ। ਉਸ ਦੀ ਮਾਂ ਨੇ ਕਿਹਾ ਕਿ ਉਹ ਨਹੀਂ ਜਾਣਦੀ, ਫਿਰ ਉਹ ਅੱਗੇ ਵਧ ਗਿਆ। ਕੁਝ ਦੇਰ ਬਾਅਦ ਇੱਕ ਔਰਤ ਅਤੇ ਇੱਕ ਆਦਮੀ ਉਸਦੇ ਘਰ ਆਏ ਅਤੇ ਪੁੱਛਣ ਲੱਗੇ ਕਿ ਬਾਬਾ ਜੀ ਕੀ ਪੁੱਛ ਰਹੇ ਹਨ। ਫਿਰ ਉਸਦੀ ਮਾਂ ਨੇ ਕਿਹਾ ਕਿ ਉਹ ਸ਼ਿਵ ਮੰਦਰ ਬਾਰੇ ਪੁੱਛ ਰਿਹਾ ਹੈ। ਇਸ ਦੌਰਾਨ ਦੋਵਾਂ ਨੇ ਕਿਹਾ ਕਿ ਉਹ ਬਹੁਤ ਉੱਨਤ ਬਾਬਾ ਹੈ। ਉਸ ਕੋਲ ਬਹੁਤ ਗਿਆਨ ਹੈ, ਬਾਬਾ ਤੇਰੇ ਪਤੀ ਨੂੰ ਠੀਕ ਕਰ ਦੇਣਗੇ।



ਗੱਲਾਂ ਕਰਦਿਆਂ ਹੀ ਬਾਬਾ ਉਸ ਦੇ ਪਤੀ ਨੂੰ ਅੰਦਰ ਕਮਰੇ ਵਿਚ ਲੈ ਗਿਆ ਅਤੇ ਉਸ ਦੀ ਪਤਨੀ ਨੂੰ ਕਹਿਣ ਲੱਗਾ ਕਿ ਜਿੰਨੇ ਵੀ ਗਹਿਣੇ ਅਤੇ ਪੈਸੇ ਹਨ ਉਸ ਨੂੰ ਦਿਓ ਮੈਂ ਦੋਗੁਣੇ ਕਰ ਦੇਵਾਂਗਾ। ਅੰਧਵਿਸ਼ਵਾਸ ਕਾਰਨ ਉਨ੍ਹਾਂ ਨੇ ਗਹਿਣੇ ਅਤੇ ਪੈਸੇ ਲੈ ਕੇ ਬਾਬਾ ਨੂੰ ਦੇ ਦਿੱਤੇ ਅਤੇ ਬਾਬੇ ਨੇ ਬੜੀ ਚਲਾਕੀ ਨਾਲ ਉਹ ਸਾਰਾ ਪੈਸਾ ਅਤੇ ਗਹਿਣੇ ਇੱਕ ਗੁੱਥੀ 'ਚ ਪਾ ਦਿੱਤੇ ਅਤੇ ਬੜੀ ਚਲਾਕੀ ਨਾਲ ਗੁੱਥੀ ਬਦਲ ਦਿੱਤੀ। ਜਿਸ ਤੋਂ ਬਾਅਦ ਬਾਬਾ ਨੇ ਇਕ ਗੁੱਥੀ ਬੰਡਲ ਉਨ੍ਹਾਂ ਨੂੰ ਸੌਂਪ ਕੇ ਘਰ ਦੇ ਮੰਦਰ ਵਿਚ ਰੱਖਣ ਲਈ ਕਿਹਾ। ਇਸ ਦੌਰਾਨ ਉਸ ਦੀ ਮਾਂ ਨੇ ਗੁੱਥੀ ਲੈ ਕੇ ਅੰਦਰ ਚਲੀ ਗਈ ਅਤੇ ਬਾਬੇ ਦੇ ਨਾਲ ਮੌਜੂਦ ਔਰਤ ਅਤੇ ਵਿਅਕਤੀ ਘਰੋਂ ਚਲੇ ਗਏ।

ਇਸ ਦੌਰਾਨ ਜਦੋਂ ਪਰਮਜੀਤ ਦੀ ਧੀ ਨੇ ਗੁੱਥੀ ਨੂੰ ਦੇਖਿਆ ਤਾਂ ਉਸ ਨੇ ਕਿਹਾ ਜੋ ਗੁੱਥੀ ਬਾਬੇ ਨੂੰ ਦਿੱਤੀ ਸੀ, ਉਹ ਗੁੱਥੀ ਇਸ ਨਾਲੋਂ ਬਹੁਤ ਵੱਡੀ ਸੀ ਪਰ ਜੋ ਬਾਬੇ ਨੇ ਉਸ ਨੂੰ ਦਿੱਤੀ ਹੈ ਉਹ ਕਾਫ਼ੀ ਛੋਟੀ ਹੈ। ਫਿਰ ਜਦੋਂ ਦੇਖਿਆ ਤਾਂ ਗੁੱਥੀ ਖਾਲੀ ਸੀ ਅਤੇ ਜਦੋਂ ਕਮਰੇ ਵਿਚੋਂ ਬਾਹਰ ਆ ਕੇ ਵੇਖਿਆ ਤਾਂ ਸਾਰੇ ਉਥੋਂ ਭੱਜ ਚੁੱਕੇ ਸਨ। ਫਿਰ ਉਨ੍ਹਾਂ ਨੇ ਇਸ ਸਬੰਧੀ ਪੁਲਸ ਨੂੰ ਸੂਚਿਤ ਕੀਤਾ ਅਤੇ ਪੁਲਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਫਿਲਹਾਲ ਪੁਲਸ ਆਸ-ਪਾਸ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ਦੀ ਜਾਂਚ ਕਰ ਰਹੀ ਹੈ।

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਅਨਪੜ੍ਹ ਬੀਬੀਆਂ ਇਕ ਸਾਧਾਰਨ ਜਿਹੇ ਬੰਦੇ ਨੂੰ ਰੱਬ ਦਾ ਦਰਜਾ ਦੇਣ ਲੱਗਿਆ ਬਹੁਤਾ ਸਮਾਂ ਨਹੀਂ ਲਾਉਂਦੀਆਂ ਜ਼ੇਕਰ ਕੋਈ ਸੂਝਵਾਨ ਵਿਅਕਤੀ ਇੰਨਾ ਅੰਧਵਿਸ਼ਵਾਸ ਦੇ ਸ਼ਿਕਾਰ ਹੋਇਆਂ ਨੂੰ ਇਹਨਾਂ ਆਖੌਤੀ ਬਾਬਿਆਂ ਕੋਲ ਜਾਣ ਤੋਂ ਰੋਕਦਾ ਹੈ ਤਾਂ ਉਸਦੀ ਸੁਣਨ ਦੀ ਬਜਾਏ ਉਲਟਾ ਉਸਨੂੰ ਹੀ ਇਕ ਵਾਰ ਚੱਲ ਕੇ ਤਾਂਤਰਿਕ ਬਾਬੇ ਦੇ ਰਹੱਸਮਈ ਚਮਤਕਾਰ ਦੇਖਣ ਦੀ "ਫਿੱਟੇਮੂੰਹ" ਵਾਲੀ ਸਲਾਹ ਦਿੰਦੇ ਹਨ। ਇਹ ਤਾਂਤਰਿਕ ਬਾਬੇ ਲੋਕਾਂ ਦੀ ਆਪਣੇ ਭਵਿੱਖ ਬਾਰੇ ਜਾਣਨ ਦੀ ਚਾਹਤ, ਰਾਤੋ ਰਾਤ ਅਮੀਰ ਬਣਨ ਦੀ ਲਾਲਸਾ ਅਤੇ ਅਗਲੇ ਪਿਛਲੇ ਜਨਮ ਨੂੰ ਜਾਨਣ ਦੀ ਝੂਠੀ ਤਾਂਘ ਕਾਰਨ ਉਹਨਾਂ ਨੂੰ ਇਸ ਅੰਧਵਿਸ਼ਵਾਸ ਦੇ ਚੱਕਰ ਵਿੱਚ ਫਸਾ ਕੇ ਰੱਖਦੇ ਹਨ। ਇਸ ਅੰਧਵਿਸ਼ਵਾਸ ਦੀ ਦੁਕਾਨ ਨੂੰ ਬੰਦ ਕਰਵਾਉਣ ਲਈ ਸਾਰੀਆਂ ਧਾਰਮਿਕ ਅਤੇ ਸਮਾਜਿਕ ਜੱਥੇਬੰਦੀਆ ਨੂੰ ਅੱਗੇ ਆਉਣਾ ਚਾਹੀਦਾ ਹੈ। ਹਰ ਇਕ ਵਿਅਕਤੀ ਨੂੰ ਚੰਗਾ ਪੜ੍ਹਨ ਅਤੇ ਸੁਣਨ ਦੀ ਜਰੂਰਤ ਹੈ। ਕਿਉਂਕਿ ਇਹ ਅੰਧਵਿਸ਼ਵਾਸ ਜਦੋਂ ਵੀ ਕਿਸੇ ਦੇ ਘਰ ਅੰਦਰ ਵੜ ਜਾਂਦਾ ਹੈ ਫਿਰ ਇਹ ਪੀੜ੍ਹੀ-ਦਰ-ਪੀੜ੍ਹੀ ਨੂੰ ਆਪਣੀ ਲਪੇਟ ਵਿੱਚ ਲੈਕੇ ਸਿਉਂਕ ਵਾਂਗ ਖਾਂਦਾ ਹੈ। ਸਮੇਂ ਦੇ ਅਨੁਸਾਰ ਸਾਨੂੰ ਜਾਗਰੂਕ ਹੋਣ ਅਤੇ ਕਰਨ ਦੀ ਲੋੜ ਹੈ। ਕਿਤੇ ਇਹ ਨਾ ਹੋਵੇ ਕਿ ਪਿਛਲੀਆਂ ਸਦੀਆਂ ਵਾਂਗ ਭਾਰਤ ਦੀ ਇਹ 21ਵੀਂ ਸਦੀ ਵੀ ਇੰਨਾ ਢੋਂਗੀ ਤਾਂਤਰਿਕਾਂ ਅਤੇ ਆਖੌਤੀ ਸਾਧਾਂ ਨੂੰ ਹੀ ਰੱਬ ਮੰਨਕੇ ਪਤਿਆਉਣ ਵਿੱਚ ਗੁਜ਼ਰ ਜਾਵੇ।

# ਆਨਲਾਈਨ ਠੱਗਾਂ ਨੇ 30 ਲੱਖ 49 ਹਜ਼ਾਰ ਦੀ ਮਾਰੀ ਠੱਗੀ

## ✪ ਸਾਈਬਰ ਕਰਾਈਮ ਬਟਾਲਾ ਵਿਖੇ ਬਣਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ

ਬਟਾਲਾ-ਨੌਸਰਬਾਜ਼ਾਂ ਵਲੋਂ ਇਕ ਵਿਅਕਤੀ ਨਾਲ 30 ਲੱਖ 49 ਹਜ਼ਾਰ ਰੁਪਏ ਦੀ ਆਨਲਾਈਨ ਠੱਗੀ ਮਾਰਨ ਦੇ ਮਾਮਲੇ ਵਿਚ ਸਾਈਬਰ ਕ੍ਰਾਈਮ ਥਾਣੇ ਵਿਚ ਕੇਸ ਦਰਜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਇੰਸਪੈਕਟਰ ਸੁਰਿੰਦਰਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਰੋਹਿਤ ਚੰਦਰ ਬਟਾਲਾ ਨੇ ਦਿੱਤੀ ਦਰਖ਼ਾਸਤ ਵਿਚ ਲਿਖਿਆ ਹੈ ਕਿ ਕਰੀਬ 2 ਮਹੀਨੇ ਪਹਿਲਾਂ ਉਸ ਨੂੰ ਅਰਿਕਾ ਰਾਏ ਨਾਂ ਦੀ ਲੜਕੀ ਦੀ ਵਟਸਐਪ ਕਾਲ ਆਈ ਕਿ ਉਹ ਸੀ.ਜੀ.ਜੀ.ਸੀ. (ਸੈਂਚੁਰੀ ਗਲੋਬਲ ਗੋਲਡ ਕੈਪੀਟਲ) ਕੰਪਨੀ ਵਿਚ ਕੰਮ ਕਰਦੀ ਹੈ ਅਤੇ ਕੰਪਨੀ ਵਿਚ ਟਰੇਡਿੰਗ ਦਾ ਬਹੁਤ ਵਧੀਆ ਪ੍ਰੋਫਿਟ ਮਿਲਦਾ ਹੈ ਅਤੇ ਤੁਸੀਂ ਵੀ ਇਨਵੈਂਸਟ ਕਰੋ।

ਉਕਤ ਦਰਖਾਸਤਕਰਤਾ ਮੁਤਾਬਕ ਇਸਦੀ ਪੁਸ਼ਟ ਕੰਪਨੀ ਦੇ ਮਨਦੀਪ ਸਿੰਘ ਨੇ ਵਟਸਐਪ ਕਾਲ ਰਾਹੀਂ ਕੀਤੀ ਅਤੇ ਬੀਤੀ 26 ਸਤੰਬਰ 2024 ਨੂੰ ਉਸ ਨੇ ਗੂਗਲ ਐਪ ਰਾਹੀਂ ਉਕਤ ਕੰਪਨੀ ਵਿਚ ਸੀ.ਜੀ.ਜੀ.ਸੀ ਐਪ ਰਾਹੀਂ 20 ਹਜ਼ਾਰ ਰੁਪਏ ਲਗਾਏ, ਜਿਸ 'ਤੇ ਉਸ ਨੂੰ 4 ਹਜ਼ਾਰ ਦਾ ਫਾਇਦਾ ਹੋਇਆ, ਜੋ ਉਸ ਨੇ ਕਢਵਾ ਲਏ। ਇੰਸਪੈਕਟਰ ਸੁਰਿੰਦਰਪਾਲ ਸਿੰਘ ਨੇ ਜਾਣਕਾਰੀ ਦਿੰਦਿਆਂ ਅੱਗੇ ਦੱਸਿਆ ਕਿ ਇਸਦੇ ਬਾਅਦ ਉਕਤ ਦਰਖਾਸਤਕਰਤਾ ਨੇ ਆਪਣੀ ਦਰਖਾਸਤ ਵਿਚ ਪੁਲਸ ਨੂੰ ਇਹ ਵੀ ਦੱਸਿਆ ਹੈ ਕਿ ਨੌਸਰਬਾਜ਼ਾਂ ਦੇ ਕਹਿਣ 'ਤੇ ਵੱਖ-ਵੱਖ ਤਾਰੀਕਾਂ ਨੂੰ ਉਸ ਨੇ 25 ਲੱਖ 49 ਹਜ਼ਾਰ ਰੁਪਏ ਟਰੇਡਿੰਗ ਵਿਚ ਲਗਾਏ ਅਤੇ ਜਦੋਂ 1ਨਵੰਬਰ.2024 ਨੂੰ ਆਪਣੇ ਪੈਸੇ ਕਢਵਾਉਣ ਦੀ ਕੋਸ਼ਿਸ਼ ਕੀਤੀ ਤਾਂ ਕੰਪਨੀ ਨੇ ਈਮੇਲ ਰਾਹੀਂ ਮੈਸੇਜ ਕੀਤਾ ਕਿ ਤੁਹਾਡੇ ਪੈਸੇ ਮਨੀਲੈਂਡਰਿੰਗ ਤਹਿਤ ਜ਼ਬਤ ਕਰ ਲਏ ਗਏ ਹਨ, ਇਸ ਲਈ ਤੁਸੀਂ 5 ਲੱਖ 48,000 ਰੁਪਏ ਜਮ੍ਹਾ ਕਰਵਾਓ ਤਾਂ ਤੁਹਾਡੇ ਪੈਸੇ ਨਿਕਲਣਗੇ, ਜਿਸ 'ਤੇ ਉਸ ਨੇ ਬੀਤੀ 11 ਨਵੰਬਰ 2024 ਨੂੰ 5 ਲੱਖ ਰੁਪਏ ਨੌਸਰਬਾਜ਼ਾਂ ਦੇ ਬੈਂਕ ਖਾਤੇ ਵਿਚ ਜਮ੍ਹਾ ਕਰਵਾਏ, ਪਰ ਉਕਤ ਵਿਅਕਤੀ ਸਾਰੀ ਰਕਮ ਡੁੱਬਣ ਦੀ ਧਮਕੀ ਦੇ ਕੇ ਹੋਰ ਪੈਸੇ ਜਮ੍ਹਾ ਕਰਵਾਉਣ ਦਾ ਦਬਾਅ ਉਸ 'ਤੇ ਬਣਾਉਂਦੇ ਰਹੇ ਹਨ, ਜਿਸ 'ਤੇ ਉਸ ਨਾਲ ਨੌਸਰਬਾਜ਼ਾਂ ਵਲੋਂ 30,49,000 ਰੁਪਏ ਦੀ ਆਨਲਾਈਨ ਠੱਗੀ ਮਾਰੀ ਗਈ ਹੈ।

ਉਕਤ ਪੁਲਸ ਅਧਿਕਾਰੀ ਨੇ ਅੱਗੇ ਦੱਸਿਆ ਕਿ ਉਕਤ ਮਾਮਲੇ ਸਬੰਧੀ ਕਾਰਵਾਈ ਕਰਦਿਆਂ ਅਣਪਛਾਤਿਆਂ ਵਿਰੁੱਧ ਥਾਣਾ ਸਾਈਬਰ ਕਰਾਈਮ ਬਟਾਲਾ ਵਿਖੇ ਬਣਦੀਆਂ ਧਾਰਾਵਾਂ ਤਹਿਤ ਕੇਸ ਦਰਜ ਕਰ ਦਿੱਤਾ ਗਿਆ ਹੈ।

# ਪੰਜਾਬਣ ਵੈਂਡੀ ਮੇਹਟ ਕੈਨੇਡਾ ਦੀ ਪੁਲਿਸ ਵਿਚ ਚੀਫ਼ ਸੁਪਰਡੈਂਟ ਬਣੀ

ਐਬਟਸਫੋਰਡ-ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੀ ਸੀਨੀਅਰ ਪੰਜਾਬਣ ਅਧਿਕਾਰੀ



ਵੈਂਡੀ ਮੇਹਟ ਨੂੰ ਚੀਫ਼ ਸੁਪਰਡੈਂਟ ਬਣਾਇਆ ਗਿਆ ਹੈ ਵੈਂਡੀ ਮੇਹਟ ਨੂੰ ਬੀ. ਸੀ. ਆਰ. ਸੀ. ਐਮ.ਪੀ. ਵਿਚ ਸਰੀ ਆਰ.ਸੀ.ਐਮ.ਪੀ. ਪ੍ਰੋਵਿੰਸ਼ਲ ਓਪਰੇਸ਼ਨਜ਼ ਸਪੋਰਟ ਯੂਨਿਟ ਦੀ ਅਫ਼ਸਰ ਇੰਚਾਰਜ ਨਿਯੁਕਤ ਕੀਤਾ ਹੈ। ਯੂਨੀਵਰਸਿਟੀ ਤੋਂ ਉੱਚ ਵਿੱਦਿਆ ਪ੍ਰਾਪਤ ਕਰਨ ਤੋਂ ਬਾਅਦ ਵੈਂਡੀ ਮੇਹਟ ਸੰਨ 2000 ਵਿਚ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਵਿਚ ਬਤੌਰ ਪੈਟਰੋਲ ਕਾਂਸਟੇਬਲ ਭਰਤੀ ਹੋਈ ਸੀ, ਫਿਰ ਸਾਰਜੈਂਟ ਤੋਂ ਇੰਸਪੈਕਟਰ ਤੇ ਫਿਰ ਮਈ 2021 ਵਿਚ ਵੈਂਡੀ ਮੇਹਟ ਨੂੰ ਤਰੱਕੀ ਦੇ ਕੇ ਬ੍ਰਿਮਸ਼ ਕੋਲੰਬੀਆ ਸੂਬੇ ਦੇ 2 ਸ਼ਹਿਰਾਂ ਮੈਪਲ ਰਿੱਜ ਤੇ ਪਿੱਟਮਿੱਡੋ ਦੀ ਪੁਲਿਸ ਸੁਪਰਡੈਂਟ ਨਿਯੁਕਤ ਕੀਤਾ ਸੀ ਕੈਨੇਡਾ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ 'ਚ ਕਿਸੇ ਪੰਜਾਬਣ ਪੁਲਿਸ ਅਧਿਕਾਰੀ ਨੂੰ 2 ਸ਼ਹਿਰਾਂ ਦੀ ਸੁਪਰਡੈਂਟ ਪੁਲਿਸ ਬਣਾਇਆ ਗਿਆ ਹੋਵੇ। ਬ੍ਰਿਟਿਸ਼ ਕੋਲੰਬੀਆ ਐਸੋਸੀਏਸ਼ਨ ਆਫ਼ ਚੀਫ਼ਸ ਆਫ਼ ਪੁਲਿਸ ਦੀ ਉਪ ਪ੍ਰਧਾਨ ਵੈਂਡੀ ਮੇਹਟ ਦੇ ਪਤੀ ਵੀ ਆਰ.ਸੀ.ਐਮ.ਪੀ. 'ਚ ਸੇਵਾਵਾਂ ਨਿਭਾਅ ਰਹੇ ਹਨ। ਚੀਫ਼ ਸੁਪਰਡੈਂਟ ਵੈਂਡੀ ਮੇਹਟ ਕੈਨੇਡਾ ਦੀ ਇੰਟੈਗਰੇਟਿਡ ਨੈਸ਼ਨਲ ਸਕਿਉਰਿਟੀ ਐਨਫੋਰਸਮੈਂਟ ਟੀਮ, ਫੈਡਰਲ ਸੀਰੀਅਸ ਤੇ ਓਰਗੇਨਾਈਜ਼ਡ ਕਰਾਈਮ ਯੂਨਿਟ ਸਮੇਤ ਕਈ ਪੁਲਿਸ ਏਜੰਸੀਆਂ ਨਾਲ ਆਪਣੀਆਂ ਸੇਵਾਵਾਂ ਨਿਭਾਅ ਚੁੱਕੀ ਹੈ।

# ਸਟੇਜ-4 ਕੈਂਸਰ ਦਾ ਡਾਕਟਰੀ ਇਲਾਜ਼ ਨਾਲ ਹੀ ਹੋ ਸਕਦੈ ਹੈ ਠੀਕ

## ✪ ਨਵਜੋਤ ਸਿੱਧੂ ਦੇ ਦੇਸੀ ਫਾਰਮੂਲੇ ਬਾਰੇ ਡਾਕਟਰ ਸਹਿਮਤ ਨਹੀਂ

ਹਾਲ ਹੀ ਵਿਚ ਨਵਜੋਤ ਸਿੰਘ ਸਿੱਧੂ ਨੇ ਇੱਕ ਵੀਡੀਓ ਰਾਹੀਂ ਦੱਸਿਆ ਕਿ ਛਾਤੀ ਦੇ ਕੈਂਸਰ ਤੋਂ ਪੀੜਤ ਉਨ੍ਹਾਂ ਦੀ ਪਤਨੀ ਨੇ ਹੁਣ ਇਸ ਗੰਭੀਰ ਬਿਮਾਰੀ ਨੂੰ ਹਰਾ ਦਿੱਤਾ ਹੈ ਅਤੇ ਪੂਰੀ ਤਰ੍ਹਾਂ ਠੀਕ ਹੋ ਗਈ ਹੈ। ਇਹ ਖ਼ਬਰ ਕਾਫ਼ੀ ਰਾਹਤ ਵਾਲੀ ਸੀ, ਪਰ ਜਦੋਂ ਸਿੱਧੂ ਨੇ ਇਸ ਵੀਡੀਓ ਵਿੱਚ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਤਨੀ ਨੇ ਰੁਕ-ਰੁਕ ਕੇ ਵਰਤ ਰੱਖਣ, ਹਰਬਲ ਡਰਿੰਕਸ, ਨਿੰਮ ਅਤੇ ਹਲਦੀ ਵਰਗੀਆਂ ਜੜ੍ਹੀਆਂ ਬੂਟੀਆਂ ਦੀ ਮਦਦ ਨਾਲ ਕੈਂਸਰ ਨੂੰ ਠੀਕ ਕਰ ਦਿੱਤਾ ਹੈ ਤਾਂ ਇਸ ਨੂੰ ਲੈ ਕੇ ਸੋਸ਼ਲ ਮੀਡੀਆ 'ਤੇ ਉਸ ਨੂੰ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ।

ਕੁਝ ਸਿਹਤ ਮਾਹਰਾਂ ਨੇ ਵੀਡੀਓ ਵਿੱਚ ਕੀਤੇ ਗਏ ਉਸ ਦੇ ਕੁਝ ਦਾਅਵਿਆਂ ਨੂੰ ਗੈਰ-ਵਿਗਿਆਨਕ ਤੇ ਡਾਕਟਰੀ ਭਰੋਸੇਯੋਗਤਾ ਦੀ ਘਾਟ ਦੱਸਦਿਆਂ ਰੱਦ ਕਰ ਦਿੱਤਾ ਹੈ। ਅਜਿਹੀ ਸਥਿਤੀ ਵਿੱਚ ਉਸ ਦੇ ਦਾਅਵੇ ਦੀ ਸੱਚਾਈ ਜਾਣਨ ਲਈ, ਅਸੀਂ ਮੈਕਸ ਇੰਸਟੀਚਿਊਟ ਆਫ਼ ਕੈਂਸਰ ਕੇਅਰ ਦੇ ਚੇਅਰਮੈਨ ਡਾ: ਹਰਿਤ ਚਤੁਰਵੇਦੀ ਤੇ ਐਂਡਰੋਮੇਡਾ ਕੈਂਸਰ ਹਸਪਤਾਲ, ਸੋਨੀਪਤ ਵਿੱਚ ਬ੍ਰੈਸਟ ਓਨਕੋਲੋਜੀ, ਸਰਜੀਕਲ ਓਨਕੋਲੋਜੀ, ਡਾ. ਵੈਸ਼ਾਲੀ ਜਾਮਰੇ ਨਾਲ ਗੱਲ ਕੀਤੀ।

### ਕੀ ਡਾਈਟ ਨਾਲ ਠੀਕ ਹੋ ਸਕਦਾ ਹੈ ਕੈਂਸਰ

ਡਾਕਟਰ ਵੈਸ਼ਾਲੀ ਅਨੁਸਾਰ, ਇਕੱਲੇ ਡਾਈਟ ਨਾਲ ਸਟੇਜ-4 ਕੈਂਸਰ ਦਾ ਇਲਾਜ ਨਹੀਂ ਕੀਤਾ ਸਕਦਾ। ਇੱਕ ਸੰਤੁਲਿਤ ਤੇ ਪੌਸ਼ਟਿਕ ਡਾਈਟ ਆਪਣੀ ਆਮ ਸਿਹਤ ਨੂੰ ਸੁਧਾਰ ਸਕਦੀ ਹੈ, ਇਮਿਊਨਿਟੀ ਨੂੰ ਵਧਾ ਸਕਦੀ ਹੈ ਪਰ ਕੈਂਸਰ ਦਾ ਇਲਾਜ ਨਹੀਂ ਕਰ ਸਕਦੀ। ਕੈਂਸਰ ਦੇ ਇਲਾਜ ਵਿੱਚ ਆਮ ਤੌਰ 'ਤੇ ਸਰਜਰੀ, ਕੀਮੋਥੈਰੇਪੀ, ਰੇਡੀਏਸ਼ਨ ਥੈਰੇਪੀ, ਤੇ ਇਮਯੂਨੋਥੈਰੇਪੀ ਵਰਗੀਆਂ ਮੈਡੀਟੇਸ਼ਨ ਟਰੀਟਮੈਂਟ ਸ਼ਾਮਲ ਹੁੰਦਾ ਹੈ। ਇੱਕ ਚੰਗੀ ਡਾਈਟ ਸਰੀਰ ਨੂੰ ਮਜ਼ਬੂਤ ਬਣਾ ਕੇ, ਥਕਾਵਟ ਨੂੰ ਘਟ ਕਰਕੇ ਤੇ ਲਾਈਫ ਸਟਾਈਲ ਦੀ ਕੁਆਲਿਟੀ ਵਿੱਚ ਸੁਧਾਰ ਕਰਕੇ ਮੈਡੀਕਲ ਕੇਅਰ ਦਿੰਦੀ ਹੈ, ਪਰ ਇਹ ਕੈਂਸਰ ਦੇ ਇਲਾਜ ਦਾ ਰਿਪਲੇਸਮੈਂਟ ਨਹੀਂ ਹੈ।

ਡਾਈਟ ਕੈਂਸਰ ਦੇ ਲੱਛਣਾਂ ਨੂੰ ਮੈਨੇਜ ਕਰਨ ਤੇ ਤੁਹਾਨੂੰ ਸਿਹਤਮੰਦ ਰੱਖਣ ਵਿੱਚ ਮਦਦ ਕਰਦੀ ਹੈ ਪਰ ਇਹ ਕੈਂਸਰ ਦਾ ਇਲਾਜ ਨਹੀਂ ਹੈ। ਲੋਕਾਂ ਨੂੰ ਕੁਝ ਡਾਈਟ 'ਚ ਖ਼ਾਸ ਬਦਲਾਅ ਕਰਨ ਤੋਂ ਬਾਅਦ ਵਧੀਆ ਮਹਿਸੂਸ ਹੋ ਸਕਦਾ ਹੈ ਪਰ ਇਸ ਦਾਅਵੇ ਨੂੰ ਸਪੋਰਟ ਕਰਨ ਲਈ ਕੋਈ ਵਿਗਿਆਨਕ ਸਬੂਤ ਨਹੀਂ ਹੈ ਕਿ ਸਿਰਫ ਡਾਈਟ ਨਾਲ ਕੈਂਸਰ ਦਾ ਇਲਾਜ ਹੋ ਸਕਦਾ ਹੈ, ਖਾਸ ਤੌਰ 'ਤੇ ਸਟੇਜ 4 ਵਰਗੇ ਜ਼ਿਆਦਾ ਗੰਭੀਰ ਸਟੇਜ ਵਿੱਚ। ਕੈਂਸਰ ਦੇ ਇਲਾਜ ਵਿੱਚ ਨਿਊਟ੍ਰਿਸ਼ਨ ਮਰੀਜ਼ਾਂ ਨੂੰ ਸਾਈਡ ਇਫੈਕਟ ਨਾਲ ਉਭਰਨ, ਮਜ਼ਬੂਤ ਰਹਿਣ ਤੇ ਇਮਿਊਨਿਟੀ ਨੂੰ ਮਜ਼ਬੂਤ ਕਰਨ ਵਿੱਚ ਮਦਦ ਕਰਦਾ ਹੈ।



### ਕੈਂਸਰ ਟ੍ਰੀਟਮੈਂਟ ਤੇ ਖੁਰਾਕ

ਪੌਸ਼ਟਿਕ ਤੱਤਾਂ ਨਾਲ ਭਰਪੂਰ ਇੱਕ ਸਿਹਤਮੰਦ ਖੁਰਾਕ ਮਰੀਜ਼ਾਂ ਨੂੰ ਕੈਂਸਰ ਦੇ ਇਲਾਜਾਂ ਜਿਵੇਂ ਕਿ ਕੀਮੋਥੈਰੇਪੀ ਜਾਂ ਰੇਡੀਏਸ਼ਨ ਦੇ ਨਤੀਜਿਆਂ ਨਾਲ ਨਜਿੱਠਣ ਵਿੱਚ ਮਦਦ ਕਰ ਸਕਦੀ ਹੈ। ਹਾਲਾਂਕਿ, ਇਹ ਸਮਝਣਾ ਮਹੱਤਵਪੂਰਨ ਹੈ ਕਿ ਕੈਂਸਰ ਇੱਕ ਗੁੰਝਲਦਾਰ ਸਥਿਤੀ ਹੈ, ਜੋ ਜੀਵਨ ਲਈ ਖ਼ਤਰਾ ਹੈ। ਅਜਿਹੀਆਂ ਬਿਮਾਰੀਆਂ ਲਈ ਆਮ ਤੌਰ 'ਤੇ ਜ਼ਿਆਦਾਤਰ ਮਾਮਲਿਆਂ ਵਿੱਚ ਸਰਜਰੀ, ਕੀਮੋਥੈਰੇਪੀ ਅਤੇ ਰੇਡੀਏਸ਼ਨ ਵਰਗੇ ਇਲਾਜ ਦੀ ਲੋੜ ਹੁੰਦੀ ਹੈ। ਇਸ ਲਈ, ਇਹ ਦਾਅਵਾ ਕਰਨਾ ਬਹੁਤ ਗੁਮਰਾਹਕੁੰਨ ਅਤੇ ਖ਼ਤਰਨਾਕ ਹੈ ਕਿ ਖੁਰਾਕ ਉਹਨਾਂ ਮਰੀਜ਼ਾਂ ਲਈ ਇਲਾਜ ਵਜੋਂ ਕੰਮ ਕਰਦੀ ਹੈ ਜਿਨ੍ਹਾਂ ਨੂੰ ਪੜਾਅ 4 ਕੈਂਸਰ ਹੋ ਸਕਦਾ ਹੈ।

### ਕਿਵੇਂ ਹੁੰਦਾ ਹੈ ਕੈਂਸਰ ਦਾ ਇਲਾਜ

ਇਸ ਦੇ ਨਾਲ ਹੀ ਡਾ: ਹਰਿਤ ਚਤੁਰਵੇਦੀ ਦਾ ਕਹਿਣਾ ਹੈ ਕਿ ਮਾਡਰਨ ਮੈਡੀਕਲ ਅਨੁਸਾਰ ਬਿਮਾਰੀ ਦੇ ਸ਼ੁਰੂਆਤੀ ਪੜਾਅ ਵਿੱਚ ਮੌਜੂਦ ਕੈਂਸਰ ਦੇ 80% ਤੋਂ ਜ਼ਿਆਦਾ ਮਾਮਲੇ ਦਾ ਸਟੈਂਡਰਡ ਟ੍ਰੀਟਮੈਂਟ ਨਾਲ ਇਲਾਜ ਸੰਭਵ ਹੋਇਆ ਹੈ। ਇੱਥੋਂ ਤੱਕ ਕਿ ਪੜਾਅ 3 ਤੇ 4 ਵਿੱਚ ਵਰਤਮਾਨ 'ਚ ਸਾਰੇ ਕੇਸਾਂ ਵਿੱਚੋਂ ਲਗਪਗ 50% ਦਾ ਇਲਾਜ ਸੰਭਵ ਹੈ। ਡਾਕਟਰਾਂ ਦਾ ਕਹਿਣਾ ਹੈ ਕਿ ਕੈਂਸਰ ਕੋਈ ਅਜਿਹੀ ਬਿਮਾਰੀ ਨਹੀਂ ਹੈ ਜਿਸ ਦਾ ਇਲਾਜ ਕਿਸੇ ਇੱਕ ਜਾਦੂਈ ਫਾਰਮੂਲੇ ਨਾਲ ਨਾ ਹੋ ਜਾਵੇ। ਕੈਂਸਰ ਦਾ ਇਲਾਜ ਇਸ ਦੀਆਂ ਕਿਸਮਾਂ, ਸਪੈਸ਼ਲ ਕੈਂਸਰ ਸੈੱਲਾਂ ਵਿੱਚ ਜੈਨੇਟਿਕ ਬਦਲਾਅ, ਕੈਂਸਰ ਨਾਲ ਪ੍ਰਭਾਵਿਤ ਅੰਗ, ਨਿਦਾਨ ਦਾ ਸਮਾਂ, ਹੋਰ ਟਿਊਮਰ ਜਿਵੇਂ ਕਿ ਕਾਰਕਾਂ ਦੇ ਆਧਾਰ 'ਤੇ ਹੈ। ਅਜਿਹੀ ਸਥਿਤੀ ਵਿੱਚ ਡਾਕਟਰ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਕਹਾਣੀਆਂ ਤੋਂ ਗੁੰਮਰਾਹ ਨਾ ਹੋਣ ਜਿਨ੍ਹਾਂ ਵਿੱਚ ਵਿਗਿਆਨਕ ਸਬੂਤਾਂ ਤੇ ਤੱਥਾਂ ਦੀ ਘਾਟ ਹੈ।


GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available


ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD Supporting a greener future
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved



ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's First Asian Marriage Bureau

Personal UK office based matchmaking service for BRITISH males & females of all ages from 20's to 70's
Professional, graduates and non-graduates, single, divorced and widowed, with and without children
*Guaranteed introduction service*



Please feel free to contact
Mr. Parag Bhargava or
Mrs. Ashaa Bhargava
to discuss your requirements
without obligation!

*We are available from 10.00am to 5.00pm Monday to Saturday (Closed Sunday and Bank Holidays)*

*Clients/customers are requested to make an appointment if wishing to meet us personally.*

SUMAN MARRIAGE BUREAU
Personal Matchmaking Service
020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਪੁਲੀਸ ਮੁਕਾਬਲੇ ਦੌਰਾਨ ਫਰੀਦਕੋਟ ਵਿਚ ਦੋ ਤੇ ਤਰਨ ਤਾਰਨ ਨੇੜੇ ਇਕ ਲੁਟੇਰਾ ਹੋਇਆ ਜ਼ਖ਼ਮੀ

## ✪ ਦੋਸ਼ੀਆਂ ਪਾਸੋਂ ਪਿਸਟਲ 32 ਬੋਰ, 2 ਰੌਂਦ, 2 ਖਾਲੀ ਰੌਂਦ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਗਿਆ



ਫ਼ਰੀਦਕੋਟ- ਫ਼ਰੀਦਕੋਟ ਤੇ ਤਰਨ ਤਾਰਨ ਨੇੜੇ ਲੁਟੇਰਾ ਗਰੋਹ ਦੇ ਪੁਲੀਸ ਨਾਲ ਮੁਕਾਬਲੇ ਹੋਏ ਜਿਸ ਦੌਰਾਨ ਤਿੰਨ ਲੁਟੇਰੇ ਗੋਲੀਆਂ ਲੱਗਣ ਨਾਲ ਜ਼ਖ਼ਮੀ ਹੋ ਗਏ। ਇਨ੍ਹਾਂ 'ਚੋਂ ਫਰੀਦਕੋਟ ਵਿਚ ਦੋ ਤੇ ਤਰਨ ਤਾਰਨ ਨੇੜੇ ਇਕ ਲੁਟੇਰਾ ਜ਼ਖ਼ਮੀ ਹੋਇਆ।

ਫਰੀਦਕੋਟ ਵਿਚ ਅਪਰਾਧਿਕ ਗਤੀਵਿਧੀਆਂ ਰੋਕਣ ਲਈ ਵਿੱਢੀ ਮੁਹਿੰਮ ਤਹਿਤ ਅੱਜ ਪੁਲੀਸ ਵੱਲੋਂ ਮੁਕਾਬਲੇ ਦੌਰਾਨ ਦੋ ਨੌਜਵਾਨਾਂ ਨੂੰ ਕਾਬੂ ਕੀਤਾ ਗਿਆ ਹੈ। ਜ਼ਿਲ੍ਹਾ ਪੁਲੀਸ ਮੁਖੀ ਡਾ. ਪ੍ਰੱਗਿਆ ਜੈਨ ਨੇ ਦੱਸਿਆ ਕਿ ਇੰਸਪੈਕਟਰ ਗੁਰਵਿੰਦਰ ਸਿੰਘ ਇੰਚਾਰਜ ਸੀਆਈਏ ਸਮੇਤ ਪੁਲੀਸ ਪਾਰਟੀ ਮਸ਼ਕੂਕਾਂ ਦੀ ਭਾਲ ਵਿੱਚ ਜਦੋਂ ਬਾਬਾ ਫਰੀਦ ਯੂਨੀਵਰਸਿਟੀ ਕੋਲ ਮੌਜੂਦ ਸੀ ਤਾਂ ਦੋ ਵਿਅਕਤੀ ਮੋਟਰਸਾਈਕਲ 'ਤੇ ਆਏ ਜਿਨ੍ਹਾਂ ਨੂੰ ਪੁਲੀਸ ਪਾਰਟੀ ਵੱਲੋਂ ਰੁਕਣ ਦਾ ਇਸ਼ਾਰਾ ਕੀਤਾ ਗਿਆ ਪਰ ਉਨ੍ਹਾਂ ਮੋਟਰਸਾਈਕਲ ਆਰਮੀ ਕੈਂਟ ਵਾਲੇ ਪਾਸੇ ਭਜਾ ਦਿੱਤਾ ਤਾਂ ਪੁਲੀਸ ਪਾਰਟੀ ਨੇ ਉਨ੍ਹਾਂ ਦਾ ਪਿੱਛਾ ਕੀਤਾ ਤਾਂ ਉਨ੍ਹਾਂ ਨੇ ਪੁਲੀਸ ਉੱਤੇ ਗੋਲੀਆਂ ਚਲਾਈਆਂ ਤੇ ਜਵਾਬੀ ਕਾਰਵਾਈ ਦੌਰਾਨ ਇਹ ਦੋਵੇਂ ਵਿਅਕਤੀ ਜ਼ਖ਼ਮੀ ਹੋ ਗਏ, ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਫਰੀਦਕੋਟ ਭਰਤੀ ਕਰਵਾਇਆ ਗਿਆ। ਫੜੇ ਨੌਜਵਾਨਾਂ ਦੀ ਪਛਾਣ ਲਵਪ੍ਰੀਤ ਸਿੰਘ ਵਾਸੀ ਫਰੀਦਕੋਟ ਅਤੇ ਰਵਿੰਦਰ ਸਿੰਘ ਵਾਸੀ ਘੁਗਿਆਣਾ ਵਜੋਂ ਹੋਈ ਹੈ। ਜ਼ਿਲ੍ਹਾ ਪੁਲੀਸ ਮੁਖੀ ਨੇ ਦੱਸਿਆ ਕਿ ਇਨ੍ਹਾਂ ਵਿਅਕਤੀਆਂ ਪਾਸੋਂ ਪਿਸਟਲ 32 ਬੋਰ, 2 ਰੌਂਦ, 2 ਖਾਲੀ ਰੌਂਦ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਗਿਆ ਹੈ। ਇਨ੍ਹਾਂ ਵਿਅਕਤੀਆਂ ਨੂੰ ਹਿਰਾਸਤ ਵਿੱਚ ਲੈਣ ਉਪਰੰਤ ਪੁੱਛ-ਗਿੱਛ ਕੀਤੀ ਜਾ ਰਹੀ ਹੈ।

ਤਰਨ ਤਾਰਨ ਹਰੀਕੇ ਨੇੜੇ ਪੁਲੀਸ ਨਾਲ ਹੋਏ ਮੁਕਾਬਲੇ ਵਿੱਚ ਲੁਟੇਰਾ ਪੁਲੀਸ ਦੀ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ, ਜਿਸ ਨੂੰ ਕਾਬੂ ਕਰਕੇ ਤਰਨ ਤਾਰਨ ਦੇ ਸਿਵਲ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਮੁਕਾਬਲੇ ਵਿੱਚ ਦੂਸਰਾ ਲੁਟੇਰਾ ਮੌਕੇ ਤੋਂ ਫਰਾਰ ਹੋ ਗਿਆ। ਇਸ ਦੌਰਾਨ ਪੁਲੀਸ ਪਾਰਟੀ ਵਿੱਚ ਸ਼ਾਮਲ ਪੰਜਾਬ ਹੋਮ ਗਾਰਡ ਦੇ ਜਵਾਨ ਗੁਰਚਰਨ ਸਿੰਘ ਦੀ ਪੱਗ ਵਿਚ ਗੋਲੀ ਲੱਗੀ। ਘਟਨਾ ਦਾ ਪਤਾ ਲੱਗਦਿਆਂ ਹੀ ਐੱਸਐੱਸਪੀ ਅਭਿਮੰਨਿਊ ਰਾਣਾ ਨੇ ਮੌਕੇ ਦਾ ਜਾਇਜ਼ਾ ਲਿਆ। ਐੱਸਐੱਸਪੀ ਨੇ ਦੱਸਿਆ ਕਿ ਜ਼ਖ਼ਮੀ ਹੋਏ ਲੁਟੇਰੇ ਦੀ ਸ਼ਨਾਖਤ ਅੰਗਰੇਜ਼ ਸਿੰਘ ਵਾਸੀ ਦੀਨੇਵਾਲ (ਖਡੂਰ ਸਾਹਿਬ) ਅਤੇ ਫਰਾਰ ਹੋਏ ਲੁਟੇਰੇ ਦੀ ਪਛਾਣ ਗੁਰਭੇਜ ਸਿੰਘ ਵਜੋਂ ਕੀਤੀ ਗਈ ਹੈ। ਕਾਰ 'ਤੇ ਸਵਾਰ ਇਨ੍ਹਾਂ ਲੁਟੇਰਿਆਂ ਨੇ ਹਰੀਕੇ ਨੇੜਿਓਂ ਪਿੰਡ ਜੌਨੇਕੇ ਤੋਂ ਇਕ ਵਿਅਕਤੀ ਤੋਂ 10,000 ਰੁਪਏ ਅਤੇ ਉਸ ਦੀ ਕਾਰ ਖੋਹੀ ਸੀ ਜਿਸ ਦੀ ਸੂਚਨਾ ਹਰੀਕੇ ਪੁਲੀਸ ਨੂੰ ਦਿੱਤੀ ਗਈ।

ਪੁਲੀਸ ਪਾਰਟੀ ਜਦੋਂ ਲੁਟੇਰਿਆਂ ਦਾ ਪਿੱਛਾ ਕਰ ਰਹੀ ਸੀ ਤਾਂ ਲੁਟੇਰੇ ਕਾਰ ਛੱਡ ਕੇ ਨੇੜਲੇ ਬਾਗ ਵਿੱਚ ਜਾ ਛੁਪੇ। ਇਥੇ ਹਰੀਕੇ ਪੁਲੀਸ ਨਾਲ ਪੱਟੀ ਸਦਰ ਦੀ ਪੁਲੀਸ ਨੇ ਤਲਾਸ਼ੀ ਮੁਹਿੰਮ ਚਲਾਈ ਤਾਂ ਲੁਟੇਰਿਆਂ ਨੇ ਪੁਲੀਸ 'ਤੇ ਗੋਲੀ ਚਲਾ ਦਿੱਤੀ ਜਿਹੜੀ ਇਕ ਗੋਲੀ ਹੋਮ ਗਾਰਡ ਦੇ ਜਵਾਨ ਗੁਰਚਰਨ ਸਿੰਘ ਦੇ ਲੱਗੀ ਜਿਹੜਾ ਵਾਲ ਵਾਲ ਬਚ ਗਿਆ। ਪੁਲੀਸ ਨੇ ਫਰਾਰ ਹੋਏ ਲੁਟੇਰੇ ਗੁਰਭੇਜ ਸਿੰਘ ਦੀ ਭਾਲ ਸ਼ੁਰੂ ਕਰ ਦਿੱਤੀ ਹੈ।


## ਵਿਦੇਸ਼ ਰਹਿੰਦੇ ਗੈਂਗਸਟਰ ਦਾ ਸਾਥੀ ਅਸਲੇ ਸਣੇ ਕਾਬੂ

ਸਪੈਸ਼ਲ ਸੈੱਲ ਰਾਜਪੁਰਾ ਦੇ ਮੁਖੀ ਇੰਸਪੈਕਟਰ ਹੈਰੀ ਬੋਪਾਰਾਏ ਅਤੇ ਟੀਮ ਨੇ ਵਿਦੇਸ਼ ਵਿਚ ਰਹਿ ਕੇ ਅਪਰਾਧਿਕ ਗਤੀਵਿਧੀਆਂ ਚਲਾ ਰਹੇ ਇੱਕ ਗੈਂਗਸਟਰ ਦੇ ਸਾਥੀ ਸ਼ੂਟਰ ਜਸ਼ਨਪ੍ਰੀਤ ਸਿੰਘ ਵਾਸੀ ਪਿੰਡ ਪੰਜੋਲੀ ਫਤਿਹਗੜ੍ਹ ਸਾਹਿਬ ਨੂੰ ਹਲਕਾ ਘਨੌਰ ਤੋਂ ਕਾਬੂ ਕਰਕੇ ਟਾਰਗੈਟ ਕਿਲਿੰਗ ਦੀ ਯੋਜਨਾ ਨੂੰ ਨਾਕਾਮ ਕਰ ਦਿੱਤਾ ਹੈ। ਪਟਿਆਲਾ ਦੇ ਏਐਸਪੀ ਇਨਵੈਸਟੀਗੇਸ਼ਨ ਵਿਭਵ ਚੌਧਰੀ ਨੇ ਦੱਸਿਆ ਕਿ ਦੋਸ਼ੀ ਅਮਰੀਕਾ ਸਥਿਤ ਇੱਕ ਗੈਂਗਸਟਰ ਦਾ ਸਾਥੀ ਹੈ।

### -ਮਾਮਲਾ ਸਿਖ ਕਤਲੇਆਮ 1984 ਦਾ-

## ਵਿਸ਼ੇਸ਼ ਅਦਾਲਤ ਵਿਚ ਦੋਸ਼ੀ ਸੱਜਣ ਕੁਮਾਰ ਦੇ ਖਿਲਾਫ ਫੈਸਲਾ ਟਾਲਿਆ

### ✪ ਅਦਾਲਤ ਹੁਣ 16 ਦਸੰਬਰ ਨੂੰ ਆਪਣਾ ਸੁਣਾਏਗੀ ਫੈਸਲਾ



ਨਵੀਂ ਦਿੱਲੀ-1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਸਬੰਧਤ ਕੇਸ ਵਿੱਚ ਸਾਬਕਾ ਕਾਂਗਰਸੀ ਸੰਸਦ ਮੈਂਬਰ ਅਤੇ ਮੁਲਜ਼ਮ ਸੱਜਣ ਕੁਮਾਰ ਖ਼ਿਲਾਫ਼ ਕਤਲ ਕੇਸ ਵਿੱਚ ਰਾਊਜ਼ ਐਵੇਨਿਊ ਸਥਿਤ ਵਿਸ਼ੇਸ਼ ਜੱਜ ਦੀ ਅਦਾਲਤ ਵੱਲੋਂ 16 ਦਸੰਬਰ ਨੂੰ ਆਪਣਾ ਫੈਸਲਾ ਸੁਣਾਏ ਜਾਣ ਦੀ ਸੰਭਾਵਨਾ ਹੈ। ਵਿਸ਼ੇਸ਼ ਜੱਜ ਕਾਵੇਰੀ ਬਵੇਜਾ ਨੇ ਬੀਤੇ ਸ਼ੁੱਕਰਵਾਰ ਨੂੰ ਇਹ ਕਹਿ ਕੇ ਫੈਸਲਾ ਟਾਲ ਦਿੱਤਾ ਕਿ ਫੈਸਲਾ ਤਿਆਰ ਨਹੀਂ ਹੈ।

ਇਹ ਮਾਮਲਾ ਸਿੱਖ ਵਿਰੋਧੀ ਕਤਲੇਆਮ ਦੌਰਾਨ ਸਰਸਵਤੀ ਵਿਹਾਰ ਇਲਾਕੇ ਵਿੱਚ ਦੋ ਵਿਅਕਤੀਆਂ ਦੇ ਕਥਿਤ ਕਤਲ ਨਾਲ ਸਬੰਧਤ ਹੈ। ਅਦਾਲਤ ਨੇ 1 ਨਵੰਬਰ 1984 ਨੂੰ ਜਸਵੰਤ ਸਿੰਘ ਅਤੇ ਉਸ ਦੇ ਪੁੱਤਰ ਤਰੁਣਦੀਪ ਸਿੰਘ ਦੇ ਕਤਲ ਨਾਲ ਸਬੰਧਤ ਕੇਸ ਵਿੱਚ ਅੰਤਿਮ ਦਲੀਲਾਂ ਸੁਣਨ ਤੋਂ ਬਾਅਦ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ।

1984 ਦੇ ਸਿੱਖ ਵਿਰੋਧੀ ਕਤਲੇਆਮ ਨਾਲ ਸਬੰਧਤ ਇੱਕ ਕੇਸ ਵਿੱਚ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਰਾਊਜ਼ ਐਵੇਨਿਊ ਦੀ ਵਿਸ਼ੇਸ਼ ਅਦਾਲਤ ਵਿੱਚ ਫ਼ੈਸਲਾ ਟਾਲ ਦਿੱਤਾ ਗਿਆ। ਅਦਾਲਤ ਹੁਣ 16 ਦਸੰਬਰ ਨੂੰ ਆਪਣਾ ਫੈਸਲਾ ਸੁਣਾਏਗੀ। ਦੋ ਲੋਕਾਂ ਦੀ ਹੱਤਿਆ ਦੇ ਮਾਮਲੇ ਵਿਚ ਸੱਜਣ ਕੁਮਾਰ 'ਤੇ ਦੋਸ਼ ਤੈਅ ਕਰਨ ਤੋਂ ਬਾਅਦ ਅਦਾਲਤ ਨੇ ਆਪਣਾ ਫੈਸਲਾ ਸੁਰੱਖਿਅਤ ਰੱਖ ਲਿਆ ਸੀ।

31 ਅਕਤੂਬਰ ਨੂੰ ਕੀਤੀ ਗਈ ਸੀ ਇੰਦਰਾ ਗਾਂਧੀ ਦੀ ਹੱਤਿਆ ਸਿੱਖ ਵਿਰੋਧੀ ਦੰਗਿਆਂ ਦੌਰਾਨ ਸੁਲਤਾਨਪੁਰੀ ਵਿੱਚ ਸੁਰਜੀਤ ਸਿੰਘ ਦਾ ਕਤਲ ਹੋਇਆ ਸੀ। ਇਸ ਮਾਮਲੇਵਿ'ਚ ਸੱਜਣ ਕੁਮਾਰ 'ਤੇ ਭਾਰਤੀ ਦੰਡ ਵਿਧਾਨ (ਆਈਪੀਸੀ) ਦੀਆਂ ਕਈ ਧਾਰਾਵਾਂ ਤਹਿਤ ਧਰਮ, ਨਸਲ ਆਦਿ ਦੇ ਆਧਾਰ 'ਤੇ ਸਮੂਹਾਂ ਵਿਚਕਾਰ ਦੁਸ਼ਮਣੀ ਪੈਦਾ ਕਰਨ, ਕੋਈ ਅਪਰਾਧ ਕਰਨ, ਕਤਲ ਅਤੇ ਦੰਗੇ ਕਰਨ ਲਈ ਉਕਸਾਉਣ ਲਈ ਮਾਮਲਾ ਦਰਜ ਕੀਤਾ ਗਿਆ ਸੀ।

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਉਨ੍ਹਾਂ ਦੇ ਬਾਡੀਗਾਰਡ ਨੇ ਹੱਤਿਆ ਕਰ ਦਿੱਤੀ ਸੀ। ਜਿਸ ਤੋਂ ਬਾਅਦ ਦਿੱਲੀ ਸਮੇਤ ਦੇਸ਼ ਦੇ ਕਈ ਰਾਜਾਂ ਵਿੱਚ ਸਿੱਖ ਵਿਰੋਧੀ ਹਿੰਸਾ ਫੈਲ ਗਈ, ਜਿਸ ਵਿੱਚ ਸੈਂਕੜੇ ਸਿਖਾਂ ਦੀ ਜਾਨ ਚਲੀ ਗਈ।

## ਕੇਜਰੀਵਾਲ ਨੇ ਗੈਂਗਸਟਰ ਬਿਸ਼ਨੋਈ ਮਾਮਲੇ ਵਿਚ ਮੋਦੀ ਸਰਕਾਰ ਨੂੰ ਘੇਰਿਆ

### ✪ ਜੇਲ੍ਹ ਵਿਚ ਬੈਠ ਕੇ ਕਿਵੇਂ ਚਲਾ ਰਿਹਾ ਹੈ ਗੈਂਗ ?'

ਨਵੀਂ ਦਿੱਲੀ-ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਸ਼ੁੱਕਰਵਾਰ ਨੂੰ ਦਿੱਲੀ ਦੀ ਮਾੜੀ ਕਾਨੂੰਨ ਵਿਵਸਥਾ ਨੂੰ ਲੈ ਕੇ ਕੇਂਦਰੀ ਗ੍ਰਹਿ ਮੰਤਰੀ 'ਤੇ ਨਿਸ਼ਾਨਾ ਸਾਧਿਆ। ਦਿੱਲੀ ਵਿਧਾਨ ਸਭਾ ਵਿੱਚ ਬੋਲਦਿਆਂ ਕੇਜਰੀਵਾਲ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿੱਲੀ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਰਕਰਾਰ ਨਹੀਂ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿੱਚ ਅਸੀਂ ਸਕੂਲਾਂ, ਹਸਪਤਾਲਾਂ, ਸੜਕਾਂ ਅਤੇ ਬਿਜਲੀ ਦੀ ਮੁਰੰਮਤ ਦੀ ਜ਼ਿੰਮੇਵਾਰੀ ਨਿਭਾਈ ਹੈ ਪਰ ਕੇਂਦਰ ਸਰਕਾਰ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦਿੱਲੀ ਦੀ ਅਮਨ-ਕਾਨੂੰਨ ਦੀ ਸਥਿਤੀ ਨੂੰ ਸੰਭਾਲਿਆ ਨਹੀਂ ਜਾ ਰਿਹਾ। ਦਿੱਲੀ ਵਿੱਚ ਕਤਲ ਅਤੇ ਬੰਬ ਧਮਾਕੇ ਹੋ ਰਹੇ ਹਨ।

ਉਨ੍ਹਾਂ ਕਿਹਾ ਕਿ ਹੁਣੇ-ਹੁਣੇ ਮੈਂ ਦੇਖ ਰਿਹਾ ਸੀ ਕਿ ਇਕ ਵਕੀਲ ਕਹਿ ਰਿਹਾ ਸੀ ਕਿ ਸੜਕ 'ਤੇ ਹੱਥ 'ਚ ਮੋਬਾਇਲ ਲੈ ਕੇ ਜਾਣਾ ਮੁਸ਼ਕਲ ਹੈ। ਜੇਕਰ ਤੁਸੀਂ ਆਪਣਾ ਮੋਬਾਈਲ ਫ਼ੋਨ ਲੈ ਕੇ ਜਾਂਦੇ ਹੋ ਤਾਂ ਕੋਈ ਨਾ ਕੋਈ ਤੁਹਾਡਾ ਮੋਬਾਈਲ ਖੋਹ ਲਵੇਗਾ। ਦਿੱਲੀ ਵਿੱਚ ਜਬਰ ਜਨਾਹ ਹੋ ਰਹੇ ਹਨ ਅਤੇ ਕਤਲ ਕਰ ਦਿੰਦੇ ਹਨ। ਮੈਂ ਇਹ ਅਖਬਾਰ ਲੈ ਕੇ ਆਇਆ ਹਾਂ।



ਇਸ ਵਿੱਚ ਦਿੱਲੀ ਦੀ ਕਾਨੂੰਨ ਵਿਵਸਥਾ ਬਾਰੇ ਜਾਣਕਾਰੀ ਦਿੱਤੀ ਗਈ ਹੈ।

### ਦਿੱਲੀ ਵਿਚ ਦਰਜਨਾਂ ਗੈਂਗ ਸਰਗਰਮ: ਕੇਜਰੀਵਾਲ

ਉਨ੍ਹਾਂ ਕਿਹਾ ਕਿ ਤੁਹਾਡੇ ਗੁਆਂਢ ਵਿੱਚ ਗੈਂਗ ਵਾਰ ਸ਼ੁਰੂ ਹੋ ਗਿਆ ਹੈ। ਕੌਣ ਹੈ ਇਹ ਲਾਰੈਂਸ ਬਿਸ਼ਨੋਈ? ਉਹ ਜੇਲ੍ਹ ਵਿੱਚ ਬੈਠ ਕੇ ਗੈਂਗ ਕਿਵੇਂ ਚਲਾ ਰਿਹਾ ਹੈ? ਇਸ ਬਾਰੇ ਅਮਿਤ ਸ਼ਾਹ ਨੂੰ ਦੱਸਣਾ ਹੋਵੇਗਾ। ਬਿਸ਼ਨੋਈ ਗੈਂਗ, ਭਾਊ ਗ੍ਰੈਂਡ, ਗੋਗੀ ਗੈਂਗ...ਅਜਿਹੇ ਦਰਜਨਾਂ ਗੈਂਗ ਦਿੱਲੀ ਅੰਦਰ ਸਰਗਰਮ ਹਨ। ਕੋਈ ਦੱਸ ਰਿਹਾ ਸੀ ਕਿ ਉਨ੍ਹਾਂ ਨੇ ਆਪਣੇ ਇਲਾਕੇ ਵੰਡ ਲਏ ਹਨ।

ਕਰਾਈਮ ਨਿਊਜ਼

# ਬੰਬੀਹਾ ਗੈਂਗ ਨਾਲ ਸਬੰਧਿਤ ਟਿਕਾਣਿਆਂ ’ਤੇ ਐਨਆਈਏ ਦੇ ਛਾਪੇ

## ✪ ਦੋ ਪਿਸਤੌਲਾਂ ਤੇ ਸੱਤ ਕਾਰਤੂਸ ਸਣੇ ਦੋ ਗ੍ਰਿਫਤਾਰ

ਚੰਡੀਗੜ੍ਹ/ਡੇਰਾ ਬੱਸੀ-ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨਆਈਏ) ਨੇ ਬੁੱਧਵਾਰ ਨੂੰ ਪੰਜਾਬ, ਹਰਿਆਣਾ ਤੇ ਉੱਤਰ ਪ੍ਰਦੇਸ਼ ਵਿਚ ਨੌਂ ਥਾਵਾਂ ’ਤੇ ਦਵਿੰਦਰ ਬੰਬੀਹਾ ਗੈਂਗ ਦੇ ਸਹਿਯੋਗੀਆਂ ਦੇ ਕੰਪਲੈਕਸਾਂ ’ਤੇ ਛਾਪੇ ਮਾਰੇ। ਐੱਨਆਈਏ ਦੀਆਂ ਟੀਮਾਂ ਨੇ ਪੰਜਾਬ ਦੇ ਜਲੰਧਰ ਜ਼ਿਲ੍ਹੇ ’ਚ ਛਾਪੇਮਾਰੀ ਦੌਰਾਨ ਮੋਬਾਈਲ, ਡਿਜੀਟਲ ਯੰਤਰ, ਬੈਂਕਿੰਗ ਲੈਣਦੇਣ ਤੇ ਜਾਇਦਾਦ ਨਾਲ ਸਬੰਧਤ ਦਸਤਾਵੇਜ਼ਾਂ ਸਮੇਤ ਕਈ ਇਤਰਾਜ਼ਯੋਗ ਸਮੱਗਰੀ ਜ਼ਬਤ ਕੀਤੀ। ਐੱਨਆਈਏ ਨੇ ਆਪਣੇ ਜਾਰੀ ਬਿਆਨ ਵਿਚ ਦੱਸਿਆ ਕਿ ਇਹ ਛਾਪੇਮਾਰੀ ਦੇਸ਼ ਵਿਚ ਹਥਿਆਰ, ਗੋਲ਼ਾ ਬਾਰੂਦ, ਨਸ਼ੀਲੇ ਪਦਾਰਥਾਂ, ਧਮਾਕਾਖੇਜ਼ ਸਮੱਗਰੀ ਆਦਿ ਖਾੜਕੂ ਹਾਰਡਵੇਅਰ ਦੀ ਤਸਕਰੀ ਲਈ ਅਪਰਾਧਕ ਸਾਜ਼ਿਸ਼ਾਂ ਵਿਚ ਸ਼ਾਮਿਲ ਖਾੜਕੂ ਜਥੇਬੰਦੀਆਂ ’ਤੇ ਕਾਰਵਾਈ ਦਾ ਹਿੱਸਾ ਹੈ। ਦੂਜੇ ਪਾਸੇ, ਚੰਡੀਗੜ੍ਹ ਸੈਕਟਰ 26 ਵਿਚ ਸੇਵਿਲੇ ਬਾਰ ਲਾਜ ਤੇ ਡੀ ਓਰ ਡਾਂਸ ਲਾਂਜ ’ਚ ਬੰਬ ਧਮਾਕੇ ਤੋਂ ਬਾਅਦ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਤੇ ਮੋਹਾਲੀ ਪੁਲਿਸ ਨੇ ਜੁਆਇੰਟ ਆਪ੍ਰੇਸ਼ਨ ’ਚ ਦਵਿੰਦਰ ਬੰਬੀਹਾ ਗੈਂਗ ਦੇ ਦੋ ਗੁਰਗਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮਾਂ ਦੇ ਕਬਜ਼ੇ ’ਚੋਂ .32 ਬੋਰ ਦੀ ਦੀਆਂ ਦੋ ਪਿਸਤੌਲਾਂ ਤੇ ਸੱਤ ਕਾਰਤੂਸ ਬਰਾਮਦ ਕੀਤੇ ਗਏ ਹਨ।



ਦਵਿੰਦਰ ਬੰਬੀਹਾ ਅੱਧਾ ਦਰਜਨ ਹੱਤਿਆਵਾਂ ਦੇ ਮਾਮਲਿਆਂ ਵਿਚ ਨਾਮਜ਼ਦ ਸੀ। ਉਸ ’ਤੇ ਹੱਤਿਆ ਦੇ ਯਤਨ, ਲੁੱਟ, ਸਨੈਚਿੰਗ ਤੇ ਆਰਮਸ ਐਕਟ ਵਿਚ ਮਾਮਲੇ ਦਰਜ ਸਨ। ਉਹ ਸੋਸ਼ਲ ਮੀਡੀਆ ’ਤੇ ਆਪਣੀਆਂ ਅਪਰਾਧਕ ਸਰਗਰਮੀਆਂ ਅਪਡੇਟ ਕਰਦਾ ਸੀ ਤੇ ਕਈ ਵਾਰ ਪੰਜਾਬ ਪੁਲਿਸ ਨੂੰ ਵੀ ਚੁਣੌਤੀ ਦੇ ਚੁੱਕਾ ਸੀ। ਪੰਜਾਬ ਪੁਲਿਸ ਨੇ 9 ਸਤੰਬਰ 2016 ਨੂੰ ਬਠਿੰਡਾ ਜ਼ਿਲ੍ਹੇ ਦੇ ਰਾਮਪੁਰਾ ਨੇੜੇ ਗਿੱਲ ਕਲਾਂ ’ਚ 26 ਸਾਲਾ ਦਵਿੰਦਰ ਬੰਬੀਹਾ ਇਕ ਮੁਕਾਬਲੇ ਵਿਚ ਮਾਰ ਦਿੱਤਾ ਸੀ। ਇਸ ਸਮੇਂ ਬੰਬੀਹਾ ਗੈਂਗ ਦੀ ਕਮਾਨ ਲੱਕੀ ਪਟਿਆਲ ਸੰਭਾਲ ਰਿਹਾ ਹੈ। ਇਸ ਗੈਂਗ ਨਾਲ ਸਬੰਧਤ ਗੈਂਗਸਟਰ ਵਿਦੇਸ਼ਾਂ ਤੋਂ ਇਸ ਨੂੰ ਆਪ੍ਰੇਟ ਕਰ ਰਹੇ ਹਨ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਚੰਡੀਗੜ੍ਹ ਬੰਬ ਧਮਾਕਿਆਂ ਤੋਂ ਬਾਅਦ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਮੋਹਾਲੀ ਦੇ ਮਹਿਮਦਪੁਰ ਪਿੰਡ ਵਾਸੀ ਹਰਿੰਦਰ ਸਿੰਘ ਤੇ ਮੋਹਾਲੀ ਦੇ ਵਰਾਣਾ ਪਿੰਡ ਵਾਸੀ ਗੁਰਜਿੰਦਰ ਸਿੰਘ ਦੇ ਰੂਪ ਵਿਚ ਹੋਈ। ਉਹ ਅਮਰੀਕਾ ਵਿਚ ਬੈਠੇ ਕੁਲਵੀਰ ਸਿੰਘ ਲਾਲਾ ਬੈਨੀਪਾਲ ਦੇ ਇਸ਼ਾਰੇ ’ਤੇ ਕੰਮ ਕਰ ਰਹੇ ਸਨ। ਲਾਲਾ ਬੈਨੀਪਾਲ ਲੱਕੀ ਪਟਿਆਲਾ ਦਾ ਸਹਿਯੋਗੀ ਹੈ। ਡੀਜੀਪੀ ਨੇ ਦੱਸਿਆ ਕਿ ਮੁੱਢਲੀ ਜਾਂਚ ’ਚ ਪਤਾ ਲੱਗਿਆ ਹੈ ਕਿ ਇਨ੍ਹਾਂ ਮੁਲਜ਼ਮਾਂ ਨੂੰ ਟ੍ਰਾਈਸਿਟੀ ਇਲਾਕੇ ’ਚ ਕਈ ਅਪਰਾਧਾਂ ਨੂੰ ਅੰਜਾਮ ਦੇਣ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਉਨ੍ਹਾਂ ਦੇ ਨਿਸ਼ਾਨੇ ’ਤੇ ਕੁਝ ਲੋਕ ਵੀ ਸਨ।

ਐੱਸਐੱਸਪੀ ਮੋਹਾਲੀ ਦੀਪਕ ਪਾਰੀਕ ਨੇ ਦੱਸਿਆ ਕਿ ਮੁਲਜ਼ਮ ਹਰਿੰਦਰ ਦਾ ਅਪਰਾਧਿਕ ਰਿਕਾਰਡ ਹੈ ਤੇ ਉਸ ਖ਼ਿਲਾਫ਼ ਹੱਤਿਆ ਦੇ ਯਤਨ ਤੇ ਆਰਮਸ ਐਕਟ ਨਾਲ ਸਬੰਧਤ ਮਾਮਲੇ ਦਰਜ ਹਨ। ਲਾਲਾ ਬੈਨੀਪਾਲ ਮੋਹਾਲੀ ਵਿਚ ਦੋ ਵੱਖ-ਵੱਖ ਹਮਲਿਆਂ ਦੀ ਸਾਜ਼ਿਸ਼ ਰਚ ਚੁੱਕਾ ਹੈ, ਜਿਨ੍ਹਾਂ ’ਚ ਸਤੰਬਰ 2023 ’ਚ ਇਕ ਫਾਈਨੈਂਸਰ ਤੇ ਦਸੰਬਰ 2023 ਵਿਚ ਵਿਰੋਧੀ ਗਿਰੋਹ ਦੇ ਇਕ ਮੈਂਬਰ ਨੂੰ ਨਿਸ਼ਾਨਾ ਬਣਾਉਣਾ ਸ਼ਾਮਿਲ ਹੈ।

# ਨਸ਼ਾ ਖੁਆਕੇ, ਹੋਟਲ ਵਿਚ ਲਿਜਾਕੇ ਕੇ ਪ੍ਰੇਮਿਕਾ ਨਾਲ ਬਣਾਏ ਸਰੀਰਕ ਸਬੰਧ

### ✪ ਸ਼ੱਕੀ ਹਾਲਤ ਵਿਚ ਲੜਕੀ ਦੀ ਮੌਤ
### ✪ ਇਨਸਾਫ਼ ਲਈ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਨੇ ਲਾਇਆ ਜਾਮ



ਰਾਹੋਂ-ਇਕ ਲੜਕੀ ਨੂੰ ਉਸ ਦਾ ਪ੍ਰੇਮੀ ਨਸ਼ਾ ਖੁਆਕੇ ਹੋਟਲ ਵਿਚ ਲੈ ਗਿਆ ਤੇ ਉਸ ਨਾਲ ਸਰੀਰਕ ਸਬੰਧ ਬਣਾਏ। ਬਾਅਦ ਵਿਚ ਲੜਕੀ ਦੀ ਸ਼ੱਕੀ ਹਾਲਾਤ ਵਿਚ ਮੌਤ ਹੋ ਗਈ। ਲੜਕੀ ਦੇ ਪਿਤਾ ਦੀ ਸ਼ਿਕਾਇਤ ’ਤੇ ਥਾਣਾ ਰਾਹੋਂ ਦੀ ਪੁਲਿਸ ਨੇ ਮੁਲਜ਼ਮ ਸਮੇਤ ਉਸ ਦੀ ਦਾਦੀ ਤੇ ਹੋਟਲ ਮਾਲਕ ਦੇ ਖਿਲਾਫ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਮ੍ਰਿਤਕ ਲੜਕੀ ਦੇ ਵਾਰਸਾਂ ਅਤੇ ਸਾਕ ਸਬੰਧੀਆਂ ਵੱਲੋਂ ਰਾਤ ਨੂੰ ਬੱਸ ਸਟੈਂਡ ਰਾਹੋਂ ਵਿਖੇ ਚੱਕਾ ਜਾਮ ਕਰ ਕੇ ਨਾਅਰੇਬਾਜ਼ੀ ਕੀਤੀ।

# ਨਸ਼ਾ ਛੁਡਾਊ ਕੇਂਦਰ ਵਿਚ ਤਸ਼ੱਤਦ ਕਾਰਨ ਨੌਜਵਾਨ ਦੀ ਮੌਤ, ਦੋਸ਼ੀ ਫਰਾਰ, ਕੇਸ ਦਰਜ਼

ਕੋਟ ਈਸੇ ਖਾਂ (ਮੋਗਾ)-ਮੋਗਾ ਦੇ ਕਸਬਾ ਕੋਟ ਈਸੇ ਖਾਂ ਨੇੜੇ ਇਕ ਨਿੱਜੀ ਨਸ਼ਾ ਛੁਡਾਊ ਕੇਂਦਰ ਵਿਚ ਦਾਖਲ ਇਕ ਨੌਜਵਾਨ ਕਰਮਜੀਤ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਜਗਰਾਉਂ ਦੀ ਕੁੱਟਮਾਰ ਕਾਰਨ ਮੌਤ ਹੋ ਗਈ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਡੀ. ਐਸ. ਪੀ. ਧਰਮਕੋਟ ਰਮਨਦੀਪ ਸਿੰਘ ਤੇ ਪੁਲਿਸ ਪਾਰਟੀ ਮੌਕੇ ’ਤੇ ਪੁੱਜ ਗਈ। ਮ੍ਰਿਤਕ ਜੋ ਦੋ ਭੈਣਾਂ ਦਾ ਭਰਾ ਤੇ ਮਾਪਿਆਂ ਦਾ ਇਕਲੌਤਾ ਪੁੱਤ ਸੀ।



ਕੇਂਦਰ ਦੇ ਸੰਚਾਲਕ ਸੰਜੂ ਮੁਦਕੀ, ਅਮਨਪ੍ਰੀਤ ਕੋਕਰੀ ਅਤੇ ਦਲਜੀਤ ਦੱਸੇ ਜਾ ਰਹੇ ਸਨ ਜੋ ਮੌਕੇ ਤੋਂ ਫਰਾਰ ਸਨ। ਨਸ਼ਾ ਛਡਾਊ ਕੇਂਦਰ ਵਿਚ ਪਈ ਕਰਮਜੀਤ ਸਿੰਘ ਦੀ ਲਾਸ਼ ਕੋਲ ਵਿਰਲਾਪ ਕਰਦੀ ਭੈਣ ਤੇ ਹੋਰ ਪਰਿਵਾਰਿਕ ਮੈਂਬਰਾਂ ਵਲੋਂ ਨਸ਼ਾ ਛੁਡਾਊ ਕੇਂਦਰ ਦੇ ਸੰਚਾਲਕਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕੀਤੀ ਜਾ ਰਹੀ ਸੀ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਕਰਮਜੀਤ ਸਿੰਘ ਨੂੰ ਇਹ ਰਾਤ ਸਮੇਂ ਉਸ ਦੇ ਘਰ ਜਗਰਾਉਂ ਇਹ ਕਹਿ ਕੇ ਛੱਡਣ ਚਲੇ ਗਏ ਕਿ ਕਰਮਜੀਤ ਨੂੰ ਉਲਟੀਆਂ ਆਈਆਂ ਸਨ ਤੇ ਉਸ ਦਾ ਇਲਾਜ ਕਰਵਾ ਕੇ ਘਰ ਛੱਡਣ ਆਏ ਹਨ ਜਦ ਕਿ ਉਸ ਸਮੇਂ ਪਰਿਵਾਰਕ ਮੈਂਬਰਾਂ ਦੇ ਵਿਰੋਧ ਕਰਨ ’ਤੇ ਇਹ ਉਸ ਨੂੰ ਵਾਪਸ ਲੈ ਆਏ ਤੇ ਸਵੇਰ ਸਮੇਂ ਪਤਾ ਲੱਗ ਗਿਆ ਕਿ ਕਰਮਜੀਤ ਦੀ ਇਨ੍ਹਾਂ ਵਲੋਂ ਕੀਤੀ ਕੁੱਟਮਾਰ ਕਾਰਨ ਉਸ ਦੀ ਮੌਤ ਹੋ ਗਈ ਹੈ ਤੇ ਇਹ ਉਸ ਨੂੰ ਮਿਥਕ ਹਾਲਤ ਵਿਚ ਸੈਂਟਰ ਵਿਚ ਛੱਡ ਕੇ ਮੌਕੇ ਤੋਂ ਭੱਜ ਗਏ ਹਨ ਤੇ ਜਦੋਂ ਪਰਿਵਾਰ ਦੇ ਮੈਂਬਰ ਸੈਂਟਰ ਪੁੱਜੇ ਤਾਂ ਕਰਮਜੀਤ ਸਿੰਘ ਮਿਥਕ ਹਾਲਤ ਵਿਚ ਪਿਆ ਸੀ। ਇਸ ਦੌਰਾਨ ਪੁਲਿਸ ਵਲੋਂ ਮੈਡੀਕਲ ਟੀਮ ਨੂੰ ਬੁਲਾਇਆ ਗਿਆ ਤੇ ਦਾਖਲ ਹੋਰ ਨੌਜਵਾਨਾਂ ਦਾ ਸਿਵਲ ਹਸਪਤਾਲ ਵਿਚੋਂ ਮੈਡੀਕਲ ਕਰਵਾ ਕੇ ਨੌਜਵਾਨ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੇ ਤੇ ਸੈਂਟਰ ਖਾਲੀ ਕਰਵਾ ਲਿਆ ਗਿਆ।

ਉਪ ਕਪਤਾਨ ਪੁਲਿਸ ਰਮਨਦੀਪ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਵਿਚ 3 ਵਿਅਕਤੀਆਂ ਦਲਜੀਤ ਸਿੰਘ ਤਖ਼ਤੂਵਾਲਾ, ਅਮਨਪ੍ਰੀਤ ਸਿੰਘ ਨਿੱਕੂ ਵਾਸੀ ਕੋਕਰੀ ਕਲਾਂ ਤੇ ਅੰਕਿਤ ਨਾਗਪਾਲ ਦੇ ਖ਼ਿਲਾਫ਼ ਮੁਕੱਦਮਾ ਦਰਜ ਕੀਤਾ ਗਿਆ ਤੇ ਦੋਸ਼ੀਆਂ ਨੂੰ ਜਲਦ ਗ੍ਰਿਫ਼ਤਾਰ ਕੀਤਾ ਜਾਵੇਗਾ।

# ਸਿੱਧੂ ਪਰਿਵਾਰ ਨੇ ਅਮਰੀਕਾ ਰਹਿੰਦੇ ਅੰਗਦ ਉਪਰ ਦੋ ਕਰੋੜ ਤੋਂ ਵੱਧ ਦੀ ਧੋਖਾਧੜੀ ਕਰਨ ਦੇ ਲਗਾਏ ਦੋਸ਼

ਅੰਮ੍ਰਿਤਸਰ-ਸਾਬਕਾ ਵਿਧਾਇਕ ਅਤੇ ਮੁੱਖ ਸੰਸਦੀ ਸਕੱਤਰ ਨਵਜੋਤ ਕੌਰ ਸਿੱਧੂ ਨੇ ਆਪਣੇ ਸਾਬਕਾ ਨਿੱਜੀ ਅਤੇ ਅਮਰੀਕਾ ਰਹਿੰਦੇ ਇਕ ਐਨ ਆਰ ਆਈ ਤੇ 2 ਕਰੋੜ ਤੋਂ ਵੱਧ ਦੀ ਧੋਖਾਧੜੀ ਕਰਨ ਦੇ ਇਲਜ਼ਾਮ ਲਗਾਏ ਹਨ। ਦੱਸ ਦੇਈਏ ਕਿ ਇਹ ਮਾਮਲਾ ਰਣਜੀਤ ਐਵੀਨਿਊ ਸਥਿਤ ਐਸਸੀਓ (ਦੁਕਾਨ-ਕਮ-ਆਫ਼ਿਸ) ਨੰਬਰ 10 ਦੀ ਰਜਿਸਟ੍ਰੇਸ਼ਨ ਨਾਲ ਸਬੰਧਤ ਹੈ। ਜਿਸ ਦੀ ਜਾਂਚ ਆਰਥਿਕ ਅਪਰਾਧ (ਈਓ) ਵਿੰਗ ਵੱਲੋਂ ਕੀਤੀ ਜਾ ਰਹੀ ਹੈ।



ਡਾਕਟਰ ਨਵਜੋਤ ਕੌਰ ਸਿੱਧੂ ਨੇ ਇਲਜ਼ਾਮ ਲਗਾਉਂਦਿਆਂ ਕਿਹਾ ਕਿ ਐਨਆਰਆਈ ਅੰਗਦ ਸਿੰਘ ਨੇ ਆਪਣੇ ਦੋਵੇਂ ਮਾਮਿਆਂ ਦੇ ਨਾਲ ਮਿਲ ਕੇ ਧੋਖਾਧੜੀ ਕੀਤੀ ਹੈ। ਉਸ ਦੇ ਮਾਮੇ ਮੰਗਲ ਸਿੰਘ ਅਤੇ ਸੁਖਵਿੰਦਰ ਸਿੰਘ ਵੱਲੋਂ ਧੋਖਾਧੜੀ ਕਰਨ ਵਿਚ ਭੂਮਿਕਾ ਨਿਭਾਈ ਗਈ ਹੈ ਅਤੇ ਇਸ ਦੇ ਨਾਲ ਹੀ ਉਸ ਦੇ ਸਾਬਕਾ ਨਿੱਜੀ ਸਹਾਇਕ ਗੌਰਵ ਅਤੇ ਉਸ ਦੇ ਸਾਥੀ ਜਗਜੀਤ ਸਿੰਘ ਨੇ ਵੀ ਇਸ ਧੋਖਾਧੜੀ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਅੰਗਦ ਪਾਲ ਸਿੰਘ ਨੇ ਰਣਜੀਤ ਐਵੀਨਿਊ ਸਥਿਤ ਐਸ.ਸੀ.ਓ ਨੰਬਰ 10 ਨੂੰ ਵੇਚਣ ਦੀ ਤਜਵੀਜ਼ ਰੱਖੀ ਸੀ। ਇਸ ਦੇ ਲਈ ਦੋਹਾਂ ਧਿਰਾਂ ਵਿਚਾਲੇ ਸਮਝੌਤਾ ਹੋਇਆ। ਇਸ ਸਮਝੌਤੇ ’ਤੇ ਡਾ: ਸਿੱਧੂ ਦੇ ਨੁਮਾਇੰਦੇ ਸੁਸ਼ੀਲ ਰਾਵਤ ਅਤੇ ਅੰਗਦ ਪਾਲ ਸਿੰਘ ਦੀ ਵਿਸ਼ਾਲ ਕੌਰ ਨੇ ਵੀ ਦਸਤਖ਼ਤ ਕੀਤੇ। ਡਾਕਟਰ ਨਵਜੋਤ ਕੌਰ ਸਿੱਧੂ ਨੇ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਜਾਇਦਾਦ ਨੂੰ ਬੁੱਕ ਕਰਨ ਲਈ ਅੰਗਦ ਦੇ ਖਾਤੇ ਵਿਚ 1.2 ਕਰੋੜ ਰੁਪਏ ਖਾਤੇ ਵਿਚ ਟਰਾਂਸਫਰ ਵੀ ਕੀਤੇ ਸਨ ਕਈ ਵਾਰ ਅਦਾਇਗੀ ਲਈ ਚੈੱਕ ਵੀ ਦਿੱਤੇ, ਜੋ ਕਿ ਉਸ ਦੇ ਨਿੱਜੀ ਸਹਾਇਕ ਗੌਰਵ ਨੇ ਕੈਸ਼ ਕਰਵਾ ਕੇ ਰਕਮ ਅੰਗਦ ਦੇ ਏਜੰਟ ਨੂੰ ਸੌਂਪ ਦਿੱਤੀ।

# ਟਰੰਪ ਦੀ ਚਿਤਾਵਨੀ ਤੋਂ ਬਾਅਦ ਟਰੂਡੋ ਕਨੇਡਾ ਵਿਚ ਗੈਰ ਕਾਨੂੰਨੀ ਪ੍ਰਵਾਸ ’ਤੇ ਲਗਾਏਗਾ ਰੋਕ

**✪ ਟਰੰਪ ਕੈਨੇਡਾ, ਮੈਕਸੀਕੋ, ਚੀਨ ਤੋਂ ਦਰਾਮਦ ਸਮਾਨ ਉਪਰ ਟੈਕਸ ਲਗਾਏਗਾ ✪ ਅਮਰੀਕੀ ਸਾਮਾਨ ’ਤੇ ਟੈਰਿਫ ਲਗਾਉਣ ਦੀ ਕੈਨੇਡਾ ਬਣਾ ਰਿਹੈ ਯੋਜਨਾ ✪ ਅਮਰੀਕਾ ਦੇ ਨਿਸ਼ਾਨੇ ਉਪਰ ਚੀਨ ਤੇ ਭਾਰਤ ਉਪਰ ਵੀ ਹੋ ਸਕਦਾ ਏ ਅਸਰ**

## ਖਾਸ ਖਬਰ

ਅਮਰੀਕਾ ਦੇ ਨਵੇਂ ਚੁਣੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਵ੍ਹਾਈਟ ਹਾਊਸ ਦੀ ਕੁਰਸੀ ’ਤੇ ਬੈਠਦੇ ਸਾਰ ਕੈਨੇਡਾ ਤੇ ਮੈਕਸੀਕੋ ਤੋਂ ਦਰਾਮਦ ਹੁੰਦੇ ਸਾਮਾਨ ’ਤੇ 25 ਫੀਸਦ ਟੈਕਸ ਲਾਉਣ ਦੇ ਐਲਾਨ ਤੋਂ ਬਾਅਦ ਕੈਨੇਡਾ ਨੇ ਪੂਰਬ ਤੋਂ ਪੱਛਮ ਤੱਕ ਅਮਰੀਕਾ ਨਾਲ ਜੁੜਦੀ 8891 ਕਿਲੋਮੀਟਰ ਲੰਮੀ ਸਰਹੱਦ ’ਤੇ ਸਖਤੀ ਵਧਾਉਣ ਦਾ ਫ਼ੈਸਲਾ ਲਿਆ ਹੈ। ਇਹ ਲਕੀਰ 3 ਸਤੰਬਰ, 1783 ਨੂੰ ਪੈਰਿਸ ਸਮਝੌਤੇ ਤਹਿਤ ਖਿੱਚੀ ਗਈ ਸੀ, ਜਿਸ ਵਿੱਚ ਸਮੇਂ-ਸਮੇਂ ’ਤੇ ਥੋੜੀ ਬਦਲੀ ਹੁੰਦੀ ਰਹੀ। ਸਰਹੱਦ ਤੋਂ ਆਰ-ਪਾਰ ਆਉਣ-ਜਾਣ ਲਈ ਛੋਟੇ-ਵੱਡੇ 100 ਕੁ ਪ੍ਰਵਾਣਿਤ ਲਾਂਘੇ ਹਨ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੂਬਿਆਂ ਦੇ ਮੁੱਖ ਮੰਤਰੀਆਂ ਨਾਲ ਮੀਟਿੰਗ ਮਗਰੋਂ ਸਰਹੱਦੀ ਸੁਰੱਖਿਆ ਲਈ ਵਾਧੂ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ। ਅਗਲੇ ਸਾਲ 20 ਜਨਵਰੀ ਨੂੰ ਅਮਰੀਕਨ ਰਾਸ਼ਟਰਪਤੀ ਵਜੋਂ ਦੂਜੀ ਵਾਰ ਅਹੁਦਾ ਸੰਭਾਲਣ ਵਾਲੇ ਡੋਨਲਡ ਟਰੰਪ ਨੇ ਪਿਛਲੇ ਦਿਨੀਂ ਪਹਿਲ ਦੇ ਆਧਾਰ ’ਤੇ ਕੀਤੇ ਜਾਣ ਵਾਲੇ ਕੰਮਾਂ ਵਿੱਚ ਕਿਹਾ ਸੀ ਕਿ ਦੋਵਾਂ ਗੁਆਂਢੀ ਦੇਸ਼ਾਂ ਨਾਲ ਜੁੜਦੀਆਂ ਸਰਹੱਦਾਂ ’ਤੇ ਸਖ਼ਤੀ ਨਾ ਹੋਣ ਕਾਰਨ ਗਲਤ ਅਨਸਰ ਅਤੇ ਗੈਰ ਕਨੂੰਨੀ ਸਮਾਨ ਅਮਰੀਕਾ ਵਿੱਚ ਦਾਖਲ ਹੁੰਦਾ ਹੈ, ਜਿਸ ’ਤੇ ਰੋਕ ਲੱਗਣੀ ਜ਼ਰੂਰੀ ਹੈ। ਉਸ ਨੇ ਰੋਕ ਨੂੰ ਨੱਥ ਨਾ ਪਾ ਸਕਣ ਦਾ ਭਾਂਡਾ ਕੈਨੇਡਾ ਤੇ ਮੈਕਸੀਕੋ ਸਿਰ ਭੰਨ੍ਹਿਆ ਸੀ। ਬਰਾਮਦੀ ਟੈਕਸ ਵਿੱਚ ਵਾਧਾ ਕੈਨੇਡਾ ਦੀ ਸਨਅਤ ਲਈ ਘਾਤਕ ਸਾਬਤ ਹੋ ਸਕਦਾ ਹੈ।ਕੈਨੇਡਾ ਦੀ ਸਰਹੱਦ ਨੂੰ ਸੁਰੱਖਿਅਤ ਰੱਖਣ ਦੀ ਜ਼ਿੰਮੇਵਾਰੀ ਕੈਨੇਡਾ ਬਾਰਡਰ ਸਰਵਿਸ ਏਜੰਸੀ (ਸੀਬੀਐੱਸਏ) ਜ਼ਿੰਮੇ ਹੁੰਦੀ ਹੈ, ਜਿਸ ਦੀ ਨਫਰੀ ਤੇ ਸਾਜ਼ੋ-ਸਾਮਾਨ ਵਿੱਚ ਵਾਧੇ ਲਈ ਕੇਂਦਰ ਨੇ ਹੋਰ ਫੰਡ ਜਾਰੀ ਕਰਨ ਦਾ ਐਲਾਨ ਕੀਤਾ ਹੈ।

ਕੁਝ ਮਹੀਨੇ ਪਹਿਲਾਂ ਅਣਅਧਿਕਾਰਤ ਵਿਦੇਸ਼ੀਆਂ ਦੇ ਦੇਸ਼ ਨਿਕਾਲੇ ਲਈ ਏਜੰਸੀ ਦੀ ਨਫਰੀ ਵਿੱਚ 15 ਫੀਸਦ ਵਾਧਾ ਕੀਤਾ ਗਿਆ ਸੀ।ਟਰੂਡੋ ਨੇ ਮੀਟਿੰਗ ਵਿੱਚ ਮੁੱਖ ਮੰਤਰੀਆਂ ਨੂੰ ਸੁਚੇਤ ਕੀਤਾ ਕਿ ਦੋ ਮਹੀਨੇ ਬਾਅਦ ਅਮਰੀਕੀ ਰਾਸ਼ਟਰਪਤੀ ਦੇ ਕਿਸੇ ਫ਼ੈਸਲੇ ਤੋਂ ਪਹਿਲਾਂ ਸਖ਼ਤੀ ਦੇ ਨਤੀਜੇ ਸਾਹਮਣੇ ਲਿਆਉਣੇ ਪੈਣਗੇ। ਇਸ ਤੋਂ ਪਹਿਲਾਂ ਕੈਨੇਡਾ ਨੇ ਇਹ ਕਹਿ ਕੇ ਆਪਣੇ-ਆਪ ਨੂੰ ਸੁਰਖੁਰੂ ਕਰ ਲਿਆ ਸੀ ਕਿ ਅਮਰੀਕਾ ਵਿੱਚ ਸਰਹੱਦੀ ਨਾਜਾਇਜ਼ ਲਾਂਘੇ ਸਿਰਫ ਮੈਕਸੀਕੋ ਵਾਲੇ ਪਾਸਿਓਂ ਹਨ ਪਰ ਪਿਛਲੇ ਕੁਝ ਸਾਲਾਂ ਦੀਆਂ ਘਟਨਾਵਾਂ ਦੀ ਘੋਖ ਤੋਂ ਇੱਕ ਹਫ਼ਤੇ ਬਾਅਦ ਬੀਤੇ ਦਿਨੀਂ ਪ੍ਰੀਮੀਅਰਾਂ ਦੀ ਮੀਟਿੰਗ ਵਿੱਚ ਅਜਿਹਾ ਐਲਾਨ ਕੀਤੇ ਜਾਣ ’ਤੇ ਸਭ ਨੂੰ ਹੈਰਾਨੀ ਤਾਂ ਹੋਈ ਪਰ ਚੰਗਾ ਫੈਸਲਾ ਮੰਨਿਆ ਗਿਆ। ਇਸ ਕੰਮ ਦੀ ਜ਼ਿੰਮੇਵਾਰੀ ਉਪ ਪ੍ਰਧਾਨ ਮੰਤਰੀ ਕਰਿਸੀਟੀਆ ਫਰੀਲੈਂਡ ਅਤੇ ਲੋਕ ਸੁਰੱਖਿਆ ਮੰਤਰੀ ਡੋਮੀਨਿਕ ਲੀਬਲੈਂਕ ਨੂੰ ਸੌਂਪੀ ਗਈ ਹੈ।

ਮੰਤਰੀ ਡੋਮਿਨਿਕ ਲੇਬਲੈਂਕ ਨੇ ਕਿਹਾ ਕਿ ਸਾਨੂੰ ਕੈਨੇਡਾ ਅਤੇ ਅਮਰੀਕਾ ਦੇ ਲੋਕਾਂ ਨੂੰ ਭਰੋਸਾ ਦਿਵਾਉਣ ਦੀ ਲੋੜ ਹੈ ਕਿ ਅਸੀਂ ਸਰਹੱਦੀ ਚਿੰਤਾਵਾਂ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ ਅਤੇ ਇਸ ’ਤੇ ਪੂਰੀ ਨਜ਼ਰ ਰੱਖ ਰਹੇ ਹਾਂ।

ਕੈਨੇਡੀਅਨ ਸੂਬੇ ਓਂਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਕਿਹਾ ਕਿ ਉਨ੍ਹਾਂ ਨੇ ਟਰੂਡੋ ਨਾਲ ਮੁਲਾਕਾਤ ਦੌਰਾਨ ਗੈਰ-ਕਾਨੂੰਨੀ ਸਰਹੱਦ ਪਾਰ ਕਰਨ ’ਤੇ ਰੋਕ ਲਗਾਉਣ, ਬੰਦੂਕਾਂ ਅਤੇ ਫੈਂਟਾਨਾਇਲ ਵਰਗੀਆਂ ਗੈਰ-ਕਾਨੂੰਨੀ ਦਵਾਈਆਂ ਦੀ ਤਸਕਰੀ ਨੂੰ ਰੋਕਣ ’ਤੇ ਧਿਆਨ ਦੇਣ ਲਈ ਕਿਹਾ ਹੈ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਟਰੰਪ ਦੇ ਟੈਰਿਫ ਕੈਨੇਡਾ ਵਿੱਚ ਆਰਥਿਕ ਸੰਕਟ ਪੈਦਾ ਕਰ ਸਕਦੇ ਹਨ। ਅਲਬਰਟਾ ਦੇ ਪ੍ਰੀਮੀਅਰ ਡੈਨੀਅਲ ਸਮਿਥ ਨੇ ਕਿਹਾ ਕਿ ਉਨ੍ਹਾਂ ਦਾ ਸੂਬਾ ਸਰਹੱਦੀ ਗਸ਼ਤ ਵਧਾਏਗਾ। ਕੈਨੇਡਾ ਨੇ ਵੀ ਅਮਰੀਕਾ ਨਾਲ ਆਪਣੇ ਸਬੰਧਾਂ ਨੂੰ ਸੰਭਾਲਣ ਲਈ ਇਸ਼ਤਿਹਾਰਾਂ ’ਤੇ ਖਰਚ ਵਧਾ ਦਿੱਤਾ ਹੈ। ਓਂਟਾਰੀਓ ਸਰਕਾਰ ਅਮਰੀਕਾ ਵਿੱਚ ਇੱਕ ਮਿਲੀਅਨ ਡਾਲਰ ਦੀ ਇਸ਼ਤਿਹਾਰਬਾਜ਼ੀ ਮੁਹਿੰਮ ਸ਼ੁਰੂ ਕਰਨ ਦੀ ਯੋਜਨਾ ਬਣਾ ਰਹੀ ਹੈ। ਇਹ ਮੁਹਿੰਮ ਅਮਰੀਕਾ ਨਾਲ ਆਰਥਿਕ ਸਬੰਧਾਂ ’ਤੇ ਜ਼ੋਰ ਦੇਵੇਗੀ। ਮੁਹਿੰਮ ਦਾ ਉਦੇਸ਼ ਭਵਿੱਖ ਵਿੱਚ ਸਹਿਯੋਗ ਅਤੇ ਵਪਾਰਕ ਮੌਕਿਆਂ ਨੂੰ ਵਧਾਉਣਾ ਹੈ।

ਇਕ ਹੋਰ ਮੀਡੀਆ ਰਿਪੋਰਟ ਮੁਤਾਬਕ ਟਰੰਪ ਵੱਲੋਂ ਕੈਨੇਡਾ ਨੂੰ ਟੈਰਿਫ ਸਬੰਧੀ ਦਿੱਤੀ ਧਮਕੀ ਤੋਂ ਬਾਅਦ ਟਰੂਡੋ ਸਰਕਾਰ ਹਰਕਤ ਵਿੱਚ ਆ ਗਈ ਹੈ। ਇੱਕ ਕੈਨੇਡੀਅਨ ਅਧਿਕਾਰੀ ਨੇ ਕਿਹਾ ਕਿ ਜੇਕਰ ਡੋਨਾਲਡ ਟਰੰਪ ਕੈਨੇਡੀਅਨ ਉਤਪਾਦਾਂ ’ਤੇ ਭਾਰੀ ਟੈਰਿਫ ਲਗਾਉਣ ਦੀ ਆਪਣੀ ਧਮਕੀ ਨੂੰ ਲਾਗੂ ਕਰਦੇ ਹਨ ਤਾਂ ਕੈਨੇਡਾ ਅਮਰੀਕਾ ਤੋਂ ਆਉਣ ਵਾਲੇ ਕੁਝ ਸਮਾਨ ’ਤੇ ਸੰਭਾਵਿਤ ਜਵਾਬੀ ਟੈਰਿਫ ਦੀ ਯੋਜਨਾ ਬਣਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਜਦੋਂ ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਉੱਚ ਟੈਰਿਫ ਲਗਾਏ ਸਨ ਤਾਂ ਦੂਜੇ ਦੇਸ਼ਾਂ ਨੇ ਜਵਾਬੀ ਕਾਰਵਾਈ ਕਰਦੇ ਹੋਏ ਆਪਣੇ ਹੀ ਟੈਰਿਫ ਲਗਾਏ ਸਨ।

### ਮੈਕਸੀਕੋ ਤੋਂ ਗੈਰ-ਕਾਨੂੰਨੀ ਪ੍ਰਵਾਸ ’ਤੇ ਗੱਲ !

ਹਾਲਾਂਕਿ, ਟਰੰਪ ਨੇ ਮੀਡੀਆ ਪਲੇਟਫਾਰਮ ਟਰੂਥ ਸੋਸ਼ਲ ’ਤੇ ਪੋਸਟ ਕੀਤਾ ਸੀ ਕਿ ਉਨ੍ਹਾਂ ਦੀ ਮੈਕਸੀਕੋ ਦੀ ਨਵੀਂ ਰਾਸ਼ਟਰਪਤੀ ਕਲਾਉਡੀਆ ਸ਼ੇਨਬੌਮ ਨਾਲ ਗੱਲਬਾਤ ਹੋਈ ਅਤੇ ਉਹ ਮੈਕਸੀਕੋ ਤੋਂ ਗੈਰ-ਕਾਨੂੰਨੀ ਪ੍ਰਵਾਸ




ਨੂੰ ਰੋਕਣ ਲਈ ਸਹਿਮਤ ਹੋਈ ਹੈ। ਟਰੰਪ ਨੇ ਪੋਸਟ ਕੀਤਾ, ‘ਮੈਕਸੀਕੋ ਲੋਕਾਂ ਨੂੰ ਸਾਡੀ ਦੱਖਣੀ ਸਰਹੱਦ ’ਤੇ ਜਾਣ ਤੋਂ ਰੋਕੇਗਾ, ਇਸ ਨੂੰ ਤੁਰੰਤ ਪ੍ਰਭਾਵ ਨਾਲ ਲਾਗੂ ਕੀਤਾ ਜਾਵੇਗਾ। ਇਹ ਅਮਰੀਕਾ ਦੇ ਗੈਰ-ਕਾਨੂੰਨੀ ਹਮਲੇ ਨੂੰ ਰੋਕਣ ਲਈ ਇੱਕ ਲੰਮਾ ਸਫ਼ਰ ਤੈਅ ਕਰੇਗਾ। ਇਹ ਅਜੇ ਸਪੱਸ਼ਟ ਨਹੀਂ ਹੈ ਕਿ ਟੈਰਿਫ ਲਗਾਉਣ ਦੀ ਟਰੰਪ ਦੀ ਯੋਜਨਾ ’ਤੇ ਇਸ ਗੱਲਬਾਤ ਦਾ ਕੀ ਪ੍ਰਭਾਵ ਹੋਵੇਗਾ ?

### ਕੈਨੇਡਾ, ਚੀਨ ਅਤੇ ਮੈਕਸੀਕੋ ਤੋਂ ਬਾਅਦ ਭਾਰਤ ਦਾ ਨੰਬਰ ?

ਅਗਲੇ ਸਾਲ ਜਨਵਰੀ ਵਿਚ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ ਤੋਂ ਪਹਿਲਾਂ ਡੋਨਾਲਡ ਟਰੰਪ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਕੈਨੇਡਾ, ਮੈਕਸੀਕੋ ਅਤੇ ਚੀਨ ’ਤੇ ਭਾਰੀ ਟੈਰਿਫ ਲਗਾਉਣ ਦੀ ਗੱਲ ਕੀਤੀ ਹੈ, ਜਿਸ ਨੇ ਤਿੰਨੋਂ ਦੇਸ਼ਾਂ ਨੂੰ ਪਰੇਸ਼ਾਨ ਕਰ ਦਿੱਤਾ ਹੈ।

ਰਾਇਟਰਜ਼ ਦੇ ਇੱਕ ਸਰਵੇਖਣ ਅਨੁਸਾਰ ਨਵੀਂ ਅਮਰੀਕੀ ਸਰਕਾਰ ਅਗਲੇ ਸਾਲ ਚੀਨ ਤੋਂ ਸਮਾਨ ਦੀ ਦਰਾਮਦ ’ਤੇ ਲਗਭਗ 40% ਟੈਰਿਫ ਲਗਾ ਸਕਦੀ ਹੈ। ਹਾਲਾਂਕਿ ਚੀਨ ਨੇ ਟਰੰਪ ਦੇ ਟੈਰਿਫ ਯੁੱਧ ਨਾਲ ਨਜਿੱਠਣ ਲਈ ਆਪਣੀਆਂ ਕੰਪਨੀਆਂ ਨੂੰ ਭਾਰੀ ਫੰਡ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ, ਕੈਨੇਡਾ ਅਤੇ ਮੈਕਸੀਕੋ, ਜਿਨ੍ਹਾਂ ਦੀ ਆਰਥਿਕ ਹਾਲਤ ਚੰਗੀ ਨਹੀਂ ਹੈ, ਨੂੰ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਵੇਗਾ।

ਟਰੰਪ ਨੇ ਸੋਸ਼ਲ ਮੀਡੀਆ ’ਤੇ ਘੋਸ਼ਣਾ ਕੀਤੀ ਹੈ ਕਿ ਉਹ ਮੈਕਸੀਕੋ ਅਤੇ ਕੈਨੇਡਾ ਤੋਂ ਸਾਰੇ ਆਯਾਤ ’ਤੇ 25% ਟੈਰਿਫ ਲਗਾਏਗਾ। ਇਸ ਤੋਂ ਇਲਾਵਾ, ਚੀਨੀ ਵਸਤਾਂ ਨੂੰ ਵਾਧੂ 10% ਟੈਰਿਫ ਦਾ ਸਾਹਮਣਾ ਕਰਨਾ ਪਏਗਾ ਜਦੋਂ ਤੱਕ ਬੀਜਿੰਗ ਅਮਰੀਕਾ ਵਿੱਚ ਸਿੰਥੈਟਿਕ ਓਪੀਔਡ ਫੈਂਟਾਨਿਲ ਦੀ ਤਸਕਰੀ ਨੂੰ ਰੋਕਣ ਲਈ ਠੋਸ ਕਦਮ ਨਹੀਂ ਚੁੱਕਦਾ।

### ਮੈਕਸੀਕੋ, ਚੀਨ ਅਤੇ ਕੈਨੇਡਾ ’ਤੇ ਅਮਰੀਕਾ ਦੇ ਟੈਰਿਫ ਕੀ ਹਨ ?

ਰਾਇਟਰਜ਼ ਪੋਲ ਦੇ ਅਨੁਸਾਰ, ਡੋਨਾਲਡ ਟਰੰਪ ਚੀਨੀ ਸਮਾਨ ’ਤੇ 60% ਟੈਰਿਫ ਲਗਾਉਣ ਤੋਂ ਬਚਣਗੇ। ਜਨਵਰੀ ਵਿੱਚ ਅਹੁਦਾ ਸੰਭਾਲਣ ਵਾਲੇ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ’ਅਮਰੀਕਾ ਫਸਟ’ ਵਪਾਰਕ ਉਪਾਵਾਂ ਦੇ ਇੱਕ ਪੈਕੇਜ ਦੇ ਹਿੱਸੇ ਵਜੋਂ ਚੀਨੀ ਦਰਾਮਦਾਂ ’ਤੇ ਭਾਰੀ ਟੈਰਿਫ ਲਗਾਉਣ ਦਾ ਵਾਅਦਾ ਕੀਤਾ ਸੀ, ਜਿਸ ਨਾਲ ਬੀਜਿੰਗ ਵਿੱਚ ਬੇਚੈਨੀ ਪੈਦਾ ਹੋ ਗਈ ਹੈ ਅਤੇ ਚੀਨ ਲਈ ਵਿਕਾਸ ਦੇ ਜੋਖਮ ਵਧ ਗਏ ਹਨ। ਟੈਰਿਫ ਦਰਾਂ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਚੀਨ ’ਤੇ ਲਗਾਏ ਗਏ 7.5% -25% ਤੋਂ ਬਹੁਤ ਜ਼ਿਆਦਾ ਹਨ, ਜਦੋਂ ਕਿ ਲੰਬੇ ਸਮੇਂ ਤੋਂ ਸੰਪੱਤੀ ਦੀ ਮੰਦੀ, ਕ੍ਰੈਡਿਟ ਜੋਖਮ ਅਤੇ ਕਮਜ਼ੋਰ ਘਰੇਲੂ ਮੰਗ ਦੇ ਕਾਰਨ ਆਰਥਿਕਤਾ ਵੀ ਬਹੁਤ ਜ਼ਿਆਦਾ ਕਮਜ਼ੋਰ ਸਥਿਤੀ ਵਿੱਚ ਹੈ।

13-20 ਨਵੰਬਰ ਦੇ ਰਾਇਟਰਜ਼ ਪੋਲ ਤੋਂ ਪਤਾ ਚਲਿਆ ਕਿ ਚੀਨ ਨੂੰ ਉਮੀਦ ਹੈ ਕਿ ਟਰੰਪ ਅਗਲੇ ਸਾਲ ਦੇ ਸ਼ੁਰੂ ਵਿੱਚ ਟੈਰਿਫ ਲਗਾਉਣਗੇ, ਜਿਸ ਦਾ ਔਸਤ ਅਨੁਮਾਨ 38% ਹੈ।

ਨਵੇਂ ਯੂਐਸ ਟੈਰਿਫ ਚੀਨ ਦੀ 2025 ਦੇ ਆਰਥਿਕ ਵਿਕਾਸ ਨੂੰ ਲਗਭਗ 0.5% - 1.0% ਪ੍ਰਤੀਸ਼ਤ ਅੰਕਾਂ ਤਕ ਪ੍ਰਭਾਵਿਤ ਕਰ ਸਕਦਾ ਹੈ। ਹਾਲਾਂਕਿ, ਰਾਇਟਰਜ਼ ਪੋਲ ਵਿਚ ਸ਼ਾਮਿਲ ਜ਼ਿਆਦਾਤਰ ਅਰਥਸ਼ਾਸਤਰੀਆਂ ਨੇ ਇਸ ਸਾਲ ਅਤੇ 2025 ਲਈ ਆਪਣੇ ਔਸਤ ਵਿਕਾਸ ਪੂਰਵ ਅਨੁਮਾਨਾਂ ਨੂੰ ਕ੍ਰਮਵਾਰ 4.8% ਅਤੇ 4.5% ਲਈ ਬਣਾਈ ਰੱਖਿਆ, ਜੋ ਲਗਭਗ ਯੂਐਸ ਚੋਣਾਂ ਤੋਂ ਪਹਿਲਾਂ ਕੀਤੇ ਗਏ ਅਨੁਮਾਨਾਂ ਦੇ ਸਮਾਨ ਹੈ। ਚੀਨ ਦੀ ਵਿਕਾਸ ਦਰ 2026 ਵਿੱਚ ਹੋਰ ਘੱਟ ਕੇ 4.2% ਰਹਿਣ ਦੀ ਉਮੀਦ ਹੈ।

ਇਕਨਾਮਿਸਟ ਇੰਟੈਲੀਜੈਂਸ ਯੂਨਿਟ (ਈਆਈਯੂ) ਦੇ ਅਨੁਸਾਰ, ਅਮਰੀਕਾ ਦੇ ਤਿੰਨ ਸਭ ਤੋਂ ਵੱਡੇ ਵਪਾਰਕ ਭਾਈਵਾਲ ਮੈਕਸੀਕੋ, ਚੀਨ ਅਤੇ ਕੈਨੇਡਾ, ਟਰੰਪ ਦੀਆਂ ਪ੍ਰਸਤਾਵਿਤ ਨੀਤੀਆਂ ਕਾਰਣ ਸਭ ਤੋਂ ਵੱਧ ਅਸੁਰੱਖਿਅਤ ਹਨ। ਇਕਨਾਮਿਸਟ ਇੰਟੈਲੀਜੈਂਸ ਯੂਨਿਟ ਨੇ ਭਾਰਤ ਨੂੰ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚ ਅੱਠਵੇਂ ਸਥਾਨ ’ਤੇ ਰੱਖਿਆ ਹੈ ਜੋ ਟਰੰਪ ਦੇ ਰਾਸ਼ਟਰਪਤੀ ਦੇ ਕਾਰਜਕਾਲ ਦੌਰਾਨ ਵਪਾਰਕ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

### ਚੀਨ ਅਤੇ ਹੋਰ ਦੇਸ਼ਾਂ ਦੀ ਆਰਥਿਕਤਾ ’ਤੇ ਪ੍ਰਭਾਵ

ਅਮਰੀਕੀ ਟੈਰਿਫ ਦਾ ਤੁਰੰਤ ਪ੍ਰਭਾਵ ਇਹ ਹੋਵੇਗਾ ਕਿ ਕੈਨੇਡਾ, ਮੈਕਸੀਕੋ ਅਤੇ ਚੀਨ ਦੀਆਂ ਕੰਪਨੀਆਂ ਲਈ ਅਮਰੀਕਾ ਨੂੰ ਮਾਲ ਨਿਰਯਾਤ ਕਰਨਾ ਹੋਰ ਮਹਿੰਗਾ ਹੋ ਜਾਵੇਗਾ, ਜਿਸ ਨਾਲ ਉਨ੍ਹਾਂ ਦੀ ਆਮਦਨ ਘਟੇਗੀ।

ਬਾਕੀ ਹਿਸਾ ਸਫਾ 20 ਤੇ ਪੜ੍ਹੋ

19 ਸਫ਼ੇ ਦੀ ਬਾਕੀ

ਅਤੇ ਡਰ ਇਹ ਹੈ ਕਿ ਇਹ ਕੰਪਨੀਆਂ ਆਪਣੇ ਉਤਪਾਦਾਂ ਦੀਆਂ ਕੀਮਤਾਂ ਵਧਾ ਸਕਦੀਆਂ ਹਨ, ਜਿਸ ਦਾ ਅਸਰ ਆਮ ਗਾਹਕਾਂ 'ਤੇ ਪਵੇਗਾ, ਕਿਉਂਕਿ ਕੀਮਤਾਂ ਵਧ ਸਕਦੀਆਂ ਹਨ।

ਮੈਕਸੀਕੋ ਦੇ ਆਟੋ ਉਦਯੋਗ ਨੂੰ ਟੈਰਿਫ ਕਾਰਨ ਨੁਕਸਾਨ ਹੋ ਸਕਦਾ ਹੈ। ਕੇਂਦਰੀ ਅਮਰੀਕੀ ਦੇਸ਼ ਹੌਂਡਾ, ਨਿਸਾਨ, ਟੋਇਟਾ, ਮਜ਼ਦਾ ਅਤੇ ਕੀਆ ਲਈ ਨਿਰਮਾਣ ਯੂਨਿਟਾਂ ਦੇ ਨਾਲ-ਨਾਲ ਕਈ ਚੀਨੀ ਆਟੋ ਪਾਰਟਸ ਸਪਲਾਇਰਾਂ ਦਾ ਘਰ ਹੈ।

ਇਸ ਦੇ ਨਾਲ ਹੀ, ਫੌਕਸਕਾਨ, ਐਨਵੀਡੀਆ, ਲੇਨੋਵੋ ਅਤੇ ਐਲਜੀ ਵਰਗੀਆਂ ਏਸ਼ੀਆਈ ਤਕਨੀਕੀ ਕੰਪਨੀਆਂ, ਜਿਨ੍ਹਾਂ ਨੇ ਮੈਕਸੀਕੋ ਵਿੱਚ ਫੈਕਟਰੀਆਂ ਅਤੇ ਹੋਰ ਸੇਵਾਵਾਂ ਦਾ ਵਿਸਥਾਰ ਕੀਤਾ ਹੈ, ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਣਗੇ। ਕੈਨੇਡੀਅਨ ਮੀਡੀਆ ਨੇ ਕੈਨੇਡੀਅਨ ਚੈਂਬਰ ਆਫ ਕਾਮਰਸ ਦੇ ਪਿਛਲੇ ਅਨੁਮਾਨਾਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ ਹੈ ਕਿ 10% ਟੈਰਿਫ ਵੀ ਹਰ ਸਾਲ ਕੈਨੇਡਾ ਨੂੰ ਐਮ21 ਬਿਲੀਅਨ ਦਾ ਆਰਥਿਕ ਨੁਕਸਾਨ ਕਰ ਸਕਦਾ ਹੈ। ਕੈਨੇਡਾ ਮੁੱਖ ਤੌਰ 'ਤੇ ਅਮਰੀਕਾ ਨੂੰ ਪੈਟਰੋਲੀਅਮ, ਗੈਸ ਅਤੇ ਵਾਹਨ ਨਿਰਯਾਤ ਕਰਦਾ ਹੈ।

ਹਾਂਗਕਾਂਗ ਵਿੱਚ ਨੈਟਿਕਸਿਸ ਵਿੱਚ ਏਸ਼ੀਆ ਪੈਸੀਫਿਕ ਖੇਤਰ ਦੇ ਸੀਨੀਅਰ ਅਰਥ ਸ਼ਾਸਤਰੀ ਗੈਰੀ ਐਨਜੀ, ਅਲ ਜਜ਼ੀਰਾ ਤੋਂ ਅਮਰੀਕੀ ਕੇਂਦਰੀ ਬੈਂਕ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਟੈਰਿਫ ਕਾਰਨ ਅਮਰੀਕਾ ਵਿੱਚ ਮਹਿੰਗਾਈ ਵਧ ਸਕਦੀ ਹੈ। ਵਾਸ਼ਿੰਗਟਨ ਵਿੱਚ ਚੀਨ ਦੇ ਦੂਤਾਵਾਸ ਨੇ ਕਿਹਾ ਕਿ ਵਪਾਰ ਯੁੱਧ ਦਾ ਕਿਸੇ ਵੀ ਪੱਖ ਨੂੰ ਫਾਇਦਾ ਨਹੀਂ ਹੋਵੇਗਾ। ਬੁਲਾਰੇ ਲਿਊ ਪੇਂਗਯੂ ਨੇ ਇੱਕ ਬਿਆਨ ਵਿੱਚ ਚੀਨ 'ਤੇ ਅਮਰੀਕੀ ਟੈਰਿਫ ਦੇ ਮੁੱਦੇ 'ਤੇ ਕਿਹਾ ਕਿ ਚੀਨ ਦਾ ਮੰਨਣਾ ਹੈ ਕਿ ਚੀਨ-ਅਮਰੀਕਾ ਆਰਥਿਕ ਅਤੇ ਵਪਾਰਕ ਸਹਿਯੋਗ ਕੁਦਰਤੀ ਤੌਰ ਉਪਰ ਆਪਸ ਵਿਚ ਲਾਭਦਾਇਕ ਹੈ,"

### ਭਾਰਤ 'ਤੇ ਕੀ ਹੋਵੇਗਾ ਅਸਰ ?

ਹੁਣ ਤੱਕ ਡੋਨਾਲਡ ਟਰੰਪ ਨੇ ਭਾਰਤੀ ਸਮਾਨ 'ਤੇ ਟੈਰਿਫ ਲਗਾਉਣ ਦੀ ਗੱਲ ਨਹੀਂ ਕੀਤੀ ਹੈ ਪਰ ਮਾਹਿਰਾਂ ਦਾ ਮੰਨਣਾ ਹੈ ਕਿ ਅਗਲਾ ਨੰਬਰ ਭਾਰਤ ਦਾ ਹੋ ਸਕਦਾ ਹੈ। ਟਰੰਪ ਨੇ ਚੋਣ ਪ੍ਰਚਾਰ ਦੌਰਾਨ ਭਾਰਤ ਨੂੰ 'ਵੱਡਾ ਵਪਾਰਕ ਦੁਰਵਿਹਾਰ ਕਰਨ ਵਾਲਾ' ਕਿਹਾ ਸੀ। ਅਮਰੀਕਾ ਭਾਰਤ ਦਾ ਸਭ ਤੋਂ ਵੱਡਾ ਵਪਾਰਕ ਭਾਈਵਾਲ ਹੈ ਅਤੇ ਜੇਕਰ ਭਾਰਤ 'ਤੇ ਵੀ ਟੈਰਿਫ ਲਗਾਇਆ ਜਾਂਦਾ ਹੈ ਤਾਂ ਇਸ ਨਾਲ ਭਾਰਤੀ ਬਰਾਮਦਾਂ 'ਤੇ ਗੰਭੀਰ ਅਸਰ ਪਵੇਗਾ।

ਹਾਲਾਂਕਿ ਚੀਨੀ ਵਸਤਾਂ 'ਤੇ ਟੈਰਿਫ ਲਗਾਉਣ ਨਾਲ ਚੀਨੀ ਬਰਾਮਦਾਂ 'ਤੇ ਗੰਭੀਰ ਪ੍ਰਭਾਵ ਪਵੇਗਾ, ਪਰ ਬਰਨਸਟਾਈਨ ਦੁਆਰਾ ਕੀਤੀ ਗਈ ਖੋਜ ਦਰਸਾਉਂਦੀ ਹੈ ਕਿ ਚੀਨੀ ਵਸਤੂਆਂ 'ਤੇ ਟੈਰਿਫ ਭਾਰਤ ਲਈ ਸਿਰਫ ਸੀਮਤ ਲਾਭ ਹੋ ਸਕਦਾ ਹੈ। ਇਸ ਦੀ ਬਜਾਏ, ਭਾਰਤ ਨੂੰ ਨਵੇਂ ਟੈਰਿਫ ਦਬਾਅ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਕਿਉਂਕਿ ਟਰੰਪ ਨੇ ਆਪਣੇ ਪਹਿਲੇ ਕਾਰਜਕਾਲ ਦੇ ਵਪਾਰਕ ਵਿਵਾਦਾਂ 'ਤੇ ਮੁੜ ਵਿਚਾਰ ਕਰਨ ਦਾ ਸੰਕੇਤ ਦਿੱਤਾ ਹੈ।

# ਦਿੱਲੀ-ਅੰਮ੍ਰਿਤਸਰ ਬੁਲੇਟ ਟਰੇਨ ਲਈ ਮੋਦੀ ਸਰਕਾਰ ਪੰਜਾਬ-ਹਰਿਆਣਾ ਦੇ 321 ਪਿੰਡਾਂ ਦੀ ਜ਼ਮੀਨ ਕਰੇਗੀ ਐਕੁਆਇਰ

ਬਿਊਰੋ ਰਿਪੋਰਟ-ਦਿੱਲੀ ਤੋਂ ਅੰਮ੍ਰਿਤਸਰ ਤੱਕ ਚੱਲਣ ਵਾਲੀ ਬੁਲੇਟ ਟਰੇਨ ਲਈ ਕੇਂਦਰ ਸਰਕਾਰ ਪੰਜਾਬ ਅਤੇ ਹਰਿਆਣਾ ਦੇ ਕਰੀਬ 321 ਪਿੰਡਾਂ ਤੋਂ ਜ਼ਮੀਨ ਐਕੁਆਇਰ ਕਰੇਗੀ। ਹੁਣ ਸਰਵੇਖਣ ਜੰਗੀ ਪੱਧਰ 'ਤੇ ਸ਼ੁਰੂ ਹੋ ਗਿਆ ਹੈ। ਇਸ ਹਾਈ ਸਪੀਡ ਰੇਲ ਲਾਈਨ ਲਈ ਸਰਵੇਖਣ ਦਾ ਕੰਮ ਦੋਵਾਂ ਰਾਜਾਂ ਵਿੱਚ ਜੰਗੀ ਪੱਧਰ 'ਤੇ ਚੱਲ ਰਿਹਾ ਹੈ। ਬੁਲੇਟ ਟਰੇਨ ਦਿੱਲੀ ਤੋਂ ਅੰਮ੍ਰਿਤਸਰ ਤੱਕ ਦਾ 465 ਕਿਲੋਮੀਟਰ ਦਾ ਸਫਰ ਸਿਰਫ 2 ਘੰਟਿਆਂ ਵਿੱਚ ਪੂਰਾ ਕਰੇਗੀ।



ਦਿੱਲੀ ਅਤੇ ਅੰਮ੍ਰਿਤਸਰ ਵਿਚਕਾਰ ਇਹ ਰੇਲ ਗੱਡੀ ਚੰਡੀਗੜ੍ਹ ਸਮੇਤ 15 ਸਟੇਸ਼ਨਾਂ 'ਤੇ ਰੁਕੇਗੀ। ਇਸ ਬੁਲੇਟ ਟਰੇਨ ਦੀ ਵੱਧ ਤੋਂ ਵੱਧ ਸਪੀਡ 350 ਕਿਲੋਮੀਟਰ ਪ੍ਰਤੀ ਘੰਟਾ ਹੈ। ਇਸ ਦੀ ਰਨਿੰਗ ਸਪੀਡ 320 ਕਿਲੋਮੀਟਰ ਪ੍ਰਤੀ ਘੰਟਾ ਅਤੇ ਔਸਤ ਰਫ਼ਤਾਰ 250 ਕਿਲੋਮੀਟਰ ਪ੍ਰਤੀ ਘੰਟਾ ਹੋਵੇਗੀ।

ਇਸ ਤੋਂ ਇਲਾਵਾ ਇੱਕ ਵਾਰ 'ਚ ਕਰੀਬ 750 ਯਾਤਰੀ ਇਸ ਟਰੇਨ 'ਚ ਸਫ਼ਰ ਕਰ ਸਕਣਗੇ।

### ਪੰਜਾਬ ਦੇ ਇਨ੍ਹਾਂ ਜ਼ਿਲ੍ਹਿਆਂ ਵਿੱਚ ਜ਼ਮੀਨ ਐਕਵਾਇਰ ਹੋਵੇਗੀ

ਜਾਣਕਾਰੀ ਅਨੁਸਾਰ ਕੇਂਦਰ ਸਰਕਾਰ ਪੰਜਾਬ ਦੇ ਕੁੱਲ 186 ਪਿੰਡਾਂ ਦੀ ਜ਼ਮੀਨ ਐਕੁਆਇਰ ਕਰੇਗੀ। ਇਸ ਵਿੱਚ ਮੁਹਾਲੀ ਦੇ 39, ਜਲੰਧਰ ਦੇ 49, ਲੁਧਿਆਣਾ ਦੇ 37, ਅੰਮ੍ਰਿਤਸਰ ਦੇ 22, ਫਤਿਹਗੜ੍ਹ ਸਾਹਿਬ ਦੇ 25, ਕਪੂਰਥਲਾ ਦੇ 12 ਅਤੇ ਤਰਨਤਾਰਨ ਅਤੇ ਰੂਪਨਗਰ ਜ਼ਿਲ੍ਹੇ ਦੇ ਇੱਕ-ਇੱਕ ਪਿੰਡ ਸ਼ਾਮਲ ਹਨ।


ਨਵੀਂ ਰੇਲਵੇ ਲਾਈਨ ਦੇ ਦਾਇਰੇ ਵਿੱਚ ਆਉਂਦੇ ਪਿੰਡਾਂ ਦੇ ਕਿਸਾਨਾਂ ਨਾਲ IIMR ਏਜੰਸੀ ਦੀ ਤਰਫੋਂ ਮੀਟਿੰਗਾਂ ਦਾ ਦੌਰ ਚੱਲ ਰਿਹਾ ਹੈ। ਕਿਸਾਨਾਂ ਨੂੰ ਜ਼ਮੀਨ ਲਈ ਹਰੇਕ ਪਿੰਡ ਦੇ ਕੁਲੈਕਟਰ ਰੇਟ ਤੋਂ ਪੰਜ ਗੁਣਾ ਵੱਧ ਦਿੱਤਾ ਜਾਵੇਗਾ।

## ਮਾਨਸਾ ਦੇ ਪਿੰਡ ਦਾ ਭਈਆਂ ਬਾਰੇ ਪੰਚਾਇਤ ਦਾ ਸਖ਼ਤ ਫ਼ਰਮਾਨ !

# ਪਰਵਾਸੀ ਨਾਲ ਵਿਆਹ ਕਰਾਉਣ 'ਤੇ ਪਾਬੰਦੀ, ਲਵ ਮੈਰਿਜ ਵੀ ਬੈਨ

ਮਾਨਸਾ-ਮਾਨਸਾ ਦੇ ਪਿੰਡ ਜਵਾਹਰਕੇ ਦੀ ਪੰਚਾਇਤ ਨੇ ਪਿੰਡ ਵਾਸੀਆਂ ਲਈ ਬਹੁਤ ਸਾਰੇ ਮਤੇ ਪਾਸ ਕੀਤੇ ਹਨ। ਇਨ੍ਹਾਂ ਵਿੱਚ ਸਖ਼ਤ ਫ਼ਰਮਾਨ ਵੀ ਸ਼ਾਮਲ ਹਨ। ਪਿੰਡ ਵਾਸੀਆਂ ਨੂੰ ਸਖ਼ਤ ਸ਼ਬਦਾਂ ਵਿੱਚ ਆਖਿਆ ਗਿਆ ਹੈ ਕਿ ਜੇ ਪਿੰਡ ਦਾ ਕੋਈ ਵੀ ਮੁੰਡਾ, ਕੁੜੀ ਜਾਂ ਪਰਿਵਾਰ ਕਿਸੇ ਪਰਵਾਸੀ ਨਾਲ ਵਿਆਹ ਕਰਵਾਉਂਦਾ ਹੈ ਤਾਂ ਉਸ ਨੂੰ ਪਿੰਡ ਵਿੱਚ ਨਹੀਂ ਰਹਿਣ ਦਿੱਤਾ ਜਾਵੇਗਾ। ਇਸਦੇ ਨਾਲ ਹੀ ਕਿਹਾ ਗਿਆ ਹੈ ਕਿ ਪੰਚਾਇਤ ਦੇ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਪਿੰਡ ਵਿਚ ਲਵ ਮੈਰਿਜ 'ਤੇ ਵੀ ਪਾਬੰਧੀ ਲਾਈ ਗਈ ਹੈ। ਮਤੇ ਮੁਤਾਬਕ ਜੇ ਪਿੰਡ ਦਾ ਕੋਈ ਮੁੰਡਾ-ਕੁੜੀ ਪਿੰਡ ਵਿੱਚ ਹੀ ਵਿਆਹ ਕਰਵਾਉਂਦਾ ਹੈ ਤਾਂ ਉਨ੍ਹਾਂ ਨੂੰ ਵੀ ਪਿੰਡ ਵਿੱਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।





ਗ੍ਰਾਮ ਪੰਚਾਇਤ ਪਿੰਡ ਜਵਾਹਰਕੇ (ਮਾਨਸਾ)

### ਪਿੰਡ ਦੀ ਪੰਚਾਇਤ ਵੱਲੋਂ ਪਾਸ ਕੀਤੇ ਸਾਰੇ ਮਤੇ

- ਪਿੰਡ ਵਿਚ ਆਉਣ ਵਾਲੇ ਮਹੰਤਾਂ ਦੀ ਵਧਾਈ 1100 ਰੁਪਏ ਹੋਵੇਗੀ।
- ਗੁਰੂ ਘਰ ਵਿਚ ਸਾਦਾ ਭੋਗ ਸਾਦੀ ਰੋਟੀ ਕੀਤੀ ਜਾਵੇਗੀ। ਜੇ ਕੋਈ ਮਿਠਾਈ ਜਾਂ ਪਕੌੜੇ ਬਣਾਉਣਾ ਚਾਹੁੰਦਾ ਹੈ ਤਾਂ 31 ਹਜ਼ਾਰ ਰੁਪਏ ਪੰਚਾਇਤ ਨੂੰ ਜਮ੍ਹਾ ਕਰਵਾਉਣੇ ਪੈਣਗੇ।
- ਸਵੇਰੇ ਸਕੂਲ ਸਮੇਂ ਬੱਸ ਅੱਡੇ ਵਿਚ ਜੇ ਕੋਈ ਮੁੰਡਾ ਬਿਨਾਂ ਕੰਮ ਤੋਂ ਖੜ੍ਹਦਾ ਹੈ ਤਾਂ ਉਹ ਆਪਣੀ ਜ਼ਿੰਮੇਵਾਰੀ ਆਪ ਲਵੇਗਾ। ਪਿੰਡ ਦੇ ਚਾਰੇ ਪਾਸੇ ਬਿਨਾਂ ਕੰਮ ਤੋਂ ਨਾ ਖੜ੍ਹਿਆ ਜਾਵੇ।
- ਚਿੱਟਾ ਵੇਚਣ ਵਾਲਾ ਜਾਂ ਪੀਣ ਵਾਲੇ ਦਾ ਜੋ ਵੀ ਸਾਥ ਦਿੰਦਾ ਹੈ ਉਸ ਦਾ ਬਾਈਕਾਟ ਕੀਤਾ ਜਾਵੇਗਾ।
- ਸਕੂਲ ਦੇ ਵਿਦਿਆਰਥੀਆਂ ਨੂੰ ਕੋਈ ਵੀ ਦੁਕਾਨਦਾਰ ਤੰਬਾਕੂ ਸਿਗਰੇਟ ਨਹੀਂ ਦੇਵੇਗਾ। ਜੇਕਰ ਕੋਈ ਦੁਕਾਨਦਾਰ ਹੁਕਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਨੂੰ 15000 ਰੁਪਏ ਜੁਰਮਾਨਾ ਕੀਤਾ ਜਾਵੇਗਾ।
- ਪਿੰਡ ਦੇ ਚਾਰੇ ਪਾਸੇ ਗੰਦ ਨਾ ਫੈਲਾਇਆ ਜਾਵੇ। ਸੜਕ ਦੀ ਜਗ੍ਹਾ ਵਿਚ ਕੋਈ ਵੀ ਕੂੜਾ ਕਰਕਟ ਨਾ ਸੁੱਟਿਆ ਜਾਵੇ। ਪਿੰਡ ਦੀ ਫਿਰਨੀ 'ਤੇ ਜੋ ਪਹਾੜੀ ਕਿੱਕਰਾਂ ਹਨ, ਉਹ ਕੋਈ ਵੀ ਕੱਟ ਸਕਦਾ ਹੈ। ਜੋ ਵੀ ਗੰਦ ਫੈਲਾਉਂਦਾ ਹੈ, ਉਸ 'ਤੇ ਕਾਰਵਾਈ ਹੋਵੇਗੀ।
- ਜੇ ਕੋਈ ਸਰਕਾਰੀ ਸੰਸਥਾ ਵਿਚ ਨੁਕਸਾਨ ਜਾਂ ਚੋਰੀ ਕਰਦਾ ਫੜਿਆ ਗਿਆ ਤਾਂ ਪੰਚਾਇਤ ਬਣਦੀ ਕਾਰਵਾਈ ਕਰੇਗੀ।
- ਪਿੰਡ ਦੇ ਸ਼ਮਸ਼ਾਨਘਾਟ, ਗਰਾਊਂਡ, ਵਾਟਰ ਵਰਕਸ ਅਤੇ ਪਾਰਕਾਂ ਵਿਚ ਕੁੱਤੇ ਅਤੇ ਬੱਕਰੀਆਂ ਨਾ ਲਿਜਾਈਆਂ ਜਾਣ। ਜੇਕਰ ਕੋਈ ਲੈ ਕੇ ਜਾਂਦਾ ਹੈ ਤਾਂ ਉਸ ਤੋਂ ਸਫ਼ਾਈ ਕਰਵਾਈ ਜਾਵੇਗੀ।
- ਵਾਟਰ ਵਰਕਸ ਪਾਣੀ ਦੇ ਬਿੱਲ ਦਿੱਤੇ ਜਾਣ, ਜੋ ਨਹੀਂ ਦਿੰਦਾ ਉਸ ਦਾ ਕੁਨੈਕਸ਼ਨ ਕੱਟ ਦਿੱਤਾ ਜਾਵੇਗਾ।
- ਨਾਲੀਆਂ ਦੀ ਸਫਾਈ ਲਈ 50 ਰੁਪਏ ਮਹੀਨਾ ਲਿਆ ਜਾਵੇਗਾ ਅਤੇ ਸਫਾਈ ਲਈ 100 ਰੁਪਏ ਮਹੀਨਾ ਲਿਆ ਜਾਵੇਗਾ

# ਪੰਜਾਬੀ ਸੱਥ ਵਲੋਂ 25 ਸਾਹਿਤਿਕ ਸ਼ਖ਼ਸੀਅਤਾਂ ਦੇ ਸਨਮਾਨ ਦਾ ਐਲਾਨ

(ਜਸਵਿੰਦਰ ਸਿੰਘ ਰੁਪਾਲ)

ਇਕਜੁੱਟ ਪੰਜਾਬ ਦੀ ਵਿਰਾਸਤ ਤੇ ਸਭਿਆਚਾਰ ਦੀ ਸੇਵਾ ਵਿਚ ਸੰਜੀਦਗੀ ਨਾਲ ਜੁਟੀ ਸੰਸਥਾ 'ਪੰਜਾਬੀ ਸੱਥ' ਵੱਲੋਂ ਡਾ. ਨਿਰਮਲ ਸਿੰਘ ਜੀ ਦੀ ਰਹਿਨੁਮਾਈ ਹੇਠ ਖਾਲਸਾ ਸਕੂਲ ਲਾਂਬੜਾ ਵਿਖੇ ਇਕ ਮੀਟਿੰਗ ਕਰਵਾਈ ਗਈ। ਜਿਸ ਵਿਚ ਸ. ਬਲਦੇਵ ਸਿੰਘ ਜੀ ਦੀ ਪ੍ਰਧਾਨਗੀ ਵਿਚ ਸਰਬਸੰਮਤੀ ਨਾਲ ਪੰਜਾਬੀ ਸੱਥ ਲਾਂਬੜਾ ਦੀ ਸਾਲਾਨਾ ਵਰ੍ਹੇਵਾਰ ਪਰ੍ਹਿਆ ਦੇ ਸਮਾਗਮ ਦਾ ਸਮਾਂ 14 ਦਸੰਬਰ ਦਿਨ ਸ਼ਨੀਵਾਰ 2024 ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਮਾਡਲ ਸੀਨੀਅਰ ਸੈਕੰਡਰੀ ਸਕੂਲ ਲਾਂਬੜਾ (ਜਲੰਧਰ) ਵਿਖੇ ਮਿੱਥਿਆ ਗਿਆ ਹੈ। ਪੰਜਾਬੀ ਸੱਥ ਦੀ 25ਵੀਂ ਵਰ੍ਹੇਵਾਰ ਪਰ੍ਹਿਆ ਵਿਚ ਹੇਠ ਲਿਖੀਆਂ 25 ਆਦਰਯੋਗ ਸਖਸ਼ੀਅਤਾਂ ਦਾ ਸਨਮਾਨ ਕੀਤਾ ਜਾਵੇਗਾ।

ਹਸਤੀਆਂ ਦੇ ਨਾਂ ਪੁਰਸਕਾਰਾਂ ਦੇ ਨਾਂ -

1. ਡਾ. ਰਤਨ ਸਿੰਘ ਜੱਗੀ ਭਾਈ ਵੀਰ ਸਿੰਘ, 2. ਡਾ. ਜੰਗ ਬਹਾਦਰ ਗੋਇਲ ਸ. ਨਾਨਕ ਸਿੰਘ ਨਾਵਲਕਾਰ, 3. ਸ੍ਰੀ ਦਰਸ਼ਨ ਲਾਲ ਕੰਬੋਜ ਉਰਫ ਬਿੱਟੂ ਲਹਿਰੀ ਪ੍ਰਿ. ਤਰਲੋਚਨ ਸਿੰਘ ਭਾਟੀਆ, 4. ਡਾ. ਪੰਡਿਤ ਰਾਓ ਧਰੇਨਵਰ ਭਾਈ ਨੰਦ ਲਾਲ ਗੋਇਆ, 5. ਸ. ਗੁਰਮੀਤ ਸਿੰਘ ਪਲਾਹੀ ਸ. ਗੁਰਬਖਸ਼ ਸਿੰਘ ਪ੍ਰੀਤਲੜੀ, 6. ਜਨਾਬ ਨੂਰ ਮੁਹੰਮਦ ਨੂਰ ਜਨਾਬ ਅੱਲਾ ਯਾਰ ਖਾਂ ਜੋਗੀ, 7. ਡਾ. ਬੀਬੀ ਇਕਬਾਲ ਕੌਰ ਸੌਂਦ ਬੀਬੀ ਅਫ਼ਜ਼ਲ ਤੌਸੀਫ਼, 8. ਡਾ. ਗੁਰਚਰਨ ਸਿੰਘ ਨੂਰਪੁਰ ਸਾਧੂ ਦਇਆ ਸਿੰਘ ਆਰਫ਼, 9. ਕਮਾਂਡੋਰ ਸ. ਗੁਰਨਾਮ ਸਿੰਘ ਐਸ. ਐਸ. ਚਰਨ ਸਿੰਘ ਸ਼ਹੀਦ, 10. ਬੀਬੀ ਨਸੀਬ ਕੌਰ ਉਦਾਸੀ ਬੀਬੀ ਦੀਪ ਕੌਰ ਤਲਵਣ, 11. ਸ. ਹਰਭਜਨ ਸਿੰਘ ਬਾਜਵਾ ਸ. ਸੋਭਾ ਸਿੰਘ-ਚਿਤਰਕਾਰ, 12. ਸ੍ਰੀ ਕਿਰਪਾਲ ਕਜ਼ਾਕ ਡਾ. ਕੁਲਵੰਤ ਸਿੰਘ ਵਿਰਕ, 13. ਡਾ. ਰਾਜ ਕੁਮਾਰ ਸ਼ਰਮਾ ਡਾ. ਸਰੂਪ ਸਿੰਘ ਅਲੱਗ, 14. ਸ੍ਰੀ ਆਸ਼ੀ ਈਸਪੁਰੀ ਸ੍ਰੀ ਨੰਦ ਲਾਲ ਨੂਰਪੁਰੀ, 15. ਡਾ. ਬੀਬੀ ਸੁਰਿੰਦਰ ਕੌਰ ਨੀਰ ਬੀਬੀ ਅਜੀਤ ਕੌਰ, 16. ਢਾਡੀ ਸ. ਮੇਜਰ ਸਿੰਘ ਖਾਲਸਾ ਗਿਆਨੀ ਸੋਹਣ ਸਿੰਘ ਸੀਤਲ, 17. ਸ੍ਰੀ ਤਰਸੇਮ ਚੰਦ ਭੋਲਾ ਕਲਹਿਰੀ ਡਾ. ਮਹਿੰਦਰ ਸਿੰਘ ਰੰਧਾਵਾ, 18. ਕਵੀਸ਼ਰ ਹਰਦੇਵ ਸਿੰਘ ਲਾਲ ਬਾਈ ਜਨਾਬ ਬਾਬੂ ਰਜਬ ਅਲੀ, 19. ਡਾ. ਰਾਮ ਮੂਰਤੀ ਲਾਲਾ ਧਨੀ ਰਾਮ ਚਾਤ੍ਰਿਕ, 20. ਸ. ਸਵਰਨ ਸਿੰਘ ਟਹਿਣਾ ਸ. ਗੁਰਨਾਮ ਸਿੰਘ ਤੀਰ, 21. ਡਾ. ਬੀਬੀ ਨਬੀਲਾ ਰਹਿਮਾਨ ਬੀਬੀ ਦਲੀਪ ਕੌਰ ਟਿਵਾਣਾ, 22. ਸ੍ਰੀ ਨਿੰਦਰ ਘੁਗਿਆਣਵੀ ਸ੍ਰੀ ਦਵਿੰਦਰ ਸਤਿਆਰਥੀ,23. ਬੀਬੀ ਵੀਰਪਾਲ ਕੌਰ/ ਬੀਬੀ ਪਵਨਦੀਪ ਕੌਰ ਬੀਬੀ ਸੁਰਿੰਦਰ ਕੌਰ / ਬੀਬੀ ਪ੍ਰਕਾਸ਼ ਕੌਰ 24.ਜਨਾਬ ਨਾਸਿਰ ਢਿੱਲੋਂ ਜਨਾਬ ਅਫਜ਼ਲ ਅਹਿਸਨ ਰੰਧਾਵਾ, 25. ਸ. ਗੁਰਪ੍ਰੀਤ ਸਿੰਘ ਮਿੰਟੂ ਭਗਤ ਪੂਰਨ ਸਿੰਘ

ਇਹ ਸਾਰੀਆਂ ਸਖਸ਼ੀਅਤਾਂ ਚੜ੍ਹਦੇ ਲਹਿੰਦੇ ਪੰਜਾਬ ਅਤੇ ਕੁੱਲ ਆਲਮ ਵਿਚ ਵਸਦੇ ਰਸਦੇ ਪੰਜਾਬੀ ਭਾਈਚਾਰੇ ਨਾਲ ਸਬੰਧਿਤ ਹਨ। ਇਹਨਾਂ ਸ਼ਖ਼ਸ਼ੀਅਤਾਂ ਦਾ ਸਾਡੀ ਮਾਂ ਬੋਲੀ ਵਿਰਾਸਤ ਤੇ ਸਭਿਆਚਾਰ ਦੇ ਖੇਤਰਾਂ ਵਿਚ ਵਡਮੁੱਲਾ ਯੋਗਦਾਨ ਹੈ। ਸਮਾਗਮ ਦੌਰਾਨ ਦਿੱਤੇ ਜਾਣ ਵਾਲੇ ਸਨਮਾਨ ਵਿਚ ਹਰ ਇਕ ਹਸਤੀ ਨੂੰ 25000/- ਰੁਪਏ ਸਨਮਾਨ ਚਿੰਨ, ਦਸਤਾਰ/ ਫੁਲਕਾਰੀ, ਪੰਜਾਬੀ ਸੱਥਾਂ ਵਲੋਂ ਛਪੀਆਂ ਕਿਤਾਬਾਂ ਦੇ ਨਾਲ 25 ਸਨਮਾਨਿਤ ਹਸਤੀਆਂ ਬਾਰੇ ਜਾਣਕਾਰੀ ਵਾਲੇ ਕਿਤਾਬਚੇ ਦੀ ਮੁੱਖ ਦਿਖਾਈ ਕਰਕੇ ਭੇਟ ਕੀਤਾ ਜਾਏਗਾ। ਸਮਾਗਮ ਦੀ ਪ੍ਰਧਾਨਗੀ ਸ. ਜਸਵੰਤ ਸਿੰਘ ਜ਼ਫ਼ਰ ਡਾਇਰੈਕਟਰ ਭਾਸ਼ਾ ਵਿਭਾਗ ਪਟਿਆਲਾ ਪੰਜਾਬ ਵੱਲੋਂ ਕੀਤੀ ਜਾਵੇਗੀ। ਸਟੇਜ ਦਾ ਸੰਚਾਲਨ ਪ੍ਰਿ. ਕੁਲਵਿੰਦਰ ਸਿੰਘ ਸਰਾਏ ਜੀ ਕਰਨਗੇ। ਡਾ. ਨਿਰਮਲ ਸਿੰਘ ਜੀ ਹੁਰਾਂ ਨੇ ਇਸ ਸਮਾਗਮ ਵਿਚ ਸ਼ਾਮਲ ਹੋਣ ਲਈ ਕੁੱਲ ਆਲਮ ਦੀਆਂ ਦੂਰ-ਦਰਾਡੇ ਤੇ ਦੇਸਾਂ-ਪ੍ਰਦੇਸਾ ਦੀਆਂ ਪੰਜਾਬੀ ਸੱਥਾਂ ਦੇ ਕਾਰਕੁੰਨਾ ਨੂੰ ਆਪਣੇ ਸੰਗੀ ਬੇਲੀਆਂ ਨਾਲ ਸਮੇਂ ਸਿਰ ਪਹੁੰਚ ਕੇ ਆਪਣੀ ਮਾਂ ਬੋਲੀ ਪੰਜਾਬੀ ਦੀ ਸੇਵਾ ਵਿਚ ਹਿੱਸਾ ਲੈਣ ਦਾ ਸੱਦਾ ਦਿੱਤਾ।

ਇਸ ਸਮਾਗਮ ਲਈ ਵਿਸੇਸ਼ ਤੌਰ ਤੇ ਪਹੁੰਚੇ ਯੂਰਪੀ ਪੰਜਾਬੀ ਸੱਥਾਂ ਦੇ ਨਿਗਰਾਨ ਸ. ਮੋਤਾ ਸਿੰਘ ਸਰਾਏ ਵਾਲਸਾਲ ਬਰਤਾਨੀਆਂ (ਇੰਗਲੈਡ) ਵਾਲਿਆਂ ਨੇ ਸਮਾਗਮ ਦੀ ਰੂਪ ਰੇਖਾ ਤੇ ਵਿਚਾਰ ਵਟਾਂਦਰਾ ਕੀਤਾ ਤੇ ਹਰ ਕਿਸਮ ਦੇ ਸਹਿਯੋਗ ਲਈ ਪੇਸ਼ਕਸ਼ ਕੀਤੀ। ਇਸ ਮੌਕੇ ਸੇਵਾ ਮੁਕਤ ਜਿਲ੍ਹਾ ਸਿੱਖਿਆ ਅਫਸਰ ਸ. ਕੁਲਵਿੰਦਰ ਸਿੰਘ ਸਰਾਏ ਸੰਚਾਲਕ ਮੰਜਕੀ ਪੰਜਾਬੀ ਸੱਥ ਭੰਗਾਲਾ ਦੇ ਨਾਲ ਸ. ਅੰਮ੍ਰਿਤਪਾਲ ਸਿੰਘ ਸਰਾਏ ਭੰਗਾਲਾ ਤੋਂ ਇਲਾਵਾ ਸ. ਹਿੰਦਪਾਲ ਸਿੰਘ ਅਠਵਾਲ (ਚਿੱਟੀ), ਸ. ਸੁਖਦੇਵ ਸਿੰਘ ਅਟਵਾਲ ਸੇਵਾ ਮੁਕਤ ਬੈਂਕ ਮੈਨੇਜਰ, ਸ. ਕੁਲਵੰਤ ਸਿੰਘ ਅਠਵਾਲ ਪ੍ਰਤਾਪਪੁਰਾ, ਸ. ਗੁਰਪ੍ਰਸ਼ੋਤਮ ਸਿੰਘ ਬਾਜੜਾ, ਸ. ਬਲਜੀਤ ਸਿੰਘ ਚਿੱਟੀ-ਪ੍ਰਿੰਸੀਪਲ ਖਾਲਸਾ ਸਕੂਲ (ਲਾਂਬੜਾ), ਸ. ਸੁਰਿੰਦਰ ਸਿੰਘ ਵਾਈਸ ਪ੍ਰਿੰਸੀਪਲ ਖਾਲਸਾ ਸਕੂਲ, ਸ੍ਰੀਮਤੀ ਸਰਬਜੀਤ ਕੌਰ, ਸ੍ਰੀਮਤੀ ਮਾਲਤੀ ਦੇਵੀ ਤੇ ਬੀਬੀ ਬਲਜਿੰਦਰ ਰਾਣੀ ਸ਼ਾਮਲ ਸਨ।

(ਨੋਟ- ਵਰ੍ਹੇਵਾਰ ਪਰ੍ਹਿਆ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ)

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ - ਬਲਜਿੰਦਰ ਰਾਣੀ , ਪੰਜਾਬੀ ਸੱਥ ਲਾਂਬੜਾ, ਮੋਬਾਈਲ -98766-83717

# ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਵੱਲੋਂ ਆਪਣੇ ਕੁੜਮਾਂ ਤੇ ਹੋਰ ਸਕੇ ਸਬੰਧੀਆਂ ਨੂੰ ਤਰਜੀਹ, ਅਮਰੀਕੀ ਸਿਆਸਤ ਵਿਚ ਭਾਈ ਭਤੀਜਾਵਾਦ ਦਾ ਬੋਲਬਾਲਾ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਚੁਣੇ ਗਏ ਡੋਨਾਲਡ ਟਰੰਪ ਦੁਆਰਾ ਬੀਤੇ ਦਿਨਾਂ ਵਿਚ ਆਪਣੇ ਪ੍ਰਸ਼ਾਸਨ ਵਿਚ ਕੀਤੀਆਂ ਨਿਯੁਕਤੀਆਂ ਜਾਂ ਨਾਮਜ਼ਦਗੀਆਂ ਤੋਂ ਇਕ ਗੱਲ ਉਭਰ ਕੇ ਸਾਹਮਣੇ ਆਈ ਹੈ ਕਿ ਕਈ ਪ੍ਰਮੁੱਖ ਅਹੁੱਦਿਆਂ ਉਪਰ ਉਨਾਂ ਨੇ ਆਪਣੇ ਨਜ਼ਦੀਕੀ ਰਿਸ਼ਤੇਦਾਰਾਂ ਤੇ ਸਕੇ ਸਬੰਧੀਆਂ ਨੂੰ ਤਰਜੀਹ ਦਿੱਤੀ ਹੈ। ਇਨਾਂ ਵਿਚ ਟਰੰਪ ਦੀਆਂ ਦੋ ਧੀਆਂ ਦੇ ਸਹੁਰੇ ਵੀ ਸ਼ਾਮਿਲ ਹਨ। ਟਰੰਪ ਨੇ ਅਰਬਪਤੀ ਮਸਾਦ ਬੂਲੋਸ ਦੀ ਅਰਬ ਤੇ ਮੱਧ ਪੂਰਬ ਮਾਮਲਿਆਂ ਸਬੰਧੀ ਸੀਨੀਅਰ ਸਲਾਹਕਾਰ ਵਜੋਂ ਚੋਣ ਕੀਤੀ ਹੈ। ਪਿਛਲੇ ਦਿਨਾਂ ਦੌਰਾਨ ਪ੍ਰਮੁੱਖ ਅਹੁੱਦੇ 'ਤੇ ਟਰੰਪ ਦੁਆਰਾ ਆਪਣੇ ਕਿਸੇ ਰਿਸ਼ਤੇਦਾਰ ਦੀ ਕੀਤੀ ਗਈ ਇਹ ਦੂਸਰੀ ਨਿਯੁਕਤੀ ਹੈ। ਰਾਸ਼ਟਰਪਤੀ ਟਰੰਪ ਦੀ ਧੀ ਟਿਫਨੀ ਦਾ ਬੂਲੋਸ ਸਹੁਰਾ ਹੈ। ਚੋਣ ਮੁਹਿੰਮ ਸਮੇ ਬੂਲੋਸ ਪੂਰੀ ਤਰਾਂ ਸਰਗਰਮ ਰਹੇ ਹਨ । ਅਹਿਮ ਰਾਜਾਂ ਵਿਚ ਉਨਾਂ ਨੇ ਟਰੰਪ ਦੇ ਹੱਕ ਵਿਚ ਜੋਰਦਾਰ ਪ੍ਰਚਾਰ ਕੀਤਾ ਤੇ ਇਨਾਂ ਰਾਜਾਂ ਵਿਚ ਵਿਸ਼ੇਸ਼ ਕਰਕੇ ਮੁਸਲਮਾਨ- ਅਮਰੀਕੀ ਭਾਈਚਾਰੇ ਨੂੰ ਟਰੰਪ ਦੇ ਹੱਕ ਵਿਚ ਵੋਟਾਂ ਪਾਉਣ ਲਈ ਪ੍ਰੇਰਤ ਕੀਤਾ। ਬੀਤੇ ਦਿਨ ਟਰੰਪ ਨੇ ਦੂਸਰੀ ਨਿਯੁਕਤੀ ਰੀਅਲ ਇਸਟੇਟ ਡਿਵੈਲਪਰ ਚਾਰਲਸ ਕੁਸ਼ਨਰ ਦੀ ਫਰਾਂਸ ਦੇ ਰਾਜਦੂਤ ਵਜੋਂ ਕੀਤੀ। ਕੁਸ਼ਨਰ, ਜਾਰੇਡ ਕੁਸ਼ਨਰ ਦੇ ਪਿਤਾ ਹਨ ਜੋ ਟਰੰਪ ਦੇ ਜਵਾਈ ਹਨ । ਜਾਰੇਡ ਕੁਸ਼ਨਰ ਟਰੰਪ ਦੀ ਧੀ ਲਵਾਂਕਾ ਦੇ ਪਤੀ ਹਨ। 2 ਅਹਿਮ ਅਹੁੱਦਿਆਂ ਉਪਰ ਆਪਣੇ ਕੁੜਮਾਂ ਦੀ ਚੋਣ ਕਰਨ ਤੋਂ ਇਹ ਗੱਲ ਭਲੀਭਾਂਤ ਸਾਫ ਹੋ ਜਾਂਦੀ ਹੈ ਕਿ ਪਹਿਲੇ ਕਾਰਜਕਾਲ ਵਾਂਗ ਦੂਸਰੇ ਕਾਰਜਕਾਲ ਵਿਚ ਵੀ ਉਹ ਆਪਣੇ ਪਰਿਵਾਰਕ ਮੈਂਬਰ ਉਪਰ ਭਰੋਸਾ ਕਰ ਰਹੇ ਹਨ। ਟਰੰਪ ਨੇ ਬੂਲੋਸ ਦੀ ਨਿਯੁਕਤੀ ਦਾ ਐਲਾਨ ਕਰਨ ਸਮੇ ਕਿਹਾ ਸੀ ਕਿ ਉਹ ਕਾਰੋਬਾਰੀ ਜਗਤ ਵਿਚ ਬਹੁਤ ਮਾਣ ਸਨਮਾਨ ਰਖਦੇ ਹਨ। ਉਨਾਂ ਨੂੰ ਕੌਮਾਂਤਰੀ ਪੱਧਰ'ਤੇ ਵਿਸ਼ਾਲ ਤਜ਼ਰਬਾ ਹੈ। ਟਰੰਪ ਨੇ 'ਸੋਸ਼ਲ ਟਰੁੱਥ' ਉਪਰ ਲਿਖਿਆ '' ਮਸਾਦ ਇਕ 'ਡੀਲਮੇਕਰ' ਹਨ ਤੇ ਉਹ ਮੱਧ ਪੂਰਬ ਵਿਚ ਸ਼ਾਤੀ ਦੇ ਪੱਕੇ ਸਮਰਥਕ ਹਨ। ਉਹ ਅਮਰੀਕਾ ਤੇ ਅਮਰੀਕਾ ਦੇ ਹਿੱਤਾਂ ਲਈ ਮਜਬੂਤ ਵਕੀਲ ਸਾਬਤ ਹੋਣਗੇ। ਮੈਨੂੰ ਉਸ ਨੂੰ ਆਪਣੀ ਟੀਮ ਵਿਚ ਸ਼ਾਮਿਲ ਕਰਕੇ ਖੁਸ਼ੀ ਮਹਿਸੂਸ ਹੋ ਰਹੀ ਹੈ।'' 2017 ਤੋਂ 2021 ਦੇ ਆਪਣੇ ਪਹਿਲੇ ਕਾਰਜਕਾਲ ਦੌਰਾਨ ਵੀ ਟਰੰਪ ਨੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਤਰਜੀਹ ਦਿੱਤੀ ਸੀ ਜਿਸ ਤੋਂ ਉਨਾਂ ਉਪਰ ਭਾਈ ਭਤੀਜਾਵਾਦ ਦੇ ਮੁੱਦੇ 'ਤੇ ਸਵਾਲ ਉੱਠਣਾ ਕੁੱਦਰਤੀ ਗੱਲ ਹੈ। ਪਹਿਲੇ ਕਾਰਜਕਾਲ ਦੌਰਾਨ ਟਰੰਪ ਦੀ ਧੀ ਲਵਾਂਕਾ ਟਰੰਪ ਤੇ ਉਸ ਦੇ ਪਤੀ ਜਾਰੇਡ ਕੁਸ਼ਨਰ ਨੇ ਵੈਸਟ ਵਿੰਗ ਦਫਤਰਾਂ ਵਿਚ ਸੀਨੀਅਰ ਸਲਾਹਕਾਰ ਵਜੋਂ ਸੇਵਾ ਨਿਭਾਈ ਸੀ। ਅਬਰਾਹਮ ਸਮਝੌਤੇ ਵਿਚ ਕੁਸ਼ਨਰ ਨੇ



ਪ੍ਰਮੁੱਖ ਗੱਲਕਾਰ ਵਜੋਂ ਕੰਮ ਕੀਤਾ ਸੀ। ਇਸ ਸਮਝੌਤੇ ਤਹਿਤ ਇਸਰਾਈਲ ਤੇ ਯੂ ਏ ਈ ਵਿਚਾਲੇ ਸਬੰਧ ਆਮ ਵਾਂਗ ਹੋਏ ਸਨ। ਇਨਾਂ ਦੋਨਾਂ ਵੱਲੋਂ ਇਹ ਸੇਵਾ ਜਾਰੀ ਰਖੇ ਜਾਣ ਦੀ ਆਸ ਹੈ ਤੇ ਉਹ ਵਾਈਟ ਹਾਊਸ ਤੋਂ ਬਾਹਰ ਰਹਿ ਕੇ ਮੱਧ ਪੂਰਬ ਨਾਲ ਸਬੰਧਤ ਮੁੱਦਿਆਂ ਬਾਰੇ ਸਲਾਹ ਡੋਨਾਲਡ ਟਰੰਪ ਨੂੰ ਦਿੰਦੇ ਰਹਿਣਗੇ ਕਿਉਂਕਿ ਲਵਾਂਕਾ ਟਰੰਪ ਕਹਿ ਚੁੱਕੀ ਹੈ ਕਿ ਉਸ ਦੀ ਕਿਸੇ ਵੀ ਸਥਿੱਤੀ ਵਿਚ ਵਾਸ਼ਿੰਗਟਨ ਵਾਪਿਸ ਆਉਣ ਦੀ ਯੋਜਨਾ ਨਹੀਂ ਹੈ। ਡੋਨਾਲਡ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਉਨਾਂ ਦੇ ਪੁੱਤਰ ਡੋਨਾਲਡ ਟਰੰਪ ਜੂਨੀਅਰ ਤੇ ਏਰਿਕ ਟਰੰਪ ਪਰਿਵਾਰ ਦਾ ਰੀਅਲ ਇਸਟੇਟ ਕਾਰੋਬਾਰ ਸੰਭਾਲਦੇ ਸਨ ਪਰੰਤੂ 2024 ਦੀ ਚੋਣ ਮੁਹਿੰਮ ਵਿਚ ਉਹ ਪ੍ਰਮੁੱਖ ਪ੍ਰਚਾਰਕ ਵਜੋਂ ਉਭਰੇ ਹਨ। ਰਾਸ਼ਟਰਪਤੀ ਚੁਣੇ ਗਏ ਟਰੰਪ ਦੀ ਨੂੰਹ ਲਾਰਾ ਟਰੰਪ ਨੂੰ ਪਹਿਲਾਂ ਹੀ ਰਿਪਬਲੀਕਨ ਨੈਸ਼ਨਲ ਕਮੇਟੀ ਦੀ ਸਹਿ ਪ੍ਰਧਾਨ ਬਣਾਇਆ ਜਾ ਚੁੱਕਾ ਹੈ।

## ◆ ਅਪੀਲ ◆



ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਹੁਕਮ ਅਨੁਸਾਰ ਸਵਾ ਲੱਖ ਬੂਟੇ ਲਾਉਣ ਲਈ ਅਕਾਲੀ ਵਰਕਰਾਂ ਨੂੰ 1 ਮਾਰਚ ਤੋਂ 30 ਅਪ੍ਰੈਲ ਤੱਕ ਕਿਹਾ ਗਿਆ ਹੈ। ਇਹ ਬਹੁਤ ਚੰਗੀ ਗੱਲ ਹੈ । ਪਰ ਇਹ ਸਮਾਂ ਬਹੁਤ ਗਲਤ ਹੈ । ਇਸ ਟਾਈਮ ਤੇ ਲਾਏ ਹੋਏ ਬੂਟੇ ਮਰਨ ਦੇ ਬਹੁਤ ਚਾਂਸ ਵੱਧ ਜਾਂਦੇ ਹਨ । ਕਿਰਪਾ ਕਰਕੇ ਇਸ ਸਮੇਂ ਨੂੰ ਅਗਸਤ ਤੋਂ ਸਤੰਬਰ ਦੇ ਵਿੱਚ ਕਰਨ ਨੂੰ ਕਿਹਾ ਜਾਵੇ ਜੀ ।



◆ -ਜਨਮੇਜਾ ਸਿੰਘ ਜੌਹਲ

# ਗੁਰੂ ਨਾਨਕ ਦੇਵ ਜੀ ਦਾ ਸਵਾਂਗ ਰਚਣ ਵਾਲੀ ਲੜਕੀ ਡਿਪ੍ਰੈਸ਼ਨ ਵਿਚ, ਸੈਕਟਰੀ ਦੀ ਹੋਈ ਮੌਤ

ਮੱਧ ਪ੍ਰਦੇਸ਼-ਮੱਧ ਪ੍ਰਦੇਸ਼ ਤੋਂ ਵੱਡੀ ਖਬਰ ਸਾਹਮਣੇ ਆ ਰਹੀ ਹੈ। ਇਥੋਂ ਦੀ ਇਕ ਜਥੇਬੰਦੀ ਵੱਲੋਂ ਕਰਵਾਏ ਗਏ ਇਕ ਸਮਾਗਮ ਦੀ ਵੀਡੀਓ ਬੀਤੇ ਦਿਨੀਂ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ। ਵਾਇਰਲ ਵੀਡੀਓ 'ਤੇ ਸਿੱਖ ਸੰਗਤਾਂ ਨੇ ਬੇਹੱਦ ਸਖਤ ਇਤਰਾਜ਼ ਜਤਾਉਂਦਿਆਂ ਜਥੇਬੰਦੀ ਅਤੇ ਵੀਡੀਓ ਵਿਚ ਦਿਖਾਈ ਦੇ ਰਹੇ ਲੋਕਾਂ 'ਤੇ ਕਾਰਵਾਈ ਦੀ ਮੰਗ ਕੀਤੀ ਸੀ।



ਦਰਅਸਲ ਇਸ ਵੀਡੀਓ ਵਿਚ ਇਕ ਲੜਕੀ ਨੂੰ ਸਮਾਗਮ ਦੌਰਾਨ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਸਵਾਂਗ ਰਚਾਉਂਦੇ ਹੋਏ ਪੇਸ਼ ਕੀਤਾ ਗਿਆ ਸੀ। ਵੀਡੀਓ ਵਾਇਰਲ ਹੋਈ ਤਾਂ ਕਾਰਵਾਈ ਦੀ ਮੰਗ ਉੱਠਣ ਲੱਗੀ। ਪਰ ਹੁਣ ਇਸ ਸਭ ਵਿਚਾਲੇ ਖਬਰ ਆ ਰਹੀ ਹੈ ਕਿ ਜਿਸ ਜਥੇਬੰਦੀ ਦਾ ਇਹ ਸਮਾਗਮ ਸੀ ਉਸ ਦੇ ਸੈਕਟਰੀ ਦਾ ਅਚਾਨਕ ਦੇਹਾਂਤ ਹੋ ਗਿਆ ਹੈ। ਹਾਲਾਂਕਿ ਮੌਤ ਦਾ ਕਾਰਨ ਕੀ ਰਿਹਾ ਇਹ ਸਪੱਸ਼ਟ ਨਹੀਂ ਹੋ ਸਕਿਆ। ਉਥੇ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਸਵਾਂਗ ਰਚਾਉਣ ਵਾਲੀ ਲੜਕੀ ਵੀ ਡਿਪ੍ਰੈਸ਼ਨ ਦਾ ਸ਼ਿਕਾਰ ਹੋ ਗਈ ਹੈ। ਜਿਸ ਦਾ ਹੁਣ ਡਾਕਟਰੀ ਇਲਾਜ ਚੱਲ ਰਿਹਾ ਦੱਸਿਆ ਜਾ ਰਿਹਾ ਹੈ। ਵਾਇਰਲ ਵੀਡੀਓ ਬਾਰੇ ਜੋ ਤੱਥ ਸਾਹਮਣੇ ਆਏ ਸਨ ਉਨ੍ਹਾਂ ਮੁਤਾਬਕ ਇਹ ਵੀਡੀਓ ਮੱਧ ਪ੍ਰਦੇਸ਼ ਦੇ ਸ਼ਹਿਡੋਲ ਸ਼ਹਿਰ ਦਾ ਸੀ। ਬੇਸ਼ੱਕ ਜਥੇਬੰਦੀ ਵੱਲੋਂ ਵੀਡੀਓ ਵਾਇਰਲ ਹੋਣ ਮਗਰੋਂ ਖਿਮਾ ਯਾਚਨਾ ਕੀਤੀ ਗਈ ਸੀ ਪਰ ਹੁਣ ਸੈਕਟਰੀ ਦੀ ਮੌਤ ਦੀ ਖਬਰ ਨੇ ਸਭ ਨੂੰ ਹੈਰਾਨ ਕਰ ਕੇ ਰੱਖ ਦਿੱਤਾ ਹੈ।

ਦੂਜੇ ਪਾਸੇ ਅਜੇ ਸਬੰਧਿਤ ਜਥੇਬੰਦੀ ਵੱਲੋਂ ਸੈਕਟਰੀ ਦੀ ਮੌਤ ਜਾਂ ਲੜਕੀ ਦੇ ਡਿਪ੍ਰੈਸ਼ਨ ਵਿਚ ਜਾਣ ਬਾਰੇ ਕੋਈ ਬਿਆਨ ਸਾਹਮਣੇ ਨਹੀਂ ਆਇਆ ਹੈ।

**ਆਸਟ੍ਰੇਲੀਆ ਨੇ ਵਿਦਿਆਰਥੀਆਂ ਨੂੰ ਦਿੱਤਾ ਵੱਡਾ ਝਟਕਾ**

# ਕੌਮਾਂਤਰੀ ਵਿਦਿਆਰਥੀ ਵੀਜ਼ਾ ਫੀਸ 710 ਆਸਟ੍ਰੇਲੀਅਨ ਡਾਲਰ ਤੋਂ ਵਧਾ ਕੇ 1600 ਕੀਤੀ

ਸਿਡਨੀ-ਆਸਟ੍ਰੇਲੀਆ ਨੇ ਵਿਦਿਆਰਥੀਆਂ ਨੂੰ ਵੱਡਾ ਝਟਕਾ ਦਿੱਤਾ ਹੈ। ਜਿਸ ਨਾਲ ਆਸਟ੍ਰੇਲੀਆ ਜਾ ਕੇ ਪੜ੍ਹਾਈ ਕਰਨ ਦਾ ਸੁਪਨਾ ਦੇਖਣ ਵਾਲੇ ਵਿਦਿਆਰਥੀਆਂ ਲਈ ਆਪਣੇ ਸੁਪਨਿਆਂ ਨੂੰ ਸਾਕਾਰ ਕਰਨਾ ਥੋੜ੍ਹਾ ਔਖਾ ਹੋ ਗਿਆ ਹੈ। ਆਸਟ੍ਰੇਲੀਆ ਨੇ 1 ਜੁਲਾਈ ਤੋਂ ਅੰਤਰਰਾਸ਼ਟਰੀ ਵਿਦਿਆਰਥੀ ਵੀਜ਼ਾ ਫੀਸ 710 ਆਸਟ੍ਰੇਲੀਅਨ ਡਾਲਰ ਤੋਂ ਵਧਾ ਕੇ 1600 ਆਸਟ੍ਰੇਲੀਅਨ ਡਾਲਰ ਕਰ ਦਿੱਤੀ ਹੈ। ਇਹ ਜਾਣਕਾਰੀ ਕੇਂਦਰ ਨੇ ਵੀਰਵਾਰ ਨੂੰ ਸੰਸਦ ਨੂੰ ਦਿੱਤੀ। ਆਸਟ੍ਰੇਲੀਆ ਸਰਕਾਰ ਦੇ ਇਸ ਫ਼ੈਸਲੇ ਨਾਲ ਭਾਰਤੀ ਵਿਦਿਆਰਥੀ ਵੱਡੀ ਗਿਣਤੀ ਵਿਚ ਪ੍ਰਭਾਵਿਤ ਹੋਣਗੇ। ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕਿਹਾ ਕਿ ਵੀਜ਼ਾ ਫੀਸਾਂ ਵਿੱਚ ਵਾਧੇ ਨਾਲ ਆਸਟ੍ਰੇਲੀਆ ਵਿੱਚ ਆਪਣੀ ਪੜ੍ਹਾਈ ਜਾਰੀ ਰੱਖਣ ਦੇ ਚਾਹਵਾਨ ਭਾਰਤ ਦੇ ਵਿਦਿਆਰਥੀਆਂ ਸਮੇਤ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਵਿੱਤੀ ਚੁਣੌਤੀਆਂ ਪੈਦਾ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਕਿਹਾ ਕਿ ਸਿੱਖਿਆ ਵਿੱਚ ਭਾਰਤ-ਆਸਟ੍ਰੇਲੀਆ ਭਾਈਵਾਲੀ ਦੁਵੱਲੇ ਸਬੰਧਾਂ ਦਾ ਇੱਕ ਅਹਿਮ ਹਿੱਸਾ ਹੈ, ਜਿਸ ਵਿੱਚ ਆਰਥਿਕ, ਵਿੱਦਿਅਕ ਅਤੇ ਲੋਕਾਂ ਨਾਲ ਸਬੰਧ ਸ਼ਾਮਲ ਹਨ। ਮੰਤਰਾਲਾ ਆਸਟ੍ਰੇਲੀਆ ਵਿਚ ਪੜ੍ਹ ਰਹੇ ਭਾਰਤ ਦੇ ਵਿਦਿਆਰਥੀਆਂ ਨਾਲ ਸਬੰਧਤ ਮਾਮਲਿਆਂ ਨੂੰ ਆਸਟ੍ਰੇਲੀਆ ਸਰਕਾਰ ਕੋਲ ਉਠਾਵੇਗਾ।

# ਆਸਟ੍ਰੇਲੀਆ ਵਲੋਂ ਬੱਚਿਆਂ ਨੂੰ ਇੰਟਰਨੈੱਟ ਮੀਡੀਆ ਤੋਂ ਦੂਰ ਰੱਖਣ ਦਾ ਫੈਸਲਾ, ਬਿੱਲ ਪਾਸ

## ✪ ਇਨ੍ਹਾਂ ਪਲੇਟਫਾਰਮਾਂ ਨੇ ਨਾ ਕੀਤੀ ਪਾਲਣਾ ਤਾਂ ਲੱਗੇਗਾ ਭਾਰੀ ਜੁਰਮਾਨਾ

ਮੈਲਬੌਰਨ-ਆਸਟ੍ਰੇਲੀਆ ਵਿਚ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਇੰਟਰਨੈੱਟ ਮੀਡੀਆ ਤੋਂ ਦੂਰ ਰੱਖਣ ਵਾਲਾ ਬਿੱਲ ਪ੍ਰਤੀਨਿਧੀ ਸਭਾ ਤੋਂ ਪਾਸ ਹੋ ਗਿਆ। ਹੁਣ ਇਸਨੂੰ ਸੈਨੇਟ ਨੂੰ ਭੇਜ ਦਿੱਤਾ ਗਿਆ ਹੈ। ਇਸ ਬਿੱਲ ਨੂੰ ਉੱਥੋਂ ਦੀਆਂ ਪ੍ਰਮੁੱਖ ਪਾਰਟੀਆਂ ਦਾ ਸਮਰਥਨ ਹਾਸਲ ਹੈ। ਇਸਦੇ ਪੱਖ ਵਿਚ 102 ਅਤੇ ਵਿਰੋਧ ਵਿਚ 13 ਵੋਟਾਂ ਪਈਆਂ। ਬਿੱਲ ਦੇ ਕਾਨੂੰਨ ਬਣਨ ਤੋਂ ਬਾਅਦ ਪਲੇਟਫਾਰਮਾਂ ਕੋਲ ਉਮਰ ਪਾਬੰਦੀਆਂ ਲਾਗੂ ਕਰਨ ਦੇ ਤਰੀਕਿਆਂ 'ਤੇ ਕੰਮ ਕਰਨ ਲਈ ਇਕ ਸਾਲ ਦਾ ਸਮਾਂ ਹੋਵੇਗਾ। ਟਿਕਟਾਕ, ਫੇਸਬੁੱਕ, ਸਨੈਪ ਚੈਟ, ਰੇਡਿਟ, ਐਕਸ ਤੇ ਇੰਸਟਾਗ੍ਰਾਮ ਆਦਿ ਦੀ ਇਹ ਜ਼ਿੰਮੇਵਾਰੀ ਹੋਵੇਗੀ ਕੀ ਉਹ ਅਜਿਹੇ ਇੰਤਜਾਮ ਕਰਨ, ਜਿਸ ਨਾਲ ਬੱਚੇ ਇੱਥੇ ਖਾਤੇ ਨਾ ਬਣ ਸਕਣ ਅਤੇ ਇਸਦਾ ਇਸਤੇਮਾਲ ਨਾ ਕਰ ਸਕਣ। ਅਜਿਹਾ ਕਰਨ ਵਿਚ ਅਸਫਲ ਰਹਿਣ ਵਾਲੇ ਪਲੇਟਫਾਰਮ 'ਤੇ ਢਾਈ ਅਰਬ ਰੁਪਏ ਤੋਂ ਵੱਧ ਜੁਰਮਾਨਾ ਲਗਾਇਆ ਜਾਵੇਗਾ।

# ★ ਮਿੰਨੀ ਕਹਾਣੀਆਂ ★

## ਰੱਬ ਦੇ ਰੰਗ

ਅੱਜ ਗਗਨ ਦੇ ਘਰ ਜਦੋ ਚੌਥੀ ਬੇਟੀ ਨੇ ਜਨਮ ਲਿਆ ਤਾਂ ਉਸਨੂੰ ਸਾਰਾ ਪ੍ਰੀਵਾਰ ਇੰਜ ਘੂਰ-ਘੂਰ ਵੇਖ ਰਿਹਾ ਸੀ ਜਿਵੇਂ ਉਸ ਤੋਂ ਕੋਈ ਐਸਾ ਗੁਨਾਹ ਹੋ ਗਿਆ ਹੋਵੇ ਜਿਸਦੀ ਮੁਆਫੀ ਦੇਣੀ ਅਸ਼ੰਭਵ ਅਤੇ ਸਜਾ ਪੱਕੀ ਹੋਵੇ। ਪਰ ਗਗਨ ਨੂੰ ਆਪਣੀ ਬੱਚੀ ਦਾ ਬੇਅਥਾਹ ਪਿਆਰ ਆ ਰਿਹਾ ਸੀ। ਇੱਕ ਡਰ ਗਗਨ ਨੂੰ ਵਾਰ-ਵਾਰ ਸਤਾ ਰਿਹਾ ਸੀ ਕਿ ਉਸਦੇ ਘਰ ਦੇ ਬਾਕੀ ਮੈਂਬਰ (ਸੱਸ, ਸੁਹਰਾ, ਪਤੀ) ਮੇਰੀ ਬੇਟੀ ਨੂੰ ਕਿਤੇ ਮਾਰ ਮੁਕਾ ਹੀ ਨਾ ਦੇਣ। ਸੱਸ ਵੱਲੋਂ ਕਹੇ ਸਬਦ ਗਗਨ ਦੇ ਵਾਰ ਵਾਰ ਦਿਮਾਗ ਵਿੱਚ ਘੁੰਮ ਰਹੇ ਸਨ ਕਿ ਜੇਕਰ ਇਸ ਦੀ ਕੁੱਖੋ ਐਤਕੀ ਵੀ ਪੱਥਰ ਜੰਮਿਆ ਤਾਂ ਘਰੇ ਨਹੀ ਲਿਆਉਣਾ।

ਵੇਖੋ ਜੀ ਰੱਬ ਦੇ ਰੰਗ! ਗਗਨ ਦੀ ਸੱਸ ਕੁੜੀ ਤੇ ਗਗਨ ਨੂੰ ਕਮਰੇ ਵਿੱਚ ਛੱਡ ਬਾਹਰ ਆਈ ਤੇ ਵੇਖਿਆ ਇੱਕ ਅਧੱਖੜ ਜਿਹਾ ਜੋੜਾ ਡਾਕਟਰ ਦੇ ਅੱਗੇ ਹੱਥ ਜੋੜ ਤਰਲੇ ਪਾ ਰਿਹਾ ਸੀ ਕਿ ਸਾਨੂੰ ਹਰ ਪਾਸਿਓ ਨਾਹ ਹੀ ਹੋ ਰਹੀਂ ਹੈ ਕਿ ਤੁਹਾਡੇ ਬੱਚਾ ਨਹੀਂ ਹੋ ਸਕਦਾ। ਸਾਡੀ ਆਸ ਦੀ ਆਖਰੀ ਕਿਰਨ ਤੁਸੀਂ ਹੋ। ਪਰ ਜਦੋ ਡਾਕਟਰ ਨੇ ਸਭ ਰਿਪੋਟਾ ਦੇਖਣ ਤੋ ਬਾਅਦ ਕਿਹਾ ਕਿ ਤੁਹਾਡੇ ਬੱਚਾ ਨਹੀ ਹੋ ਸਕਦਾ ਤਾਂ ਉਹ ਬੇਔਲਾਦ ਜੋੜਾ ਰੱਬ ਨੂੰ ਤਾਹਨੇ ਮਾਰ ਰਿਹਾ ਸੀ ਕਿ ਰੱਬਾ ਤੇਰੇ ਘਰ ਘਾਟਾ ਹੈ ਕਿਸੇ ਚੀਜ ਦਾ ਜੇਕਰ ਸਾਨੂੰ ਪੁੱਤ ਨਹੀਂ ਧੀ ਹੀ ਦੇਦੇ। ਇਹ ਸ਼ਬਦ ਜਿਵੇਂ ਹੀ ਕੋਲ ਬੈਠੀ ਗਗਨ ਦੀ ਸੱਸ ਦੇ ਕੰਨੀ ਪਏ ਤਾਂ ਉਸਨੇ ਝੱਟ ਹੀ ਉਸ ਬੇਔਲਾਦ ਜੋੜੇ ਨੂੰ ਕਿਹਾ, "ਭੇਣੇ ! ਇੰਜ ਨਾ ਕਹਿ। ਇਹ ਤਾਂ ਪੱਥਰ ਆ, ਜਿਸਦੇ ਮਗਰ ਪੈ ਜਾਣ ਫਿਰ ਇੰਨਾ ਤੋਂ ਖਹਿੜਾ ਨਹੀਂ ਛੁੱਟਦਾ। ਆਹ ਚੌਥਾ ਪੱਥਰ ਹੈ ਸਾਡੇ। ਕਿਵੇਂ ਘਰ ਲੈ ਕੇ ਜਾਵਾ ਇੰਨਾ ਮਾਵਾਂ ਧੀਆਂ ਨੂੰ ਸਾਡਾ ਤਾਂ ਘਰ ਭਰਤਾ ਇਸ ਚੰਦਰੀ ਨੇ ਪੱਥਰਾ ਨਾਲ।" ਪਰ ਜਿਸਨੂੰ ਬੱਚੇ ਦੀ ਭੁੱਖ ਹੋਵੇ ਉਹਨੂੰ ਤਾਂ ਇੰਜ ਲੱਗਦਾ ਕਿ ਕਿਸੇ ਵੀ ਕੀਮਤ ਤੇ ਬੱਚਾ ਗੋਦ ਵਿੱਚ ਹੋਵੇ। ਉਸ ਜੋੜੇ ਨੇ ਮਾਤਾ ਦੀ ਸਾਰੀ ਗੱਲਬਾਤ ਭਾਂਪ ਲਈ ਤੇ ਕੁੜੀ ਗੋਦ ਲੈਣ ਦੀ ਗੱਲ ਡਾਕਟਰ ਨਾਲ ਕੀਤੀ। ਜਦੋਂ ਹੀ ਡਾਕਟਰ ਨੇ ਗਗਨ ਦੇ ਪ੍ਰੀਵਾਰ ਨਾਲ ਗੱਲ ਕੀਤੀ ਤੇ ਸਭਨਾ ਦੇ ਚਿਹਰੇ ਤੇ ਖੁਸ਼ੀ ਦੀ ਲਹਿਰ ਦੌੜ ਉੱਠੀ।

ਹੁਣ ਗਗਨ ਨੇ ਵੀ ਦਿਲ ਤੇ ਪੱਥਰ ਰੱਖ ਸਾਰੇ ਪ੍ਰੀਵਾਰ ਦੀ ਹਾਂ ਵਿੱਚ ਹਾਂ ਮਿਲਾ ਦਿੱਤੀ ਤੇ ਹੰਝੂ ਕੇਰਦੀ ਹੋਈ ਦਿਲ ਹੀ ਦਿਲ ਵਿੱਚ ਸੋਚੇ ਕਿ ਚਲ ਮੇਰੀ ਬੱਚੀ ਜਿੰਦਾ ਤਾਂ ਰਹੇਗੀ ਭਾਵੇ ਮੇਰੀ ਨਜਰ ਤੋਂ ਦੂਰ ਹੀ ਰਹੇਗੀ। ਵੇਖੋ ! ਰੱਬ ਦੇ ਰੰਗ। ਜਿਹੜੀ ਬੱਚੀ ਇੱਕ ਦਿਨ ਪਹਿਲਾ ਕਿਸੇ ਦੀਆਂ ਨਜਰਾ ਵਿੱਚ ਪੱਥਰ ਸੀ। ਅੱਜ ਉਹੀ ਬੱਚੀ ਨੂੰ ਜਦੋ ਇੱਕ ਬੇਔਲਾਦ ਜੋੜਾ ਆਪਣੇ ਘਰ ਲੈ ਗਿਆ ਤਾਂ ਉਸੇ ਬੱਚੀ ਦੇ ਆਉਣ ਦੀ ਖੁਸ਼ੀ ਵਿੱਚ ਜਸ਼ਨ ਮਨਾਏ ਜਾ ਰਹੇ ਸਨ। ਵਧਾਈਆ ਮਿਲ ਰਹੀਆ ਸਨ, ਰੱਬ ਦਾ ਸ਼ਕਰਾਨਾ ਉਸ ਜੋੜੇ ਵੱਲੋ ਵਾਰ-ਵਾਰ ਕੀਤਾ ਜਾ ਰਿਹਾ ਸੀ ਤੇ ਬੱਚੀ ਨੂੰ ਰਾਜਕੁਮਾਰੀਆ ਦੀ ਤ੍ਰਹਾ ਪਾਲਿਆ ਪੋਸਿਆ ਜਾ ਰਿਹਾ ਸੀ। ਇਹ ਸਭ ਰੱਬ ਦੇ ਹੀ ਰੰਗ ਨੇ। ਜਿਸਨੇ ਸਮੇਂ ਅਨੁਸਾਰ ਸਭਨਾ ਨੂੰ ਖੁਸ਼ੀਆ ਦੇ ਨਿਹਾਲ ਕਰ ਹੀ ਦੇਣਾ ਹੁੰਦਾ ਹੈ।

- ਪਰਮਜੀਤ ਕੌਰ ਸੋਢੀ

## ਭਲਾ ਕਿ ਬੁਰਾ ?

ਨਵਾਂ-ਨਵਾਂ ਉਸ ਪਲਾਟ ਖਰੀਦਿਆ ਸੀ ਤੇ ਪਲਾਟ ਵਿੱਚ ਫਲ਼ਦਾਰ ਬੂਟੇ ਲਾ ਦਿੱਤੇ। ਕੁਝ ਡੇਕਾਂ ਦੇ ਬੂਟੇ, ਬਿਨਾਂ ਬੀਜਿਆਂ ਹੀ ਪਲਾਟ ਵਿੱਚ ਉੱਗ ਖਲੋਤੇ ਕਿਉਂਜੋ ਇਹਦੇ ਪਲਾਟ ਖਰੀਦਣ ਤੋਂ ਪਹਿਲਾਂ ਉਥੇ ਡੇਕਾਂ ਦੇ ਰੁੱਖ ਹੁੰਦੇ ਸਨ। ਪਲਾਟ ਦੇ ਪਹਿਲੇ ਮਾਲਕ ਨੇ ਪਲਾਟ ਵੇਚਣ ਤੋਂ ਪਹਿਲਾਂ ਡੇਕਾਂ ਦੇ ਉਹ ਰੁੱਖ ਵਢਵਾਅ ਲਏ ਸਨ। ਇਸ ਨੇ ਵਿਰਲੇ-ਵਿਰਲੇ ਡੇਕਾਂ ਦੇ ਤਿੰਨ ਬੂਟੇ ਰੱਖ ਕੇ ਬਾਕੀ ਬੂਟੇ ਛੋਟੇ-ਛੋਟੇ ਹੀ ਪੁੱਟ ਦਿੱਤੇ।

ਫਲ਼ਦਾਰ ਬੂਟਿਆਂ ਨੇ ਤਾਂ ਹੌਲੀ-ਹੌਲੀ ਵਧਣਾ-ਫੈਲਣਾ ਸੀ ਪਰ ਡੇਕਾਂ ਕੁਝ ਮਹੀਨਿਆਂ ਅੰਦਰ ਹੀ ਉੱਚੀਆਂ ਹੋ ਗਈਆਂ। ਤਿੰਨ-ਚਾਰ ਕੁ ਸਾਲਾਂ ਵਿੱਚ ਏਨੀਆਂ ਕੁਚੀਆਂ ਤੇ ਭਾਰੀਆਂ ਕਿ ਸਾਰੇ ਫਲ਼ਦਾਰ ਬੂਟੇ ਇਨ੍ਹਾਂ ਢਕ ਲਏ। ਫਲ਼ਦਾਰ ਬੂਟਿਆਂ ਦਾ ਵਧਣਾ-ਫੁੱਲਣਾ ਧੁੱਪ ਦੀ ਘਾਟ ਕਾਰਨ ਬੜਾ ਘਟ ਗਿਆ। ਕੋਈ ਫਲ਼ ਵੀ ਅਜੇ ਲੱਗਣਾ ਸ਼ੁਰੂ ਨਾ ਹੋਇਆ। ਸਭ ਕੁਝ ਵਿਚਾਰਦਿਆਂ ਇਸ ਨੇ ਕੁਝ ਦਿਨ ਲਾ ਕੇ ਤਿੰਨੋਂ ਡੇਕਾਂ ਮੁੱਢਾਂ ਦੇ ਉੱਪਰੋਂ ਵੱਢ ਦਿੱਤੀਆਂ। ਪਰ ਡੇਕਾਂ ਦੇ ਮੁੱਢਾਂ ਤੋਂ ਪੁੰਗਾਰੇ ਵਾਰ-ਵਾਰ ਫੁੱਟ ਪੈਂਦੇ। ਇਹ ਉਨ੍ਹਾਂ ਨੂੰ ਛੋਟੇ ਹੁੰਦਿਆਂ ਹੀ ਝਾੜ ਦਿੰਦਾ ਮਤਾ ਵੱਡੇ ਹੋ ਕੇ ਫਿਰ ਫਲ਼ਦਾਰ ਬੂਟਿਆਂ ਲਈ ਔਕੜ ਬਣਨ। ਡੇਕਾਂ ਦੇ ਮੁੱਢ ਝੂਰਦੇ। ਪੁੰਗਾਰੇ ਵੀ ਥੋੜ੍ਹੀ ਉਮਰ ਵਿੱਚ ਮੁੱਕਣ ਵੇਲ਼ੇ ਅਤਿਅੰਤ ਸੋਗੀ ਹੁੰਦੇ। ਇਨ੍ਹੀਂ ਦਿਨੀਂ ਹੀ ਇਸ ਨੇ ਇਹ ਪਲਾਟ ਵੇਚ ਦਿੱਤਾ। ਬੂਟੇ ਉਵੇਂ ਹੀ। ਡੇਕਾਂ ਦੇ ਮੁੱਢਾਂ ਤੋਂ ਪੁੰਗਾਰੇ ਫੇਰ ਫੁੱਟੇ। ਪਲਾਟ ਦਾ ਨਵਾਂ ਮਾਲਕ ਸਭ ਕੁਝ ਵੇਖ ਰਿਹਾ ਸੀ ਪਰ ਉਸ ਨੇ ਕਿਸੇ ਪੁੰਗਾਰੇ ਨੂੰ ਟੇਢੀ ਨਜ਼ਰੇ ਨਾ ਤੱਕਿਆ। ਮੁੱਢ ਬੜੇ ਖ਼ੁਸ਼ ਸਨ ਕਿ ਉਨ੍ਹਾਂ ਵਿੱਚੋਂ ਫੁੱਟੇ ਪੁੰਗਾਰੇ ਹੁਣ ਦੁਨੀਆ ਵੇਖ ਸਕੇ ਸਨ। ਚਾਰ ਕੁ ਮਹੀਨਿਆਂ ਵਿੱਚ ਹੀ ਇਹ ਪੁੰਗਾਰੇ ਪਲਾਟ ਦੇ ਮਾਲਕ, ਜੋ ਪੌਣੇ ਕੁ ਛੇ ਫੁੱਟ ਉੱਚਾ ਸੀ, ਤੋਂ ਵੀ ਚਾਰ ਕੁ ਫੁੱਟ ਉੱਚੇ ਹੋ ਗਏ ਸਨ। ਤਣੇ ਇਨ੍ਹਾਂ ਦੇ ਹੁਣ ਕੁਝ ਮੋਟੀਆਂ ਸੋਟੀਆਂ ਜਿਹੇ ਹੋ ਚੱਲੇ ਸਨ। ਆਪਣੇ-ਆਪ ਵਿੱਚ ਸਭੋ ਪੁੰਗਾਰੇ ਬੜੇ ਖ਼ੁਸ਼ ਕਿ ਇਨ੍ਹਾਂ ਨਵੇਂ ਪਲਾਟ ਮਾਲਕ ਪਾਸੋਂ ਜੀਵਨ-ਦਾਨ ਪਾਇਆ ਸੀ।

ਹੁਣ ਇੱਕ ਦਿਨ ਆਪਣੀ ਪਤਨੀ ਸਮੇਤ ਪਲਾਟ ਦਾ ਮਾਲਕ, ਪਲਾਟ ਵਿੱਚ ਆਇਆ। ਹੱਥ ਵਿੱਚ ਉਸਦੇ ਦਾਤਰ ਸੀ। ਡੇਕਾਂ ਦੇ ਪੁੰਗਾਰੇ ਪਹਿਲਾਂ ਵਾਂਗ ਹੀ ਸੰਤੁਸ਼ਟ ਸਨ ਜਿਵੇਂ ਆਪਣੇ ਪ੍ਰਤਿ ਉਨ੍ਹਾਂ ਨੂੰ ਪਲਾਟ ਦੇ ਮਾਲਕ 'ਤੇ ਪੂਰਾ ਯਕੀਨ ਹੋਵੇ। ਏਨੇ ਨੂੰ ਪਲਾਟ ਦਾ ਮਾਲਕ ਇੱਕ ਮੁੱਢ ਦੇ ਪੰਜ-ਸੱਤ ਪੁੰਗਾਰਿਆਂ ਦੇ ਤਣਿਆਂ ਨੂੰ ਇਕੱਠੇ ਜਿਹੇ ਕਰਕੇ, ਖੱਬੇ ਹੱਥ ਨਾਲ ਦੱਬ ਕੇ, ਜ਼ੋਰ ਨਾਲ ਉਨ੍ਹਾਂ ਦੇ ਪੈਰਾਂ ਵਿੱਚ ਦਾਤਰ ਦਾ ਟੱਕ ਲਾਉਂਦਿਆਂ ਹੋਇਆਂ ਆਪਣੀ ਪਤਨੀ ਨੂੰ ਸੰਬੋਧਿਤ ਹੋਇਆ, "ਇਹ ਸੁੱਕ ਜਾਣਗੇ ਤਾਂ ਚੁੱਲ੍ਹੇ 'ਚ ਬਾਲ਼ ਲਵੀਂ।"

-ਡਾ. ਬਲਵੀਰ ਮੰਨਣ

# ਕੀ ਮੁਸ਼ਕਿਲਾਂ ਵਿਚ ਘਿਰ ਚੁੱਕੇ ਨੇ ਮੋਦੀ ਦੇ ਚਹੇਤੇ ਅਡਾਨੀ ?

**ਵਿਸ਼ੇਸ਼ ਰਿਪੋਟ**

## ✪ ਸ੍ਰੀਲੰਕਾ ਅਤੇ ਬੰਗਲਾਦੇਸ਼ ਵਿਚ ਵੀ ਦਿੱਕਤਾਂ ਖੜੀਆਂ ਹੋਣ ਦੀ ਸੰਭਾਵਨਾ ✪ ਫ਼ਰਾਂਸ ਦੀ ਪਾਵਰ ਕੰਪਨੀ ਟੋਟਲ ਐਨਰਜੀਜ਼ ਵਲੋਂ ਅਡਾਨੀ ਸਮੂਹ ਵਿਚ ਨਿਵੇਸ਼ ਰੋਕਣ ਦਾ ਫ਼ੈਸਲਾ

ਵਿਵਾਦਾਂ ਵਿਚ ਘਿਰੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਚਹੇਤੇ ਉਦਯੋਗਪਤੀ ਗੌਤਮ ਅਡਾਨੀ ਦਾ ਭਾਰਤ ਵਿਚ ਭਾਵੇਂ ਹੀ ਕੁਝ ਨਾ ਵਿਗੜੇ, ਪਰ ਅਮਰੀਕਾ ਦੀ ਅਦਾਲਤ ਵਿਚ ਰਿਸ਼ਵਤਖੋਰੀ ਅਤੇ ਧੋਖਾਧੜੀ ਦਾ ਦੋਸ਼ੀ ਲਗਾਏ ਜਾਣ ਤੋਂ ਬਾਅਦ ਤੋਂ ਉਹ ਇਕ ਤੋਂ ਬਾਅਦ ਇਕ ਮੁਸ਼ਕਿਲਾਂ ਵਿਚ ਘਿਰਦੇ ਜਾ ਰਹੇ ਹਨ। ਜਿਸ ਦਿਨ ਅਮਰੀਕੀ ਅਦਾਲਤ ਨੇ ਸੰਮਨ ਜਾਰੀ ਕਰਕੇ 21 ਦਿਨ ਵਿਚ ਜਵਾਬ ਦੇਣ ਨੂੰ ਕਿਹਾ, ਉਸ ਦੇ ਅਗਲੇ ਹੀ ਦਿਨ ਕੀਨੀਆ ਨੇ ਅਡਾਨੀ ਸਮੂਹ ਦੇ ਨਾਲ ਆਪਣੇ ਸਾਰੇ ਸੌਦੇ ਰੱਦ ਕਰ ਦਿੱਤੇ ਸਨ। ਹੁਣ ਖ਼ਬਰ ਹੈ ਕਿ ਸ੍ਰੀਲੰਕਾ ਅਤੇ ਬੰਗਲਾਦੇਸ਼ ਵਿਚ ਵੀ ਸਮੱਸਿਆ ਵਧਣ ਵਾਲੀ ਹੈ। ਸ੍ਰੀਲੰਕਾ ਵਿਚ ਉਨ੍ਹਾਂ ਦੇ ਬਿਜਲੀ ਪ੍ਰਾਜੈਕਟ ਨੂੰ ਲੈ ਕੇ ਸਮੀਖਿਆ ਹੋਈ ਹੈ ਅਤੇ ਕੈਬਨਿਟ ਨੂੰ ਇਸ ਬਾਰੇ ਫ਼ੈਸਲਾ ਕਰਨ ਲਈ ਅਧਿਕਾਰ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ ਸ੍ਰੀਲੰਕਾ ’ਚ ਕਮਿਊਨਿਸਟ ਵਿਚਾਰਧਾਰਾ ਦੇ ਅਨੁਰਾ ਦਿਸਾਨਾਇਕੇ ਦੀ ਸਰਕਾਰ ਹੈ। ਬੰਗਲਾਦੇਸ਼ ਦੀ ਸਰਕਾਰ ਨੇ ਵੀ ਅਡਾਨੀ ਸਮੂਹ ਤੋਂ ਬਿਜਲੀ ਖਰੀਦ ਦੇ ਸੌਦੇ ਦੀ ਸਮੀਖਿਆ ਕਰਨ ਲਈ ਇਕ ਕਮੇਟੀ ਬਣਾਈ ਹੈ। ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ’ਤੇ ਸਰਕਾਰ ਅੱਗੇ ਫ਼ੈਸਲਾ ਕਰੇਗੀ। ਉੱਧਰ ਫ਼ਰਾਂਸ ਦੀ ਵੱਡੀ ਪਾਵਰ ਕੰਪਨੀ ਟੋਟਲ ਐਨਰਜੀਜ਼ ਨੇ ਵੀ ਨਵਾਂ ਰੁੱਖ ਅਪਣਾਇਆ ਹੈ। ਉਸ ਨੇ ਅਡਾਨੀ ਸਮੂਹ ’ਚ ਆਪਣਾ ਨਿਵੇਸ਼ ਰੋਕਣ ਦਾ ਫ਼ੈਸਲਾ ਕੀਤਾ ਹੈ। ਕੰਪਨੀ ਨੇ ਕਿਹਾ ਹੈ ਕਿ ਜਦੋਂ ਤੱਕ ਰਿਸ਼ਵਤਖੋਰੀ ਅਤੇ ਧੋਖਾਧੜੀ ਦੇ ਮਾਮਲੇ ਦਾ ਨਿਪਟਾਰਾ ਨਹੀਂ ਹੁੰਦਾ, ਉਦੋਂ ਤੱਕ ਉਹ ਨਿਵੇਸ਼ ਨਹੀਂ ਕਰੇਗੀ। ਅਡਾਨੀ ਸਮੂਹ ’ਚ ਨਿਵੇਸ਼ ਕਰਨ ਵਾਲੀਆਂ ਵਿਦੇਸ਼ੀ ਕੰਪਨੀਆਂ ਇਕ-ਇਕ ਕਰਕੇ ਪੈਰ ਪਿੱਛੇ ਖਿੱਚ ਰਹੀਆਂ ਹਨ। ਉਨ੍ਹਾਂ ਨੇ ਸ਼ੇਅਰ ਬਾਜ਼ਾਰ ਵਿਚ ਆਪਣਾ ਨਿਵੇਸ਼ ਕੱਢਣਾ ਸ਼ੁਰੂ ਕਰ ਦਿੱਤਾ ਹੈ। ਇਕ ਅੰਤਰਰਾਸ਼ਟਰੀ ਏਜੰਸੀ ਦੀ ਰਿਪੋਰਟ ਹੈ ਕਿ ਅਡਾਨੀ ਸਮੂਹ ਨੂੰ ਹੁਣ ਵਿਦੇਸ਼ੀ ਨਿਵੇਸ਼ ਮਿਲਣਾ ਲਗਭਗ ਨਾਮੁਮਕਿੰਨ ਹੋ ਗਿਆ ਹੈ।

### ਅਮਰੀਕਨ ਅਰਬਪਤੀ ਸਮਾਜ ਸੇਵਕ ਜਾਰਜ ਸੋਰੋਸ ਦੀ ਟਿੱਪਣੀ

ਇਥੇ ਜ਼ਿਕਰਯੋਗ ਹੈ ਕਿ ਅਮਰੀਕਨ ਅਰਬਪਤੀ ਸਮਾਜਸੇਵਕ ਜਾਰਜ ਸੋਰੋਸ ਦਾ ਮੰਨਣਾ ਹੈ ਕਿ ਗੌਤਮ ਅਡਾਨੀ ਦੇ ਵਪਾਰਕ ਸਾਮਰਾਜ ਵਿਚ ਉਥਲ-ਪੁਥਲ ਸਰਕਾਰ ਉਤੇ ਪ੍ਰਧਾਨ ਮੰਤਰੀ ਮੋਦੀ ਪਕੜ ਨੂੰ ਕਮਜ਼ੋਰ ਕਰ ਸਕਦੀ ਹੈ। ਹਾਲਾਂਕਿ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਸੋਰੋਸ ਦੇ ਇਸ ਬਿਆਨ ਨੂੰ ਭਾਰਤੀ ਲੋਕਤੰਤਰ ’ਤੇ ਹਮਲੇ ਦੇ ਤੌਰ ’ਤੇ ਲੈਂਦੇ ਹੋਏ ਸਖ਼ਤ ਇਤਰਾਜ਼ ਪ੍ਰਗਟਾਇਆ ਸੀ। ਅਮਰੀਕਾ ਦੀ ਨਿਵੇਸ਼ ਖੋਜ ਕੰਪਨੀ ‘ਹਿੰਡਨਬਰਗ ਰਿਸਰਚ’ ਦੀ 24 ਜਨਵਰੀ ਨੂੰ ਜਾਰੀ ਰਿਪੋਰਟ ਤੋਂ ਬਾਅਦ ਅਡਾਨੀ ਸਮੂਹ ਨੂੰ




ਭਾਰੀ ਸੰਕਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ’ਤੇ ਸੋਰੋਸ ਨੇ ਮਿਊਨਿਖ ਸੁਰੱਖਿਆ ਸੰਮੇਲਨ ਵਿਚ ਇਕ ਸੰਬੋਧਨ ਵਿਚ ਕਿਹਾ ਕਿ ਮੋਦੀ ਨੂੰ ਅਡਾਨੀ ਸਮੂਹ ਦੇ ਦੋਸ਼ਾਂ ’ਤੇ ਵਿਦੇਸ਼ੀ ਨਿਵੇਸ਼ਕਾਂ ਅਤੇ ਸੰਸਦ ਦੇ ‘ਸਵਾਲਾਂ ਦਾ ਜਵਾਬ ਦੇਣਾ ਹੋਵੇਗਾ।’ ਸੋਰੋਸ ਨੇ ਕਿਹਾ ਸੀ ਕਿ ਅਡਾਨੀ ਸਮੂਹ ਵਿਚ ਉਥਲ-ਪੁਥਲ ਦੇਸ਼ ਵਿਚ ਮੁੜ ਲੋਕਤੰਤਰਕ ਬਹਾਲੀ ਦਾ ਦਰਵਾਜ਼ਾ ਖੋਲ੍ਹ ਸਕਦੀ ਹੈ।

### ਅਮਰੀਕਾ ਨੇ ਵੀ ਲਗਾਏ ਸਨ ਦੋਸ਼

ਅਮਰੀਕੀ ਜਾਂਚ ਏਜੰਸੀਆਂ ਅਤੇ ਇਸਤਗਾਸਾ ਦੇ ਦੋਸ਼ਾਂ ਮੁਤਾਬਿਕ ਗੌਤਮ ਅਡਾਨੀ, ਅਡਾਨੀ ਗਰੀਨ ਦੇ ਸਾਗਰ ਅਡਾਨੀ ਅਤੇ ਛੇ ਅਧਿਕਾਰੀਆਂ ਨੇ ਸੌਰ ਊਰਜਾ ਦੇ ਆਪਣੇ ਕਾਰੋਬਾਰ ਨੂੰ ਚਮਕਾਉਣ ਲਈ ਭਾਰਤੀ ਅਧਿਕਾਰੀਆਂ ਨੂੰ ਕਥਿਤ ਤੌਰ ’ਤੇ 265 ਮਿਲੀਅਨ ਡਾਲਰ (ਕਰੀਬ 2265 ਕਰੋੜ ਰੁਪਏ) ਦੀ ਰਿਸ਼ਵਤ ਦਿੱਤੀ ਸੀ। ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਅਤੇ ਕਈ ਹੋਰ ਵਿਰੋਧੀ ਪਾਰਟੀਆਂ ਨੇ ਮੰਗ ਕੀਤੀ ਹੈ ਕਿ ਗੌਤਮ ਅਡਾਨੀ ਨੂੰ ਗ੍ਰਿਫ਼ਤਾਰ ਕੀਤਾ ਜਾਵੇ ਅਤੇ ਸਾਂਝੀ ਸੰਸਦੀ ਕਮੇਟੀ ਰਾਹੀਂ ਇਸ ਸਮੁੱਚੇ ਮਾਮਲੇ ਦੀ ਜਾਂਚ ਕਰਵਾਈ ਜਾਵੇ। ਭਾਰਤ ਦੀ ਸਿਆਸੀ ਅਤੇ ਚੁਣਾਵੀ ਪ੍ਰਕਿਰਿਆ ਵਿਚ ਜਿਉਂ-ਜਿਉਂ ਧਨ ਬਲ ਦਾ ਦਖ਼ਲ ਵਧ ਰਿਹਾ ਹੈ, ਤਿਉਂ-ਤਿਉਂ ਸਿਆਸਤਦਾਨਾਂ ਅਤੇ ਕਾਰੋਬਾਰੀਆਂ ਦੇ ਗੱਠਜੋੜ ਬਾਰੇ ਹੈਰਾਨਕੁਨ ਖੁਲਾਸੇ ਹੋ ਰਹੇ ਹਨ। ਦੇਸ਼ ਦੇ ਜਮਹੂਰੀ ਢਾਂਚੇ ਦੀ ਭਰੋਸੇਯੋਗਤਾ ਬਰਕਰਾਰ ਰੱਖਣ ਅਤੇ ਇਸ ਵਿੱਚ ਆਮ ਲੋਕਾਂ ਦੇ ਹਿੱਤਾਂ ਨੂੰ ਸੁਰੱਖਿਅਤ ਰੱਖਣ ਲਈ ਸਿਆਸਤ ਅਤੇ ਕਾਰੋਬਾਰ ਵਿਚਕਾਰ ਸਪੱਸ਼ਟ ਨਿਖੇੜਾ ਕਰਨ ਦੀ ਲੋੜ ਹੈ। ਇਸ ਸਬੰਧ ਵਿੱਚ ਸੁਪਰੀਮ ਕੋਰਟ ਦੀ ਅਗਵਾਈ ਹੇਠ ਜਾਂਚ ਇੱਕ ਰਾਹ ਹੋ ਸਕਦੀ ਹੈ ਅਤੇ ਇਸ ਦੇ ਨਾਲ ਹੀ ਕੇਂਦਰ ਤੇ ਸੂਬਿਆਂ ਅਤੇ ਦੂਜੇ ਬੰਨੇ ਭਾਰਤੀ ਤੇ ਅਮਰੀਕੀ ਅਧਿਕਾਰੀਆਂ ਵਿਚਕਾਰ ਕਰੀਬੀ ਤਾਲਮੇਲ ਦੀ ਲੋੜ ਪਵੇਗੀ। ਉਂਝ, ਹੈਰਾਨੀ ਦੀ ਗੱਲ ਹੈ ਕਿ ਕੇਂਦਰ ਸਰਕਾਰ ਨੇ ਅਜੇ ਤੱਕ ਇਸ ਮਾਮਲੇ ਬਾਰੇ ਆਪਣੀ ਪ੍ਰਤੀਕਿਰਿਆ ਜ਼ਾਹਿਰ ਨਹੀਂ ਕੀਤੀ।

ਅਡਾਨੀ ’ਤੇ ਦੋਸ਼ ਲੱਗਣ ਨਾਲ ਹੁਣ ਭਾਰਤ ਵਿੱਚ ਸਕਿਉਰਿਟੀਜ਼ ਤੇ ਐਕਸਚੇਂਜ ਬੋਰਡ (ਸੇਬੀ) ਵੱਲੋਂ ਉਸ ਖ਼ਿਲਾਫ਼ ਕੀਤੀ ਜਾ ਰਹੀ ਜਾਂਚ ਵੀ ਮੁੜ ਸੰਸਾਰ ਦੇ ਧਿਆਨ ’ਚ ਆ ਗਈ ਹੈ। ਅਮਰੀਕੀ ਸ਼ਾਰਟ-ਸੈੱਲਰ ਹਿੰਡਨਬਰਗ ਰਿਸਰਚ ਨੇ ਅਡਾਨੀ ਗਰੁੱਪ ’ਤੇ ‘ਸਟਾਕ ’ਚ ਹੇਰ-ਫੇਰ ਤੇ ਅਕਾਊਂਟਿੰਗ ਧੋਖੇਬਾਜ਼ੀ’ ਦੇ ਦੋਸ਼ ਲਾਏ ਸਨ। ਇਹ ਮਾਮਲਾ ਵੀ ਕੌਮਾਂਤਰੀ ਪੱਧਰ ’ਤੇ ਸੁਰਖੀਆਂ ਵਿੱਚ ਆਇਆ ਸੀ ਤੇ ਵਿਰੋਧੀ ਧਿਰ ਨੇ ਸੰਸਦ ਦੇ ਅੰਦਰ ਤੇ ਬਾਹਰ ਕਾਫ਼ੀ ਹੰਗਾਮਾ ਕੀਤਾ ਸੀ। ਹਿੰਡਨਬਰਗ ਰਿਪੋਰਟ ਤੋਂ ਬਾਅਦ ਅਡਾਨੀ ਗਰੁੱਪ ਦੇ ਸ਼ੇਅਰਾਂ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਗਈ ਸੀ ਤੇ ਨਿਵੇਸ਼ਕਾਂ ਨੂੰ ਨੁਕਸਾਨ ਝੱਲਣਾ ਪਿਆ ਸੀ। ਇਸ ਤੋਂ ਨਿਵੇਸ਼ਕਾਂ ਦੀ ਸੁਰੱਖਿਆ ਦਾ ਮਾਮਲਾ ਵੀ ਉੱਭਰਿਆ ਸੀ ਜਿਨ੍ਹਾਂ ਗਰੁੱਪ ਦੀਆਂ ਬਹੁਕੌਮੀ ਤੇ ਵੱਡੀਆਂ ਕੰਪਨੀਆਂ ਵਿੱਚ ਪੈਸਾ ਲਾਇਆ ਹੋਇਆ ਸੀ। ਕਾਂਗਰਸ ਸਣੇ ਅਹਿਮ ਵਿਰੋਧੀ ਧਿਰਾਂ ਨੇ ਇਸ ਮਾਮਲੇ ’ਤੇ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਬਣਾਉਣ ਦੀ ਮੰਗ ਵੀ ਕੀਤੀ ਸੀ ਤਾਂ ਕਿ ਦੋਸ਼ਾਂ ਦੀ ਜਾਂਚ ਨਿਰਪੱਖਤਾ ਨਾਲ ਹੋ ਸਕੇ। ਇਸ ਮਾਮਲੇ ਨਾਲ ਕੁਝ ਮਹੀਨੇ ਪਹਿਲਾਂ ‘ਸੇਬੀ’ ਚੇਅਰਪਰਸਨ ਦਾ ਨਾਂ ਵੀ ਜੁੜਿਆ ਸੀ ਤੇ ਸਰਕਾਰ ਦੁਬਾਰਾ ਵਿਰੋਧੀ ਧਿਰ ਦੇ ਨਿਸ਼ਾਨੇ ਉੱਤੇ ਆ ਗਈ ਸੀ। ਹਿੰਡਨਬਰਗ ਵੱਲੋਂ ਚੇਅਰਪਰਸਨ ਮਾਧਬੀ ਬੁਚ ਤੇ ਉਸ ਦੇ ਪਤੀ ਉੱਤੇ ਦੋਸ਼ ਲਾਏ ਜਾਣ ਤੋਂ ਬਾਅਦ ‘ਸੇਬੀ’ ਦੀ ਆਪਣੀ ਭਰੋਸੇਯੋਗਤਾ ਹੀ ਸਵਾਲਾਂ ਦੇ ਘੇਰੇ ਵਿੱਚ ਆ ਗਈ ਸੀ। ਰਿਪੋਰਟ ਵਿੱਚ ਦੋਸ਼ ਲਾਇਆ ਗਿਆ ਸੀ ਕਿ ਇਨ੍ਹਾਂ ਦੋਵਾਂ ਦੀ ਦੇਸ਼ ਤੋਂ ਬਾਹਰ ਉਨ੍ਹਾਂ ਸ਼ੱਕੀ ਕੰਪਨੀਆਂ ਵਿੱਚ ਹਿੱਸਦਾਰੀ ਹੈ ਜਿਨ੍ਹਾਂ ਨੂੰ ਕਥਿਤ ਤੌਰ ’ਤੇ ਅਡਾਨੀ ਗਰੁੱਪ ਵੱਲੋਂ ‘ਪੈਸਾ ਖਪਾਉਣ’ ਲਈ ਵਰਤਿਆ ਗਿਆ ਹੈ। ਇਨ੍ਹਾਂ ਅਣਪਛਾਤੀਆਂ ਕੰਪਨੀਆਂ ਬਾਰੇ ਵੀ ਜਾਂਚ ਕੀਤੀ ਗਈ ਹੈ; ਸੇਬੀ ਚੇਅਰਪਰਸਨ ਨੇ ਇਨ੍ਹਾਂ ਦੋਸ਼ਾਂ ਤੋਂ ਪੱਲਾ ਝਾੜ ਲਿਆ ਸੀ। ਇਹ ਮਾਮਲਾ ਸੁਪਰੀਮ ਕੋਰਟ ਤੱਕ ਵੀ ਪਹੁੰਚਿਆ ਜਿਸ ਨੇ ਸਟਾਕ ਹੇਰ-ਫੇਰ ਦੀ ਜਾਂਚ ਤੇ ਸੇਬੀ ਦੀ ਭੂਮਿਕਾ ਦੀ ਪੜਤਾਲ ਲਈ 2023 ਵਿੱਚ ਛੇ ਮੈਂਬਰਾਂ ਦੀ ਕਮੇਟੀ ਬਣਾਈ। ਕਮੇਟੀ ਦੀ ਦਾਖਲ ਰਿਪੋਰਟ ਵਿੱਚ ‘ਸੇਬੀ’ ਨੂੰ ਕਲੀਨ ਚਿੱਟ ਦਿੱਤੀ ਗਈ। ਵਿਰੋਧੀ ਧਿਰ ਨੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੂੰ ਵੀ ਇਸ ਮਾਮਲੇ ’ਤੇ ਕਾਫੀ ਨਿਸ਼ਾਨਾ ਬਣਾਇਆ ਸੀ ਹਾਲਾਂਕਿ ਭਾਜਪਾ ਵੱਲੋਂ ਦੋਸ਼ਾਂ ਦਾ ਬਚਾਅ ਕੀਤਾ ਜਾਂਦਾ ਰਿਹਾ ਹੈ। ਸੁਪਰੀਮ ਕੋਰਟ ਦੀ ਕਮੇਟੀ ਦੇ ਫ਼ੈਸਲੇ ਦਾ ਹਵਾਲਾ ਦਿੰਦਿਆਂ ਪਾਰਟੀ ਨੇ ਇਸ ਮਾਮਲੇ ’ਚ ਸਰਕਾਰੀ ਮਿਲੀਭੁਗਤ ਨੂੰ ਖਾਰਜ ਕਰ ਦਿੱਤਾ ਸੀ।

ਜਦੋਂ ਜਾਂਚ ਕਰਤਾ (ਸੇਬੀ ਚੇਅਰਪਰਸਨ) ਖ਼ੁਦ ਜਾਂਚ ਦੇ ਘੇਰੇ ਵਿੱਚ ਹੋਵੇ ਤਾਂ ਕੀ ਨਿਰਪੱਖ ਤੇ ਪਾਰਦਰਸ਼ੀ ਪੜਤਾਲ ਦੀ ਆਸ ਕੀਤੀ ਜਾ ਸਕਦੀ ਹੈ ? ਮਾਧਬੀ ਬੁਚ ਅਜੇ ਵੀ ਭਾਰਤ ਦੇ ਸਿਖ਼ਰਲੇ ਸ਼ੇਅਰ ਬਾਜ਼ਾਰ ਰੈਗੂਲੇਟਰ ਦੀ ਮੁਖੀ ਹੈ; ਉਸ ਨੇ ਪਿਛਲੇ ਮਹੀਨੇ ਸੰਸਦ ਦੀ ਲੋਕ ਲੇਖਾ ਕਮੇਟੀ ਦੀ ਮਹੱਤਵਪੂਰਨ ਮੀਟਿੰਗ ਵਿੱਚ ਹਿੱਸਾ ਤੱਕ ਨਹੀਂ ਲਿਆ। ਕਈ ਸਵਾਲ ਹਨ ਜਿਨ੍ਹਾਂ ਦਾ ਜਵਾਬ ਮਿਲਣਾ ਅਜੇ ਬਾਕੀ ਹੈ ਤੇ ਭਾਰਤ ਸਰਕਾਰ ਨੂੰ ਹੁਣ ਸਥਿਤੀ ਸਪੱਸ਼ਟ ਕਰਨ ਵਿੱਚ ਹੋਰ ਦੇਰ ਨਹੀਂ ਕਰਨੀ ਚਾਹੀਦੀ।

# ਕਿਸਮਤ ਦੇ ਸਿਤਾਰੇ

**ਵੀਰਵਾਰ 5 ਦਸੰਬਰ ਬੁੱਧਵਾਰ 11 ਦਸੰਬਰ 2024 ਤੱਕ**

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਇਸ ਹਫ਼ਤੇ ਕਾਰੋਬਾਰ ਦੇ ਖੇਤਰ ਵਿੱਚ ਕਈ ਤਰ੍ਹਾਂ ਦੀਆਂ ਚੁਣੌਤੀਆਂ ਅਤੇ ਸੰਘਰਸ਼ ਦਾ ਸਾਹਮਣਾ ਕਰਨਾ ਪਵੇਗਾ। ਵੱਧਦੀ ਹਿੰਮਤ ਨਾਲ ਆਤਮਬਲ ਵਿੱਚ ਵੀ ਵਾਧਾ ਹੋਵੇਗਾ। ਕੋਈ ਬਹੁਤ ਜਰੂਰੀ ਕੰਮਾਂ ਵਿੱਚ ਰੁਕਾਵਟਾਂ ਦਾ ਡਰ ਹੈ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੋਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਕਾਰੋਬਾਰ ਵਿੱਚ ਪਹਿਲਾਂ ਕੀਤੀਆਂ ਕੋਸ਼ਿਸ਼ਾਂ ਕਰਕੇ ਲਾਭ ਮਿਲੇਗਾ। ਸਿਹਤ ਵਿੱਚ ਸੁਧਾਰ ਹੋਵੇਗਾ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ। ਖਰੀਦੋ-ਫਰੋਖਤ ਕਰਦੇ ਸਮੇਂ ਅਕਲਮੰਦੀ ਨਾਲ ਕੰਮ ਕਰਨ ਦੀ ਲੋੜ ਹੈ ਨਹੀਂ ਤਾਂ ਨੁਕਸਾਨ ਹੋ ਸਕਦਾ ਹੈ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਖਾਣਾ ਜਰੂਰ ਖਵਾਉ, ਕਮਾਈ ਵਿੱਚ ਬਰਕਤ ਹੋਵੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਵਪਾਰਕ ਖੇਤਰ ਵਿੱਚ ਉਤਾਰ-ਚੜ੍ਹਾਵ ਬਣੇ ਰਹਿਣਗੇ। ਕੁਝ ਸੋਚੀਆਂ ਯੋਜਨਾਵਾਂ ਵਿੱਚ ਕਾਮਯਾਬੀ ਮਿਲੇਗੀ। ਅਚਾਨਕ ਖਰਚ ਵਿੱਚ ਵਾਧਾ ਹੋਵੇਗਾ। ਨੌਕਰੀ ਵਿੱਚ ਕਿਸੇ ਸਾਥੀ ਤੋਂ ਧੋਖਾ ਮਿਲਣ ਦੀ ਸੰਭਾਵਨਾ ਹੈ। ਲੰਬੀ ਯਾਤਰਾ ਦੇ ਵੀ ਯੋਗ ਹਨ, ਪਰ ਜ਼ਿਆਦਾ ਸਮਾਂ ਸੋਚ-ਵਿਚਾਰ 'ਤੇ ਬੀਤੇਗਾ। ਆਪਣੇ ਦੁਸ਼ਮਣ ਤੋਂ ਪਰੇ ਰਹੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਇਸ ਹਫ਼ਤੇ ਪਹਿਲਾਂ ਕੀਤੀ ਮਿਹਨਤ ਅਤੇ ਕੋਸ਼ਿਸ਼ ਦਾ ਨਤੀਜਾ ਮਿਲੇਗਾ। ਉਤਸ਼ਾਹ ਅਤੇ ਕਿਸਮਤ ਵਿੱਚ ਵਾਧਾ ਹੋਵੇਗਾ। ਕਿਸੇ ਨਵੇਂ ਕੰਮ ਦੀ ਯੋਜਨਾ ਵਿੱਚ ਬਦਲਾਵ ਦਾ ਵਿਚਾਰ ਬਣੇਗਾ। ਪਰਿਵਾਰਕ ਮੱਤਭੇਦ ਅਤੇ ਧਨ ਦਾ ਖਰਚ ਵੀ ਜ਼ਿਆਦਾ ਹੋਵੇਗਾ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਇਸ ਹਫਤੇ ਕਿਸੇ ਨਵੇਂ ਕੰਮ ਵਿੱਚ ਧਨ ਨਿਵੇਸ਼ ਕਰਨ ਦੀ ਯੋਜਨਾ ਬਣੇਗੀ। ਆਮਦਨ ਦੇ ਸਾਧਨਾਂ ਵਿੱਚ ਵਾਧੇ ਦੇ ਨਾਲ ਧਨ ਦਾ ਖਰਚ ਵੀ ਵਾਧੂ ਹੋਵੇਗਾ। ਹਫਤੇ ਦੇ ਅਖੀਰ ਵਿੱਚ ਭੱਜ-ਦੌੜ, ਗੁੱਸਾ ਜ਼ਿਆਦਾ ਤੇ ਉਤੇਜਨਾ ਕਾਰਨ ਕੋਈ ਬਣਿਆ ਕੰਮ ਵਿਗੜ ਸਕਦਾ ਹੈ। ਆਪਣੇ ਵਿਰੋਧੀ ਜਾਂ ਦੁਸ਼ਮਣ ਨਾਲ ਵੀ ਪਿਆਰ ਨਾਲ ਪੇਸ਼ ਆਉ, ਕੜਵਾਹਟ ਘਟੇਗੀ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਵਪਾਰ ਦੀ ਹਾਲਤ ਮੱਧਮ ਰਹੇਗੀ, ਪਰ ਕਿਸਮਤ ਨਾਲ ਕੁਝ ਕੰਮਾਂ ਵਿੱਚ ਚੰਗੀ ਚਾਲ ਬਣੇਗੀ ਅਤੇ ਆਮਦਨ ਦੇ ਚੰਗੇ ਸਾਧਨ ਬਣਨਗੇ। ਕਾਰੋਬਾਰ ਵਿੱਚ ਤਰੱਕੀ ਦੇ ਮੌਕੇ ਵੀ ਮਿਲਣਗੇ। ਪਰਿਵਾਰ ਵਿੱਚ ਕਿਸੇ ਮੰਗਲ ਕਾਰਜ 'ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਸ਼ਾਂਤੀ ਆਵੇਗੀ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਸ਼ੁੱਭ ਤੇ ਧਾਰਮਿਕ ਕੰਮਾਂ 'ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਵਪਾਰ ਦੀ ਨਜ਼ਰ ਵਿੱਚ ਸਥਿਤੀ ਪਹਿਲੇ ਨਾਲੋਂ ਬਿਹਤਰ ਹੋਵੇਗੀ। ਮਾਣ-ਇੱਜ਼ਤ ਵਿੱਚ ਵਾਧਾ, ਪਰ ਹਾਲਾਤ ਮੁਤਾਬਕ ਸੁਭਾਵ ਵਿੱਚ ਕੁਝ ਤਬਦੀਲੀ ਕਰਨ ਦੀ ਲੋੜ ਪਵੇਗੀ। ਕੁਝ ਕੰਮ ਬਣਦੇ ਵਿਗੜਦੇ ਰਹਿਣਗੇ। ਮਨ ਨੂੰ ਸਥਿਰ ਰੱਖਣ ਲਈ ਪਾਠ ਕਰੋ ਤੇ ਗੁਰੂ ਘਰ ਜਰੂਰ ਹਾਜ਼ਰੀ ਭਰੋ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਆਰਥਿਕ ਖੇਤਰ ਵਿੱਚ ਕੀਤੀਆਂ ਕੋਸ਼ਿਸ਼ਾਂ ਲਾਭਕਾਰੀ ਹੋਣਗੀਆਂ। ਪਰਿਵਾਰਕ ਮੱਤਭੇਦ ਤੇ ਧਨ ਦਾ ਖਰਚ ਜ਼ਿਆਦਾ ਹੋਵੇਗਾ। ਦੂਰ ਨੇੜੇ ਦੀ ਯਾਤਰਾ ਦੇ ਵੀ ਯੋਗ ਹਨ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਤੇ ਘਰ ਵਿੱਚ ਕਲਹ-ਕਲੇਸ਼ ਦਾ ਡਰ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਉਮੀਦ ਅਨੁਸਾਰ ਹਾਲਾਤ ਬਣਨਗੇ। ਮਨਚਾਹੇ ਕੰਮਾਂ ਦੀ ਪੂਰਤੀ ਲਈ ਖਾਸ ਮੌਕੇ ਮਿਲਣਗੇ। ਧਨ ਮਿਲਣ ਦੇ ਵਸੀਲੇ ਵੀ ਬਣਨਗੇ। ਸਿਹਤ ਸਬੰਧੀ ਖਾਸ ਸਾਵਧਾਨੀ ਦੀ ਲੋੜ ਹੈ। ਗੁੱਸਾ ਤੇ ਉਤੇਜਨਾ ਤੋਂ ਬਚੋ। ਸਾਂਝੇਦਾਰੀ ਦੇ ਕੰਮਾਂ ਵਿੱਚ ਖਾਸ ਧਿਆਨ ਦੇਣ ਦੀ ਲੋੜ ਹੈ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਵਪਾਰਕ ਖੇਤਰਾਂ ਵਿੱਚ ਆਮਦਨ ਤੋਂ ਜ਼ਿਆਦਾ ਖਰਚ ਹੋਵੇਗਾ। ਪਰਿਵਾਰ ਵਿੱਚ ਧਰਮ-ਕਰਮ ਦੇ ਕਾਰਜ ਵੀ ਹੋਣਗੇ। ਗੁੱਸਾ ਜ਼ਿਆਦਾ, ਦਿਮਾਗੀ ਤਣਾਉ ਅਤੇ ਗੁਪਤ ਪ੍ਰੇਸ਼ਾਨੀਆਂ ਦਾ ਸਾਹਮਣਾ ਰਹੇਗਾ। ਧਨ ਦਾ ਫਜ਼ੂਲ ਖਰਚ ਵੀ ਹੋਵੇਗਾ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਬਾਤਾਂ ਸਾਂਝੀਆਂ ਕਰੋ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਪਰਿਵਾਰ ਵਿੱਚ ਸ਼ੁੱਭ ਤੇ ਧਾਰਮਿਕ ਕੰਮਾਂ 'ਤੇ ਖਰਚ ਹੋਵੇਗਾ। ਕਾਰੋਬਾਰ/ਨੌਕਰੀ ਵਿੱਚ ਤਰੱਕੀ ਲਈ ਉੱਚ ਪੱਧਰੀ ਲੋਕਾਂ ਦਾ ਸਹਿਯੋਗ ਲੈਣਾ ਸ਼ੁੱਭ ਰਹੇਗਾ, ਪਰ ਕਾਮਯਾਬੀ ਲਈ ਖਾਸ ਮਿਹਨਤ ਤੇ ਸੰਘਰਸ਼ ਦਾ ਸਾਹਮਣਾ ਰਹੇਗਾ। ਗੁਰੂ ਘਰ ਜਾ ਕੇ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਰੁਕਾਵਟਾਂ ਤੋਂ ਬਾਅਦ ਹੀ ਧਨ ਲਾਭ ਹੋਵੇਗਾ, ਪਰ ਖਰਚ ਵੀ ਵੱਧ-ਚੜ੍ਹ ਕੇ ਹੋਣਗੇ। ਪਰਿਵਾਰ ਵੱਲੋਂ ਕੁਝ ਪ੍ਰੇਸ਼ਾਨੀਆਂ ਦੇ ਸੰਕੇਤ ਹਨ। ਕਾਰੋਬਾਰੀ ਉਲਝਣਾਂ ਵੱਧਣਗੀਆਂ। ਆਪਣੇ ਵੀ ਪਰਾਏ ਵਰਗਾ ਵਿਹਾਰ ਕਰਨਗੇ ਤੇ ਰਿਸ਼ਤਿਆਂ ਵਿੱਚ ਖਟਾਸ ਆ ਸਕਦੀ ਹੈ। ਮਨ ਅੰਦਰ ਸਿਰਫ ਪ੍ਰਮਾਤਮਾ ਨੂੰ ਯਾਦ ਕਰੋ।

## ਹਾਸੇ ਦੀ ਪਟਾਰੀ

**ਪਤੀ,** ਤੂੰ ਪੇਕੇ ਜਾਂਦੀ ਏਂ ਤਾਂ ਕਿਹੋ ਜਿਹਾ ਮਹਿਸੂਸ ਕਰਦੀ ਏਂ?

ਪਤਨੀ, ਸਾਡੀ ਔਰਤਾਂ ਦੀ ਉਮਰ ਚਾਹੇ 40-50 ਸਾਲ ਦੀ ਕਿਉਂ ਨਾ ਹੋਵੇ, ਪੇਕੇ ਘਰ ਪੈਰ ਧਰਦਿਆਂ ਹੀ 16-18 ਵਾਲੀ ਉਮਰ ਦੀ ਫੀਲਿੰਗ ਆ ਜਾਂਦੀ ਹੈ। ਤੁਸੀਂ ਦੱਸੋਂ ਤੁਹਾਨੂੰ ਅਜਿਹੀ ਫੀਲਿੰਗ ਕਦੋਂ ਆਉਂਦੀ ਹੈ?

ਪਤੀ, ਬਸ ਉਦੋਂ ਹੀ, ਜਦੋਂ ਤੂੰ ਪੇਕੇ ਜਾਂਦੀ ਏਂ।

*---*---*

**ਗੁੱਲੂ** ਦਾ ਰੇਡੀਓ ਖਰਾਬ ਹੋ ਗਿਆ। ਜਦੋਂ ਉਸ ਨੇ ਰੇਡੀਓ ਖੋਲ੍ਹ ਕੇ ਦੇਖਿਆ ਤਾਂ ਅੰਦਰ ਚੂਹਾ ਮਰਿਆ ਪਿਆ ਸੀ।

ਉਹ ਤੁਰੰਤ ਬੋਲਿਆ, ਉਹ ਤੇਰੀ! ਚੱਲੇਗਾ ਕਿਵੇਂ? ਸਾਲਾ ਸਿੰਗਰ ਹੀ ਮਰ ਗਿਆ।

*---*---*

**ਬੜੀ** ਮੁਸ਼ਕਿਲ ਹੁੰਦੀ ਹੈ ਜਦੋਂ ਪਤਨੀ ਪੁੱਛਦੀ ਹੈ ਸਬਜ਼ੀ ਕਿਹੋ ਜਿਹੀ ਬਣੀ ਹੈ?

ਮਾੜੀ ਦੱਸ ਦਿਉ ਤਾਂ ਖਿੱਝ ਜਾਂਦੀ ਹੈ ਅਤੇ ਚੰਗੀ ਦੱਸ ਦਿਉ ਤਾਂ ਦੁਬਾਰਾ ਪਾ ਦਿੰਦੀ ਹੈ।

*---*---*


ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME........................................
ADDRESS....................................
..............................POST CODE....................
TEL..........................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ


**ਕਿੰਗਜ਼ਵੇਅ ਬੈਂਕਿਊਟਿੰਗ ਸੂਈਟ**

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ। ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!



ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

ਸਵ: ਸ੍ਰ. ਉਮਰਾਓ ਅਟਵਾਲ

**KINGSWAY BANQUETING SUITE**
270-272 BATH ROAD, HOUNSLOW, MIDDLESEX, TW4 7DF.
*(OPP. HOUNSLOW WEST TUBE STATION)*
TEL: 020 8570 8351
*Email: Kingswaylondon@icloud.com, www.kingswaybanqueting.com*

# THE PANJAB TIMES' NEW FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

# ਪੰਜਾਬ ਟਾਈਮਜ਼ ਦਾ ਨਵਾਂ ਫੀਚਰ - ਟਵੀਟਸ ਆਫ ਦਾ ਵੀਕ

– ਲੇਖਕ –
ਸੁਜਿੰਦਰ ਸਿੰਘ ਸੰਘਾ





2 ਦਸੰਬਰ 2024 ਦਾ ਦਿਨ ਵਿਸ਼ਵ-ਵਿਆਪਕ ਸਿੱਖ-ਪੰਥ ਦੇ ਕੌਮੀ ਇਤਿਹਾਸ ਵਿੱਚ ਨਿਵੇਕਲਾ ਅਤੇ ਵਿਸ਼ੇਸ਼ ਰਹੇਗਾ। ਇਹ ਪਹਿਲੀਵਾਰ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਜਥੇਦਾਰ ਰਘਵੀਰ ਸਿੰਘ ਹੁਣਾਂ ਦੀ ਅਗਵਾਈ ਵਿੱਚ ਗਿਆਨੀ ਹਰਪ੍ਰੀਤ ਸਿੰਘ ਸਮੇਤ ਪੰਜ ਸਿੰਘ ਸਾਹਿਬਾਨ ਨੇ, ਸਮੁਚਿਤਾ ਵਿਚ ਸਬੰਧਿਤ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਨੂੰ, ਵਖ-ਵਖ ਗੁਨਾਹਾਂ, ਭੁਲਾਂ-ਗਲਤੀਆਂ ਅਤੇ ਅਣਗਿਹਲੀਆਂ ਬਾਰੇ ਪਰੰਪਰਾਗਤ ਸਜਾਵਾਂ, ਮਰਿਆਦਾ ਅਨੁਸਾਰ ਆਦੇਸ਼ਤ ਕੀਤੀਆਂ ਹਨ।

ਸਮੇਤ ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਦੇ, ਅਕਾਲੀ ਸਰਕਾਰ ਵੇਲੇ ਤੋਂ ਸੀ ਗੁਰੂ ਗ੍ਰੰਥ ਸਹਿਬ ਨਾਲ ਸਬੰਧਿਤ ਬੇਅਦਬੀ ਦੇ ਘਟਨਾਕ੍ਰਮਾਂ, 'ਸੌਦਾ-ਸਾਧ' ਨੂੰ ਮੁਆਫੀ, ਗੋਲੀਕਾਂਡ, ਸਿੱਖ ਭਾਵਨਾਵਾਂ ਦੇ ਉਲਟ-ਪੁਲਟ ਸਰਕਾਰੀ ਨਿਯੁਕਤੀਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਬਕਾ ਜਥੇਦਾਰਾਂ ਨਾਲ ਜੁੜਦੀਆਂ ਕੁਤਾਹੀਆਂ...ਸਬੰਧੀ ਸਭਨੀਂ ਦੋਸ਼ ਕਬੂਲ ਕਰਦਿਆਂ, ਭੁਲਾਂ ਬਾਰੇ ਮੁਆਫੀ-ਜੋਦੜੀਆਂ ਨਾਲ ਤਨਖਾਹਾਂ- ਸਜਾਵਾਂ ਪ੍ਰਵਾਨ ਕੀਤੀਆਂ। 1978 ਦੇ ਸ਼ਹੀਦੀ ਸਾਕੇ ਤੋਂ 2017 ਤਕ ਦੀਆਂ ਪ੍ਰਕਿਰਿਆਵਾਂ ਸਮੇਂ ਅਕਾਲੀ ਆਗੂ ਅਤੇ ਮੁੱਖ-ਮੰਤਰੀ ਰਹੇ ਅਕਾਲ ਵਾਸੀ ਪ੍ਰਕਾਸ਼ ਸਿੰਘ ਬਾਦਲ ਹੁਣ ਦਾ 'ਫਖਰੇ-ਕੌਮ' ਖਿਤਾਬ ਵੀ ਵਾਪਸ ਲੈ ਲਿਆ ਗਿਆ।

ਸਮੁਚਿਤ ਅਗਵਾਈ ਦੀਆਂ ਤਨਖਾਹਾਂ-ਸਜਾਵਾਂ ਅਤੇ ਅਸਤੀਫੇ, ਸ਼੍ਰੋਮਣੀ ਅਕਾਲੀ ਦਲ ਦੀ ਅਗਾਂਹ ਨਵੀਂ ਮੈਂਬਰਸ਼ਿਪ ਭਾਰਤੀ, ਡੈਲੀਗੇਟਾਂ, ਵਰਕਿੰਗ ਕਮੇਟੀ ਅਤੇ ਪ੍ਰਧਾਨਗੀ ਚੋਂਣ ਲਈ ਰਾਹ ਸਾਫ ਕਰ ਦੇਂਣਗੇ। 2025 ਵਿੱਚ ਨਵਿਆਇਆ ਅਤੇ ਪੁੰਨਰਗਠਤ ਸ਼੍ਰੋਮਣੀ ਅਕਾਲੀ ਦਲ ਮੁੜ ਸਿੱਖ-ਪੰਥ, ਪੰਜਾਬ ਅਤੇ ਪੰਜਾਬੀਆਂ ਦੀ ਸੇਵਾ ਵਿਚ ਜੁਟ ਸਕੇਗਾ - ਇਹੋ ਹੀ ਵਿਸ਼ਵ-ਵਿਆਪਕ ਸਿੱਖ-ਪੰਥ ਦੀ ਪ੍ਰਮੁੱਖ ਉਮੀਦ ਹੈ।

..................................

ਇਹਨਾਂ ਸਮਕਾਲੀ ਰਾਜਨੀਤਕ ਹਾਲਤਾਂ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਅਤੇ ਸਿੰਘ ਸਾਹਿਬਾਨ ਵਾਸਤੇ ਫੈਸਲੇ ਅਤੇ ਆਦੇਸ਼ ਦੇਣੇਂ ਸੌਖੇ ਨਹੀਂ ਸਨ। ਅਗਵਾਈ ਅਤੇ ਸਹਾਇਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਫਲਸਫੇ, ਇਤਿਹਾਸਕ ਪਰੰਪਰਾਵਾਂ ਅਤੇ ਮਰਿਆਦਾ ਤੋਂ ਮਿਲਦੀ ਹੈ। ਪਰ ਤਤ-ਗਵਾਹੀਆਂ ਤੋਂ ਇਲਾਵਾ, ਬਾਹਰੀ ਦਬਾਅ ਵੀ ਅਤਿਅੰਤ ਸਨ।

ਸਿੱਖ-ਪੰਥ ਪ੍ਰੀਭਾਸ਼ਤ ਕਰਨਾਂ ਵੀ ਸੌਖਾ ਨਹੀਂ ਕਿਉਂਕਿ ਸਿਖ, ਪੀਰੀ ਪਖੋਂ ਤਾਂ ਇਕੋ ਥਾਂਹ ਸਫਾ ਵਿਛਾ ਕੇ ਸੰਗਤੀ ਰੂਪ ਵਿੱਚ ਸਜ ਸਕਦੇ ਹਨ, ਪਰ ਮੀਰੀ ਪਖੋਂ ਇਹ ਅਸੰਭਵ ਲਗਦਾ ਹੈ। ਇਹ ਸਭ, ਤਾਜੇ ਘਟਨਾਂਕ੍ਰਮ ਅਤੇ ਪ੍ਰਕਿਰਿਆਵਾਂ ਤੋਂ ਸਪੱਸ਼ਟ ਸੀ। ਸ਼੍ਰੋਮਣੀ ਅਕਾਲੀ ਦਲ, ਵੱਖੋ-ਵੱਖ ਵਿਚਰਦੇ ਛੋਟੇ-ਵੱਡੇ ਅਕਾਲੀ ਧੜੇ, ਗੁਸੇ-ਰਾਜੀ ਅਲਗ-ਥਲਗ ਹੋਇਓ ਅਕਾਲੀ, ਟਕਸਾਲਾਂ, ਨਿਹੰਗ ਸਿੰਘ ਦਲਾਂ, ਜਥਿਆਂ, ਸੰਪਰਦਾਵਾਂ, ਖਾਲਿਸਤਾਨ ਪਖੀ ਖਾੜਕੂਵਾਦੀ ਤੇ ਨਰਮਦਲੀਏ, ਕੁਝ ਪੰਥ ਵਿੱਚੋਂ ਕੇਂਦਰਵਾਦੀ ਸਿਆਸਤ ਵਿਚ ਜਾ ਕੇ ਵੀ ਆਪਣੇ-ਆਪ ਨੂੰ ਪੰਥਕ ਹੋਂਣ ਦੇ ਦਾਅਵੇਦਾਰ ਹਨ।

ਦੇਸ਼-ਵਿਦੇਸ਼ਾਂ ਵਿੱਚੋਂ ਸਭਨਾਂ ਨੇ ਹੀ ਆਪੋ-ਅਪਣੇਂ ਢੰਗ-ਤਰੀਕੇ, ਸਿੰਘ ਸਾਹਿਬਾਨਾਂ ਤੇ ਦਬਾਅ ਬਣਾਏ। ਪਰ ਪ੍ਰਮੁੱਖ ਸਵਾਲ ਇਹ ਹੈ ਕਿ ਕੀ ਸਭ ਸਿੱਖ ਮੀਰੀ-ਪੀਰੀ ਦੇ ਸਰਵਉਤਮ ਤਖਤ ਦੇ ਫੈਸਲਿਆਂ ਅਤੇ ਅਦੇਸ਼ਾਂ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਜਾਂਣਗੇ?

..............................

2 ਦਸੰਬਰ 2024 ਦਾ ਦਿਨ ਵਿਸ਼ਵ-ਵਿਆਪਕ ਸਿਖਾਂ ਲਈ ਮਹੱਤਵਪੂਰਨ ਰਿਹਾ। ਸ੍ਰੀ ਅਕਾਲ ਤਖਤ ਸਾਹਿਬ ਵਲੋਂ ਜੋ ਵੀ ਘੋਸ਼ਿਤ ਕੀਤਾ ਗਿਆ ਹੈ ਉਹ ਭਵਿੱਖਤ ਇਤਿਹਾਸ ਲਈ ਫੈਸਲਾਕੁੰਨ ਅਧਾਰ ਬਣੇਂਗਾ। ਮੌਜੂਦਾ ਸੰਦਰਭ ਅਤੇ ਮਸਲੇ: ਸਿਧਾਂਤ-ਸਮਰਪਿਤ, ਮਜਬੂਤ ਤੇ ਸਾਫ ਦਿਸ਼ਾ-ਦ੍ਰਿਸ਼ਟੀ ਵਾਲੀ ਅਗਵਾਈ, ਨਵਿਆਏ ਸ਼੍ਰੋਮਣੀ ਅਕਾਲੀ ਦਲ ਅਤੇ ਵਿਸ਼ਾਲ ਅਕਾਲੀ ਲਹਿਰ ਲੋੜਦੇ ਹਨ।

...................................

ਜੱਥੇਦਾਰ ਰਘਵੀਰ ਸਿੰਘ ਹੁਣਾਂ ਦੀ ਅਗਵਾਈ ਵਿੱਚ ਪੰਜ ਸਿੰਘ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਜੋ ਵੀ ਫੈਸਲਾ ਲਿਆ, ਤਨਖਾਹਾਂ ਲਾਈਆਂ, ਇਹ ਸਿਖ ਇਤਿਹਾਸ ਵਿਚ ਪਰੰਪਰਾਗਤ ਬਣਨਗੀਆਂ। ਸੰਤੁਲਤ ਬੁਧ-ਵਿਵੇਕ ਵਾਲੇ ਸਮੂਹਿਕ ਸਿੱਖ-ਪੰਥਕ ਹਲਕੇ ਪੰਜਾਬ ਅਤੇ ਦੇਸ਼-ਵਿਦੇਸ਼ਾਂ ਵਿਚ ਉਮੀਦ ਕਰਦੇ ਸਨ ਕਿ ਸਭ ਕੁੱਝ ਮਰਿਆਦਾ ਅਨੁਸਾਰ ਇਨਸਾਫ, ਵਾਜਬਤਾ ਤੇ ਖਿਮਾਂ-ਜਾਚਨਾਂ ਵਾਲਾ ਹੋਵੇਗਾ।

..................................

ਵਲੈਤੋਂ ਵੇਖਦਿਆਂ ਲਗਦਾ ਸੀ ਕਿ ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ, ਯੂਨੀਅਨ ਮੰਤਰੀ, ਲੋਕ ਸਭਾ ਅਤੇ ਵਿਧਾਨ ਸਭਾ ਦੇ ਮੈਂਬਰ ਰਹੇ ਸੁਖਬੀਰ ਸਿੰਘ ਬਾਦਲ ਵਲੌਂ ਸ਼੍ਰੋਮਣੀ ਅਕਾਲੀ ਦਲ ਦੀ ਪ੍ਰਧਾਨਗੀ ਤੌਂ ਵੀ ਅਸਤੀਫੇ ਬਾਅਦ, ਰਾਹ ਕੁਝ ਅਸਾਨ ਹੋ ਗਏ ਸਨ। ਉਹਨੀਂ ਸਤਾਹ ਵੇਲੇ ਦੀਆਂ ਆਪਣੀਂਆਂ ਸਮੂਹਿਕ ਭੁਲਾਂ ਅਤੇ ਗਲਤੀਆਂ ਨੂੰ ਮੰਨਦਿਆਂ, ਸਰਕਾਰ ਅਤੇ ਅਗਵਾਈ ਵਿੱਚ ਰਹੇ ਆਪਣੇਂ ਸਾਥੀਆਂ ਵਲੋਂ ਵੀ ਜ਼ਿੰਮੇਵਾਰੀ ਆਪਣੇਂ ਸਿਰ ਲੈ ਲਈ ਸੀ।

..................................

ਸੁਖਬੀਰ ਸਿੰਘ ਬਾਦਲ ਆਪਣਾਂ ਮੁਆਫੀਨਾਮਾ ਅਤੇ ਤਨਖਾਹ ਲਗਵਾਉਂਣ ਲਈ ਆਪਣੇਂ ਆਪ ਨੂੰ, ਸ੍ਰੀ ਅਕਾਲ ਤਖਤ ਸਾਹਿਬ ਤੇ ਹਾਜ਼ਰੀ ਲਈ ਪੇਸ਼ ਕਰ ਚੁੱਕੇ ਸਨ। ਤਨਖਾਹ-ਸਜਾ ਲਾਉਂਣ ਵਾਸਤੇ ਸਿੱਖ ਪੰਥਕ ਮਰਿਆਦਾ ਅਨੁਸਾਰ ਇਤਿਹਾਸਕ ਮਿਸਾਲਾਂ ਮੌਜੂਦ ਹਨ। ਇਸ ਬਾਬਤ ਵੱਡੀ ਜਿੰਮੇਵਾਰੀ ਪ੍ਰਮੁੱਖ ਜਥੇਦਾਰ ਸਾਹਿਬ ਦੀ ਅਗਵਾਈ ਵਿੱਚ, ਪੰਜ ਸਿੰਘ ਸਾਹਿਬ ਦੀ ਸੀ। ਮਸਲਾ ਢਾਈ-ਤਿੰਨ ਮਹੀਨਿਆਂ ਤੋਂ ਲਟਕਿਆ ਹੋਇਆ ਸੀ, ਜਿਸਨੂੰ ਨਜਿੱਠਣ ਵਾਸਤੇ ਦਰਖ਼ਾਸਤਾਂ ਦਿਨੋਂ-ਦਿਨ ਵੱਡੀਆਂ ਹੋ ਰਹੀਆਂ ਸਨ।

..................................

ਮਸਲਾ ਸ਼੍ਰੋਮਣੀ ਅਕਾਲੀ ਦਲ ਦੇ ਪੁੰਨਰਗਠਨ, ਮਜਬੂਤ ਅਗਵਾਈ ਅਤੇ ਦਿਸ਼ਾ-ਦ੍ਰਿਸ਼ਟੀ ਦਾ ਹੈ। ਜਰੂਰੀ ਨਹੀਂ ਕਿ ਹਰ ਫੈਸਲਾ ਸਰਬ-ਪਰਵਾਣਿਤ ਹੋਏ, ਰਾਜਨੀਤਕ ਵਿਵਾਦ-ਸੰਵਾਦ ਤੇ ਵਿਰੋਧ ਚਲਦੇ ਰਹਿਣਗੇ ਕਿਉਂਕਿ ਵਿਰੋਧੀ ਧਿਰਾਂ ਨੂੰ ਪੰਜਾਬ ਦੀ ਸਿਅਆਸਤ ਵਿੱਚ ਜਗਾਹ ਉਦੋਂ ਮਿਲਦੀ ਹੈ ਜਦ ਸ਼੍ਰੋਮਣੀ ਅਕਾਲੀ ਦਲ ਅਜੋਕੀ ਸਥਿਤੀ ਵਿੱਚ ਹੋਵੇ। ਪੰਜਾਬ, ਪੰਜਾਬੀਆਂ ਅਤੇ ਸਿਖ-ਪੰਥ ਦੇ ਵੱਡੇ ਹਿਤਾਂ ਖਾਤਰ ਸਮਾਂ, ਹਾਲਤਾਂ ਅਤੇ ਲੋੜਾਂ ਪਛਾਂਣਦਿਆਂ, ਰੌਸ਼ਨ ਅਗਵਾਈ ਨਾਲ ਅਗਾਂਹ ਵਧਣ ਦੀ ਲੋੜ ਹੈ।

..................................

ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬਾਨ ਮੌਜੂਦਾ ਮਸਲੇ ਨਿਪਟਾਉਣ ਉਪਰੰਤ, ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸਿੱਖ-ਪੰਥਕ ਲਹਿਰ ਦੇ ਤੌਰ ਤੇ ਪ੍ਰਚੰਡ ਕਰਨ ਲਈ ਇਕਜੁੱਟਤਾ, ਨਵੀਨਤਾ ਤੇ ਪੁੰਨਰਗਠਤਾ ਲਈ ਯਤਨਸ਼ੀਲ ਹੋਣ।

ਪਹਿਲੇ X tmwtr ਪੋਸਟਾਂ ਵਿੱਚ ਲਿਖਿਆ ਗਿਆ ਸੀ ਕਿ:

ਪੰਜਾਬ ਦੇ ਵਰਤਮਾਨ ਸੰਦਰਭ ਵਿੱਚ, ਇਸ ਸੰਕਟ ਵਾਲੇ ਤੋੜ-ਵਿਛੋੜਿਆਂ ਅਤੇ ਵਿਵਾਦ-ਸੰਵਾਦ ਵਿੱਚੋਂ ਭਲੀਭਾਂਤ ਸੁਰਖਰੂ ਹੋ ਕੇ ਸਿੱਖ ਕੌਮ, ਪੰਜਾਬ ਅਤੇ ਪੰਜਾਬੀਆਂ ਨੂੰ ਅਗਾਂਹ ਤੋਰਨਾਂ ਅਤੇ ਚੰਗਾ ਭਵਿੱਖ ਉਸਾਰਨ ਵਿੱਚ ਜੁਟਣਾਂ, ਇਕ ਵੱਡੀ ਲੋੜ ਹੈ। ਵਰਨਾਂ ਸਿੱਖ-ਪੰਥ ਅਤੇ ਪੰਜਾਬ ਨੂੰ ਹਮੇਸ਼ਾ ਸਿਆਸੀ ਘਸਮਾਣਾਂ ਵਿਚ ਰੁੱਝਿਆਕੇ, ਕਾਬਜ ਅਤੇ ਵਿਰੋਧੀ ਸਿਆਸੀ ਜਮਾਤ, ਨਿਰਾਰਥਕ ਆਪਸੀ ਵਿਰੋਧਾਂ ਵਿਚ ਸਭ ਨੂੰ ਖਚਤ ਰਖਦੇ ਹਨ। ਸ਼ੋਸਲ ਅਤੇ ਸੰਚਾਰ ਮੀਡੀਆ ਵੀ ਹਮੇਸ਼ਾਂ ਚਕਰ ਪਾਈ-ਵਧਾਈ ਰੱਖਣਗੇ।

ਪੰਜਾਬ, ਪੰਜਾਬੀਆਂ ਅਤੇ ਸਿੱਖ-ਪੰਥ ਨੂੰ ਉਸਾਰੂ ਭਵਿੱਖ ਵਲ ਤੋਰਨ ਵਾਸਤੇ:

1. ਮਰਿਆਦਾ ਅਨੁਸਾਰ, ਸਮੂਹ 'ਤਨਖ਼ਾਹਾਂ-ਸਜਾਵਾਂ-ਸੇਵਾਵਾਂ' ਨਿਪਟਾਉਣ ਦੀ ਕਾਰਵਾਈ ਨੂੰ, ਘੱਟੋ-ਘੱਟ ਸਮੇਂ ਵਿੱਚ ਨਿਪਟਾ ਲਿਆ ਜਾਣਾਂ ਜਰੂਰੀ ਸੀ। ਕਿਉਂਕਿ ਇਹ ਕਾਰਵਾਈ ਸਿੱਖ-ਪੰਥਕ ਹੈ, ਮੀਰੀ-ਪੀਰੀ ਸਿਧਾਂਤ ਤਹਿਤ ਸਦਾ-ਚਾਰਕ ਹੈ।

ਰਾਜਨੀਤਕ ਸਜਾ ਤਿੰਨ ਵੱਡੀਆਂ ਚੌਣ-ਹਾਰਾਂ ਦੇ ਰੂਪ ਵਿੱਚ ਮਿਲ ਚੁਕੀ ਹੈ। ਬਾਕੀ ਦੀ ਕਾਨੂੰਨੀ ਪ੍ਰਕਿਰਿਆ ਵਖਰਾ ਸੰਦਰਭ ਹੈ। ਇਸਦਾ ਸਿੱਖ-ਪੰਥਕ ਨਿਪਟਾਰਾ ਕਰਨ ਉਪਰੰਤ, ਇਸਤੇ ਸਿਆਸਤ ਬੰਦ ਕਰਨ ਦਾ ਫੁਰਮਾਨ ਸੁਣਾਇਆ ਜਾਣਾਂ ਚਾਹੀਦਾ ਸੀ। ਕਿਉਂਕਿ ਪੰਜਾਬ, ਪੰਜਾਬੀਅਤ ਅਤੇ ਸਿੱਖ-ਪੰਥ ਨਾਲ ਸਬੰਧਿਤ ਮਸਲੇ, ਦਸ ਵਰੇ ਹੋਰ ਪਛੜ ਗਏ ਹਨ।

ਅਗਾਂਹ ਅਸਲੌਂ ਤਫਤੀਸ਼ ਅਤੇ ਇਸਦੀ ਕਾਨੂੰਨੀ ਪ੍ਰਕਿਰਿਆ, ਡੇਰੇ ਵਾਲੇ ਰਾਮ ਰਹੀਮ ਤਕ ਕਦੋਂ ਤੇ ਕਿਵੇਂ ਪੁਜੇਗੀ? ਹੁਣ ਤਕ ਤਿੰਨ ਸਰਕਾਰਾਂ ਅਸਫਲ ਸਾਬਤ ਹੋਈਆਂ ਹਨ।

2. ਸ. ਸੁਖਬੀਰ ਸਿੰਘ ਬਾਦਲ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨਾਲ ਜੁੜਿਓ, ਬਹੁਤੇ ਅਕਾਲੀ ਆਗੂਆਂ ਵਲੋਂ ਸਮੂਹਕ ਤੌਰ ਤੇ 'ਸਜਾਵਾਂ- ਤਨਖਾਹਾਂ' ਤੋਂ ਪਹਿਲਾਂ ਹੀ ਆਪਣੇ-ਆਪ ਹੀ ਅਸਤੀਫੇ ਦੇ ਦੇਣੇਂ ਸਮਝਦਾਰੀ ਸੀ। ਕਾਰਜਕਾਰੀ ਤੌਰ ਤੇ ਰਾਜਸੀ ਸੇਵਾਵਾਂ ਨਿਭਾਉਂਣ ਵਾਲੇ ਕੰਮ ਕਰਦੇ ਰਹਿਣ, ਇਸ ਬਾਰੇ ਕੋਈ ਕਿੰਤੂ-ਪਰੰਤੂ ਨਹੀਂ ਸੀ।

3. 'ਨਿਪਟਾਰੇ' ਉਪਰੰਤ, ਮਿਥੇ ਸਮੇਂ ਲਈ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਖੋਲਣੀਂ, ਫਿਰ ਸੰਵਿਧਾਨ ਅਨੁਸਾਰ ਡੈਲੀਗੇਟਾਂ, ਕਮੇਟੀਆਂ, ਅਹੁਦੇਦਾਰਾਂ ਅਤੇ ਆਗੂਆਂ ਦੀ ਚੋਂਣ ਮੁਕੰਮਲ ਕਰਨ ਬਾਰੇ ਅੰਦੇਸ਼ਤਾ ਯੋਗ ਵਿਧੀ ਹੈ।

4. ਸਮਕਾਲੀਨ ਸੰਦਰਭ ਵਿੱਚ ਏਕਤਾ ਅਧਾਰਤ ਨਵਿਆਇਆ ਅਤੇ ਪੁੰਨਰਗਠਤ ਸ਼੍ਰੋਮਣੀ ਅਕਾਲੀ ਦਲ ਹੀ ਪ੍ਰਮੁੱਖਤਾ ਨਾਲ ਜਮਹੂਰੀ, ਵਿਕੇਂਦਰਤ, ਪੰਥ, ਪੰਜਾਬ ਅਤੇ ਪੰਜਾਬੀਆਂ ਦੇ ਭਲੇ ਵਿੱਚ ਸਮੂਹਕ ਅਗਵਾਈ ਦੇ ਸਕਦੈ।

5. ਮੌਜੂਦਾ ਹਾਲਾਤ ਅਤੇ ਵਿਭਿੰਨ ਪੰਥਕ ਸੰਤੁਸ਼ਟੀਆਂ ਲਈ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ, ਪੰਜ ਮੈਂਬਰੀ (ਇਕ ਸਾਬਕਾ ਜਜ, ਇਕ ਇਤਿਹਾਸਕਾਰ, ਇਕ ਅਕਾਦਮਿਕ, ਇਕ ਸਾਬਕਾ ਪ੍ਰਬੰਧਕੀ ਅਫਸਰ, ਇਕ ਵੱਡੇ ਪਤਰਕ-ਾਰ ਅਧਾਰਿਤ) ਕਮਿਸ਼ਨ ਸਥਾਪਤ ਕਰਨ ਲਈ ਆਦੇਸ਼ ਹੋ ਜਾਂਦਾ। ਤਾਂ ਕਿ ਵਧੇਰੇ ਸੰਤੁਸ਼ਟੀ ਲਈ, ਜੋ ਸਮੂਹ ਸਮੱਗਰੀ ਬਿਆਨਾਂ/ਗਵਾਹੀਆਂ/ਖਤਾਂ ਆਦਿ ਰੁਪਾਂ ਵਿਚ ਸਾਹਮਣੇ ਆਏ ਤਥ ਸੰਗ੍ਰਹਿਤ ਕਰਕੇ, ਸਿਟੇ ਅਤੇ ਸਬਕਾਂ ਲਈ, ਪ੍ਰਕਾਸ਼ਿਤ ਕਰਨ ਲਈ ਵਿਵਸਥਾ ਬਣਾ ਲਈ ਜਾਂਦੀ।

.....................................

2007...2015...2017 ਨਾਲ ਸਬੰਧਿਤ ਘਟਨਾਂਕ੍ਰਮ, ਵਿਸ਼ਵ-ਵਿਆਪਕ ਸਿੱਖ ਕੌਮ ਦਾ ਅਤੇ ਪੰਜਾਬ ਦਾ ਵੀ ਵੱਡਾ ਨੁਕਸਾਨ ਕਰ ਚੁੱਕੇ ਹਨ। ਇਸਨੂੰ ਥਮਿਆਂ ਜਾਂਣਾ ਸਮੇਂ ਦੀ ਲੋੜ ਸੀ।

**ਬਾਕੀ ਹਿਸਾ ਸਫਾ 26 'ਤੇ ਪੜ੍ਹੋ**

25 ਸਫੇ ਦੀ ਬਾਕੀ

ਗੈਰ–ਸਿਧਾਂਤਕ, ਗੈਰ–ਉਸਾਰੂ ਅਤੇ ਦਿਸ਼ਾ–ਨਿਰਦੇਸ਼ ਵਿਹੂੰਣੇਂ ਵਿਰੋਧ/ਵਖਰੇਵੇਂ/ਜਲੀਲਵਾਦੀ ਪਰਾਪੇਗੰਡੇ ਸਿਖ–ਪੰਥ ਅਤੇ ਪੰਜਾਬ ਦਾ ਰਾਜਨੀਤਕ, ਆਰਥਕ, ਸਭਿਆਚਾਰਕ...ਨੁਕ–ਸਾਨ ਕਰ ਰਹੇ ਹਨ। ਇਸ ਸੰਦਰਭ ਵਿਚ, ਇਸ ਖਿਲਾਅ ਤੋਂ ਲਾਭਪਾਤਰੀ ਬਣੀਆਂ ਸਿਆਸੀ ਅਤੇ ਮੀਡੀਆ ਤਾਕਤਾਂ, ਪੰਜਾਬ ਅਤੇ ਸਿੱਖ–ਪੰਥ ਦੀ ਸੰਸਥਾਤਮਕ ਸ਼ਕਤੀ ਨੂੰ ਕਮਜ਼ੋਰ ਕਰਨ ਵਿੱਚ ਜੁਟੀਆਂ ਹੋਈਆਂ ਹਨ।

..................................

ਇਤਿਹਾਸਕ ਤੇ ਸਰਬਉੱਚ ਸਿੱਖ–ਪੰਥਕ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੌਂ, ਪੰਜ ਸਿੰਘ ਸਾਹਿਬਾਨਾਂ ਨੇ ਜਥੇਦਾਰ ਗਿ. ਰਘਵੀਰ ਸਿੰਘ ਤੇ ਗਿ. ਹਰਪ੍ਰੀਤ ਸਿੰਘ ਹੁਣਾਂ ਦੀ ਰਹਿਨੁਮਾਈ 'ਚ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ–ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨ ਦਿਤਾ ਗਿਆ ਸੀ। ਮਰਿਆਦਾ ਤਹਿਤ ਉਹ 'ਤਨਖਾਹ' ਦੇ ਭਾਗੀ ਬਣ ਗਏ ਸਨ। ਉਪਰੰਤ, ਬਾਦਲ ਹੁਣੀਂ, ਸਮੇਤ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਡਾ. ਦਲਜੀਤ ਸਿੰਘ ਚੀਮਾ ਅਤੇ ਆਪਣੇਂ ਸਹਿਯੋਗੀਆਂ ਦੇ, ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ 'ਤਨਖਾਹੀ–ਸਜਾ' ਲਗਵਾਉਂਣ ਲਈ ਸਮਰਪਿਤ ਹੋਏ। ਉਹਨੀਂ ਆਪਣਾਂ ਪਤਰ ਸਕੱਤਰੇਤ ਵਿੱਚ ਪੇਸ਼ ਕਰ ਦਿਤਾ। ਪ੍ਰਮੁੱਖ ਮਸਲਾ ਡੇਰਾ ਸਾਧ ਰਾਮ ਰਹੀਮ, ਡੇਰੇਦਾਰਾਂ ਅਤੇ ਸ਼ਰਧਾਲੂਆਂ ਦੀਆਂ ਵੋਟਾਂ ਲੈਂਣ ਦਾ ਸੀ। ਤਦੇ 2007 ਅਤੇ 2015 ਵਿੱਚ ਗੈਰ–ਪੰਥਕ ਤੇ ਬੇਅਦਬੀ ਵਾਲੇ ਵਰਤਾਰੇ ਵੇਖੇ ਗਏ। ਸਮੇਂ ਦੀ ਪੰਜਾਬ ਸਰਕਾਰ ਦੇ ਮੁਖੀ ਤੇ ਸਬੰਧਿਤ ਅਕਾਲੀ ਆਗੂਆਂ ਨੇ, 'ਸੌਦਾ–ਸਾਧ' ਨੂੰ ਮੁਆਫੀਨਾਮੇਂ ਲਈ, ਸਮੇਂ ਦੇ ਜਥੇਦਾਰਾਂ ਰਾਹੀਂ, ਬੇਨਿਯਮੀਆਂ ਅਤੇ ਕੁਕਰਮ ਕਰਵਾਏ। ਇਹਨਾਂ ਨਾਲ ਸਬੰਧਿਤ, ਅਤੇ ਬਾਅਦਲੀਆਂ ਕੁਤਾਹੀਆਂ ਨਾਲ ਜੁੜਿਓ 2017 ਤਕ ਦੇ ਘਟਨਾਕ੍ਰਮਾਂ ਲਈ, ਜਿੰਮੇਵਾਰ ਆਗੂਆਂ ਨੂੰ ਤਲਬ ਕਰਕੇ, ਸ੍ਰੀ ਅਕਾਲ ਤਖਤ ਸਾਹਿਬ ਵਲੋਂ 'ਤਨਖ਼ਾਹਾਂ–ਸਜਾਵਾਂ' ਅਤੇ ਪ੍ਰਤੀਕਿਰਿਆਵਾਂ ਦਾ ਦੌਰ ਚੱਲਿਆ।



..................................

ਪੰਜਾਬ ਦੇ ਵਰਤਮਾਨ ਸੰਦਰਭ ਵਿੱਚ, ਇਸ ਸੰਕਟ ਵਾਲੇ ਤੋੜ–ਵਿਛੋੜਿਆਂ ਅਤੇ ਵਿਵਾਦ–ਸੰਵਾਦ ਵਿੱਚੋਂ ਭਲੀਭਾਂਤ ਸੁਰਖਰੂ ਹੋ ਕੇ ਸਿੱਖ ਕੌਮ, ਪੰਜਾਬ ਅਤੇ ਪੰਜਾਬੀਆਂ ਨੂੰ ਅਗਾਂਹ ਤੋਰਨਾਂ ਅਤੇ ਚੰਗਾ ਭਵਿੱਖ ਉਸਾਰਨ ਵਿੱਚ ਜੁਟਣਾਂ, ਇਕ ਵੱਡੀ ਲੋੜ ਹੈ। ਵਰਨਾਂ ਸਿੱਖ–ਪੰਥ ਅਤੇ ਪੰਜਾਬ ਨੂੰ ਹਮੇਸ਼ਾ ਸਿਆਸੀ ਘਸਮਾਣਾਂ ਵਿਚ ਰੁੱਝਿਆਕੇ, ਕਾਬਜ ਅਤੇ ਵਿਰੋਧੀ ਸਿਆਸੀ ਜਮਾਤ, ਨਿਰਾਰਥਕ ਆਪਸੀ ਵਿਰੋਧਾਂ ਵਿਚ ਸਭ ਨੂੰ ਖਚਤ ਰਖਦੇ ਹਨ। ਸ਼ੋਸਲ ਅਤੇ ਸੰਚਾਰ ਮੀਡੀਆ ਵੀ ਹਮੇਸ਼ਾਂ ਚਕਰ ਪਾਈ–ਵਧਾਈ ਰੱਖਣਗੇ। ਪੰਜਾਬ, ਪੰਜਾਬੀਆਂ ਅਤੇ ਸਿੱਖ–ਪੰਥ ਨੂੰ ਉਸਾਰੂ ਭਵਿੱਖ ਵਲ ਤੋਰਨ ਵਾਸਤੇ:

1. ਮਰਿਆਦਾ ਅਨੁਸਾਰ, ਸਮੂਹ ਧਾਰਮਿਕ ਤਨਖ਼ਾਹਾਂ–ਸਜਾਵਾਂ–ਸੇਵਾਵਾਂ ਨਿਪਟਾਉਣ ਦੀ ਕਾਰਵਾਈ, ਘੱਟੋ–ਘੱਟ ਸਮੇਂ ਵਿੱਚ ਨਿਪਟਾ ਲਿਆ ਜਾਵੇ। ਕਿਉਂਕਿ ਇਹ ਕਾਰਵਾਈ ਸਿੱਖ–ਪੰਥਕ ਹੈ, ਮੀਰੀ–ਪੀਰੀ ਸਿਧਾਂਤ ਤਹਿਤ ਸਦਾ–ਚਾਰਕ ਹੈ। ਰਾਜਨੀਤਕ ਸਜਾ ਤਿੰਨਾਂ ਹਾਰਾਂ ਦੇ ਰੂਪ ਵਿੱਚ ਮਿਲ ਚੁਕੀ ਹੈ। ਬਾਕੀ ਦੀ ਕਾਨੂੰਨੀ ਪ੍ਰਕਿਰਿਆ ਵਖਰਾ ਸੰਦਰਭ ਹੈ। ਇਸਦਾ ਸਿੱਖ–ਪੰਥਕ ਨਿਪਟਾਰਾ ਕਰਨ ਉਪਰੰਤ, ਇਸਤੇ ਸਿਆਸਤ ਬੰਦ ਕਰਨ ਦਾ ਫੁਰਮਾਨ ਸੁਣਾਇਆ ਜਾਣਾਂ ਚਾਹੀਦਾ। ਕਿਉਂਕਿ ਪੰਜਾਬ, ਪੰਜਾਬੀਅਤ ਅਤੇ ਸਿੱਖ–ਪੰਥ ਨਾਲ ਸਬੰਧਿਤ ਮਸਲੇ, ਦਸ ਵਰੇ ਹੋਰ ਪਛੜ ਗਏ ਹਨ।

2. ਸ. ਸੁਖਬੀਰ ਸਿੰਘ ਬਾਦਲ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨਾਲ ਜੁੜਿਓ 'ਸਬੰਧਿਤ ਅਕਾਲੀ ਆਗੂ' ਸਮੂਹਕ ਤੌਰ ਤੇ ਸਜਾਵਾਂ–ਤਨਖਾਹਾਂ ਦੁਰਾਂਨ ਆਪਣੇ–ਆਪ ਹੀ ਅਸਤੀਫੇ, ਸ੍ਰੀ ਅਕਾਲ ਤਖਤ ਸਾਹਿਬ ਤੇ ਜਮਾਂ ਕਰਾ ਦੇਂਣ। ਕਾਰਜਕਾਰੀ ਤੌਰ ਤੇ ਰਾਜਸੀ ਸੇਵਾਵਾਂ ਨਿਭਾਉਂਣ ਵਾਲੇ ਕੰਮ ਕਰਦੇ ਰਹਿਣ।

3. 'ਨਿਪਟਾਰੇ' ਓਪਰੰਤ, ਮਿਥੇ ਸਮੇਂ ਲਈ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਖੋਲ ਦਿਤੀ ਜਾਵੇ। ਫਿਰ ਸੰਵਿਧਾਨ ਅਨੁਸਾਰ ਡੈਲੀਗੇਟਾਂ, ਕਮੇਟੀਆਂ, ਅਹੁਦੇਦਾਰਾਂ ਅਤੇ ਆਗੂਆਂ ਦੀ ਚੋਂਣ ਮੁਕੰਮਲ ਹੋ ਜਾਵੇ।

4. ਸਮਕਾਲੀਨ ਸੰਦਰਭ ਵਿੱਚ ਏਕਤਾ ਅਧਾਰਤ ਨਵਿਆਇਆ ਅਤੇ ਪੁੰਨਰਗਠਤ ਸ਼੍ਰੋਮਣੀ ਅਕਾਲੀ ਦਲ ਹੀ ਪ੍ਰਮੁੱਖਤਾ ਨਾਲ ਜਮਹੂਰੀ, ਵਿਕੇਂਦਰਤ, ਪੰਥ, ਪੰਜਾਬ ਅਤੇ ਪੰਜਾਬੀਆਂ ਦੇ ਭਲੇ ਵਿੱਚ ਸਮੂਹਕ ਅਗਵਾਈ ਦੇ ਸਕਦੈ।

5. ਮੌਜੂਦਾ ਹਾਲਾਤ ਅਤੇ ਵਿਭਿੰਨ ਪੰਥਕ ਸੰਤੁਸ਼ਟੀਆਂ ਲਈ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ, ਪੰਜ ਮੈਂਬਰੀ (ਇਕ ਸਾਬਕਾ ਜਜ, ਇਕ ਇਤਿਹਾਸਕਾਰ, ਇਕ ਅਕਾਦਮਿਕ, ਇਕ ਸਾਬਕਾ ਪ੍ਰਬੰਧਕੀ ਅਫਸਰ, ਇਕ ਵੱਡੇ ਪਤਰਕ–ਾਰ ਅਧਾਰਿਤ) ਕਮਿਸ਼ਨ ਸਥਾਪਤ ਕਰਨ ਲਈ ਆਦੇਸ਼ ਹੋ ਜਾਵੇ। ਤਾਂ ਕਿ ਵਧੇਰੇ ਸੰਤੁਸ਼ਟੀ ਲਈ, ਜੋ ਸਮੂਹ ਸਮੱਗਰੀ/ਬਿਆਨਾਂ/ਗਵਾਹੀਆਂ/ ਖਤਾਂ ਆਦਿ ਰੁਪਾਂ ਵਿਚ ਸਾਹਮਣੇ ਆਵੇ – ਸੰਗ੍ਰਹਿਤ ਕਰਕੇ, ਸਿਟੇ ਅਤੇ ਸਬਕਾਂ ਲਈ, ਇਕ ਵਰੇ ਅੰਦਰ ਪ੍ਰਕਾਸ਼ਿਤ ਕਰਨ ਲਈ ਵਿਵਸਥਾ ਬਣਾ ਲਈ ਜਾਵੇ।

* * * * * * * *

# ਅਮਰੀਕਾ ਵਿਚ 'ਥੈਂਕਸਗਿਵਿੰਗ ਦਿਵਸ' ਮੌਕੇ ਸਿੱਖ ਸੰਸਥਾ ਨੇ 5 ਰਾਜਾਂ ਵਿਚ ਲੋੜਵੰਦਾਂ ਨੂੰ ਛਕਾਇਆ ਲੰਗਰ





ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–ਸਿੱਖ ਸੰਸਥਾ 'ਲੈੱਟ ਅਸ ਸ਼ੇਅਰ ਏ ਮੀਲ' (ਐਲ ਐਸ ਐਮ) ਨੇ ਥੈਂਕਸਗਿਵਿੰਗ ਦਿਵਸ ਮਨਾਉਂਦਿਆਂ ਅਮਰੀਕਾ ਦੇ 5 ਰਾਜਾਂ ਨਿਊ ਜਰਸੀ, ਨਿਊ ਯਾਰਕ, ਪੈਨਸਿਲਵਾਨੀਆ, ਮਾਸਾਚੂਸੈਟਸ ਤੇ ਕੋਨੈਕਟੀਕਟ ਵਿਚ ਲੋੜਵੰਦਾਂ ਨੂੰ ਤਾਜ਼ਾ ਲੰਗਰ ਤਿਆਰ ਕਰਕੇ ਛਕਾਇਆ। ਸੰਸਥਾ ਦੇ ਪ੍ਰਬੰਧਕਾਂ ਅਨੁਸਾਰ 10000 ਤੋਂ ਵਧ ਲੰਗਰ ਦੇ ਪੈਕਟ ਤਿਆਰ ਕੀਤੇ ਗਏ ਤੇ ਉਨਾਂ ਨੂੰ ਲੋੜਵੰਦਾਂ ਤੱਕ ਪਹੁੰਚਾਇਆ ਗਿਆ। ਬੇਘਰੇ ਲੋਕਾਂ, ਸੀਨੀਅਰ ਨਾਗਰਿਕਾਂ ਦੇ ਘਰਾਂ ਤੇ ਹੋਰ ਥਾਵਾਂ 'ਤੇ ਲੰਗਰ ਪਹੁੰਚਾਉਣ ਦੀ ਸੇਵਾ ਵਿਚ 700 ਤੋਂ ਵਧ ਸੇਵਾਦਾਰਾਂ ਨੇ ਹਿੱਸਾ ਲਿਆ ਜਿਨਾਂ ਵਿਚ ਵੱਡੀ ਗਿਣਤੀ ਵਿੱਚ ਬੀਬੀਆਂ ਸ਼ਾਮਿਲ ਸਨ। ਸੇਵਾਦਾਰਾਂ ਨੇ ਬਹੁਤ ਹੀ ਸ਼ਰਧਾ ਭਾਵਨਾ ਨਾਲ ਸੇਵਾ ਕੀਤੀ। ਪ੍ਰਬੰਧਕਾਂ ਅਨੁਸਾਰ ਲੰਗਰ ਦੀ ਇਹ ਸੇਵਾ ਸਿੱਖ ਧਰਮ ਦੇ ਸੰਸਥਾਪਕ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਨੁਸਾਰ ਕੀਤੀ ਜਾਂਦੀ ਹੈ ਜਿਨਾਂ ਨੇ ਲੰਗਰ ਦੀ ਰਵਾਇਤ ਸ਼ੁਰੂ ਕੀਤੀ ਸੀ। ਉਨਾਂ ਕਿਹਾ ਕਿ ਸਾਰਾ ਵਿਸ਼ਵ ਇਕ ਭਾਈਚਾਰਾ ਹੈ ਤੇ ਇਥੇ ਕੋਈ ਵੀ ਉੱਚਾ ਜਾਂ ਨੀਵਾਂ ਨਹੀਂ ਹੈ। ਕੋਈ ਵੀ ਭੁੱਖਾ ਨਾ ਰਹੇ। ਇਹ ਹੀ ਸਾਡੇ ਧਰਮ ਦੀ ਬੁਨਿਆਦ ਹੈ। ਪਿਛਲੇ ਲੰਬੇ ਸਮੇ ਤੋਂ ਸੇਵਾ ਕਰਦੀ ਆ ਰਹੀ ਬੀਬੀ ਹਰਲੀਨ ਕੌਰ ਅਨੁਸਾਰ ਉਹ ਪਿਛਲੇ 15 ਸਾਲਾਂ ਤੋਂ ਇਸ ਬੇਜੋੜ ਸੇਵਾ ਨਾਲ ਜੁੜੀ ਹੋਈ ਹੈ। ਐਲ ਐਸ ਐਮ ਵੱਲੋਂ ਪਹਿਲੇ ਸਾਲ 1500 ਲੋਕਾਂ ਲਈ ਲੰਗਰ ਬਣਾਇਆ ਤੇ ਵਰਤਾਇਆ ਗਿਆ ਸੀ। ਹੁਣ ਸਲਾਨਾ 20000 ਲੋਕਾਂ ਨੂੰ ਲੰਗਰ ਛਕਾਇਆ ਜਾਂਦਾ ਹੈ। ਆਉਣ ਵਾਲੇ ਸਾਲਾਂ ਵਿਚ ਇਹ ਗਿਣਤੀ ਹੋਰ ਵਧਾਉਣ ਦੀ ਯੋਜਨਾ ਹੈ। ਪ੍ਰਬੰਧਕਾਂ ਅਨੁਸਾਰ ਥੈਂਕਸਗਿਵਿੰਗ ਦੀ ਇਹ ਹੀ ਸੱਚੀ ਭਾਵਨਾ ਹੈ।


## VACANCY FOR RELIGIOUS WORKER

*Job Title:* Religious Worker (Sikh Faith) *Location*: Derby, UK

**We are seeking a dedicated and knowledgeable individual to serve as a Religious Worker within the Sikh faith. This role involves supporting the spiritual, cultural, and community needs of the local Sikh congregation and promoting Sikh teachings and values.**

***Key Responsibilities:***

* Perform and assist in religious ceremonies, including Kirtan, Ardas, and Paath.
* Provide guidance and support to members of the congregation in matters of faith and spirituality.
* Organise and lead educational sessions on Sikh principles and practices.
* Assist with the preparation and serving of Langar.
* Promote community outreach and interfaith engagement.
* Support the maintenance of the Gurdwara and ensure adherence to Sikh customs and traditions.

***Person Specification:***

* Must be a practicing member of the Sikh faith.
* Proficiency in reading and understanding Gurmukhi and Sikh scriptures (Guru Granth Sahib Ji).
* Experience in conducting Sikh religious ceremonies.
* Strong interpersonal and communication skills.
* Committed to promoting Sikh values and principles.

***How to Apply:*** To apply, please submit your application detailing your experience and motivation for this role.

Deadline for Applications: Applications must be submit before 13-12-2024

Applications should be sent to Email: info@sgssderby.com or delivered to the Gurdwara Sahib's Address below:

**Sri Guru Singh Sabha Gurdwara**

1 Princes Street, Normanton, Derby. DE23 8NT. TEL: 01332 773010

PLEASE CONTACT BHAI AJIT SINGH 07533 362911

# ਅਕਾਲ ਤਖ਼ਤ ਸਾਹਿਬ ਨੂੰ ਜਵਾਬਦੇਹ ਬਣੇ ਰਾਜਨੀਤੀ

**ਸੁਖਪਾਲ ਸਿੰਘ ਗਿੱਲ**
98781 11445
ਅਬਿਆਣਾ ਕਲਾਂ





ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੇ ਧਾਰਮਿਕ ਅਖਤਿਆਰ ਦੀ ਗੱਦੀ ਦੇ ਨਾਲ ਰਾਜਨੀਤਿਕ ਸਰਬੱਤ ਖਾਲਸਾ ਦੀਵਾਨ ਦੀ ਮੰਜੀ ਹੈ।ਇਹ ਦਰ ਹਮੇਸ਼ਾ ਬ਼ਖਸ਼ਿੰਦਗੀ ਬਖਸ਼ਿਸ਼ ਕਰਦਾ ਰਿਹਾ। ਇੱਥੇ ਹਮੇਸ਼ਾ ਇੱਕੋ ਹੀ ਅਵਾਜ਼ ਹੈ," ਪਿਛਲੇ ਅਉਗੁਣ ਬਖਸਿ ਲਏ, ਪ੍ਰਭੁ ਆਗੈ ਮਾਰਗਿ ਪਾਵੈ"

• ੧੬੯੯ ਚ ਖਾਲਸੇ ਦੀ ਸਾਜਨਾ ਤੋਂ ਬਾਅਦ ਦਸ਼ਮੇਸ਼ ਪਿਤਾ ਜੀ ਨੇ ਭਾਈ ਮਨੀ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਅਤੇ ਹਰਿਮੰਦਰ ਸਾਹਿਬ ਦੇ ਪ੍ਰਬੰਧ ਲਈ ਭੇਜਿਆ। ਇਤਿਹਾਸ ਭਾਈ ਗੁਰਦਾਸ ਜੀ ਨੂੰ ਵੀ ਪਹਿਲੇ ਜਥੇਦਾਰ ਮੰਨਦਾ ਹੈ। ਅਕਾਲ ਤਖ਼ਤ ਸਾਹਿਬ ਤੋਂ ਕੋਈ ਉੱਪਰ ਨਹੀਂ, ਗੁਨਾਹ ਕਰਨ ਵਾਲਿਆਂ ਨੂੰ ਨਿਮਾਣੇ ਸਿੱਖ ਵਜੋਂ ਪੇਸ਼ ਹੋਣਾ ਪੈਂਦਾ ਹੈ।ਅੱਜ ਦੇ ਦੌਰ ਵਿੱਚ ਇਹ ਗੱਲ ਸਾਬਿਤ ਹੋਈ ਹੈ ਕਿ ਜਿਵੇਂ ਦੁਕਾਨਦਾਰੀ ਗਾਹਕ ਸਿਖਾਉਂਦਾ ਹੈ,ਉਸੇ ਤਰ੍ਹਾਂ ਰਾਜਨੀਤੀ ਵੀ ਲੋਕ ਸਿਖਾਉਂਦੇ ਹਨ।ਸੰਗਤ ਵਲੋਂ ਦਿੱਤੇ ਸਬਕ ਤੋਂ ਬਾਅਦ ਸਭ ਨੂੰ ਬਖਸ਼ ਲਈ ਨਿਭਣਾ ਪਿਆ।ਦੇਰ ਹੋ ਗਈ ਇਸ ਦਾ ਨੁਕਸਾਨ ਵੀ ਹੋਇਆ। ਚਲੋ ਖੈਰ ਆਗੇ ਪ੍ਰਮਾਤਮਾ ਸੁਮੱਤ ਬਖਸ਼ਣ।

• ਸਿੱਖ ਲਈ ਊਰਜਾ ਦਾ ਸੋਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਜੀ ਨੇ ਪੰਥਕ ਪੀੜਾ ਤੇ ਚਿੰਤਾ ਜ਼ਾਹਰ ਕੀਤੀ। ਸਿੱਖ ਸੰਗਤ ਲੋਚਦੀ ਵੀ ਹੈ ਜਥੇਦਾਰ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰੋਸ਼ਨੀ ਵਿੱਚ ਨਿਰਪੱਖ ਫੈਸਲੇ ਕਰਨ। ਅੱਜ ਦੇ ਵਰਤਾਰੇ ਵਿੱਚ ਕਈ ਚਿੰਤਾਵਾਂ, ਕਈ ਸੁਆਲ ਅਤੇ ਹੱਲ ਉਭਰੇ ਹਨ।ਸੌ ਸਾਲਾ ਸ਼ਾਨਾਂਮੱਤੀ ਇਤਿਹਾਸ ਵਾਲੀ ਅਕਾਲੀ ਪਾਰਟੀ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਲਾਈ ਢਾਅ ਨੇ ਕਈ ਤੌਖਲੇ ਪੈਦਾ ਕੀਤੇ। ਆਖਿਰ ਸੁਖਬੀਰ ਬਾਦਲ ਨੇ ਸਭ ਗੁਨਾਹ ਕਬੂਲ ਕਰਕੇ ਨਿਮ-ਰਤਾ, ਨਿਰਮਾਣਤਾ ਅਤੇ ਨਿਮਾਣੇ ਸਿੱਖ ਦਾ ਸਬੂਤ ਦਿੱਤਾ ਹੈ। ਅਕਾਲ ਤਖ਼ਤ ਸਾਹਿਬ ਤੋਂ ਸੁਨੇਹਾ ਵੀ ਮਿਲਿਆ ਹੈ ਜੇ ਅਕਾਲੀ ਦਲ ਜੀਉਂਦਾ ਹੈ ਤਾਂ ਸਾਡੇ ਹਿੱਤਾਂ ਦੀ ਰਾਖੀ ਹੋਵੇਗੀ।ਇਹ ਘਟਨਾਕ੍ਰਮ ਮਹਾਰਾਜਾ ਰਣਜੀਤ ਸਿੰਘ ਵਾਲਾ ਇਤਿਹਾਸ ਰਚੇਗਾ। ਤੌਰ, ਤਰੀਕਾ ਅਤੇ ਤਰਜ਼ ਮਹਾਰਾਜਾ ਰਣਜੀਤ ਸਿੰਘ ਨਾਲ ਮਿਲਦੀ ਹੈ,ਉਹ ਵੀ ਪੇਸ਼ ਹੋ ਕੇ ਅੱਗਾ ਸੁਧਾਰ ਗਏ ਸਨ,ਪਰ ਸਜ਼ਾ ਅੱਜ ਤੋਂ ਸਖ਼ਤ ਸੀ।

• ਅੱਗੇ ਲਈ ਪੰਜਾਬ ਦੀਆਂ ਰਾਜਨੀਤਕ ਧਿਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਛਤਰ ਛਾਇਆ ਹੇਠ ਕੰਮ ਕਰਨਾ ਪਵੇਗਾ। ਮਨਮਰਜ਼ੀਆਂ ਨੂੰ ਸਭ ਸੋਚ ਸਮਝ ਕੇ ਅੰਜ਼ਾਮ ਦੇਣਗੇ।ਸਮਝ ਲੈਣਾ ਚਾਹੀਦਾ ਹੈ,"ਗੁਰਮਤਿ ਵਿੱਚ ਜਿਸ ਤਖ਼ਤ ਦਾ ਜ਼ਿਕਰ ਆਉਂਦਾ ਹੈ, ਉਹ ਨਾਸ਼ਮਾਨ ਨਹੀਂ , ਸਦੀਵੀ ਹੈ। ਤਖ਼ਤ ਦੇ ਅਜਿਹੇ ਸੰਕਲਪ ਨੂੰ ਗੁਰੂ ਸਹਿਬਾਨ ਨੇ ਆਪ ਰੂਪ ਮਾਨ ਕੀਤਾ ਤੇ ਅਮਲੀ ਜਾਮਾ ਪਹਿਨਾਇਆ, ਅਕਾਲ ਤਖ਼ਤ ਸਾਹਿਬ ਵਿਅਕਤੀ ਸਮੂਹ ਦੀਆਂ ਗਤੀਵਿਧਿਆਂ ਦਾ ਕੇਂਦਰ ਨਹੀਂ ਇਹ ਗੁਰੂ ਪੰਥ ਦੀ ਸੁਤੰਤਰ ਨਿਰਪੱਖ ਪ੍ਰਭੁਸੱਤਾ ਸੰਪੰਨ ਸੰਸਥਾ ਹੈ" ਅਜੋਕੇ ਸਮੇਂ ਅਕਾਲ ਤਖ਼ਤ ਸਾਹਿਬ ਦੇ ਹੁਕਮ ਹਨ ਕਿ ਮੈਰਿਜ ਪੈਲੇਸਾਂ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੰਦ ਕਾਰਜ ਲਈ ਨਹੀਂ ਜਾਣਗੇ,ਦੂਜਾ ਅਨੰਦ ਕਾਰਜ਼ ਤੇ ਲੜਕੀ ਲਹਿੰਗਾ ਨਹੀਂ ਪਹਿਨੇਗੀ। ਇਹਨਾਂ ਤੇ ਸੌ ਪ੍ਰਤੀਸ਼ਤ ਅਮਲ ਹੋਇਆ।ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਪੰਜਾਬ ਦੀਆਂ ਸਰਕਾਰਾਂ ਨੂੰ ਜੁਆਬਦੇਹ ਬਣਵਾ ਦੇਣ, ਤਾਂ ਮਾੜੀਆਂ ਆਦਤਾਂ, ਕੰਮਾਂ ਅਤੇ ਗੱਲਾਂ ਦਾ ਅੰਤ ਹੋ ਜਾਵੇਗਾ।

• ਸਭ ਤੋਂ ਪਹਿਲਾਂ ਹੁਕਮਨਾਮਾ ਸੀ ਕਿ ਪੰਚਮ ਪਾਤਸ਼ਾਹ ਜੰਨਤ ਵਿੱਚ ਚਲੇ ਗਏ, ਹਰਗੋਬਿੰਦ ਪਾਤਸ਼ਾਹ ਤਖ਼ਤ ਤੇ ਬੈਠ ਗਏ।ਜੋ ਗੁਰੂ ਸਹਿਬਾਨ ਦੇ ਦਰਸ਼ਨ ਕਰਨ ਆਉਣ ਉਹ ਆਪਣੇ ਨਾਲ ਸਿਰਫ ਚੰਗੇ ਘੋੜੇ ਅਤੇ ਚੰਗੇ ਹਥਿਆਰ ਤੋਹਫ਼ੇ ਵਜੋਂ ਲੈ ਕੇ ਆਉਣ। ਇੱਥੋਂ ਸ਼ੁਰੂਆਤ ਹੋਈ ਸੀ। ਅਕਾਲ ਤਖ਼ਤ ਸਾਹਿਬ, ਮੀਰੀ ਪੀਰੀ ਸਿਧਾਂਤ ਭਾਵ ਰਾਜਨੀਤਕ ਅਤੇ ਰੂਹਾਨੀ ਵਿਚਾਰਧਾਰਾ ਦਾ ਧੁਰਾ ਹੈ।15 ਜੂਨ 1606 ਨੂੰ ਹਰਗੋਬਿੰਦ ਪਾਤਸ਼ਾਹ ਨੇ ਤਿਆਰ ਕਰਵਾ ਕੇ ਇਸ ਦਰ ਨੂੰ ਸਿੱਖ ਜਗਤ ਚ ਲਾਗੂ ਕੀਤਾ।ਇਸ ਨਾਲ ਸਿੱਖ ਇਤਿਹਾਸ ਵਿੱਚ ਨਵਾਂ ਮੋੜ ਆਇਆ ਅੱਜ ਵੀ ਇਸੇ ਮੋੜ ਅਧੀਨ "ਅਕਾਲ ਤਖ਼ਤ ਮਹਾਨ ਹੈ ਸਿੱਖ ਪੰਥ ਦੀ ਸ਼ਾਨ ਹੈ" 1762 ਵਿੱਚ ਵੱਡੇ ਘੱਲੂਘਾਰੇ ਤੋਂ ਬਾਅਦ ਅਕਾਲ ਤਖ਼ਤ ਸਾਹਿਬ ਤੋਂ ਸਰਬੱਤ ਖਾਲਸੇ ਦਾ ਫੈਸਲਾ ਹੋਇਆ ਕਿ ਅਬਦਾਲੀ ਤੋਂ ਬਦਲਾ ਲਿਆ ਜਾਵੇ।ਇਹ ਇਤਿਹਾਸਕ ਫੈਸਲਾ ਹੈ। ਨਤੀਜਾ ਅਮ੍ਰਿਤਸਰ ਲਾਗੇ ਜੰਗ ਵਿੱਚੋਂ ਅਬਦਾਲੀ ਭੱਜ ਕੇ ਲਾਹੌਰ ਜਾ ਵੜਿਆ।1764 ਵਿੱਚ ਅਬਦਾਲੀ ਨੇ ਹਮਲਾ ਕੀਤਾ। ਅਬਦਾਲੀ ਨੂੰ ਮੁੜ ਜਾਣਾ ਪਿਆ। ਸਿੱਟਾ ਇਹ ਨਿਕਲਿਆ ਕਿ 1765 ਵਿੱਚ ਲਹੌਰ ਖਾਲਸਾ ਰਾਜ ਸਥਾਪਿਤ ਹੋ ਗਿਆ। ਇੱਥੋਂ ਇਹ ਵੀ ਸਿੱਖਣਾ ਚਾਹੀਦਾ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਖਾਲਸਾ ਰਾਜ ਦਾ ਮੁੱਢ ਬੱਝਿਆ ਸੀ। ਅਜੋਕੀ ਰਾਜਨੀਤੀ ਇਸ ਸਬਕ ਨੂੰ ਪੱਲੇ ਬੰਨ੍ਹ ਕੇ " ਰਾਜ ਨਹੀਂ,ਸੇਵਾ ਕਰ ਸਕਦੀ ਹੈ"ਇਹ ਵੀ ਸਮਝਣਾ ਚਾਹੀਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਭੈਅ ਹੇਠ ਰਾਜ ਕੀਤਾ।

• ਸਿੱਖ ਮਿਸਲਾਂ ਸਮੇਂ ਅਕਾਲ ਤਖ਼ਤ ਸਾਹਿਬ ਜਮਹੂਰੀਅਤ ਦਾ ਕੇਂਦਰ ਰਿਹਾ।ਮਿਸਲ ਲੀਡਰ ਸਰਬਸੰਮਤੀ ਨਾਲ ਇੱਥੇ ਬੈਠ ਕੇ ਫ਼ੈਸਲੇ ਕਰਦੇ ਸਨ। ਇੱਥੇ ਇਹ ਵੀ ਵਰਣਨਯੋਗ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਤੋਂ ਬਾਅਦ ਬਿਖਰੀ ਕੌਮ ਨੂੰ ਇਕੱਠਾ ਕਰਨ ਦਾ ਜ਼ਿੰਮਾ ਭਾਈ ਮਨੀ ਸਿੰਘ ਨੂੰ ਦਿੱਤਾ ਗਿਆ ਸੀ।ਇਹ ਵੀ ਅੱਜ ਦੀ ਰਾਜਨੀਤੀ ਨੂੰ ਸੇਧ ਲੈਣ ਦੀ ਲੋੜ ਹੈ।ਅੱਜ ਪੰਜਾਬ ਦੀਆਂ ਰਾਜਨੀਤਕ ਧਿਰਾਂ ਲਈ ਇਹ ਦਰ ਪ੍ਰੇਰਨਾ ਸ੍ਰੋਤ ਲਾਜ਼ਮੀ ਬਣੇ।ਇਸ ਮਹਾਨ ਹਸਤੀ ਅਤੇ ਸ਼ਕਤੀ ਨੂੰ ਇੱਕ ਕੇਂਦਰ ਵਜੋਂ ਮੰਨ ਕੇ ਰਾਜ ਭਾਗ ਚਲਾਇਆ ਜਾਵੇ।ਇਸ ਨਾਲ ਸਮਾਜਿਕ, ਰਾਜਨੀਤਿਕ ਅਤੇ ਧਾਰਮਿਕ ਸਵੈ-ਵਿਸ਼ਵਾਸ ਪੈਦਾ ਹੋਵੇਗਾ। ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਵੀ ਅੱਗੇ ਲਈ ਰਾਜਨੀਤੀ ਤੇ ਨਜ਼ਰ ਰੱਖ ਕੇ ਮੀਰੀ ਪੀਰੀ ਦੇ ਸਿਧਾਂਤ ਨੂੰ ਹੋਰ ਉੱਚਾ ਕਰਨ ਲਈ ਸੰਗਤ ਲੋਚਦੀ ਹੈ।

# ਲਿਖਾਰੀ ਤੇ ਉਨ੍ਹਾਂ ਦੀਆਂ ਮਾਵਾਂ ਵਰਗੇ ਪਾਠਕ !

**ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268
tsdupalpuri@yahoo.com



ਪੰਜਾਬ ਯੂਨੀਵਰਸਿਟੀ ਵਿਚ ਪੰਜਾਬੀ ਦੀ ਪੀਐੱਚ.ਡੀ ਕਰਨ ਵਾਲ਼ੀ ਪਹਿਲੀ ਬੀਬੀ ਅਤੇ ਸਾਹਿਤ ਅਕਾਦਮੀ, ਸਰਸਵਤੀ ਸਨਮਾਨ, 'ਪੰਜਾਬੀ ਸਾਹਿਤ ਰਤਨ' ਅਤੇ 'ਪਦਮ ਸ਼੍ਰੀ' ਜਿਹੇ ਵੱਡੇ ਸਨਮਾਨ ਪ੍ਰਾਪਤ ਕਰਨ ਵਾਲ਼ੀ ਲੇਖਿਕਾ ਬੀਬੀ ਦਲੀਪ ਕੌਰ ਟਿਵਾਣਾ ਦੀ ਗੱਲ ਕਰਨ ਜਾ ਰਿਹਾ ਹਾਂ! ਇਕ ਵਾਰ ਮੈਂ ਆਪਣੇ ਪ੍ਰੋਫੈਸਰ ਭਰਾ ਨਾਲ਼ ਪਟਿਆਲ਼ੇ ਬੀਬੀ ਟਿਵਾਣਾ ਹੁਣਾ ਦੇ ਘਰੇ ਗਿਆ ਚਾਹ-ਪਾਣੀ ਪੀ ਰਹੇ ਸਾਂ ਉਨ੍ਹਾਂ ਆਪਣੀ ਮਾਂ ਨੂੰ ਯਾਦ ਕਰਦਿਆਂ ਇੱਕ ਗੱਲ ਸੁਣਾਈ ! ਜਿਵੇਂ ਸੁਰਜੀਤ ਪਾਤਰ ਦੀ ਇਕ ਕਵਿਤਾ ਹੈ-

'ਮੇਰੀ ਮਾਂ ਨੂੰ ਮੇਰੀ ਕਵਿਤਾ
ਸਮਝ ਨਾ ਆਈ
ਭਾਵੇਂ ਮੇਰੀ ਮਾਂ-ਬੋਲੀ ਵਿਚ
ਲਿਖੀ ਹੋਈ ਸੀ
ਉਹ ਤਾਂ ਕੇਵਲ ਏਨਾ ਸਮਝੀ
ਪੁੱਤ ਦੀ ਰੂਹ ਨੂੰ ਦੁਖ ਹੈ ਕੋਈ
ਪਰ ਇਸਦਾ ਦੁਖ ਮੇਰੇ ਹੁੰਦਿਆਂ
ਆਇਆ ਕਿੱਥੋਂ ?
ਨੀਝ ਲਗਾਕੇ ਦੇਖੀ
ਮੇਰੀ ਅਨਪੜ੍ਹ ਮਾਂ ਨੇ
ਮੇਰੀ ਕਵਿਤਾ... !'

ਇਵੇਂ ਦੀ ਹੀ ਗੱਲ ਬੀਬੀ ਟਿਵਾਣਾ ਨੇ ਸੁਣਾਈ ! ਕਹਿੰਦੇ ਮੇਰੇ ਲਿਖੇ ਨਾਵਲਾਂ ਕਹਾਣੀਆਂ 'ਤੇ ਮੈਨੂੰ ਬੜੇ ਵੱਡੇ ਵੱਡੇ ਮਾਣ-ਸਨਮਾਨ ਮਿਲ਼ੇ ਪਰ ਮੇਰੀ ਮਾਂ 'ਕੇਰਾਂ ਮੈਨੂੰ ਕਹਿੰਦੀ-'ਕੁੜੇ ਤੂੰ ਲਿਖ ਲਿਖ ਕੇ ਕਿਆ 'ਕਮਲ਼ ਜਿਹਾ' ਘੋਟਦੀ ਰਹਿਨੀ ਐਂ ? ਕੋਈ 'ਚੱਜਦੀ ਕਿਤਾਬ' ਲਿਖ ਵੀ !'

ਬੀਬੀ ਟਿਵਾਣਾ ਕਹਿੰਦੇ-ਮੈਂ ਆਪਣੀ ਮਾਂ ਦੀ ਭਾਵਨਾ ਸਮਝ ਗਈ ਅਤੇ ਸਿੱਖ ਇਤਿਹਾਸ ਨਾਲ਼ ਸਬੰਧਤ ਸਤਿਕਾਰਿਤ ਬੀਬੀਆਂ ਮਾਤਾਵਾਂ ਦੀਆਂ ਜੀਵਨੀਆਂ ਬਾਰੇ ਕਿਤਾਬ ਲਿਖਣੀ ਸ਼ੁਰੂ ਕੀਤੀ !

ਮੈਨੂੰ ਅਫਸੋਸ ਕਿ ਇਹ ਕਿਤਾਬ ਛਪਣ ਤੋਂ ਪਹਿਲਾਂ ਹੀ ਮੇਰੀ ਮਾਂ ਸਦੀਵੀ ਵਿਛੋੜਾ ਦੇ ਗਈ !! ਉਹ ਮੇਰੀ ਲਿਖੀ 'ਚੱਜਦੀ' ਕਿਤਾਬ ਨਾ ਦੇਖ ਸਕੀ !

ਇਹ ਦੱਸਦਿਆਂ ਬੀਬੀ ਟਿਵਾਣਾ ਦੀਆਂ ਅੱਖਾਂ ਛਲਕ ਪਈਆਂ ਸਨ !!

ਇਹ ਵਾਰਤਾ ਸੁਣਿਆਂ ਕਈ ਵਰ੍ਹੇ ਗੁਜ਼ਰ ਗਏ ! ਹੁਣ ਕੁਝ ਦਿਨ ਪਹਿਲਾਂ ਜਦ ਮੈਂ ਇਸ ਵਾਰਤਾ ਨੂੰ ਸ਼ਬਦੀ ਜਾਮਾ ਪਹਿਨਾਉਣ ਲੱਗਾ ਤਾਂ 'ਤਸਦੀਕ' ਕਰਨ ਵਜੋਂ ਸਵਰਗੀ ਬੀਬੀ ਟਿਵਾਣਾ ਦੇ ਜੀਵਨ ਸਾਥੀ ਸਰਦਾਰ ਭੁਪਿੰਦਰ ਸਿੰਘ ਮਿਨਹਾਸ ਹੁਣਾ ਨਾਲ ਫੋਨ 'ਤੇ ਗੱਲ ਕਰੀ ਸੀ ! ਦਰਅਸਲ ਵਿਚ ਮੈਂ ਇਕ 'ਸ਼ਾਇਰ ਸਾਹਬ' ਦੀ ਕਵਿਤਾ ਪੜ੍ਹ ਰਿਹਾ ਸਾਂ ਜੋ ਕਿ ਚਾਰੇ ਚੰਡੀ ਗੜ੍ਹੀਏ ਦੇ(ਖੁੱਲ੍ਹੀ ਕਵਿਤਾ ਨੂੰ ਮਖੌਲ ਵਜੋਂ ਲਿਖੇ) ਇਸ 'ਸ਼ਿਅਰ' ਵਰਗੀ ਹੀ ਸੀ-

'ਸਾਡੇ ਕੋਠੇ ਨਿੰਮ ਦਾ ਬੂਟਾ
ਬਾਹਰ ਖੜ੍ਹਾ ਸਰਪੰਚ।
ਦੇਈਂ ਭੈਣੇ ਫੌਹੜਾ
ਮੈਂ ਰਜਾਈ ਨਗੰਦਣੀ !'

ਮੈਂ ਸੋਚਿਆ ਕਿ ਮਾਣਯੋਗ ਕਵੀਆਂ ਲਿਖਾਰੀਆਂ ਨੂੰ ਉਨ੍ਹਾਂ ਦੀਆਂ ਮਾਵਾਂ ਵਰਗੇ ਪਾਠਕਾਂ ਦਾ ਚੇਤਾ ਹੀ ਕਰਵਾ ਦਿਆਂ !!

* * * * * *

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

**ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਜਦੋਂ ਪ੍ਰਭੂ ਨਾਮ 'ਚ ਸਮਾਈ ਹੋ ਜਾਂਦੀ ਹੈ। "ਪੂਰਬ ਜਨਮਿ ਭਗਤਿ ਕਰਿ ਆਏ ਗੁਰਿ ਹਰਿ ਹਰਿ ਹਰਿ ਹਰਿ ਭਗਤਿ ਜਮਈਆ ॥ ਭਗਤਿ ਭਗਤਿ ਕਰਤੇ ਹਰਿ ਪਾਇਆ ਜਾ ਹਰਿ ਹਰਿ ਹਰਿ ਹਰਿ ਨਾਮਿ ਸਮਈਆ ॥7॥ ॥ ਅੰਗ 937"। ਭਗਤ ਕਬੀਰ ਜੀ ਆਪਣੇ ਪਿਛਲੇ ਜੀਵਨ ਵਾਰੇ ਦੱਸਦੇ ਹਨ ਕਿ ਹੇ ਪ੍ਰਭੂ! ਮੈਂ ਪਿਛਲੇ ਜਨਮ ਵਿਚ ਤੇਰਾ ਸੇਵਕ ਸੀ, ਹੁਣ ਇਹ ਪਿਛਲੇ ਜਨਮ ਦਾ ਫਲ ਮੇਟਿਆ ਨਹੀਂ ਜਾ ਸਕਦਾ। "ਪੂਰਬ ਜਨਮ ਹਮ ਤੁਮ੍ਰੇ ਸੇਵਕ ਅਬ ਤਉ ਮਿਟਿਆ ਨ ਜਾਈ ॥ ਅੰਗ 969"। ਕਬੀਰ ਜੀ ਦਾ ਇਹ ਵੀ ਫ਼ੁਰਮਾਨ ਹੈ ਕਿ ਗੁਰੂ ਦੀ ਸੇਵਾ ਰਾਹੀਂ ਭਗਤੀ ਕੀਤੀ ਤਾਂ ਹੀ ਇਹ ਮਨੁੱਖਾ ਦੇਹੀ ਦੀ ਪ੍ਰਾਪਤੀ ਹੋਈ । "ਗੁਰ ਸੇਵਾ ਤੇ ਭਗਤਿ ਕਮਾਈ ॥ ਤਬ ਇਹ ਮਾਨਸ ਦੇਹੀ ਪਾਈ ॥ ਅੰਗ 1159"।

ਭਗਤੀ ਤੇ ਵਿਚਾਰ ਦਾ ਨਿਚੋੜ: ਸਤਿਗੁਰੂ ਤੇਗ ਬਹਾਦਰ ਜੀ ਫੁਰਮਾਉਂਦੇ ਹਨ ਕਿ ਮੈਂ ਜਗਤ ਨੂੰ ਆਪਣਾ ਸਮਝ ਕੇ ਦੇਖ ਲਿਆ ਹੈ, ਇੱਥੇ ਕੋਈ ਕਿਸੇ ਦਾ (ਸਦਾ ਲਈ ਆਪਣਾ) ਨਹੀਂ ਹੈ । ਸਦਾ ਕਾਇਮ ਰਹਿਣ ਵਾਲ਼ੀ ਪਰਮਾਤਮਾ ਦੀ ਭਗਤੀ ਹੈ; ਇਸ ਨੂੰ ਆਪਣੇ ਮਨ ਵਿਚ ਪ੍ਰੋ ਕੇ ਰੱਖੋ । "ਨਿਜ ਕਰਿ ਦੇਖਿਓ ਜਗਤੁ ਮੈ ਕੋ ਕਾਹੂ ਕੋ ਨਾਹਿ॥ ਨਾਨਕ ਥਿਰੁ ਹਰਿ ਭਗਤਿ ਹੈ ਤਿਹ ਰਾਖੋ ਮਨ ਮਾਹਿ ॥48॥ ਅੰਗ 1429"। ਲੇਕਿਨ, ਪ੍ਰਭੂ ਦੀ ਭਗਤੀ ਦੇ ਭੰਡਾਰ ਕਰਮਾਂ (ਪ੍ਰਭੂ ਦੀ ਬਖਸ਼ਿਸ਼) ਨਾਲ਼ ਮਿਲਦੇ ਹਨ । "ਜਨ ਨਾਨਕ ਕਰਮੀ ਪਾਈਅਨਿ ਹਰਿਨ-ਾਮਾ ਭਗਤਿ ਭੰਡਾਰ ॥4॥2॥16॥36॥ ਅੰਗ 162"।

**577. ਸਤਿਗੁਰੂ ਨਾਨਕ ਦੇਵ ਜੀ ਨੇ ਮਨੁੱਖਾ ਜਿੰਦ ਤੇ ਸਰੀਰ ਨੂੰ ਕੀ ਸਿਖਿਆ ਦਿੱਤੀ?**

ਹੇ ਮੇਰੀ ਜਿੰਦੇ ! ਮੇਰੀ ਸਿੱਖਿਆ ਧਿਆਨ ਨਾਲ ਸੁਣ । ਕੀਤੀ ਹੋਈ ਨੇਕ ਕਮਾਈ ਹੀ ਤੇਰੇ ਨਾਲ ਨਿਭੇਗੀ । ਸਤਿਗੁਰੂ ਜੀ ਚੇਤਾਵਨੀ ਦਿੰਦੇ ਹਨ ਕਿ ਫਿਰ ਦੁਬਾਰਾ (ਮਨੁੱਖਾ ਜਨਮ ਦੀ) ਵਾਰੀ ਨਹੀਂ ਮਿਲੇਗੀ।1।ਰਹਾਉ। "ਸੁਣਿ ਸੁਣਿ ਸਿਖ ਹਮਾਰੀ ॥ ਸੁਕ੍ਰਿਤੁ ਕੀਤਾ ਰਹਸੀ ਮੇਰੇ ਜੀਅੜੇ ਬਹੁੜਿ ਨ ਆਵੈ ਵਾਰੀ ॥1॥ ਰਹਾਉ ॥ ਅੰਗ 154"। ਇਹ ਸਰੀਰ ਆਪਣੇ ਆਪ ਨੂੰ ਅਮਰ ਜਾਣ ਕੇ ਸੁਖ ਮਾਣਨ ਵਿਚ ਹੀ ਲੱਗਾ ਰਹਿੰਦਾ ਹੈ, (ਇਹ ਨਹੀਂ ਸਮਝਦਾ ਕਿ) ਇਹ ਜਗਤ ਇਕ ਖੇਡ ਹੀ ਹੈ । ਹੇ ਮੇਰੇ ਸਰੀਰ ! ਤੂੰ ਲੱਬ ਲੋਭ ਕਰ ਰਿਹਾ ਹੈਂ ਤੂੰ, ਬਹੁਤ ਕੂੜ ਕਮਾ ਰਿਹਾ ਹੈਂ ਤੇ ਤੂੰ ਆਪਣੇ ਉੱਪਰ ਪਾਪਾਂ ਦਾ ਬਹੁਤਾ ਭਾਰ ਉਠਾ ਰਿਹਾ ਹੈਂ । ਹੇ ਮੇਰੇ ਸਰੀਰ ! ਮੈਂ ਤੇਰੇ ਵਰਗੇ ਸਰੀਰ ਇਉਂ ਰੁਲਦੇ ਵੇਖੇ ਹਨ ਜਿਵੇਂ ਧਰਤੀ ਉਤੇ ਸੁਆਹ । "ਅੰਮ੍ਰਿਤ ਕਾਇਆ ਰਹੈ ਸੁਖਾਲੀ ਬਾਜੀ ਇਹੁ ਸੰਸਾਰੋ ॥ ਲਬੁ ਲੋਭੁ ਮੁਚੁ ਕੂੜੁ ਕਮਾਵਹਿ ਬਹੁਤੁ ਉਠਾਵਹਿ ਭਾਰੋ ॥ ਤੂੰ ਕਾਇਆ ਮੈ ਰੁਲਦੀ ਦੇਖੀ ਜਿਉ ਧਰ ਉਪਰਿ ਛਾਰੋ ॥1॥ ਅੰਗ 154"। ਹੇ ਮੇਰੇ ਸਰੀਰ ! ਮੈਂ ਤੈਨੂੰ ਸਮਝਾਉਂਦਾ ਹਾਂ, ਮੇਰੀ ਨਸੀਹਤ ਸੁਣ । ਤੂੰ ਪਰਾਈ ਨਿੰਦਿਆ ਕਰਦਾ ਹੈਂ, ਤੂੰ (ਹੋਰਨਾਂ ਦੀ) ਝੂਠੀ ਚੁਗ਼ਲੀ ਕਰਦਾ ਰਹਿੰਦਾ ਹੈਂ । ਹੇ ਜੀਵ ! ਤੂੰ ਪਰਾਈ ਇਸਤ੍ਰੀ ਨੂੰ ਭੈੜੀ ਨਿਗਾਹ ਨਾਲ਼ ਤੱਕਦਾ ਹੈਂ, ਤੂੰ ਚੋਰੀਆਂ ਤੇ ਬੁਰਾਈਆਂ ਕਰਦਾ ਹੈਂ । ਹੇ ਮੇਰੀ ਕਾਇਆਂ ! ਜਦੋਂ ਜੀਵਾਤਮਾ ਤੁਰ ਜਾਇਗਾ, ਤੂੰ ਛੁੱਟੜ ਇਸਤ੍ਰੀ ਹੋ ਕੇ ਇਥੇ ਹੀ ਰਹਿ ਜਾਇੰਗੀ । "ਹਉ ਤੁਧੁ ਆਖਾ ਮੇਰੀ ਕਾਇਆ ਤੂੰ ਸੁਣਿ ਸਿਖ ਹਮਾਰੀ ॥ ਨਿੰਦਾ ਚਿੰਦਾ ਕਰਹਿ ਪਰਾਈ ਝੂਠੀ ਲਾਇਤਬਾਰੀ ॥ ਵੇਲਿ ਪਰਾਈ ਜੋਹਹਿ ਜੀਅੜੇ ਕਰਹਿ ਚੋਰੀ ਬੁਰਿਆਰੀ ॥ ਹੰਸੁ ਚਲਿਆ ਤੂੰ ਪਿਛੈ ਰਹੀਏਹਿ ਛੁਟੜਿ ਹੋਈਅਹਿ ਨਾਰੀ ॥2॥ ਅੰਗ 155"। ਹੋਰ ਮਿਸਾਲਾਂ ਵਿਚੋਂ ਇਕ ਮਿਸਾਲ ਇਹ ਦੇ ਕੇ ਵੀ ਸਮਝਾਉਂਦੇ ਹਨ ਕਿ ਸੋਨੇ ਦੀ ਲੰਕਾ ਤੇ ਮਹਲ (ਰਾਵਣ ਦੇ ਭੀ ਨਾ ਰਹੇ); ਇਹ ਦੌਲਤ ਕਿਸੇ ਦੀ ਵੀ ਨਹੀਂ ਬਣਦੀ । "ਸੋਇਨ ਲੰਕਾ ਸੋਇਨ ਮਾੜੀ ਸੰਪੈ ਕਿਸੈ ਨ ਕੇਰੀ ॥5॥ ਅੰਗ 155"। ਸਤਿਗੁਰੂ ਜੀ ਪਿਆਰ ਨਾਲ਼ ਸਮਝਾਉਂਦੇ ਹਨ ਕਿ ਮਿਸ਼ਰੀ, ਮੇਵੇ, ਆਦਿਕ ਮੈਂ ਸਭ ਕੁਝ ਚੱਖ ਕੇ ਵੇਖ ਲਿਆ ਹੈ, ਪਰ ਇਹ ਤੇਰੇ ਇਕ ਅਮਰ ਕਰਨ ਵਾਲ਼ੇ ਨਾਮ ਦੇ ਬਰਾਬਰ ਨਹੀਂ ਹਨ; ਤੇਰਾ ਨਾਮ ਸਭ ਮੇਵਿਆਂ ਨਾਲੋਂ ਮਿੱਠਾ ਹੈ । "ਕੂਜਾ ਮੇਵਾ ਮੈ ਸਭ ਕਿਛੁ ਚਾਖਿਆ ਇਕੁ ਅੰਮ੍ਰਿਤੁ ਨਾਮੁ ਤੁਮਾਰਾ ॥4॥ ਅੰਗ 155"।

**578. ਪੰਜ ਚੋਰਾਂ/ਲੁਟੇਰਿਆਂ ਤੋਂ ਬਚਾ ਕਿੱਦਾਂ ਕਰੀਏ?**


ਹੇ ਮੇਰੇ ਮਨ ! ਮੇਰੇ ਚੋਰ/ਬਟਵਾਰੇ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਪੰਜ ਹਨ, ਮੈਂ ਇਕੱਲਾ ਹਾਂ, ਮੈਂ ਇਹਨਾਂ ਤੋਂ ਆਪਣਾ ਘਰ ਬਾਰ (ਭਾਵ, 5 ਗਿਆਨ ਇੰਦਰੇ, ਮਨ, ਬੁੱਧੀ ਤੇ ਭਲੇ ਗੁਣ) ਕਿਵੇਂ ਬਚਾਵਾਂ ? ਹੇ ਭਾਈ ! ਇਹ ਪੰਜੇ ਮੈਨੂੰ ਨਿੱਤ ਮਾਰਦੇ ਤੇ ਲੁੱਟਦੇ ਰਹਿੰਦੇ ਹਨ, ਮੈਂ ਕਿਸ ਦੇ ਪਾਸ ਬਚਾ ਲਈ ਫਰਿਆਦ ਕਰਾਂ ? । "ਅਵਰਿ ਪੰਚ ਹਮ ਏਕ ਜਨਾ ਕਿਉ ਰਾਖਉ ਘਰ ਬਾਰੁ ਮਨਾ ॥ ਮਾਰਹਿ ਲੂਟਹਿ ਨੀਤ ਨੀਤ ਕਿਸੁ ਆਗੈ ਕਰੀ ਪੁਕਾਰ ਜਨਾ ॥1॥ ਅੰਗ 155"। ਸਤਿਗੁਰੂ ਨਾਨਕ ਦੇਵ ਜੀ ਹੱਲ ਦੱਸਦੇ ਹਨ, ਕਿ ਹੇ ਮਨਾ! (ਅਗਰ ਇਹਨਾਂ ਤੋਂ ਤੇ ਜਮਾਂ ਤੋਂ ਬਚਣਾ ਹੈ ਤਾਂ) ਸਰਬ ਵਿਆਪਕ ਵਾਹਿਗੁਰੂ ਨਾਮ ਦਾ ਉਚਾਰਨ ਕਰ । ਅੱਗੇ ਪ੍ਰਲੋਕ 'ਚ ਜਮਾਂ ਦਾ ਬੜਾ ਔਖਾ/ਡਰਾਉਣਾ ਦਲ ਹੈ । "ਸ੍ਰੀ ਰਾਮ ਨਾਮਾ ਉਚਰੁ ਮਨਾ ॥ ਆਗੈ ਜਮ ਦਲੁ ਬਿਖਮੁ ਘਨਾ ॥1॥ ਰਹਾਉ ॥ ਅੰਗ 155"। ਸਤਿਗੁਰੂ ਅਰਜਨ ਦੇਵ ਜੀ ਪ੍ਰਸ਼ਨ ਉੱਤਰ ਦੇ ਰੂਪ 'ਚ ਸਾਨੂੰ ਸਮਝਾਉਂਦੇ ਹਨ ਕਿ ਪੰਜ ਦੂਤ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਸਤਾਉਂਦੇ ਹਨ, ਇਹਨਾਂ ਨੂੰ ਕਿਸ ਤਰੀਕੇ ਨਾਲ਼ ਮਾਰੀਏ? ਪ੍ਰਭੂ ਦੇ ਨਾਮ ਨੂੰ ਧਿਆ ਕੇ ਨਾਮ ਦੇ ਤਿੱਖੇ ਤੀਰ ਚਲਾਓ । ਹੇ ਹਰਿਹਾਂ ਮਹਾਂ ਵਿਸ਼ ਰੂਪੀ ਇਹਨਾਂ ਦੂਤਾਂ ਨੂੰ ਘਾਤਕ (ਮਾਰਨ ਵਾਲ਼ਾ) ਨਾਮ ਪੂਰੇ ਗੁਰੂ ਤੋਂ ਪ੍ਰਾਪਤ ਹੁੰਦਾ ਹੈ । "ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ ॥ ਤੀਖਣ ਬਾਣ ਚਲਾਇ ਨਾਮੁ ਪ੍ਰਭ ਧ੍ਯਾਈਐ ॥ ਹਰਿਹਾਂ ਮਹਾਂ ਬਿਖਾਦੀ ਘਾਤ ਪੂਰਨ ਗੁਰੁ ਪਾਈਐ ॥16॥ ਅੰਗ 1363"।

ਬਾਕੀ ਅਗਲੇ ਹਫ਼ਤੇ


# ਪੰਜਾਬੀ ਸਿੱਖਣ ਲਈ ਕਿਤਾਬਾਂ

**ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ**

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫ਼ੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851

www.fb.com/punjabtimesuk


# ਰਾਸ਼ਟਰਪਤੀ ਬਾਈਡਨ ਵੱਲੋਂ ਆਪਣੇ ਪੁੱਤਰ ਹੰਟਰ ਬਾਈਡਨ ਦੇ ਸਾਰੇ ਗੁਨਾਹ ਮੁਆਫ


ਹੰਟਰ ਬਾਈਡਨ ਆਪਣੇ ਰਾਸ਼ਟਰਪਤੀ ਪਿਤਾ ਜੋ ਬਾਈਡਨ ਨਾਲ

ਸੈਕਰਾਮੈਂਟੋ,ਕੈਲੀਫੋਰਨੀਆ-(ਹੁਸਨ ਲੜੋਆ ਬੰਗਾ)- ਰਾਸ਼ਟਰਪਤੀ ਜੋ ਬਾਈਡਨ ਨੇ ਆਪਣੇ ਕਾਰਜਕਾਲ ਦੇ ਆਖਰੀ ਬਚੇ ਕੁਝ ਦਿਨਾਂ ਤੋਂ ਪਹਿਲਾਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਆਪਣੇ ਪੁੱਤਰ ਹੰਟਰ ਬਾਈਡਨ ਦੇ ਸਾਰੇ ਗੁਨਾਹ ਮੁਆਫ ਕਰ ਦਿੱਤੇ ਹਨ। ਕਾਨੂੰਨੀ ਮਾਹਿਰਾਂ ਨੇ ਇਸ ਕਾਰਵਾਈ ਨੂੰ ਅਸਧਰਾਨ ਕਰਾਰ ਦਿੰਦਿਆਂ ਕਿਹਾ ਹੈ ਕਿ ਕਾਰਜਪਾਲਿਕਾ ਦੇ ਇਤਿਹਾਸ ਵਿਚ ਅਜਿਹੀ ਮੇਹਰਬਾਨੀ ਦੀ ਘੱਟ ਹੀ ਮਿਸਾਲ ਮਿਲਦੀ ਹੈ। ਰਾਸ਼ਟਰਪਤੀ ਨੇ ਆਪਣੇ ਆਦੇਸ਼ ਵਿਚ ਹੰਟਰ ਨੂੰ 1 ਜਨਵਰੀ, 2014 ਤੋਂ ਇਸ ਸਾਲ ਦੇ ਅੰਤ ਤੱਕ ਕੀਤੇ ਸਾਰੇ ਸੰਘੀ ਦੋਸ਼ਾਂ ਤੋਂ ਮੁਕਤ ਕਰ ਦਿੱਤਾ ਹੈ। ਕਾਨੂੰਨੀ ਮਾਹਿਰਾਂ ਅਨੁਸਾਰ ਉਹ ਇਸ ਮੁਕੰਮਲ ਤੇ ਬਿਨਾਂ ਸ਼ਰਤ ਮੁਆਫੀ ਦੀ ਅਸਧਾਰਨ ਕਾਰਵਾਈ ਤੋਂ ਹੈਰਾਨ ਹਨ ਜਿਸ ਤਹਿਤ ਹੰਟਰ ਨੂੰ 2014 ਤੋਂ 2024 ਦਰਮਿਆਨ ਭਵਿੱਖ ਦੇ ਸੰਭਾਵੀ ਦੋਸ਼ਾਂ ਸਮੇਤ ਹਰ ਤਰਾਂ ਦੇ ਸੰਘੀ ਦੋਸ਼ਾਂ ਤੋਂ ਬਚਾਇਆ ਗਿਆ ਹੈ। ਇਥੇ ਜਿਕਰਯੋਗ ਹੈ ਕਿ ਹੰਟਰ ਬਾਈਡਨ ਨੂੰ ਡਰੱਗ ਲੈਣ ਦੀ ਆਦਤ ਦੌਰਾਨ ਗੰਨ ਖਰੀਦਣ ਤੇ ਗੰਨ ਆਪਣੇ ਕੋਲ ਰਖਣ ਦੇ ਮਾਮਲੇ ਵਿਚ ਡੈਲਵੇਅਰ ਜਿਊਰੀ ਨੇ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਇਲਾਵਾ ਕੈਲੀਫੋਰਨੀਆ ਵਿਚ ਅਨੇਕਾਂ ਸਾਲਾਂ ਤੱਕ ਟੈਕਸਾਂ ਦੀ ਅਦਾਇਗੀ ਨਾ ਕਰਨ ਦੇ ਮਾਮਲੇ ਵਿਚ ਹੰਟਰ ਨੇ ਆਪਣਾ ਗੁਨਾਹ ਮੰਨ ਲਿਆ ਸੀ। ਫੌਰਨ ਏਜੰਟ ਰਜਿਸਟ੍ਰੇਸ਼ਨ ਐਕਟ ਤਹਿਤ ਵਿਦੇਸ਼ੀ ਕਾਰੋਬਾਰ ਨੂੰ ਲੈ ਕੇ ਵੀ ਉਸ ਵਿਰੁੱਧ ਜਾਂਚ ਹੋ ਰਹੀ ਸੀ।

# ਗੁਰ ਅੰਗਦੁ ਗੁਰੂ ਅੰਗੁ ਤੇ

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ-12**




ਜਗਨ ਹੋਮ ਪੁੰਨ ਤਪ ਪੂਜਾ
ਦੇਹ ਦੁਖੀ ਨਿਤ ਦੂਖ ਸਹੈ॥
ਰਾਮ ਨਾਮ ਬਿਨੁ ਮੁਕਤਿ ਨ ਪਾਵਸਿ
ਮੁਕਤਿ ਨਾਮਿ ਗੁਰਮੁਖਿ ਲਹੈ॥੧॥
ਰਾਮ ਨਾਮ ਬਿਨੁ ਬਿਰਥੇ ਜਗਿ ਜਨਮਾ॥
ਬਿਖੁ ਖਾਵੈ ਬਿਖੁ ਬੋਲੀ ਬੋਲੈ
ਬਿਨੁ ਨਾਵੈ ਨਿਹਫਲ ਮਰਿ ਭ੍ਰਮਨਾ॥੧॥ ਰਹਾਉ॥
ਪੁਸਤਕ ਪਾਠ ਬਿਆਕਰਣ ਵਖਾਣੈ
ਸੰਧਿਆ ਕਰਮ ਤਿਕਾਲ ਕਰੈ॥
ਬਿਨੁ ਗੁਰ ਸਬਦ ਮੁਕਤਿ ਕਹਾ ਪ੍ਰਾਣੀ
ਰਾਮ ਨਾਮ ਬਿਨੁ ਉਰਝਿ ਮਰੈ॥੨॥
ਡੰਡ ਕਮੰਡਲ ਸਿਖਾ ਸੂਤੁ ਧੋਤੀ
ਤੀਰਥਿ ਗਵਨੁ ਅਤਿ ਭਰਮਨੁ ਕਰੈ॥
ਰਾਮ ਨਾਮ ਬਿਨੁ ਸਾਂਤਿ ਨ ਆਵੈ
ਜਪਿ ਹਰਿ ਹਰਿ ਨਾਮੁ ਸੁ ਪਾਰਿ ਪਰੈ॥੩॥
ਜਟਾ ਮੁਕਟੁ ਤਨਿ ਭਸਮ ਲਗਾਈ
ਬਸਤ੍ਰ ਛੋਡਿ ਤਨਿ ਨਗਨੁ ਭਇਆ॥
ਰਾਮ ਨਾਮ ਬਿਨੁ ਤ੍ਰਿਪਤਿ ਨ ਆਵੈ
ਕਿਰਤ ਕੈ ਬਾਂਧੈ ਭੇਖ ਭਇਆ॥੪॥
ਜੇਤੇ ਜੀਅ ਜੰਤ ਜਲਿ ਥਲਿ ਮਹੀਅਲਿ
ਜਤ੍ਰ ਕਤ੍ਰ ਤੂ ਸਰਬ ਜੀਆ॥
ਗੁਰ ਪਰਸਾਦਿ ਰਾਖਿ ਲੇ ਜਨ ਕਉ
ਹਰਿ ਰਸੁ ਨਾਨਕ ਝੋਲਿ ਪੀਆ॥੫॥੭॥੮॥

ਗੁ.ਗ੍ਰ.ਸਾ. ਪੰਨਾ ੧੧੨੭

ਉਸ ਤੋਂ ਬਾਦ ਇਹ ਹੌਲੀ ਹੌਲੀ ਸ਼ਬਦ ਗਾਇਣ ਦੇ ਨਾਲ-ਨਾਲ ਉਸ ਦੀ ਵਿਚਾਰ ਵੀ ਕਰਨ ਲੱਗ ਪਏ'।

'ਦੇਖੋ ਭਾਈ! ਭਲੇ ਭਾਗਾਂ ਸਦਕਾ ਨਿਰਮਲ ਮਨ ਵਾਲਿਆਂ ਤੋਂ ਸਿਫ਼ਤ-ਸਾਲਾਹ ਸੁਣਨ ਵਾਲਿਆਂ ਨੂੰ ਰਸ ਵਧੇਰੇ ਆਉਂਦਾ ਹੈ ਅਰ ਮਨ ਵੀ ਛੇਤੀ ਨਿਰਮਲ ਹੋ ਜਾਂਦਾ ਹੈ'। ਇਹ ਭੇਦ ਜਾਣ ਕੇ ਸਭਨਾਂ ਸਿੱਖਾਂ ਨੇ ਸੀਸ ਨਿਵਾਇਆ।ਮਹਾਂਕਵੀ ਜੀ ਇਸ ਦਾ ਹਵਾਲਾ ਇਉਂ ਦੇਂਦੇ ਹਨ:

ਇਹ ਬਿਧਿ ਸੁਨਿ ਮਾਲੋ ਗੁਰ ਬਚਨਾ (ਮਾਲੋ ਗੁਰੂ ਕੇ ਅਜੇਹੇ ਬਚਨ ਸੁਣ ਕੇ)।
ਬਾਣੀ ਪਢਨ ਕੀਨ ਮਨ ਖਚਨਾ (ਮਨ ਜੋੜ ਕੇ ਬਾਣੀ ਪੜ੍ਹਦਾ)।
ਸਨਮੁਖ ਮਾਂਗਾ ਸੁਨਿ ਹੈ ਤਬ ਹੀ (ਮਾਂਗਾ ਸਾਹ-ਮਣੇ ਬੈਠ ਕੇ ਸੁਣਦਾ)।
ਬੈਠਿ ਰਿਖੀਕ ਸੰਕੋਚੈ ਸਭਿ ਹੀ (ਪੂਰੀ ਸਾਵਧਾਨਤਾ ਨਾਲ)।੧੮॥
ਮਿਲਿ ਕੈ ਕੀਰਤਨ ਬਹੁਰ ਉਚਰਿਹੀਂ (ਫਿਰ ਰਲ ਕੇ ਕੀਰਤਨ ਕਰਦੇ)।
**ਕਰਿ ਏਕਾਗਰਤਾ ਮਨ ਧਰਹੀਂ (ਮਨ ਚਿੱਤ ਜੋੜ ਕੇ)।**
ਤਿਨ ਕੀ ਰਸਨਾ ਸਾਦ ਬਿਸਾਲਾ (ਹੁਣ ਉਨ੍ਹਾਂ ਦੀ ਰਸਨਾ ਤੋਂ ਬਹੁਤ ਸੁਆਦ ਆਉਂਦਾ)।
ਸੁਨਤਿ ਪ੍ਰੇਮ ਜਾਗੈ ਤਤਕਾਲਾ (ਸੁਣਨ ਵਾਲੇ ਅੰਦਰ ਬਹੁਤ ਪ੍ਰੇਮ ਜਾਗਦਾ)।੧੯॥
ਦੋਹਰਾ॥ ਜੋ ਜੋ ਸਿਖ ਤਿਨ ਤੇ ਸੁਨਤਿ (ਜਿਹੜੇ ਵੀ ਉਨ੍ਹਾਂ ਪਾਸੋਂ ਕੀਰਤਨ ਸੁਣਦੇ)
ਤਯਾਗਹਿ ਬਿੰਦ ਵਿਕਾਰ (ਉਹ ਵਿਕਾਰਾਂ ਦਾ ਤਿਆਗ ਕਰ ਦੇਂਦੇ)।
ਧਰਮ ਕ੍ਰਿਤ ਕਰ ਵੰਡ ਕੈ (ਅਰ ਧਰਮ ਕਿਰਤ ਕਰ ਕੇ)
ਅਚਵਹਿ ਬਹੁਰਿ ਅਹਾਰ (ਵੰਡ ਕੇ ਖਾਣ ਲੱਗ ਪੈਂਦੇ)।੨੦॥੪੩॥ ਨਾਨਕ ਪ੍ਰਕਾਸ਼ ਉਤਰਾਰਧ

ਦੂਜੀ ਉਦਾਹਰਣ ਅਸੀਂ ਦੇਣੀ ਚਾਹੁੰਦੇ ਹਾਂ ਖਡੂਰ ਨਿਵਾਸੀ ਭਾਈ ਜੋਧ (ਭੱਲਾ) ਜੀ ਦੀ ਜੋ ਪੁਰ-ਾਤਨ ਜਨਮਸਾਖੀ ਅਨੁਸਾਰ ਦੇਵੀ-ਭਗਤ ਤ੍ਰੇਹਣਾਂ ਦੇ ਮੁਹੱਲੇ ਰਹਿਣ ਵਾਲੇ ਇਕੋ-ਇਕ ਸਿੱਖ ਸਨ। ਉਨ੍ਹਾਂ ਦੀ ਸੰਗਤ ਨੇ ਆਪ ਜੀ ਨੂੰ ਗੁਰੂ-ਬਾਬਾ ਜੀ ਦੇ ਦਰਸ਼ਨ ਕਰਨ ਲਈ ਪ੍ਰੇਰਿਆ।ਭਾਈ ਗੁਰਦਾਸ ਜੀ ਅਨੁਸਾਰ:

ਜਿਤਾ ਰੰਧਾਵਾ ਭਲਾ ਹੈ
ਬੂੜਾ ਬੁਢਾ ਇਕ ਮਨਿ ਧਿਆਵੈ।
ਫਿਰਣਾ ਖਹਿਰਾ ਜੋਧ ਸਿਖੁ
ਜੀਵਾਈ ਗੁਰ ਸੇਵ ਸਮਾਵੈ।੧੪॥੧੧॥

ਭਾਈ ਫਿਰਣਾ ਖਹਿਰਾ ਅਰ ਭਾਈ ਜੋਧ ਖਡੂਰ ਤੋਂ ਕਰਤਾਰਪੁਰ ਆਏ। ਦੋਹਾਂ ਨੇ ਇੱਛਾ ਪ੍ਰਗਟ ਕੀਤੀ,

'ਪਾਤਸ਼ਾਹ ਜੀ! ਸਾਨੂੰ ਕੋਈ ਐਸੀ ਜੁਗਤਿ ਵੀ ਦੱਸੋ ਤਾਂ ਜੁ ਆਪ ਸਾਨੂੰ ਜੋ ਸਿਖਿਆ ਦੇਂਦੇ ਹੋ ਉਹ ਸਾਡੇ ਮਨ ਵਿਚ ਟਿਕ ਵੀ ਜਾਵੇ'। ਹਜ਼ੂਰ ਨੇ ਫ਼ੁਰਮਾਇਆ,

'ਸਿੱਖਿਆ ਦੇ ਮਨ ਵਿਚ ਨਾ ਟਿਕਣ ਦਾ ਮੁੱਖ ਕਾਰਨ ਸਾਡੀ ਹਉਮੈ ਹੈ। ਜਦੋਂ ਅਸੀਂ ਹਉਮੈ ਤੋਂ ਸੁਚੇਤ ਹੋ ਕੇ ਨਿੰਮ੍ਰਤਾ ਦੇ ਧਾਰਨੀ ਹੋ ਜਾਂਦੇ ਹਾਂ ਤਾਂ ਨਿਮਰ ਮਨ ਸਿੱਖਿਆ ਨੂੰ ਗ੍ਰਹਿਣ ਕਰਦਾ ਹੈ, ਸਿੱਖਿਆ ਹੀ ਸਿੱਖੀ ਹੈ। ਤੁਸੀਂ ਪਿਛਲੀ ਰਾਤ ਜਾਗ ਕੇ, ਸੁਚੇਤ ਹੋ ਕੇ ਨਾਮ ਬਾਣੀ ਦਾ ਅਭਿਆਸ ਕਰਨਾ, ਕਰਤਾਰ ਨੂੰ ਆਪਣਾ ਮਾਲਕ ਜਾਣ ਕੇ ਆਪ ਸੇਵਕ ਭਾਵਨਾ ਨਾਲ ਨਾਮ-ਬਾਣੀ ਦਾ ਅਭਿਆਸ ਕਰਨਾ ਅਤੇ ਸੰਗਤ ਵਿਚ ਜਾ ਕੇ ਗੁਰੂ ਕਾ ਸ਼ਬਦ ਸੁਣਨਾ ਅਰ ਜੋ ਤੁਹਾਡੇ ਸਰੀਰ ਪਾਸੋਂ ਹੋ ਸੱਕੇ, ਸਿੱਖਾਂ ਦੀ ਟਹਲ ਕਰਨੀ'।

ਤੇ ਸੰਗਤ ਵਿਚ ਜਾਇ ਕੈ ਪ੍ਰੀਤ ਕਰ ਕੈ ਗੁਰੂ ਕਾ ਸ਼ਬਦ ਸੁਣਨਾ, ਤੇ ਉਠ ਕੇ ਦੋਨੋਂ ਨੇ ਆਪਸ ਵਿਚ ਬਾਣੀ ਦਾ ਮਨਨ ਕਰਨਾ। ਤਾਂ ਓਨਾ ਦਾ ਇਸੇ ਇਸੇ ਪ੍ਰਕਾਰ ਉਧਾਰ ਹੋਇਆ॥ ਸਿੱਖਾਂ ਦੀ ਭਗਤਮਾਲ, ਫਿਰਣਾ ਖਹਿਰਾ

ਹਾਥ ਬੰਦਿ ਅਰਦਾਸ ਉਚਾਰੀ (ਹੱਥ ਜੋੜ ਅਰਦਾਸ ਕੀਤੀ)।
'ਹਮ ਅਬ ਆਏ ਸਰਨਿ ਤੁਮਾਰੀ (ਅਸੀਂ ਹੁਣ ਆਪ ਦੀ ਸਰਨਿ ਹਾਂ)।
ਨਿਜ ਉਪਦੇਸ਼ ਕਰਹੁ ਬਖਿਆਨਾ (ਸਾਨੂੰ ਆਪ ਜੀ ਗੁਰਮਤ ਸੋਧ ਬਖਸ਼ੋ)।
ਜਿਸ ਪ੍ਰਕਾਰ ਹੁਇ ਹਮ ਕਲਯਾਨਾ (ਜਿਸ ਨਾਲ ਸਾਡਾ ਜੀਵਨ ਸਫ਼ਲ ਹੋਵੇ)।੮੭॥
ਸਿੱਖੀ ਪ੍ਰਾਪਤ ਮਨ ਮਹਿਂ ਹੋਵਹਿ (ਮਨ ਵਿਚ ਗੁਰਮਤ ਟਿਕ ਜਾਵੇ)।
ਬਹੁਰ ਨ ਕਬਹੂੰ ਕਾਲ ਬਿਗੋਵਹਿ'(ਜੀਵਨ ਅਮਰ ਹੋ ਜਾਵੇ।
ਪ੍ਰਭੁ ਭਾਖਿਓ, 'ਮਨ ਨਿਰਮਲ ਜੋਇ (ਜਿਨ੍ਹਾਂ ਦੇ ਮਨ ਨਿਰਮਲ ਹੁੰਦੇ ਹਨ)।
ਤਿਨ ਕੋ ਸਿੱਖੀ ਪ੍ਰਾਪਤ ਹੋਇ (ਉਨ੍ਹਾਂ ਨੂੰ ਗੁਰੂ ਕੀ ਸਿੱਖੀ ਮਿਲਦੀ ਹੈ।੮੮॥
ਦੋਹਰਾ॥ ਸੇਵਾ ਜੋ ਤੁਮ ਪਾਸ 'ਤੇ (ਤੁਹਾਡੇ ਕੋਲੋਂ ਜੋ ਸੇਵਾ)
ਸਿੱਖਨ ਕੀ ਹੋਇ ਆਇ (ਸਿੱਖਾਂ ਦੀ ਹੋ ਸਕੇ)।
ਤੌ ਕਰੀਏ ਹਿਤ ਕਰਿ ਰਿਦੇ (ਤਾਂ ਪ੍ਰੇਮ ਨਾਲ ਕਰੋ)
ਪਗ ਪਖਾਰਿ, ਮੁਖਿ ਪਾਇ (ਪੈਰ ਧੋਵੋ, ਭੋਜਨ ਖੁਆਉ)।੮੯॥
ਪਿਛਲੀ ਨਿਸਾ ਕਰਹੁ ਇਸ਼ਨਾਨਾ (ਅੰਮ੍ਰਿਤ ਵੇਲੇ ਸ਼ਨਾਨ ਕਰ ਕੇ)।
ਸਦਾ ਸ਼ਬਦ ਅਭਿਆਸ ਪ੍ਰਮਾਨਾ (ਗੁਰ ਉਪਦੇਸ਼ ਦਾ ਚਿੰਤਨ ਕਰੋ)।
ਮਨ ਨੀਵੇਂ ਸਤਿਸੰਗਤ ਜਾਇ (ਫਿਰ ਨਿੰਮਰਤਾ ਨਾਲ ਸੰਗਤ ਵਿਚ ਜਾਉ।
ਗੁਰ ਕੋ ਸਬਦ ਸੁਨਹੁ ਹਿਤ ਲਾਇ (ਪ੍ਰੇਮ ਨਾਲ ਗੁਰਬਾਣੀ ਸੁਣੋ)।੯੦॥
ਜਾਨਹੁ ਵਾਹਿਗੁਰੂ ਕੋ ਸੁਆਮੀ (ਵਾਹਿਗੁਰੂ ਨੂੰ ਅਪਣਾ ਮਾਲਕ ਜਾਣੋ)।
ਦਾਸ ਆਪ ਨੂੰ ਲਖੋਂ ਸਖ਼ਾਮੀ (ਆਪ ਨੂੰ ਭੁੱਲਣਹਾਰ ਸੇਵਕ ਜਾਣੋ)।
ਗੁਰਬਾਣੀ ਕੋ ਮਨਨ ਸੁ ਕਰਨਾ (ਗੁਰਬਾਣੀ ਅਨੁਸਾਰ ਚਲੋ)।
ਜੇ ਚਾਹਤ ਹੋ ਭਵ ਕੋ ਤਰਨਾ' (ਜੇ ਜੀਵਨ ਸਫ਼ਲ ਕਰਨਾ ਚਾਹੁੰਦੇ ਹੋ)।੯੧॥੪੩॥ ਸ੍ਰੀ ਨਾਨਕ ਪ੍ਰਕਾਸ਼ ਉਤਰਾਰਧ

ਇਸ ਤਰਹ ਗੁਰ-ਉਪਦੇਸ਼ ਦੇ ਧਾਰਨੀ ਹੋ ਕੇ ਉਨ੍ਹਾਂ ਦਾ ਜੀਵਨ ਸਫ਼ਲ ਹੋਇਆ।

ਸ੍ਰੀ ਭਾਈ ਲਹਿਣਾ ਜੀ ਗੁਰਦਰਬਾਰ ਦੇ ਇਸ ਆਚਰਣ ਨੂੰ ਵੇਖ ਸਮਝ ਕੇ ਆਪਣਾ ਜੀਵਨ ਇਸ ਅਨੁਸਾਰ ਢਾਲਣ ਦਾ ਪੂਰਾ ਯਤਨ ਕਰ ਰਹੇ ਸਨ। ਇਨ੍ਹਾਂ ਅੰਦਰ ਗੁਰੂ-ਬਾਬਾ ਜੀ ਬਾਬਤ ਇਹ ਪੂਰਾ ਭਰੋਸਾ ਬਣ ਚੁੱਕਾ ਸੀ ਕਿ ਉਹ ਨਿਰੰਕਾਰ ਦਾ ਰੂਪ ਹਨ ਅਰ ਉਨ੍ਹਾਂ ਦੀ ਹਰ ਆਗਿਆ ਸਿੱਖ ਜੀਵਨ ਲਈ ਹਿਤਕਾਰੀ ਹੈ। ਸਾਡੀ ਜਾਚੇ, ਇਸੇ ਲਈ ਇਨ੍ਹਾਂ ਅੰਦਰ ਗੁਰੂ ਸਾਹਿਬ ਲਈ ਇੰਨੀ ਖਿੱਚ ਸੀ ਕਿ ਆਪ ਸਦਾ ਉਨ੍ਹਾਂ ਦੇ ਨੇੜੇ ਵਿਚਰਨ ਦਾ ਯਤਨ ਕਰਦੇ, ਸੇਵਾ ਲਈ ਸਦਾ ਤਤਪਰ ਰਹਿੰਦੇ ਅਰ ਹਰ ਸਮੇਂ ਆਗਿਆ ਦੀ ਇੰਤਜ਼ਾਰ ਕਰਦੇ। ਭਾਈ ਨੰਦ ਲਾਲ ਜੀ 'ਗੋਯਾ' ਅਨੁਸਾਰ ਉਹ ਕੇਵਲ ਸੇਵਕ ਬਿਰਤੀ ਲੈ ਕੇ ਇਥੇ ਆਏ ਸਨ, ਸੇਵਾ ਕਰਨ ਦੇ ਪਿੱਛੇ ਗੁਰੂ-ਪ੍ਰੀਤਮ ਦੀ ਖ਼ੁਸ਼ੀ ਲੈਣ ਤੋਂ ਇਲ-ਾਵਾ ਉਨ੍ਹਾਂ ਅੰਦਰ ਹੋਰ ਕੋਈ ਲਾਲਸਾ ਨਹੀਂ ਸੀ, ਬਸ, ਇਹੀ ਉਨ੍ਹਾਂ ਲਈ ਪਰਮਗਤੀ ਸੀ। ਇਸੇ ਲਈ ਗੁਰੂ ਆਗਿਆ ਦੀ ਪਾਲਣਾ ਕਰਨ ਲਗਿਆਂ ਉਨ੍ਹਾਂ ਨੂੰ ਲੇਸ਼ ਮਾਤ੍ਰ ਵੀ ਕਦੀ ਝਿਜਕ ਨਹੀਂ ਸੀ ਹੁੰਦੀ। ਗੁਰੂ ਚਰਨਾਂ ਵਿਚ ਰਹਿ ਕੇ ਉਹ ਭਲੀ ਪ੍ਰਕਾਰ ਜਾਣ ਚੁੱਕੇ ਸਨ ਕਿ ਦੁਨਿਆਵੀ ਵਡਿਆਈਆਂ ਗੁਰੂ-ਪ੍ਰੀਤਮ ਦੀ ਖ਼ੁਸ਼ੀ ਸਾਹਮਣੇ ਕੋਈ ਮਹੱਤਵ ਨਹੀਂ ਰੱਖਦੀਆਂ, ਜਿਵੇਂ ਉਨ੍ਹਾਂ ਬਾਦ ਵਿਚ ਸਾਨੂੰ ਦੱਸਿਆ ਵੀ:

ਮ:੨॥ ਨਾਨਕ ਦੁਨੀਆਂ ਕੀਆਂ ਵਡਿਆਈਆਂ
ਅਗੀ ਸੇਤੀ ਜਾਲਿ॥
ਏਨੀ ਜਲੀਈਂ ਨਾਮੁ ਵਿਸਾਰਿਆ
ਇਕ ਨ ਚਲੀਆ ਨਾਲਿ॥੨॥

ਗੁ.ਗ੍ਰ.ਸਾ. ਪੰਨਾ ੧੨੯੦

ਆਪ ਜੀ ਜਾਣ ਚੁੱਕੇ ਸਨ ਕਿ ਗੁਰੂ ਕੀ ਖ਼ੁਸ਼ੀ ਪ੍ਰਾਪਤ ਕਰਨ ਲਈ ਭੈ ਦੇ ਪੈਰ, ਭਾਉ ਦੇ ਹੱਥ ਅਰ ਗਿਆਨ ਦੀਆਂ ਅੱਖਾਂ ਚਾਹੀਦੀਆਂ ਹਨ ਨਹੀਂ ਤਾਂ ਇਨ੍ਹਾਂ ਪੈਰਾਂ, ਹੱਥਾਂ ਅਤੇ ਅੱਖਾਂ ਦੇ ਹੁੰਦਿਆਂ ਸੁੰਦਿਆਂ ਸਾਡੀ ਅਵਸਥਾ ਲੂਲੇ, ਟੁੰਡੇ ਅਤੇ ਅੰਨ੍ਹੇ ਵਰਗੀ ਹੈ ਜੋ ਦਿਸਦੇ, ਸੁਣਦੇ ਤੇ ਜਾਣੇ ਜਾਂਦੇ ਪ੍ਰੀਤਮ ਦਾ ਮਿਲਾਪ ਕਦੀ ਨਹੀਂ ਮਾਣ ਸਕਦਾ। ਆਪ ਜੀ ਦਾ ਪਾਵਨ ਬਚਨ ਹੈ:

ਮ:੨॥ ਦਿਸੈ ਸੁਣੀਐ ਜਾਣੀਐ
ਸਾਉ ਨ ਪਾਇਆ ਜਾਇ॥
ਰੁਹਲਾ ਟੁੰਡਾ ਅੰਧੁਲਾ
ਕਿਉ ਗਲਿ ਲਗੈ ਧਾਇ॥
ਭੈ ਕੇ ਚਰਣ ਕਰ ਭਾਵ ਕੇ
ਲੋਇਣ ਸੁਰਤਿ ਕਰੇਇ॥
ਨਾਨਕ ਕਹੈ ਸਿਆਣੀਏ
ਇਉ ਕੰਤ ਮਿਲਾਵਾ ਹੋਇ॥ ੨॥

ਗੁ.ਗ੍ਰ.ਸਾ. ਪੰਨਾ ੧੩੯

ਅਸੀਂ ਇਉਂ ਪ੍ਰਤੀਤ ਕਰਦੇ ਹਾਂ ਕਿ ਘਰ ਦੀਆਂ ਕੁਝ ਜ਼ਿੰਮੇਦਾਰੀਆਂ ਨਿਬਾਹ ਕੇ ਇਕ ਅਗੰਮੀ ਖਿੱਚ ਦੇ ਖਿੱਚਿਆਂ ਭੈ ਦੇ ਚਰਨ,ਭਾਉ ਦੇ ਹੱਥ ਅਤੇ ਸੁਰਤੀ ਦੇ ਨੇਤਰ ਲੈ ਕੇ ਆਪ ਕਰਤਾਰਪੁਰ ਪਹੁੰਚੇ ਸਨ। ਇਸ ਤਰਹ ਆਇਆਂ ਨੂੰ ਗੁਰੂ-ਬਾਬਾ ਜੀ ਨੇ ਸੀਨੇ ਨਾਲ ਲਾ ਕੇ ਨਿਹਾਲ ਕਰ ਦਿੱਤਾ। ਪਿਛਲੇ ਸਮੇਂ ਦੇ ਦੌਰਾਨ ਗੁਰੂ ਸਾਹਿਬ ਇਸ ਰੱਬੀ ਰੂਹ ਵਾਲੀ ਪਰਮ ਸ਼ਖ਼ਸੀਅਤ ਨੂੰ ਹੁਣ ਆਪੇ ਵਿਚ ਢਾਲ ਚੁੱਕੇ ਪ੍ਰਤੀਤ ਕਰ ਰਹੇ ਸਨ ਜਿਸ ਕਰ ਕੇ ਇਨ੍ਹਾਂ ਨੂੰ ਇਕ ਖ਼ਾਸ ਸਨੇਹ ਦੀ ਦ੍ਰਿਸ਼ਟੀ ਨਾਲ ਨਿਹਾਰਦੇ ਸਨ। ਸ੍ਰੀ ਲਹਿਣਾ ਜੀ ਦਾ ਗੁਰੂ ਸਾਹਿਬ ਪ੍ਰਤੀ ਸਤਿਕਾਰ ਅਰ ਆਗਿਆਕਾਰਤਾ ਤਾਂ ਸਾਰੇ ਜਾਣਦੇ ਹੀ ਸਨ ਹੁਣ ਇਨ੍ਹਾਂ ਪ੍ਰਤੀ ਗੁਰੂ ਸਾਹਿਬ ਦਾ ਝੁਕਾਅ ਵੀ ਸਾਰੇ ਮਹਿਸੂਸ ਕਰਨ ਲੱਗ ਪਏ ਸਨ ਜਦੋਂ ਗੁਰਦੇਵ ਜੀ ਕਦੀ ਗੱਲਬਾਤ ਦੌਰਾਨ ਕੁਝ ਗੁੱਝੇ ਸੰਕੇਤ ਵੀ ਕਰਦੇ ਸਨ, ਖ਼ਾਸ ਤੌਰ 'ਤੇ ਮਾਤਾ ਸੁਲੱਖਣੀ ਜੀ। ਅਜਿਹਾ ਕੁਝ ਮਹਿਸੂਸ ਕਰਦਿਆਂ ਸ੍ਰੀ ਸੁਲਖਣੀ ਜੀ ਪੁੱਤਰਾਂ ਪ੍ਰਤੀ ਚਿੰਤਤ ਹੋ ਗਏ।

ਬਾਕੀ ਹਿਸਾ ਸਫਾ ੩੦'ਤੇ ਪੜ੍ਹੋ

29 ਸਫ਼ੇ ਦੀ ਬਾਕੀ

## ਪੁਤ੍ਰੀਂ ਕਉਲੁ ਨ ਪਾਲਿਓ

ਸਾਡੇ ਸਾਖੀਕਾਰ ਇਸ ਖ਼ਿਆਲ ਦੀ ਸਪਸ਼ਟਤਾ ਲਈ ਇਕ ਘਟਨਾ ਦਾ ਜ਼ਿਕਰ ਕਰਦੇ ਹਨ। ਧਰਮਸਾਲ ਵਿਚ ਸ੍ਰੀ ਹਜ਼ੂਰ ਪਾਤਸ਼ਾਹ ਬਿਰ-ਾਜਮਾਨ ਸਨ, ਕੋਲ ਕੁਝ ਨਿਕਟਵਰਤੀ ਸਿੱਖ, ਸਾਹਿਬਜ਼ਾਦੇ ਅਤੇ ਸ੍ਰੀ ਲਹਿਣਾ ਮੌਜੂਦ ਸਨ ਜਦੋਂ ਸ੍ਰੀ (ਮਾਤ) ਸੁਲੱਖਣੀ ਜੀ ਸਾਹਿਬ ਜੀ ਦੇ ਨੇੜੇ ਆਣ ਬੈਠੇ ਅਰ ਆਪਣੀ ਚਿੰਤਾ ਹਜ਼ੂਰ ਜੀ ਕੋਲ ਪ੍ਰਗਟ ਕੀਤੀ।

'ਸੁਆਮੀ! ਆਪ ਜੀ ਦਾ ਝੁਕਾਅ ਆਪਣੇ ਪੁੱਤਰਾਂ ਨਾਲੋਂ ਪਰਾਏ ਪੁੱਤ ਭਾਵ ਸ੍ਰੀ ਲਹਿਣਾ ਜੀ ਵੱਲ ਵਧੇਰੇ ਨਹੀਂ? ਮੇਰੀ ਬੇਨਤੀ ਹੈ ਕਿ ਆਪਣਿਆਂ ਦੇ ਹਰ ਪੱਖੋਂ ਯੋਗ ਹੁੰਦਿਆਂ-ਸੁੰਦਿਆਂ, ਇਨ੍ਹਾਂ ਨੂੰ ਨਜ਼ਰੰਦਾਜ਼ ਕਰ ਕੇ ਜੇ ਪਰਾਏ ਨੂੰ ਤੁਸੀਂ ਕੁਝ ਬਖ਼ਸ਼ੋਗੇ ਤਾਂ ਜੱਗ ਚਰਚਾ ਕਰੇਗਾ ਅਰ ਪੁੱਤਰ ਵਿਰੋਧ ਕਰਨਗੇ'। ਭਾਈ ਬਾਲਾ ਜਨਮਸਾਖੀ:

ਇਕ ਦਿਨ ਮਾਤਾ ਚੋਣੀ ਦੂਹਾਂ ਪੁਤ੍ਰਾਂ ਨੂੰ ਲੈ ਕਰਿ ਗੁਰੂ ਨਾਨਕ ਪਾਸਿ ਬੈਠੀ ਲਗੀ ਆਖਣ, ਜੀ ਤੂੰ ਆਪਣੀ ਵਸਤੂ ਪੁਤ੍ਰ ਹੋਂਦਿਆਂ ਪਰਾਏ ਘਰ ਘਤਨਾ ਹੈਂ ਤੁਹਾਨੂੰ ਨ ਹੋਦੇ, ਤਾ ਪਰਾਇਆਂ ਪੁਤਾਂ ਨੂੰ ਏਦਾ ਸ੍ਰਗਾਵੇਂ

ਮਹਾਂਕਵੀ ਜੀ ਅਨੁਸਾਰ:

ਸਭਿ ਬਿਧ ਲਾਇਕ ਤਾਤ ਤੁਮਾਰੇ (ਹਰ ਤਰਹ ਕਰ ਕੇ ਤੁਹਾਡੇ ਪੁੱਤ੍ਰ ਯੋਗ ਹਨ)।

ਪ੍ਰੀਤਿ ਨ ਕਰਹੁ ਤਿਨਹਿ ਸੰਗਾਰੇ (ਪਰ ਤੁਸੀਂ ਉਨ੍ਹਾਂ ਨੂੰ ਪਿਆਰ ਨਹੀਂ ਕਰਦੇ)।

...ਬਾਤ ਨ ਨੀਕੀ ਲੇਹੁ ਬਿਚਾਰੀ (ਤੁਸੀਂ ਵਿਚਾਰੋ ਅਜੇਹਾ ਠੀਕ ਨਹੀਂ)।..

ਸਤਿਗੁਰੂ ਕੁਝ ਕਹਿਣ ਹੀ ਲੱਗੇ ਸਨ ਕਿ ਅਚਾਨਕ ਇਕ ਬਿੱਲੀ ਅੰਦਰ ਆ ਵੜੀ ਜਿਸ ਦੇ ਮੂੰਹ ਵਿਚ ਚੂਹੀ ਸੀ। ਵੇਖ ਕੇ ਸਿੱਖਾਂ ਨੇ ਜਦੋਂ ਸ਼ਸ਼ਕਾਰਿਆ ਤਾਂ ਬਿੱਲੀ ਡਰ ਕੇ ਭੱਜ ਗਈ ਪਰ ਮਰੀ ਚੂਹੀ ਅੰਦਰ ਸੁੱਟ ਗਈ।

ਸਿਖਨ ਡਰਾਈ ਭੈ ਕਰਿ ਭਾਗੀ (ਸਿੱਖਾਂ ਡਰਾਈ ਤਾਂ ਭੱਜ ਗਈ)।

ਮੂਖਕ ਪਰੀ ਰਹੀ ਤੰਹਿ ਆਗੀ (ਪਰ, ਚੂਹੀ ਓਥੇ ਪਈ ਰਹੀ)।

ਇਹ ਵੇਖ ਗੁਰੂ-ਬਾਬਾ ਜੀ ਨੇ ਸ੍ਰੀ ਚੰਦ ਨੂੰ ਆਖਿਆ,

'ਪੁੱਤਰਾ! ਮਰੀ ਚੂਹੀ ਨੂੰ ਜ਼ਰਾ ਪੈਰ ਨਾਲ ਬਾਹਰ ਕਰ ਦਿਓ'। ਸ੍ਰੀ ਚੰਦ ਨੇ ਖਹੁਰਾ ਬੋਲਦਿਆਂ ਹੋਇਆਂ ਅਜਿਹਾ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੇ ਸ੍ਰੀ ਲਖਮੀ ਦਾਸ ਜੀ ਨੂੰ ਚੂਹੀ ਪੈਰ ਨਾਲ ਬਾਹਰ ਕਰਨ ਲਈ ਆਖਿਆ। ਲਖਮੀ ਦਾਸ ਨੇ ਕਿਹਾ,

'ਪਿਤਾ ਜੀ! ਸਾਡੇ ਲਈ ਅਜਿਹਾ ਕਰਨਾ ਯੋਗ ਨਹੀਂ, ਜੇ ਤੁਸੀਂ ਕਹਿੰਦੇ ਹੋ ਤਾਂ ਅਸੀਂ ਕਿਸੇ ਨੀਚ ਨੂੰ ਇਹ ਕੰਮ ਕਰਨ ਲਈ ਆਖ ਦੇਂਦੇ ਹਾਂ'।

ਤਬ ਬੋਲਯੋ ਸੋ, 'ਸੁਨੀਏ ਤਾਤਾ (ਤਾਂ ਉਸ ਕਿਹਾ ਪਿਤਾ ਜੀ)।

ਹਮ ਕੋ ਉਚਿਤ ਨ ਐਸੀ ਬਾਤਾ (ਅਜਿਹਾ ਕਰਨਾ ਸਾਡੇ ਲਈ ਯੋਗ ਨਹੀਂ)।

ਮ੍ਰਿਤਕ ਮੂਖਕੀ ਹਾਥ ਨ ਲਾਵੋਂ (ਮੈਂ ਮਰੀ ਚੂਹੀ ਨੂੰ ਹੱਥ ਨਹੀਂ ਲਾਵਾਂਗਾ)।

ਕਹਉ ਤਾਂ ਅਉਰ ਪਾਸ ਉਚਵਾਵਉਂ (ਜੇ ਕਹਿੰਦੇ ਹੋ ਤਾਂ ਕਿਸੇ ਹੋਰ ਕੋਲੋਂ ਸੁਟਵਾ ਦੇਂਦਾ ਹਾਂ)।੨੩॥

ਇਹ ਉੱਤਰ ਸੁਣ ਕੇ ਹਜ਼ੂਰ ਨੇ ਸ੍ਰੀ ਲਹਿਣਾ ਜੀ ਨੂੰ ਕਿਹਾ, 'ਪਿਆਰਿਓ! ਤੁਸੀਂ ਇਸ ਨੂੰ ਬਾਹਰ ਵਗਾਹ ਮਾਰੋ'। ਸੁਣ ਕੇ ਸ੍ਰੀ ਲਹਿਣਾ ਜੀ ਤੁਰਤ ਉੱਠੇ ਅਰ ਬਿਨਾਂ ਕਿਸੇ ਦੇਰੀ ਦੇ ਮਰੀ ਚੂਹੀ ਚੁੱਕ ਕੇ ਬਾਹਰ ਸੁੱਟਣ ਚਲੇ ਗਏ।

'ਉੱਠਹੁ ਤੂਹੀ ਕਰਤਾਰ ਪਿਆਰੇ (ਕਰਤਾਰ ਦੇ ਪਿਆਰੇ ਤੁਸੀਂ ਉੱਠੋ)!

ਮੂਖਕ ਚਾਇ ਵਹਿਰ ਦਿਹੁ ਡਾਰੇ'(ਚੂਹੀ ਚੁੱਕ ਕੇ ਬਾਹਰ ਸੁੱਟ ਦਿਉ)।੨੪॥

ਆਧੋ ਬਚਨ ਸੁਨਤ ਤਤਕਾਲਾ (ਬਚਨ ਸੁਣਦਿਆਂ ਹੀ)।

ਉਠਯੋ ਉਠਾਈ ਤੁਰਤ ਬਿਸਾਲਾ (ਉੱਠੇ ਅਤੇ ਚੂਹੀ ਫ਼ੌਰਨ ਚੁੱਕ ਕੇ)।

ਕੇਤਿਕ ਦੂਰ ਜਾਇ ਸੋ ਡਾਰੀ (ਦੂਰ ਜਾ ਸੁੱਟੀ)।

ਤਿਹ ਛਿਨ ਸ੍ਰੀ ਗੁਰ ਗਿਰਾ ਉਚਾਰੀ (ਉਸ ਸਮੇਂ ਦੌਰਾਨ ਗੁਰੂ ਸਾਹਿਬ ਕਿਹਾ)।੨੫॥

ਸ੍ਰੀ ਸੁਲੱਖਣੀ ਜੀ ਵੀ ਇਹ ਸਭ ਵੇਖ ਰਹੇ ਸਨ। ਸਾਹਿਬ ਜੀ ਕਹਿਣ ਲਗੇ, 'ਚੋਣੀਏ! ਸ੍ਰੀ ਚੰਦ ਅਤੇ ਲਖਮੀ ਦਾਸ ਸਾਡੇ ਪੁੱਤਰ ਨੇ ਪਰ, ਇਨ੍ਹਾਂ ਸਾਡੀ ਆਗਿਆ ਕਦੀ ਮੰਨੀ ਨਹੀਂ। ਦੂਜੇ ਪਾਸੇ ਉਹ ਜੋ ਪਰਾਇਆ ਪੁੱਤਰ ਹੈ ਉਸ ਨੇ ਸਾਡੀ ਕਦੀ ਮੋੜੀ ਨਹੀਂ। ਇਹ ਵੀ ਕਰਤਾਰ ਦੇ ਹੱਥ ਹੈ! ਹੋਰ ਕੋਈ ਸਾਡੀ ਮੰਨਦਾ ਜਾਂ ਨਾਹ ਪਰ, ਪੁੱਤਰਾਂ ਨੂੰ ਤਾਂ ਮੰਨਣੀ ਚਾਹੀਦੀ ਸੀ। ਚੋਣੀਏ! ਤੁਸੀਂ ਸਮਝੋ -ਜੋ ਆਪ ਆਗਿਆ ਨਹੀਂ ਮੰਨਦੇ, ਉਨ੍ਹਾਂ ਦੀ ਕੌਣ ਮੰਨੇਗਾ'? ਇਹ ਸਭ ਵੇਖ ਕੇ ਜਦੋਂ ਸਤਿਗੁਰਾਂ ਦੇ ਬਚਨ ਸੁਣੇ ਤਾਂ ਸ੍ਰੀ ਸੁਲੱਖਣੀ ਜੀ ਨਿਰੁੱਤਰ ਹੋਏ ਉੱਠ ਕੇ ਚਲੇ ਗਏ। ਭਾਈ ਬਾਲਾ ਜਨਮਸਾਖੀ:

ਤਾਂ ਗੁਰੂ ਨਾਨਕ ਕਹਿਆ, ਮੂਲੇ ਧੀਏ ਏਹੁ ਪਰਾਇਆ ਪੁਤ੍ਰ ਅਤੇ ਏਹ ਆਪਣੇ ਪੁਤ੍ਰ ਮੈਂ ਕਿਆ ਕਰਾਂ। ਜਿਸ ਤਾਈਂ ਕਰਤਾ ਦੇਵੇ ਸੋਈ ਲਵੈ। ਗੁਰੂ ਅੰਗਦ ਦੀ ਵਾਰਤਾ

'ਮੂਲੇਸੁਤਾ! ਪਿਖਹੁ ਮਨ ਗੁਨੀਏ (ਸੁਲੱਖਣੀਏ! ਸੁਣੋ ਤੇ ਵਿਚਾਰੋ)।

ਏ ਨਿਜ-ਸੁਤ, ਸੋ ਪਰ-ਸੁਤ ਜਨੀਏ (ਇਹ ਆਪਣੇ ਤੇ ਉਹ ਪਰਾਇਆ ਪੁੱਤ ਕਹਿੰਦੇ ਹਾਂ)।

ਮਾਨਹਿਂ ਕਹਿਓ ਨ ਬਚਨ ਕਦਾਈ (ਆਪਣੇ ਕਦੀ ਸਾਡਾ ਆਖਿਆ ਨਹੀਂ ਮੰਨਦੇ)।

ਸੋ ਆਇਸ ਅਨੁਸਾਰਿ ਸਦਾਈ (ਜਦੋਂ ਕਿ ਉਹ ਸਦਾ ਆਗਿਆ ਦੀ ਪਾਲਣਾ ਕਰਦਾ ਹੈ) ੨੬॥

ਦੋਹਰਾ॥ ਨਹਿਂ ਕਿਸਹੂੰ ਕੇ ਕਰ ਬਿਖੈ (ਸੁਲੱਖਣੀਏ! ਇਹ ਕਿਸੇ ਦੇ ਵੱਸ ਨਹੀਂ)

ਸਭ ਕਰਤਾਰ ਅਧੀਨ (ਸਭ ਕਰਤਾਰ ਦੇ ਵੱਸ ਹੈ)।

ਜਿਸ ਪਰ ਕਰੁਨਾ ਦ੍ਰਿਸ਼ਟਿ ਹੋਇ (ਜਿਸ ਤੇ ਉਹ ਕਿਰਪਾ ਕਰਦਾ ਹੈ)

ਤਿਨਹਿ ਬਸਤੁ ਇਹ ਲੀਨਿ'(ਉਹ ਹੀ ਇਹ ਵਸਤੂ ਪ੍ਰਾਪਤ ਕਰਦਾ ਹੈ)।੨੭॥

ਸੁਨਿ ਕੈ ਬਚਨ ਦੇਖ ਨਿਜ ਨੈਨਾ (ਗੁਰੂ ਕੇ ਬਚਨ ਸੁਣ ਅਰ ਅੱਖੀਂ ਵੇਖ ਕੇ)।

ਗਈ ਸੁਲਖਨੀ ਉਠਿ ਨਿਜ ਐਨਾ (ਸੁਲੱਖਣੀ ਉੱਠ ਕੇ ਘਰ ਚਲੇ ਗਏ)।

**ਸਮਾਪਤ**

**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**ਫ਼ੋਨ ਨੰਬਰ: 01332 372851**

**TAIL PIECE**

**Dalip Singh Wasan, Advocate**
Email: dalipsinghwassan@yahoo.co.in

## LET US ALLOW MEMBERS TO SOLVE PROBLEMS OF THEIR OWN AREAS

Elections 2024 brought something new when none of the contesting groups could come up with absolute majority and this is totally a new situation. The individual members elected had been just supporters of groups which nominated their names and were never allowed to come up with Bills, projects, schemes or any policy about the country or specially for their own areas to which they represented. And this time let our individual members must get benefit of this tenure and bring problems of their own areas before the Parliament. Common problems could be identified common solution too could come out and implemented. The country shall know problems of each area and such subjects could get discussion in press too and even people out of the Parliament and other legislative house too could forward opiions. We must know our problems and we must try to solve the problems. We must forget who is the Prime Minister and when he shall come out with a Bill, project, Scheme and pllicy for discussion because this time there is no absolute majority and there is no chance that the oppositions too shlal support. Here in India the traditions established have shown that only government with absolute majority only can work.

The individual members has got the opportunity to work for the people and represent the people in letter and spirit with their independent skill, conscience, will, wisdom and discretion and actually become and attain the status of Representatives of the people of thewir own areas and they shall follow these basic spirits while voting on the Bill, Project, Scheme, Principle and Policy.

Because of the new situations, there shall be no chance of absolute majority, therefore, let us allow time and opportunity to individual members to work for the areas to which they represent and in this way we shall be putting forwards some steps for establishing real democracy in this country.

## PERCENTAGE OF VOTERS SHOULD NOT DECREASE IN OUR DEMOCRACY

It seems the people of India are losing interest in elections and because orf that percentage of voting is going down. The contesting groups must conduct introspection and ensure that voting must be 100 per cnet. If the percentage continue going down, one day we shall have to pass a law of compulsory voting.



The biggest number of poors had been the vote bank in the past, but now they too are losing interest and when they are moe than 70 per cent in the country why voting often remans less than this percentage. Even people getting reservation are now not maintain their percentage because they have started getting this reservation because of a right in the Constitution.


The targets which the contesting groups bring before the people often are not understood by the common voters. Even the Directive Principles of State Policy are not fully attained for the people. All our efforts made for rooting out poverty could not succeed and it seems number of poor had been increasing because poverty breeds poverty.

Let the contesting groups may decide from where we shall have to start. If five basic demands of health, education, training, employment and wages are taken into account, we shall have to start from wages because till proper income does not start coming in the house, all other four basic demands cannot be afforded to the people.

Had we started rightly from the very beginning, much could have been achieved in this period of more than seven decades. Now we should give our lans of five years to the people and work on them only. General pronouncements of development are understood by the people. The leaders of contesting groups must choose only those candidates who could represent the people in the Houses to turn this democracy a government of the people, by the people and for the people.

# ਵਾਅਦੇ ਅਤੇ ਦਾਅਵੇ ਕਰਨ ਵਾਲੀ ਪੰਜਾਬ ਸਰਕਾਰ ਨਸ਼ਿਆਂ ਦਾ ਮੁੱਦਾ ਨਾ ਹੱਲ ਕਰ ਸਕੀ

**ਮੋਹਨ ਸ਼ਰਮਾ**



ਪੰਜਾਬ ਦੇ ਪੁਲਿਸ ਵਿਭਾਗ ਨੇ ਦਾਅਵਾ ਕੀਤਾ ਹੈ ਕਿ ਪਿਛਲੇ ਦਸ ਮਹੀਨਿਆਂ ਵਿੱਚ 13.62 ਕਰੋੜ ਦੀ ਡਰੱਗ ਮਨੀ ਫੜੀ ਗਈ ਹੈ। ਨਸ਼ਾ ਤਸਕਰੀ ਦਾ ਧੰਦਾ ਕਰਨ ਵਾਲਿਆਂ ਦੀ 200 ਕਰੋੜ ਦੀ ਸੰਪਤੀ ਜ਼ਬਤ ਕੀਤੀ ਗਈ ਹੈ। 7086 ਤਸਕਰਾਂ ਉੱਤੇ ਕੇਸ ਦਰਜ ਕਰਕੇ ਉਨ੍ਹਾਂ ਨੂੰ ਜੇਲ੍ਹ ਭੇਜਿਆ ਗਿਆ ਹੈ। 780 ਕਿਲੋਗ੍ਰਾਮ ਹੈਰੋਇਨ, 860 ਗ੍ਰਾਮ ਅਫੀਮ, 357 ਕੁਇੰਟਲ ਭੁੱਕੀ ਅਤੇ 290 ਕਰੋੜ ਦੀਆਂ ਨਸ਼ੀਲੀਆਂ ਦਵਾਈਆਂ ਫੜਕੇ ਨਸ਼ਿਆਂ ਦੀ ਰੋਕਥਾਮ ਲਈ ਯਤਨ ਕੀਤਾ ਗਿਆ ਹੈ।

ਗੰਭੀਰ ਪ੍ਰਸ਼ਨ ਸਾਡੇ ਸਾਹਮਣੇ ਆਉਂਦਾ ਹੈ ਕਿ ਇੱਕ ਪਾਸੇ ਤਸਕਰਾਂ ਦੀ ਗ੍ਰਿਫਤਾਰੀ ਅਤੇ ਉਨ੍ਹਾਂ ਕੋਲ ਬਰਾਮਦ ਨਸ਼ਿਆਂ ਦੇ ਅੰਕੜੇ ਸਾਹਮਣੇ ਆਉਂਦੇ ਹਨ, ਪਰ ਦੂਜੇ ਪਾਸੇ ਔਸਤਨ ਹਰ ਛੇ ਘੰਟਿਆਂ ਬਾਅਦ ਇੱਕ ਨਸ਼ਈ ਦਾ ਸਿਵਾ ਬਲਦਾ ਹੈ। ਪੀੜਤ ਲੋਕ ਦੁਹਾਈਆਂ ਪਾ ਰਹੇ ਹਨ ਕਿ ਨਸ਼ਿਆਂ ਦੀ ਸ਼ਰੇਆਮ ਵਿਕਰੀ ਨੇ ਜਿੱਥੇ ਸਿਵਿਆਂ ਦੀ ਅੱਗ ਨੂੰ ਪ੍ਰਚੰਡ ਕੀਤਾ ਹੈ, ਉੱਥੇ ਹੀ ਲੋਕਾਂ ਦੇ ਚੁੱਲ੍ਹੇ ਠੰਢੇ, ਚਿਹਰਿਆਂ ਦੀ ਰੌਣਕ ਗੁੰਮ ਅਤੇ ਸੱਥਾਂ ਸੁੰਨੀਆਂ ਹੋ ਰਹੀਆਂ ਹਨ। ਜੇਕਰ ਪੰਜਾਬ ਦੇ ਵਿਹੜੇ ਸੁੱਖ ਹੁੰਦੀ ਤਾਂ ਲੋਕਾਂ ਦੇ ਚਿਹਰਿਆਂ ਤੇ ਚਿੰਤਾ ਦੀਆਂ ਰੇਖਾਵਾਂ ਨਾ ਹੁੰਦੀਆਂ। ਨਸ਼ੇ ਦੀ ਓਵਰਡੋਜ਼ ਨਾਲ ਕਿਤੇ ਝਾੜੀਆਂ ਵਿੱਚ ਡਿਗੀ ਨੌਜਵਾਨ ਦੀ ਲਾਸ਼, ਕਿਤੇ ਖੇਡ ਸਟੇਡੀਅਮ ਵਿੱਚ ਨਸ਼ਿਆਂ ਦੀ ਭੇਟ ਚੜ੍ਹਿਆ ਨੌਜਵਾਨ ਗੱਭਰੂ, ਕਿਤੇ ਮਾਪਿਆਂ ਦਾ ਇਕਲੌਤਾ ਪੁੱਤ ਪਿੰਡ ਦੀ ਫਿਰਨੀ 'ਤੇ ਮੂਧੇ ਮੂੰਹ ਡਿਗਿਆ ਪਿਆ, ਕਿਤੇ ਬਾਥਰੂਮ ਵਿੱਚ ਨਸ਼ੇ ਦੀ ਸਰਿੰਜ ਨਾਲ ਵਿੰਨ੍ਹਿਆ ਬੇਹੋਸ਼ ਨੌਜਵਾਨ ਜ਼ਿੰਦਗੀ ਅਤੇ ਮੌਤ ਵਿਚਕਾਰ ਲਟਕ ਰਿਹਾ ਹੈ। ਮਾਰੂ ਦੁਖਾਂਤ ਇਹ ਵੀ ਹੈ ਕਿ ਪੰਜਾਬ ਦੀਆਂ ਬਹੁਤ ਸਾਰੀਆਂ ਕੁੜੀਆਂ ਵੀ ਨਸ਼ੇ ਦੀ ਲਤ ਦਾ ਸ਼ਿਕਾਰ ਹੋਕੇ ਬਰਬਾਦੀ ਦੇ ਰਾਹ ਤੁਰ ਪਈਆਂ ਹਨ। ਇਸ ਪੱਖ ਤੋਂ ਸੋਸ਼ਲ ਮੀਡੀਆ ਅਤੇ ਪ੍ਰਿੰਟ ਮੀਡੀਆ ਵਿੱਚ ਪ੍ਰਕਾਸ਼ਿਤ ਖਬਰਾਂ ਮਨ ਨੂੰ ਝੰਜੋੜ ਦਿੰਦੀਆਂ ਹਨ।

ਦੁਖਾਂਤਕ ਪੱਖ ਇਹ ਵੀ ਹੈ ਕਿ ਨਸ਼ਾ ਰਾਜਸੀ ਲੋਕਾਂ ਲਈ ਸੱਤਾ ਪ੍ਰਾਪਤੀ ਦਾ ਸਾਧਨ ਹੀ ਬਣਿਆ ਹੈ। ਹਰ ਇੱਕ ਰਾਜਨੀਤਕ ਪਾਰਟੀ ਨੇ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਮੁੱਦਾ ਬਣਾ ਕੇ ਉਭਾਰਿਆ ਅਤੇ ਸੱਤਾ ਪ੍ਰਾਪਤੀ ਲਈ ਸਾਧਨ ਬਣਾਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡਿਆ। ਅੰਦਾਜ਼ਨ ਸਾਢੇ ਚਾਰ ਦਹਾਕਿਆਂ ਤੋਂ ਪੰਜਾਬ ਦੇ ਲੋਕ ਨਸ਼ੇ ਦਾ ਸੰਤਾਪ ਝੱਲ ਰਹੇ ਹਨ ਅਤੇ ਰਾਜਸੀ ਆਗੂ ਵਾਅਦਿਆਂ ਅਤੇ ਲਾਰਿਆਂ ਨਾਲ ਰਾਜ ਸੱਤਾ ਦੇ ਪਾਵਿਆਂ ਨੂੰ ਮਜ਼ਬੂਤ ਕਰ ਰਹੇ ਹਨ। ਭਾਰਤ ਦੇ ਪ੍ਰਧਾਨ ਮੰਤਰੀ ਹੁਰਾਂ ਨੇ ਵੀ 2014 ਵਿੱਚ 'ਮਨ ਕੀ ਬਾਤ' ਰੇਡੀਓ ਵਾਰਤਾ ਸਮੇਂ ਪੰਜਾਬ ਦੀ ਇਸ ਦੁਖਦੀ ਰੱਗ ਨੂੰ ਛੇੜਕੇ ਚਿੰਤਾ ਦਾ ਪ੍ਰਗਟਾਵਾ ਕੀਤਾ ਸੀ। ਪਰ ਉਸ ਸਮੇਂ ਰਾਜ ਸੱਤਾ 'ਤੇ ਕਾਬਜ਼ ਪਾਰਟੀ ਨੇ ਇਸ ਚਿੰਤਾ ਨੂੰ ਗੰਭੀਰਤਾ ਨਾਲ ਨਾ ਲੈਂਦਿਆਂ ਨਸ਼ਾ ਸਪਲਾਈ ਲਈ ਬੀ.ਐੱਸ.ਐੱਫ ਨੂੰ ਦੋਸ਼ੀ ਠਹਿਰਾਉਂਦਿਆਂ ਕੇਂਦਰ ਸਰਕਾਰ ਪ੍ਰਤੀ ਰੋਸ ਦਾ ਪ੍ਰਗਟਾਵਾ ਕਰਦਿਆਂ ਸਰਹੱਦ 'ਤੇ ਧਰਨਾ ਦੇ ਦਿੱਤਾ। ਦਲੀਲ ਇਹ ਦਿੱਤੀ ਗਈ ਕਿ ਨਸ਼ਾ ਸਰਹੱਦ ਪਾਰ ਤੋਂ ਆਉਂਦਾ ਹੈ ਅਤੇ ਇਸਦੀ ਰੋਕ ਥਾਮ ਬੀ.ਐੱਸ.ਐੱਫ ਨੇ ਕਰਨੀ ਹੈ। ਕਿਉਂਕਿ ਬੀ.ਐੱਸ.ਐੱਫ ਕੇਂਦਰ ਸਰਕਾਰ ਦੇ ਅਧੀਨ ਹੈ, ਇਸ ਲਈ ਪੰਜਾਬ ਵਿੱਚ ਨਸ਼ਿਆਂ ਦੀ ਸਪਲਾਈ ਰੋਕਣਾ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਹੈ। ਰਾਜ ਸੱਤਾ ਵਾਲੀ ਪਾਰਟੀ ਨੇ ਨਸ਼ੇ ਦੇ ਮੁੱਦੇ ਤੇ ਗੇਂਦ ਕੇਂਦਰ ਸਰਕਾਰ ਦੇ ਪਾਲੇ ਵਿੱਚ ਸੁੱਟ ਦਿੱਤੀ, ਪਰ ਵਿਰੋਧੀ ਧਿਰ ਨੇ ਉਨ੍ਹਾਂ ਦੇ ਧਰਨੇ ਦਾ ਸਿਆਸੀ ਲਾਹਾ ਲੈਂਦਿਆਂ ਇਹ ਨਾਅਰਾ ਬੁਲੰਦ ਕਰ ਦਿੱਤਾ:

ਜੋ ਧਰਨਾ ਲਾਉਂਦੇ ਬਾਰਡਰ 'ਤੇ,  
ਉਹ ਨਸ਼ਾ ਵੇਚਦੇ ਆਰਡਰ ਤੇ।

ਦੋਨਾਂ ਰਾਜਸੀ ਪਾਰਟੀਆਂ ਨੂੰ ਪੰਜਾਬ ਦੇ ਲੋਕਾਂ ਦੀ ਕੱਖੋਂ ਹੌਲੀ ਅਤੇ ਪਾਣੀਉਂ ਪਤਲੀ ਸਥਿਤੀ ਦੀ ਕੋਈ ਚਿੰਤਾ ਨਹੀਂ, ਨਸ਼ਿਆਂ ਕਾਰਨ ਜਵਾਨੀ ਦੇ ਘਾਣ ਦਾ ਕੋਈ ਫਿਕਰ ਨਹੀਂ। ਪੰਜਾਬ ਦੀ ਆਰਥਿਕ, ਸਮਾਜਿਕ, ਮਾਨਸਿਕ ਅਤੇ ਬੌਧਿਕ ਕੰਗਾਲੀ ਪ੍ਰਤੀ ਗੰਭੀਰ ਹੋਕੇ ਸੋਚਣਾ ਵੀ ਮੁਨਾਸਿਬ ਨਹੀਂ ਸਮਝਿਆ। ਹਾਂ, ਵੋਟ ਬੈਂਕ ਕਿੰਜ ਪੱਕਾ ਕਰਨਾ ਹੈ, ਇਸਦੀ ਵਿਉਂਤਬੰਦੀ ਕਰਦੇ ਰਹੇ। ਮਰਹੂਮ ਸ਼ਾਇਰ ਸੁਰਜੀਤ ਪਾਤਰ ਨੇ ਇਨ੍ਹਾਂ ਕਾਵਿਕ ਬੋਲਾਂ ਰਾਹੀਂ ਸਿਆਸੀ ਸੋਚ ਵਾਲਿਆਂ ਦੀ ਸਹੀ ਤਰਜ਼ਮਾਨੀ ਕੀਤੀ ਹੈ:

ਚੋਣ ਨਿਸ਼ਾਨ ਸਿਵਾ ਹੈ ਸਾਡਾ,  
ਇਸ ਨੂੰ ਬੁਝਣ ਨਾ ਦੇਈਏ।  
ਜਦੋਂ ਤਕ ਉਹ ਲਾਸ਼ਾਂ ਗਿਣਦੇ ਨੇ,  
ਆਪਾਂ ਵੋਟਾਂ ਗਿਣੀਏ।

ਸਿਆਸੀ ਲੋਕ ਇਸ ਗੰਭੀਰ ਮੁੱਦੇ 'ਤੇ ਸਿਆਸੀ ਰੋਟੀਆਂ ਸੇਕਦੇ ਰਹੇ, ਪਰ ਲੋਕਾਂ ਦੇ ਘਰਾਂ ਅੰਦਰ ਵਿਛੇ ਸੱਥਰਾਂ 'ਤੇ ਇਹ ਪ੍ਰਸ਼ਨ ਧੁਖਦੇ ਰਹੇ ਕਿ ਇਹ ਕਿਹੋ ਜਿਹਾ ਵਿਕਾਸ ਹੈ, ਜਿਸ ਨੇ ਲੋਕਾਂ ਦੇ ਅੱਥਰੂਆਂ ਵਿੱਚ ਵਾਧਾ ਕਰਨ ਦੇ ਨਾਲ ਨਾਲ ਸਿਵਿਆਂ ਵੱਲ ਜਾਂਦੀ ਭੀੜ ਵਿੱਚ ਨਿਰੰਤਰ ਵਾਧਾ ਕੀਤਾ ਹੈ। 2017 ਵਿੱਚ ਪੰਜਾਬ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕੈਪਟਨ ਸਰਕਾਰ ਨੇ ਇਸ ਮੁੱਦੇ ਨੂੰ ਉਭਾਰਿਆ। ਗੁਟਕਾ ਸਾਹਿਬ 'ਤੇ ਹੱਥ ਧਰਕੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਦ੍ਰਿੜ੍ਹ ਸੰਕਲਪ ਦੁਹਰਾਇਆ। ਸਤਾ ਪ੍ਰਾਪਤੀ ਉਪਰੰਤ ਉਨ੍ਹਾਂ ਅਪਰੈਲ 2017 ਵਿੱਚ ਐੱਸ. ਟੀ.ਐੱਫ ਦਾ ਗਠਨ ਕੀਤਾ। ਛੱਤੀਸਗੜ੍ਹ ਤੋਂ ਵਿਸ਼ੇਸ਼ ਤੌਰ 'ਤੇ ਇਸ ਮੰਤਵ ਲਈ ਇਮਾਨਦਾਰ ਪੁਲਿਸ ਅਧਿਕਾਰੀ ਸ਼੍ਰੀ ਹਰਪ੍ਰੀਤ ਸਿੱਧੂ ਨੂੰ ਲਿਆਕੇ ਐੱਸ.ਟੀ.ਐੱਫ ਦਾ ਮੁਖੀ ਲਾਇਆ। ਉਸਨੇ ਕੁਝ ਮਹੀਨਿਆਂ ਅੰਦਰ ਹੀ ਨਸ਼ਾ ਤਸਕਰੀ ਕਰਨ ਵਾਲੇ ਵੱਡੇ ਮੱਗਰਮੱਛਾਂ ਨੂੰ ਗ੍ਰਿਫਤਾਰ ਕਰ ਲਿਆ। ਪਰ ਜਦੋਂ ਉਸ ਦੀ ਕਾਰਗੁਜ਼ਾਰੀ ਵਿੱਚ ਪੁਲਿਸ ਦੇ ਵੱਡੇ ਅਧਿਕਾਰੀ ਅਤੇ ਸਿਆਸਤਦਾਨ ਸਾਹਮਣੇ ਆਏ ਤਾਂ ਇੱਕ ਖਲਬਲੀ ਜਿਹੀ ਮੱਚ ਗਈ। ਨਸ਼ੇ ਦੇ ਵੱਡੇ ਤਸਕਰ, ਰਾਜਸੀ ਨੇਤਾ ਅਤੇ ਕੁਝ ਪੁਲਿਸ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਸ੍ਰੀ ਹਰਪ੍ਰੀਤ ਸਿੰਘ ਸਿੱਧੂ ਨੂੰ ਐੱਸ.ਟੀ.ਐੱਫ ਦੇ



ਮੁਖੀ ਵਾਲੀ ਪੋਸਟ ਤੋਂ ਲਾਂਭੇ ਕਰ ਦਿੱਤਾ ਗਿਆ। ਇੰਜ ਨਸ਼ਿਆਂ ਦਾ ਲੱਕ ਤੋੜਨ ਦੀ ਥਾਂ ਲੱਕ ਨੂੰ ਹੋਰ ਮਜ਼ਬੂਤ ਕਰਨ ਵਾਲਾ ਇਹ ਕਦਮ ਪੰਜਾਬੀਆਂ ਲਈ 'ਕਾਲੇ ਦਿਨ' ਵਜੋਂ ਯਾਦ ਰਹੇਗਾ। ਹਰਪ੍ਰੀਤ ਸਿੱਧੂ ਦੀ ਕਾਰਗੁਜ਼ਾਰੀ ਚਾਰ ਸੀਲਬੰਦ ਲਿਫਾਫਿਆਂ ਵਿੱਚ ਸਿਮਟ ਕੇ ਰਹਿ ਗਈ।

2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਹ ਮੁੱਦਾ ਫਿਰ ਉੱਭਰਿਆ। ਲੋਕ ਭ੍ਰਿਸ਼ਟਾਚਾਰ ਅਤੇ ਨਸ਼ੇ ਦੇ ਮੁੱਦੇ ਕਾਰਨ ਕਾਂਗਰਸ ਪਾਰਟੀ ਅਤੇ ਅਕਾਲੀ ਪਾਰਟੀ ਤੋਂ ਦੁਖੀ ਵੀ ਸਨ ਅਤੇ ਨਿਰਾਸ ਵੀ। ਲੋਕਾਂ ਦੀਆਂ ਦੁਖੀ ਭਾਵਨਾਵਾਂ ਨੂੰ ਵਾਅਦਿਆਂ, ਦਾਅਵਿਆਂ ਅਤੇ ਗਰੰਟੀਆਂ ਰਾਹੀਂ ਤੀਜੀ ਪਾਰਟੀ ਆਮ ਆਦਮੀ ਪਾਰਟੀ ਨੇ ਕੈਸ਼ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ। ਤਿੰਨ ਮਹੀਨਿਆਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਕਰਨ, ਭ੍ਰਿਸ਼ਟਾਚਾਰ ਦੀਆਂ ਜੜ੍ਹਾਂ ਪੁੱਟਣ ਅਤੇ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀਆਂ ਗਰੰਟੀਆਂ ਦੇ ਝਾਂਸੇ ਵਿੱਚ ਲੋਕ ਫਿਰ ਆ ਗਏ। ਆਮ ਆਦਮੀ ਪਾਰਟੀ ਨੂੰ ਭਾਰੀ ਬਹੁਮਤ ਨਾਲ ਜਿਤਾਇਆ ਗਿਆ। ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਹੋਂਦ ਵਿੱਚ ਆਇਆਂ ਅੰਦਾਜ਼ਨ ਤਿੰਨ ਸਾਲ ਹੋ ਚੱਲੇ ਹਨ। ਇੱਕ ਪਾਸੇ ਪੰਜਾਬ ਸਿਰ ਕਰਜ਼ੇ ਦੀ ਪੰਡ ਹੋਰ ਭਾਰੀ ਹੋਈ ਹੈ ਅਤੇ ਦੂਜੇ ਪਾਸੇ ਨਸ਼ੇ ਸਮੇਤ ਬਹੁ-ਪੱਖੀ ਸਮੱਸਿਆਵਾਂ ਕਾਰਨ ਪੰਜਾਬ ਦੀ ਸਥਿਤੀ ਇੰਜ ਹੈ ਜਿਵੇਂ ਗੁਬਾਰਾ ਅਣਗਿਣਤ ਸੂਈਆਂ ਦੀ ਨੋਕ 'ਤੇ ਖੜ੍ਹਾ ਹੋਵੇ। ਕਰਜ਼ਾਈ ਪੰਜਾਬ ਸਰਕਾਰ ਆਪਣੇ ਖਰਚ ਦਾ 11-12% ਸਿੱਖਿਆ 'ਤੇ ਖਰਚ ਕਰ ਰਹੀ ਹੈ ਜਦੋਂ ਕਿ ਦੂਜੇ ਸੂਬੇ ਔਸਤਨ 15-16% ਇਸ ਅਹਿਮ ਕਾਰਜ 'ਤੇ ਖਰਚ ਕਰ ਰਹੇ ਹਨ। ਬੱਜਟ ਵਿੱਚ ਸਿਹਤ ਸੇਵਾਵਾਂ ਲਈ ਕੁੱਲ ਬੱਜਟ ਦਾ 4% ਰੱਖਿਆ ਗਿਆ ਹੈ, ਜਦੋਂ ਕਿ ਦੂਜੇ ਸੂਬੇ ਔਸਤ 5.5% ਖਰਚ ਕਰ ਰਹੇ ਹਨ। ਪੇਂਡੂ ਖੇਤਰਾਂ ਦੇ ਵਿਕਾਸ ਲਈ ਪੰਜਾਬ ਸਰਕਾਰ ਵੱਲੋਂ 2-3% ਬੱਜਟ ਰੱਖਿਆ ਹੈ, ਜਦੋਂ ਕਿ ਇਸ ਖੇਤਰ ਵਿੱਚ ਹੋਰਾਂ ਸੂਬਿਆਂ ਵੱਲੋਂ ਬੱਜਟ ਦਾ ਔਸਤ 6-7% ਰੱਖਿਆ ਗਿਆ ਹੈ। ਇਸ ਤਰ੍ਹਾਂ ਹੀ ਸੜਕਾਂ ਅਤੇ ਪੁਲਾਂ ਦੇ ਨਿਰਮਾਣ ਲਈ ਕੁੱਲ ਬੱਜਟ ਦਾ 1-2% ਰੱਖਿਆ ਗਿਆ ਹੈ ਪਰ ਦੂਜੇ ਸੂਬਿਆਂ ਨੇ ਇਸ ਕਾਰਜ ਲਈ ਬੱਜਟ ਦਾ ਔਸਤ 4-5% ਰੱਖਿਆ ਗਿਆ ਹੈ। ਮੌਜੂਦਾ ਸਰਕਾਰ ਸਮੇਂ ਪੰਜਾਬੀਆਂ ਸਿਰ ਹਰ ਸਾਲ ਅੰਦਾਜ਼ਨ ਤੀਹ ਹਜ਼ਾਰ ਕਰੋੜ ਦਾ ਕਰਜ਼ਾ ਚੜ੍ਹ ਰਿਹਾ ਹੈ।

8 ਨਵੰਬਰ, 2024 ਨੂੰ ਲੁਧਿਆਣਾ ਲਾਗੇ ਪੰਜਾਬ ਦੇ 19 ਜ਼ਿਲ੍ਹਿਆਂ ਦੇ 10,031 ਸਰਪੰਚਾਂ ਨੂੰ ਸਹੁੰ ਚੁਕਾਉਂਦਿਆਂ ਆਮ ਆਦਮੀ ਪਾਰਟੀ ਦੇ ਸੁਪਰੀਮੋ ਨੇ ਆਪਣੇ ਸੰਦੇਸ਼ ਵਿੱਚ ਪੰਜਾਬ ਵਿੱਚ ਨਸ਼ਿਆਂ ਦੀ ਗੰਭੀਰ ਸਮੱਸਿਆ ਨੂੰ ਹੱਲ ਕਰਨ ਲਈ ਸਰਪੰਚਾਂ ਨੂੰ ਪ੍ਰੇਰਨਾ ਦਿੰਦਿਆਂ ਕਿਹਾ ਹੈ ਕਿ ਉਹ ਇਸ ਗੰਭੀਰ ਸਮੱਸਿਆ 'ਤੇ ਕਾਬੂ ਪਾਉਣ ਲਈ ਅੱਗੇ ਆਉਣ ਅਤੇ ਨਸ਼ਾ ਮੁਕਤ ਸਮਾਜ ਸਿਰਜਣ ਲਈ ਸਿਰਤੋੜ ਯਤਨ ਕਰਨ। ਜਦੋਂ ਸ੍ਰੀ ਕੇਜਰੀਵਾਲ ਇਹ ਸ਼ਬਦ ਬੋਲ ਰਹੇ ਸਨ, ਉਸ ਸਮੇਂ ਘੁਸਰ-ਮੁਸਰ ਇਹ ਵੀ ਸ਼ੁਰੂ ਹੋ ਗਈ ਸੀ ਕਿ ਜੇਕਰ ਸਰਪੰਚਾਂ 'ਤੇ ਹੀ ਇਹ ਜ਼ਿੰਮੇਵਾਰੀ ਪਾਉਣੀ ਹੈ, ਫਿਰ 2022 ਵਿੱਚ ਕੀਤਾ ਗਰੰਟੀ ਵਾਲਾ ਇਹ ਵਾਅਦਾ ਕਿ ਤਿੰਨ ਮਹੀਨਿਆਂ ਦੇ ਅੰਦਰ-ਅੰਦਰ ਪੰਜਾਬ ਵਿੱਚੋਂ ਨਸ਼ਾ ਖਤਮ ਕੀਤਾ ਜਾਵੇਗਾ, ਉਸ ਵਾਅਦੇ ਦਾ ਕੀ ਬਣਿਆ? ਦੂਜੇ ਪਾਸੇ 15 ਅਕਤੂਬਰ, 2024 ਦੀਆਂ ਪੰਚਾਇਤ ਚੋਣਾਂ ਵਿੱਚ ਸਰਪੰਚੀ ਪ੍ਰਾਪਤ ਕਰਨ ਲਈ ਦੋ ਦੋ ਕਰੋੜ ਦੀ ਬੋਲੀ, ਧੱਕੇਸ਼ਾਹੀ, ਸਿਆਸੀ ਦਖ਼ਲ ਅੰਦਾਜ਼ੀ, ਉਮੀਦਵਾਰਾਂ ਦੇ ਚੋਣਾਂ ਨਾਲ ਸੰਬੰਧਿਤ ਕਾਗਜ਼ ਪਾੜਨੇ, ਐੱਨ.ਓ.ਸੀ. ਦੇਣ ਵਿੱਚ ਸਰਕਾਰੀ ਰੁਕਾਵਟਾਂ, ਲੁੱਟ ਤੰਤਰ, ਕੁੱਟ ਤੰਤਰ ਅਤੇ ਕੂਟਨੀਤਕ ਤੰਤਰ ਭਾਰੂ ਰਿਹਾ। ਅੱਠ ਸੌ ਤੋਂ ਵੱਧ ਪਟੀਸ਼ਨਾਂ ਹਾਈ ਕੋਰਟ ਵਿੱਚ ਪਾਈਆਂ ਗਈਆਂ। ਹੁਣ ਮਾਨਯੋਗ ਸੁਪਰੀਮ ਕੋਰਟ ਦੀ ਇਹ ਟਿੱਪਣੀ ਕਿ ਪੰਜਾਬ ਵਿੱਚ ਅੰਦਾਜ਼ਨ ਤਿੰਨ ਹਜ਼ਾਰ ਸਰਪੰਚਾਂ ਦਾ ਸਰਬਸੰਮਤੀ ਨਾਲ ਚੁਣੇ ਜਾਣਾ 'ਹੈਰਾਨੀਜਨਕ' ਹੈ। 21.11.24 ਨੂੰ ਵਿਜੀਲੈਂਸ ਬਿਊਰੋ ਫਿਰੋਜ਼ਪੁਰ ਨੇ ਇਸ ਸ਼ਹਿਰ ਦੇ ਨਹਿਰੀ ਵਿਭਾਗ ਦੇ ਐੱਸ.ਡੀ.ਓ. ਅਤੇ ਖੇਤੀਬਾੜੀ ਵਿਭਾਗ ਦੇ ਸਬਇੰਸਪੈਕਟਰ ਨੂੰ ਗ੍ਰਿਫਤਾਰ ਕੀਤਾ ਹੈ, ਜੋ ਪੰਚਾਇਤ ਚੋਣਾਂ ਵਿੱਚ ਕਰਮਵਾਰ ਰਿਟਰਨਿੰਗ ਅਫਸਰ ਅਤੇ ਸਹਾਇਕ ਰਿਟਰਨਿੰਗ ਅਫਸਰ ਵਜੋਂ ਨਿਯੁਕਤ ਸਨ। ਦੋਨਾਂ ਨੇ ਇੱਕ ਪਿੰਡ ਦੇ ਸਰਪੰਚੀ ਦੇ ਉਮੀਦਵਾਰ ਤੋਂ ਪੰਦਰਾਂ ਲੱਖ ਰੁਪਏ ਰਿਸ਼ਵਤ ਵਜੋਂ ਲਏ ਸਨ। ਭਲਾ ਇਹੋ ਜਿਹੇ ਸਰਬਸੰਮਤੀ ਨਾਲ ਜਾਂ ਵੋਟਾਂ ਰਾਹੀਂ ਚੁਣੇ ਗਏ ਸਰਪੰਚ ਪਿੰਡ ਦਾ ਮੂੰਹ ਮੱਥਾ ਸੰਵਾਰਨ ਦੇ ਨਾਲ ਨਾਲ ਨਸ਼ਾ ਮੁਕਤ ਸਮਾਜ ਸਿਰਜਣ ਲਈ ਕਿਹੋ ਜਿਹੀ ਭੂਮਿਕਾ ਨਿਭਾਉਣਗੇ? ਇਹ ਇੱਕ ਗੰਭੀਰ ਪ੍ਰਸ਼ਨ ਹੈ। ਹਾਂ, ਪੰਜਾਬ ਦੀਆਂ ਕੁਝ ਪੰਚਾਇਤਾਂ ਨੇ ਆਪਣੇ ਆਪਣੇ ਪਿੰਡਾਂ ਨੂੰ ਨਸ਼ਾ ਮੁਕਤ ਕਰਨ ਲਈ ਦ੍ਰਿੜ੍ਹ ਸੰਕਲਪ ਦਾ ਪ੍ਰਗਟਾਵਾ ਕੀਤਾ ਹੈ ਅਤੇ ਇਹ ਇੱਕ ਸ਼ੁਭ ਸੰਕੇਤ ਹੈ।

ਜੇਕਰ ਲੋਕਾਂ ਦੇ ਭਰਵੇਂ ਸਹਿਯੋਗ, ਪੰਚਾਇਤਾਂ ਦੀ ਸੁਹਿਰਦ ਭਾਵਨਾ ਅਤੇ ਸਰਕਾਰ ਦੀ ਦ੍ਰਿੜ੍ਹ ਇੱਛਾ ਸ਼ਕਤੀ ਦਾ ਆਪਸ ਵਿੱਚ ਸੁਮੇਲ ਨਾ ਹੋਇਆ ਤਾਂ ਨਸ਼ਿਆਂ ਕਾਰਨ ਸਿਵਿਆਂ ਦੀ ਪ੍ਰਚੰਡ ਅੱਗ ਮੱਧਮ ਹੋਣ ਦੀ ਥਾਂ ਹੋਰ ਤੇਜ਼ ਹੋਵੇਗੀ। ਰੱਬ ਖ਼ੈਰ ਕਰੇ!

# ਯਹੂਦੀ ਇੰਨੇ ਦਿਮਾਗ਼ ਵਾਲ਼ੇ ਕਿਉਂ ਨੇ ! ਕੀ ਖਾਂਦੇ ਪੀਂਦੇ ਨੇ

ਡਾ: ਸਟੀਫਨ ਕਾਰ ਲਿਓਨ

• • •

ਆਪਣੀ ਇੰਟਰਨਸ਼ਿਪ ਦੌਰਾਨ ਮੈਂ ਤਿੰਨ ਸਾਲ ਇਜ਼ਰਾਈਲ ਦੇ ਕਈ ਹਸਪਤਾਲਾਂ ਵਿੱਚ ਕੰਮ ਕੀਤਾ ਤਾਂ ਮੇਰੇ ਦਿਮਾਗ ਵਿੱਚ ਇਹ ਜਾਨਣ ਦਾ ਵਿਚਾਰ ਆਇਆ ਕਿ ਯਹੂਦੀ ਏਨੇ ਪ੍ਰਤਿਭਾਸ਼ਾਲੀ ਕਿਉਂ ਹੁੰਦੇ ਹਨ? ਇਸ ਵਿੱਚ ਇਨਕਾਰ ਨਹੀ ਕੀਤਾ ਜਾ ਸਕਦਾ ਕਿ ਯਹੂਦੀ ਜ਼ਿੰਦਗੀਗ ਦੇ ਬਹੁਤ ਪੱਖਾਂ ਵਿੱਚ ਦੂਜਿਆਂ ਨਾਲੋਂ ਅੱਗੇ ਹਨ। ਇੰਨਜੀਨੀਅਰਿੰਗ, ਮੈਡੀਕਲ, ਸੰਗੀਤ, ਵਿਗਿਆਨ ਅਤੇ ਸਭ ਤੋਂ ਵੱਧ ਵਪਾਰ ਵਿੱਚ, ਦੁਨੀਆਂ ਭਰ ਦੇ ਬਿਜਨਸ ਦੇ ਲੱਗਭਗ 70% ਤੇ ਯਹੂਦੀਆਂ ਦਾ ਨਿਯੰਤਰਨ ਹੈ ਜਿਵੇਂ ਕਾਸਮੈਟਿਕ (ਸ਼ਿੰਗਾਰ ਸਮਗਰੀ), ਭੋਜਨ, ਫੈਸ਼ਨ, ਹਥਿਆਰ, ਹੋਟਲ ਅਤੇ ਫਿਲਮ ਇੰਡਸਟਰੀ ਆਦਿ।

ਮੇਰੇ ਦੂਜੇ ਸਾਲ ਚ ਕੈਲੀਫੋਰਨੀਆ ਆਉਂਦਿਆਂ ਮੇਰੇ ਦਿਮਾਗ ਵਿੱਚ ਹੈਰਾਨੀ ਭਰਿਆ ਵਿਚਾਰ ਸੀ ਕਿ ਰੱਬ ਨੇ ਯਹੂਦੀਆਂ ਨੂੰ ਹੀ ਕਿਉਂ ਏਨੀ ਯੋਗਤਾ ਅਤੇ ਪ੍ਰਤਿਭਾ ਦਾ ਤੋਹਫਾ ਦਿੱਤਾ ਹੈ ?ਕੀ ਇਹ ਸੰਯੋਗ ਵੱਸ ਹੀ ਹੈ ? ਜਾਂ ਫਿਰ ਬੰਦੇ ਦੇ ਦਖਲ ਨਾਲ ਫੈਕਟਰੀਆਂ ਵਿੱਚ ਵਧੀਆ ਚੀਜਾਂ ਤਿਆਰ ਕਰਨ ਵਾਂਗ ਸੀ ?ਮੇਰੀ ਇਸ ਖੋਜ ਨੂੰ ਅੱਠ ਸਾਲ ਲੱਗੇ ਜਿਸ ਵਿੱਚ ਮੈਂ ਸੰਭਵ ਤੌਰ ਉਜ ਜਾਣਕਾਰੀਆਂ ਹਾਸਲ ਕਰਨ ਵਿੱਚ ਸਫਲ ਹੋਇਆ ਜਿੰਨਾ ਨਾਲ ਉਹਨਾਂ ਦਾ ਖਾਣ ਪੀਣ, ਰਹਿਣ ਸਹਿਣ, ਸਭਿਆਚਾਰ,ਧਰਮ ਅਤੇ ਬੱਚਾ ਪੈਦਾ ਹੋਣ ਤੋਂ ਪਹਿਲਾਂ ਦੀਆਂ ਤਿਆਰੀਆਂ ਦਾ ਬਾਕੀ ਮਨੁਖੀ ਜਾਤੀਆਂ ਨਾਲ ਤੁਲਨਾ ਕਰਨ ਸਕਦਾ ਸਾਂ।

ਆਉ ਬੱਚੇ ਦੇ ਜਨਮ ਤੋਂ ਦੀ ਤਿਆਰੀ ਬਾਰੇ ਗੱਲ ਕਰਦੇ ਹਾਂ, ਪਹਿਲੀ ਗੱਲ ਮੈਂ ਇਜਰਾਈਲ ਵਿੱਚ ਇਹ ਵੇਖੀ ਕਿ ਗਰਭਵਤੀ ਔਰਤ ਹਮੇਸ਼ਾਂ ਪਿਆਨੋ ਵਜਾਉਂਦੀ ਅਤੇ ਗੀਤ ਗਾਉਂਦੀ ਹੈ ਅਤੇ ਆਪਣੇ ਪਤੀ ਨਾਲ ਮਿਲ ਕੇ ਗਣਿਤ ਦੇ ਸਵਾਲਾਂ ਅਤੇ ਪਹੇਲੀਆਂ ਨੂੰ ਹੱਲ ਕਰਦੀ ਹੈ। ਮੈਂ ਹੈਰਾਨ ਹੋਇਆ ਕਿ ਹਰੇਕ ਗਰਭਵਤੀ ਔਰਤ ਆਪਣੇ ਨਾਲ ਗਣਿਤ ਦੀ ਕਿਤਾਬ ਰੱਖਦੀ ਹੈ। ਕਈ ਵਾਰ ਮੈਂ ਕਈ ਔਰਤਾਂ ਦੀ ਸਵਾਲ ਹੱਲ ਕਰਨ ਵਿੱਚ ਮਦਦ ਵੀ ਕੀਤੀ ਮੈਂ ਪੁਛਿਆ ਕਿ ਕੀ ਇਹ ਤੁਹਾਡੇ ਗਰਭ ਵਿਚਲੇ ਬੱਚੇ ਲਈ ਹੈ ? ਤਾਂ ਉਨ੍ਹਾਂ ਕਿਹਾ, "ਹਾਂ, ਇਹ ਗਰਭ ਵਿਚਲੇ ਬੱਚੇ ਨੂੰ ਟਰੇਂਡ ਕਰਨ ਲਈ ਹੈ" ਇਸ ਨਾਲ ਉਹ ਪ੍ਰਤਿਭਾਸ਼ਾਲੀ ਤੇ ਹੁਸ਼ਿਆਰ ਹੋਵੇਗਾ ਹੋਵੇਗਾ। ਉਹ ਔਰਤਾਂ ਬੱਚਾ ਪੈਦਾ ਹੋਣ ਤੱਕ ਗਣਿਤ ਦੀਆਂ ਮੁਸ਼ਕਲਾਂ ਨੂੰ ਹੱਲ ਕਰਨਾ ਨਹੀਂ ਛੱਡਦੀਆਂ।

ਫਿਰ ਮੈਂ ਉਹਨਾਂ ਦੇ ਖਾਣ ਪੀਣ ਤੇ ਧਿਆਨ ਦਿੱਤਾ, ਗਰਭਵਤੀ ਔਰਤਾਂ ਦੁੱਧ ਨਾਲ ਬਦਾਮ ਖਾਣਾ ਬਹੁਤ ਪਸੰਦ ਕਰਦੀਆਂ ਹਨ। ਦੁਪਹਿਰ ਦੇ ਭੋਜਨ ਵਿੱਚ ਉਹ ਬਰੈਡ, ਮੱਛੀ ( ਬਿਨਾਂ ਸਿਰ ਤੋਂ), ਸਲਾਦ, ਬਦਾਮ ਅਤੇ ਹੋਰ ਸੁੱਕੇ ਮੇਵਿਆਂ ਦੀ ਵਰਤੋਂ ਕਰਦੀਆਂ ਹਨ। ਉਹਨਾਂ ਦਾ ਵਿਸ਼ਵਾਸ਼ ਹੈ ਕਿ ਮੱਛੀ ਦਿਮਾਗ ਦੇ ਵਿਕਾਸ ਲਈ ਬਹੁਤ ਵਧੀਆ ਹੈ ਪਰ ਮੱਛੀ ਦਾ ਸਿਰ ਦਿਮਾਗ ਦੇ ਵਿਕਾਸ ਲਈ ਠੀਕ ਨਹੀ ਹੁੰਦਾ। ਸਭਿਆਚਾਰਕ ਤੌਰ ਤੇ ਯਹੂਦੀਆਂ ਵਿੱਚ ਕੌਡ ( ਮੱਛੀ ਦੀ ਕਿਸਮ) ਦੇ ਜਿਗਰ ਦਾ ਤੇਲ ਗਰਭਵਤੀ ਔਰਤਾਂ ਦੀ ਖੁਰਾਕ ਦਾ ਹਿੱਸਾ ਹੁੰਦਾ ਹੈ।

ਜਦੋਂ ਵੀ ਮੈਨੂੰ ਰਾਤ ਦੇ ਖਾਣੇ ਤੇ ਬੁਲਾਇਆ ਗਿਆ ਮੈਂ ਵੇਖਿਆ ਕਿ ਉਹ ਮੱਛੀ ਦੇ ਵੱਖ ਵੱਖ ਪਕਵਾਨਾਂ ਨੂੰ ਪਸੰਦ ਕਰਦੇ ਹਨ ਪਰ ਮੀਟ ਨਹੀ। ਉਹਨਾਂ ਦਾ ਵਿਸ਼ਵਾਸ਼ ਹੈ ਕਿ ਮੱਛੀ ਅਤੇ ਮੀਟ ਦੋਵੇਂ ਇਕੱਠੇ ਸਰੀਰ ਲਈ ਲਾਭਦਾਇਕ ਨਹੀਂ ਹਨ। ਸਲਾਦ ਅਤੇ ਸੁੱਕੇ ਮੇਵੇ (ਖਾਸ ਕਰਕੇ ਬਦਾਮ) ਉਹਨਾਂ ਦੇ ਭੋਜਨ ਦਾ ਜਰੂਰੀ ਅੰਗ ਹਨ। ਉਹ ਫਲਾਂ ਨੂੰ ਹਮੇਸ਼ਾਂ ਮੁੱਖ ਭੋਜਨ (ਰੋਟੀ ਅਤੇ ਚੌਲ) ਤੋਂ ਪਹਿਲਾਂ ਖਾਂਦੇ ਹਨ। ਉਨ੍ਹਾਂ ਅਨੁਸਾਰ ਜੇ ਤੁਸੀਂ ਫਲਾਂ ਨੂੰ ਭੋਜਨ ਤੋਂ ਬਾਅਦ ਖਾਂਦੇ ਹੋ ਤਾਂ ਸੁਸਤੀ ਅਤੇ ਉਨੀਂਦਰਾ ਮਹਿਸੂਸ ਕਰਦੇ ਹੋ ਜਿਸ ਨਾਲ ਸਕੂਲ ਵਿੱਚ ਪਾਠਕ੍ਰਮ ਸਮਝਣ ਵਿੱਚ ਮੁਸ਼ਕਿਲ ਆਂਉਦੀ ਹੈ।

ਇਜਰਾਈਲ ਵਿੱਚ ਸਿਗਰਟ ਨੋਸ਼ੀ ਮਨਾ ਹੈ ਜੇਕਰ ਤੁਸੀਂ ਮਹਿਮਾਨ ਹੋ ਤਾਂ ਤੁਹਾਨੂੰ ਬੜੀ ਨਿਮਰਤਾ ਨਾਲ ਸਿਗਰਟਨੋਸ਼ੀ ਲਈ ਘਰ ਤੋਂ ਬਾਹਰ ਜਾਣ ਲਈ ਕਹਿ ਦਿੱਤਾ ਜਾਂਦਾ ਹੈ। ਇਜਰਾਈਲ ਦੀਆਂ ਯੂਨੀਵਰਸਿਟੀਆਂ ਦੇ ਵਿਗਿਆਨੀਆਂ ਅਨੁਸਾਰ ਨਿਕੋਟੀਨ ਦਿਮਾਗ ਦੇ ਸੈਲਾਂ ਨੂੰ ਤਬਾਹ ਕਰਦੀ ਹੈ, ਇਸ ਨਾਲ ਜੀਨਜ ਅਤੇ ਡੀ. ਐਨ.ਏ ਤੇ ਬੁਰਾ ਪ੍ਰਭਾਵ ਪੈਂਦਾ ਹੈ ਅਤੇ ਨਵੀਂ ਨਸਲ ਸਿੱਧੜ ਅਤੇ ਅਵਿਕਸਤ ਦਿਮਾਗ ਵਾਲੀ ਹੋ ਸਕਦੀ ਹੈ।

ਉਥੇ ਬੱਚੇ ਨੂੰ ਭੋਜਨ ਮਾਪਿਆਂ ਦੀ ਨਿਰਦੇਸ਼ ਅਨੁਸਾਰ ਦਿੱਤਾ ਜਾਂਦਾ ਹੈ।ਫਲ, ਬਦਾਮ ਅਤੇ ਕੋਡ ਲਿਵਰ ਤੇਲ ਤੋਂ ਬਣੇ ਪਦਾਰਥ ਭੋਜਨ ਦੇ ਜਰੂਰੀ ਅੰਗ ਹਨ। ਮੇਰੀ ਖੋਜ ਮੁਤਾਬਕ ਬਹੁਤੇ ਯਹੂਦੀ ਬੱਚੇ ਘੱਟੋ ਘੱਟ ਤਿੰਨ ਭਾਸ਼ਾਵਾਂ ਜਾਣਦੇ ਹਨ,ਯਹੂਦੀ, ਅਰਬੀ ਅਤੇ ਅੰਗਰੇਜੀ। ਬਚਪਨ ਤੋਂ ਹੀ ਪਿਆਨੋ ਵਜਾਉਣਾ ਜਰੂਰ ਸਿਖਾਇਆ ਜਾਂਦਾ ਹੈ।

ਉਹਨਾਂ ਦਾ ਵਿਸ਼ਵਾਸ਼ ਹੈ ਕਿ ਪਿਆਨੋ ਵਜਾਉਣ ਦਾ ਅਭਿਆਸ ਉਹਨਾਂ ਵਿੱਚ ਬੁਧੀ ਕੁਸ਼ਲਤਾ ਵਧਾਉਂਦਾ ਹੈ ਅਤੇ ਬੱਚੇ ਨੂੰ ਵਧੇਰੇ ਪ੍ਰਤਿਭਾਵਾਨ ਬਣਾਉਂਦਾ ਹੈ। ਯਹੂਦੀ ਵਿਗਿਆਨੀਆਂ ਅਨੁਸਾਰ ਸੰਗੀਤ ਵਿਚਲੀ ਕੰਪਨਤਾ ਬੱਚੇ ਦੇ ਦਿਮਾਗ ਨੂੰ ਪ੍ਰੇਰਿਤ ਕਰਦੀ ਹੈ ਅਤੇ ਇਸੇ ਕਰਕੇ ਯਹੂਦੀਆਂ ਵਿੱਚ ਪ੍ਰਤਿਭਾਸ਼ੀਆਂ ਦੀ ਬਹੁਤਾਤ ਹੈ।

ਪਹਿਲੀ ਤੋਂ ਛੇਵੀਂ ਦੇ ਬੱਚੇ ਨੂੰ ਵਪਾਰਕ ਗਣਿਤ ਪੜ੍ਹਾਇਆ ਜਾਂਦਾ ਹੈ ਵਿਗਿਆਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਅਸੀਂ ਵੇਖ ਸਕਦੇ ਹਾਂ ਕਿ ਕੈਲੀਫੋਰਨੀਆਂ ਵਿਚ ਬੱਚਿਆਂ ਦੀ ਬੁਧੀ ਕੁਸ਼ਲਤਾ ਛੇ ਸਾਲ ਕਿਉਂ ਪਿੱਛੇ ਹੈ। ਯਹੂਦੀ ਬੱਚੇ ਅਥਲੈਟਿਕਸ ਵਿੱਚ ਤੀਰ ਅੰਦਾਜੀ, ਨਿਸ਼ਾਨੇ ਬਾਜੀ ਅਤੇ ਦੌੜ ਆਦਿ ਖੇਡਾਂ ਵਿੱਚ ਹਿੱਸਾ ਲੈਂਦੇ ਹਨ। ਉਹਨਾਂ ਅਨੁਸਾਰ ਤੀਰ ਅੰਦਾਜੀ ਅਤੇ ਨਿਸ਼ਾਨੇ ਬਾਜੀ ਵਰਗੀਆਂ ਖੇਡਾਂ ਦਿਮਾਗ ਦੀ ਇਕਾਗਰ ਸ਼ਕਤੀ ਅਤੇ ਫੈਸਲਾ ਲੈਣ ਦੀ ਸ਼ਕਤੀ ਨੂੰ ਵਧਾਉਂਦੀਆਂ ਹਨ।

ਹਾਈ ਸਕੂਲਾਂ ਵਿੱਚ ਬਹੁਤੇ ਵਿਦਿਆਰਥੀ ਵਿਗਿਆਨ ਦੀ ਪੜਾਈ ਲਈ ਤਿਆਰ ਕੀਤੇ ਜਾਂਦੇ ਹਨ।ਉਹਨਾਂ ਨੂੰ ਪ੍ਰੋਜੈਕਟਾਂ ਵਿੱਚ



ਉਤਪਾਦ ਤਿਆਰ ਕਰਨ ਲਈ ਦਿੱਤੇ ਜਾਂਦੇ ਹਨ ਉਨ੍ਹਾਂ ਦੇ ਹਰ ਪ੍ਰੋਜੈਕਟ ਨੂੰ ਬਹੁਤ ਹੀ ਗੰਭੀਰਤਾ ਨਾਲ ਲਿਆ ਜਾਂਦਾ ਹੈ। ਕਰਕੇ ਉਦੋਂ ਜਦੋਂ ਉਹ ਹਥਿਆਰਾਂ, ਦਵਾਈ ਅਤੇ ਇੰਨਜੀਅਰਿੰਗ ਨਾਲ ਸਬੰਧਤ ਹੋਣ। ਕਾਮਯਾਬ ਪ੍ਰੋਜੈਕਟ ਜਾਂ ਵਿਚਾਰਾਂ ਦੀ ਜਾਣ ਪਛਾਣ ਉਚੇਰੀ ਵਿਦਿਆ ਦੀਆਂ ਸੰਸਥਾਵਾਂ ਜਿਵੇਂ ਬਹੁਤਕਨੀਕੀ ਕਾਲਜ ਅਤੇ ਯੂਨੀਵਰਸਿਟੀਆਂਵਿਚ ਕਰਵਾਈ ਜਾਣੀ ਹੁੰਦੀ ਹੈ।

ਯੂਨੀਵਰਸਿਟੀਆਂ ਦੇ ਆਖਰੀ ਸਾਲ ਵਿੱਚ ਬਿਜਨਸ ਵਿਭਾਗ ਨੂੰ ਤਰਜੀਹ ਦਿੱਤੀ ਜਾਂਦੀ ਹੈ। ਬਿਜਨਸ ਸਟੱਡੀ ਦੇ ਵਿਦਿਆਰਥੀਆਂ ਨੂੰ ਗਰੁੱਪ ਬਣਾ ਕੇ ਪ੍ਰੋਜੈਕਟ ਦਿੱਤਾ ਜਾਂਦਾ ਹੈ ਅਤੇ ਉਹਨਾਂ ਨੂੰ ਤਾਂ ਹੀ ਪਾਸ ਕੀਤਾ ਜਾਂਦਾ ਹੈ ਜੇਕਰ ਉਹਨਾਂ ਦਾ ਗਰੁੱਪ (ਜੋ ਲਗਭਗ ਦਸ ਵਿਦਿਆਰਥੀਆਂ ਦਾ ਹੁੰਦਾ ਹੈ) ਇੱਕ ਮਿਲੀਅਨ ਅਮਰੀਕੀ ਡਾਲਰ ਮੁਨਾਫਾ ਕਮਾ ਸਕਦਾ ਹੈ।

ਹੈਰਾਨ ਨਾ ਹੋਵੋ ਇਹ ਸਚਾਈ ਹੈ।ਇਸੇ ਕਰਕੇ ਦੁਨੀਆ ਭਰ ਦਾ ਅੱਧਾ ਬਿਜਨਸ ਯਹੂਦੀਆਂ ਵੱਲੋ ਕੰਟਰੋਲ ਕੀਤਾ ਜਾ ਰਿਹਾ ਹੈ। ਉਦਾਹਰਨ ਵਜੋਂ ਲੇਵਿਸ ਦਾ ਸਭ ਤੋਂ ਨਵਾਂ ਡਿਜਾਈਨ ਕਿਸਨੇ ਤਿਆਰ ਕੀਤਾ ਹੈ ?....ਇਹ ਇਜਰਾਈਲ ਯੂਨੀਵਰਸਿਟੀ ਦੇ ਬਿਜਨਸ ਅਤੇ ਫੈਸ਼ਨ ਵਿਭਾਗ ਦੇ ਵਿਦਿਆਰਥੀਆਂ ਨੇ ਤਿਆਰ ਕੀਤਾ ਹੈ।

ਕੀ ਤੁਸੀਂ ਵੇਖਿਆ ਹੈ ਕਿ ਉਹ ਪਰਾਥਨਾ ਕਿਵੇਂ ਕਰਦੇ ਹਨ ? ਉਹ ਹਮੇਸ਼ਾਂ ਸਿਰ ਹਿਲਾਂਉਂਦੇ ਹਨ। ਉਹਨਾਂ ਦਾ ਵਿਸ਼ਵਾਸ਼ ਹੈ ਕਿ ਇਹ ਗਤੀ ਵਿਧੀ ਦਿਮਾਗ ਨੂੰ ਪ੍ਰੇਰਿਤ ਕਰਦੀ ਹੈ ਅਤੇ ਦਿਮਾਗ ਨੂੰ ਜਿਆਦਾ ਆਕਸੀਜਨ ਮੁਹਈਆ ਕਰਵਾਉਂਦੀ ਹੈ।ਜਪਾਨੀਆਂ ਵੱਲ ਵੇਖੋ ਉਹ ਆਪਣੇ ਸਭਿਆਚਾਰ ਅਨੁਸਾਰ ਹਮੇਸ਼ਾਂ ਸਿਰ ਝੁਕਾਉਂਦੇ ਹਨ ਉਹਨਾਂ ਵਿੱਚੋਂ ਬਹੁਤੇ ਤੇਜ਼ ਦਿਮਾਗ ਹਨ, ਉਹ ਸ਼ੂਸ਼ੀ (ਤਾਜਾ ਮੱਛੀ) ਪਸੰਦ ਕਰਦੇ ਹਨ - ਕੀ ਇਹ ਸੰਯੋਗਵੱਸ ਹੈ ?

ਅਮਰੀਕਾ ਵਿਚ ਨਿਊਯਾਰਕ ਵਿਚਲਾ ਯਹੂਦੀਆਂ ਵਾਸਤੇ ਟ੍ਰੇਡਿੰਗ ਸੈਂਟਰ ਕੇਵਲ ਯਹੂਦੀਆਂ ਵਾਸਤੇ ਸਾਰੇ ਪ੍ਰਬੰਧ ਕਰਦਾ ਹੈ ਜੇ ਕਿਸੇ ਯਹੂਦੀ ਕੋਲ ਕੋਈ ਨਵਾਂ ਆਈਡੀਆ ਹੋਵੇ ਤਾਂ ਕੰਪਨੀ ਉਸਨੂੰ ਬਿਜਨਸ ਕਰਨ ਦੇ ਸਮਰੱਥ ਬਣਾਉਣ ਲਈ ਵਿਆਜ ਰਹਿਤ ਕਰਜ ਦਿੰਦੀ ਹੈ। ਇਸੇ ਤਰਾਂ ਯਹੂਦੀ ਕੰਪਨੀਆਂ ਜਿਵੇਂ ਸਟਾਰਬਕਸ, ਡੈਲ ਕੰਪਿਊਟਰ, ਕੋਕਾ ਕੋਲਾ, ਓਰੈਕਲ, ਲੇਵਿਸ, ਡੰਕਿਨ ਡੋਨਟ, ਹਾਲੀਵੁਡ ਫਿਲਮਾਂ ਅਤੇ ਸੈਂਕੜੇ ਹੋਰ ਵਪਾਰਿਕ ਅਦਾਰਿਆਂ ਨੂੰ ਫਰੀ ਸਪਾਂਸਰਸ਼ਿਪ ਦਿੱਤੀ ਗਈ ਹੈ।

ਯਹੂਦੀ ਮੈਡੀਕਲ ਸਨਾਤਕਾਂ ਨੂੰ ਆਪਣੇ ਨਾਲ ਰਜਿਸਟਰ ਕਰਕੇ ਲਈ ਵਿਆਜ ਮੁਕਤ ਕਰਜ ਦੇ ਕੇ ਪ੍ਰਾਈਵੇਟ ਪ੍ਰੈਕਟਿਸ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਹੁਣ ਮੈਂ ਜਾਣਿਆ ਕਿ ਕੈਲੀਫਰਨੀਆ ਦੇ ਹਸਪਤਾਲਾਂ ਵਿੱਚ ਸਪੈਸ਼ਲਿਟ ਡਾਕਟਰਾਂ ਦੀ ਕਿਉਂ ਘਾਟ ਰਹਿੰਦੀ ਹੈ।

ਸਿਗਰਟ ਨੋਸ਼ੀ ਘੱਟ ਦਿਮਾਗ ਵਾਲੀਆਂ ਪੀੜੀਆਂ ਲੈ ਕੇ ਆਵੇਗੀ। ਮੇਰੀ ਸਿੰਘਾਪੁਰ ਯਾਤਰਾ ਦੌਰਾਨ ਮੈਨੂੰ ਵੇਖ ਕੇ ਹੈਰਾਨੀ ਹੋਈ ਸਿਗਰਟ ਪੀਣ ਵਾਲੇ ਨਾਲ ਕੁਜਾਤ ਵਾਂਗ ਵਿਹਾਰ ਕੀਤਾ ਜਾਂਦਾ ਹੈ ਅਤੇ ਸਿਗਰਟ ਦੇ ਪੈਕਟ ਦੀ ਕੀਮਤ 7 ਅਮਰੀਕੀ ਡਾਲਰ ਹੈ, ਜਿਵੇਂ ਇਜਰਾਈਲ ਵਿੱਚ ਮਨਾਹੀ ਹੈ ਸਿੰਘਾਪੁਰ ਸਰਕਾਰ ਦੀ ਬਣਤਰ ਵੀ ਇਜਰਾਈਲ ਸਰਕਾਰ ਵਾਂਗ ਹੈ ਇਥੇ ਹਾਈ ਸਟੈਂਡਰਡ ਯੂਨੀਵਰਸਿਟੀਆਂ ਹਨ। ਜਦੋਂ ਕਿ ਸਿੰਘਾਪੁਰ ਦਾ ਖੇਤਰ ਮਸਾਂ ਮਾਨਹੈਟਨ ਜਿੰਨਾ ਹੈ।

ਇੰਡੋਨੇਸ਼ੀਆ ਵੱਲ ਵੇਖੋ ਹਰ ਥਾਂ ਲੋਕ ਸਿਗਰਟ ਪੀ ਰਹੇ ਹਨ। ਸਿਗਰਟ ਦਾ ਪੈਕਟ ਬਹੁਤ ਸਸਤਾ ਹੈ ਸਿਰਫ ਪੌਣੇ ਅਮਰੀਕੀ ਡਾਲਰ ਦਾ। ਕਈ ਮਿਲੀਅਨ ਲੋਕਾਂ ਵਿੱਚੋਂ ਬਹੁਤ ਥੋੜੇ ਪ੍ਰਤਿਭਾਸ਼ਾਲੀ ਹਨ। ਗਿਣਤੀ ਦੀਆਂ ਯੂਨੀਵਰਸਿਟੀਆਂ ਤੇ ਉਹ ਵੀ ਜੋ ਉਤਪਾਦ ਕਰ ਰਹੀਆਂ ਹਨ, ਕੀ ਉਹ ਮਾਣਯੋਗ ਹੈ ? ਨੀਵੇਂ ਦਰਜੇ ਦਾ ਤਕਨੀਕੀ ਗਿਆਨ, ਆਪਣੀ ਬੋਲੀ ਤੋਂ ਇਲਾਵਾ ਹੋਰ ਕੋਈ ਬੋਲੀ ਨਾ ਬੋਲ ਸਕਣਾ, ਉਦਾਹਰਨ ਵਜੋਂ:- ਕਿਉਂ ਉਨ੍ਹਾਂ ਨੂੰ ਅੰਗਰੇਜ਼ੀ ਵਿੱਚ ਮਾਸਟਰ ਡਿਗਰੀ ਕਰਨਾਂ ਏਨਾਂ ਮੁਸ਼ਕਿਲ ਲਗਦਾ ਹੈ। ਇਹ ਸਭ ਸਿਗਰਟਨੋਸ਼ੀ ਅਤੇ ਸਭਿਆਚਾਰ ਕਰਕੇ ਹੀ ਹੈ।

ਮੇਰੀ ਖੋਜ ਵਿੱਚ ਮੈਂ ਕਿਸੇ ਧਰਮ ਜਾਂ ਜਾਤ ਤੇ ਉਂਗਲ ਨਹੀਂ ਚੁਕਦਾ - ਕਿਉਂ ਯਹੂਦੀ ਇਨੇ ਆਤਮ ਵਿਸ਼ਵਾਸ਼ੀ ਹਨ ਕਿ ਉਹ ਫਿਰੌਣਾ ਤੋਂ ਹਿਟਲਰ ਤੱਕ ਖਦੇੜੇ ਜਾਂਦੇ ਰਹੇ ਮੇਰੇ ਵਾਸਤੇ ਇਹ ਰਾਜਨੀਤਕ ਅਤੇ ਅਸਥਿਤਵ ਕਾਰਨਾਂ ਕਰਕੇ ਹੈ। ਪਰ ਸਿੱਟੇ ਦੀ ਗੱਲ ਹੈ ਕਿ :- ਕੀ ਅਸੀਂ ਬਿਲਕੁਲ ਯਹੂਦੀਆਂ ਵਾਂਗ ਬੁਧੀਮਾਨ ਪੀੜ੍ਹੀ ਪੈਦਾ ਕਰ ਸਕਾਂਗੇ ?

ਉੱਤਰ "ਹਾਂ" ਹੋ ਸਕਦਾ ਹੈ। ਸਾਨੂੰ ਖਾਣ ਪੀਣ ਦੀਆਂ ਰੋਜਾਨਾ ਆਦਤਾਂ ਅਤੇ ਬੱਚਿਆਂ ਨੂੰ ਪਾਲਣ ਪੋਸ਼ਨ ਦੇ ਤਰੀਕੇ ਬਦਲਣ ਦੀ ਲੋੜ ਹੈ ਅਤੇ ਸ਼ਾਇਦ ਇਹ ਪ੍ਰਾਪਤੀ ਤਿੰਨ ਪੀੜੀਆਂ ਵਿਚ ਹੋਵੇਗੀ। ਇਹ ਮੈਂ ਆਪਣੇ ਪੋਤਰੇ ਚ ਵੇਖ ਸਕਾਂਗਾ। ਉਦਾਹਰਨ - ਉਹ ਨੌ ਸਾਲ ਦੀ ਉਮਰ ਵਿੱਚ ਪੰਜ ਸਫਿਆਂ ਦਾ ਲੇਖ "ਮੈਨੂੰ ਟਮਾਟਰ ਕਿਉਂ ਪਸੰਦ ਹਨ" ਦੇ ਵਿਸ਼ੇ ਤੇ ਲਿਖ ਸਕਦਾ ਹੋਵੇਗਾ।

ਦੁਆ ਹੈ ਅਸੀਂ ਸਾਰੇ ਅਮਨ ਸ਼ਾਂਤੀ ਵਿੱਚ ਹੋਈਏ ਅਤੇ ਮਨੁੱਖਤਾ ਦੀ ਭਲਾਈ ਵਾਸਤੇ ਭਵਿਖ ਵਿੱਚ ਪ੍ਰਤਿਭਾਸ਼ਾਲੀ ਪੀੜੀ ਪੈਦਾ ਕਰਨ ਵਿੱਚ ਕਾਮਯਾਬ ਹੋਈਏ। ਇਹ ਕੋਈ ਮਸਲਾ ਨਹੀ ਕਿ ਤੁਸੀਂ ਕੌਣ ਹੋ।

ਲੜੀਵਾਰ ਨਾਵਲ

ਸ਼ਿਵਚਰਨ ਜੱਗੀ (ਕੁੱਸਾ)




ਫੋਨ : 07853 317 891

Email: jaggikussa@yahoo.de


**ਕਿਸ਼ਤ 6ਵੀਂ**

# ਇੱਕ ਮੇਰੀ ਅੱਖ ਕਾਸ਼ਣੀ...

**ਪਾਇਲ ਕਾਫ਼ੀ ਦੇਰ ਗੋਡਿਆਂ ਵਿੱਚ ਸਿਰ ਦੇਈ ਬੈਠੀ ਸੋਚਦੀ ਰਹੀ। ... ਜੋ ਕੁਛ ਇਹ ਕਹਿ ਰਿਹਾ ਹੈ, ਕੀ ਉਹ ਸੱਚ ਹੋ ਸਕਦੈ...? ...ਹੁਣ ਜਦੋਂ ਇਸ ਨੇ ਮੇਰੀ ਇੱਜ਼ਤ 'ਤੇ ਡਾਕਾ ਮਾਰ ਹੀ ਦਿੱਤੈ, ਫ਼ੇਰ ਹੁਣ ਮੈਂ ਕਿਸੇ ਹੋਰ ਦੀ ਹੋਣ ਜੋਕਰੀ ਤਾਂ ਰਹਿ ਨਹੀਂ ਗਈ...। ... ਹੁਣ ਤਾਂ ਇਸ ਜੋਕਰੀ ਹੀ ਹਾਂ..। ਹੁਣ ਜੇ ਮੈਨੂੰ ਇਹ ਅਪਨਾਉਣ ਨੂੰ ਤਿਆਰ ਹੈ, ਤਾਂ ਮੈਨੂੰ ਵੀ ਹਠ ਨਹੀਂ ਕਰਨਾ ਚਾਹੀਦਾ...। ... ਮੇਰੇ ਮਾਂ ਬਾਪ ਦੀ ਇੱਜ਼ਤ ਹੁਣ ਮੇਰੇ ਆਪਣੇ ਹੱਥ ਹੈ..। ...ਉਹਨਾਂ ਨੇ ਮੈਨੂੰ ਇਤਨੀ ਖੁੱਲ੍ਹ ਇਸ ਲਈ ਨਹੀਂ ਸੀ ਦਿੱਤੀ, ਕਿ ਮੈਂ ਹੋਟਲਾਂ ਦੇ ਕਮਰਿਆਂ ਵਿੱਚ ਮੂੰਹ ਕਾਲ਼ਾ ਕਰਦੀ ਫ਼ਿਰਾਂ...। ...ਉਹਨਾਂ ਨੇ ਤਾਂ ਮੇਰੀ ਖ਼ੁਸ਼ੀ ਦੀ ਖ਼ਾਤਿਰ ਮੇਰੀਆਂ ਵਾਗਾਂ ਢਿੱਲੀਆਂ ਛੱਡੀ ਰੱਖੀਆਂ ਸੀ, ਕਿ ਜਾਹ ਅਤੇ ਆਪਣਾ ਕੈਰੀਅਰ ਬਣਾ...। ਪਰ ਮੈਂ ਕੀ ਕੀਤਾ...? ਉਸ ਦਾ ਮਨ ਫਿਰ ਭਰ ਆਇਆ।**




## ਕਾਂਡ 4

ਗੀਟਣ ਨੇ ਦਰਵਾਜੇ ਦੀ "ਪੀਕ ਹੋਲ" ਵਿੱਚ ਦੀ ਦੇਖਿਆ ਤਾਂ ਬਹਿਰਾ ਖਾਣੇ ਦੀ ਟਰਾਲੀ ਲਈ ਬਾਹਰ ਖੜ੍ਹਾ ਸੀ।

ਗੀਟਣ ਨੇ ਦਰਵਾਜੇ ਤੋਂ ਪਿੱਛੇ ਹਟ ਕੇ ਪਾਇਲ ਵੱਲ ਦੇਖਿਆ। ਉਹ ਰਜਾਈ ਵਿੱਚ ਮੂੰਹ ਲਈ, ਸ਼ਾਂਤ ਪਈ ਸੀ। ਗੀਟਣ ਨੇ ਦਰਵਾਜਾ ਖੋਲ੍ਹ ਦਿੱਤਾ। ਬਹਿਰਾ ਖਾਣੇ ਦੀ ਟਰਾਲੀ ਅੰਦਰ ਲੈ ਆਇਆ। ਗੀਟਣ ਨੇ ਉਸ ਨੂੰ ਹੱਥ ਦਾ ਇਸ਼ਾਰਾ ਕਰ ਦਿੱਤਾ ਅਤੇ ਉਹ ਟਰਾਲੀ ਛੱਡ ਬਾਹਰ ਨਿਕਲ਼ ਗਿਆ।

ਗੀਟਣ ਖਾਣੇ ਵਾਲ਼ੀ ਟਰਾਲੀ ਆਦਮ ਕੱਦ ਸ਼ੀਸ਼ੇ ਕੋਲ਼ ਲੈ ਆਇਆ।

ਉਸ ਨੇ ਪਾਇਲ ਨੂੰ ਹਲੂਣਿਆਂ।

-"ਪਾਇਲ, ਉਠ ਕੁਛ ਖਾ ਲੈ...!" ਗੀਟਣ ਨੇ ਬੜੇ 'ਮੁਲਾਇਮ' ਤਰੀਕੇ ਨਾਲ਼ ਕਿਹਾ। ਵੈਸੇ ਗੁੱਸਾ ਤਾਂ ਗੀਟਣ ਦਾ ਉਦੋਂ ਹੀ ਹੁੱਕੇ ਦੀ ਸੁਆਹ ਵਾਂਗ ਉਡ ਗਿਆ ਸੀ, ਜਦੋਂ ਉਸ ਨੇ ਬੇਵੱਸ ਪਾਇਲ ਆਪਣੇ ਹੇਠ ਪਈ ਰੋਂਦੀ ਦੇਖੀ ਸੀ। ਪਰ ਗੀਟਣ ਵਰਗੇ ਕਰੂਰ ਸੁਭਾਅ ਵਾਲ਼ੇ ਬੰਦੇ ਦੇ ਮਨ ਵਿੱਚ ਦਇਆ ਕਦਾਚਿਤ ਨਹੀਂ ਆ ਸਕਦੀ ਸੀ। ਉਹ ਜੰਗਲੀ ਮਾਹੌਲ ਵਿੱਚ ਪਲਿਆ ਇੱਕ ਮੁੰਡਾ ਨਹੀਂ, ਇੱਕ ਜਾਨਵਰ ਸੀ। ਖ਼ੂੰਖ਼ਾਰ ਜਾਨਵਰ। ਉਸ ਦੇ ਬਾਪ ਨੇ ਆਪਣਾ ਸਿਆਸੀ ਸਫ਼ਰ ਪਿੰਡ ਦੀ ਪੰਚਾਇਤ ਮੈਂਬਰੀ ਤੋਂ ਸ਼ੁਰੂ ਕੀਤਾ ਸੀ। ਪੰਚਾਇਤ ਮੈਂਬਰ ਤੋਂ ਸਰਪੰਚ ਅਤੇ ਸਰਪੰਚ ਤੋਂ ਚੇਅਰਮੈਨ। ਚੇਅਰਮੈਨ ਦੇ ਅਹੁਦੇ ਨੂੰ ਮਾਣਦਾ ਉਹ ਕਦੇ ਐਮ. ਪੀ. ਅਤੇ ਕਦੇ ਐੱਮ.ਐੱਲ.ਏ. ਬਣਦਾ ਰਿਹਾ। ਇਸ ਸਿਆਸੀ ਅਤੇ ਰੰਗੀਨ ਜਿਹੇ ਮਾਹੌਲ ਵਿੱਚ ਪਲ਼ੇ ਗੀਟਣ ਨੂੰ ਨਾ ਤਾਂ ਬਹੁਤਾ ਮਾਂ ਦਾ ਅਤੇ ਨਾ ਹੀ ਪਿਉ ਦਾ ਪ੍ਰੇਮ ਨਸੀਬ ਹੋਇਆ। ਸਹੂਲਤ ਤਾਂ ਉਸ ਨੂੰ ਹਰ ਤਰ੍ਹਾਂ ਦੀ ਨਸੀਬ ਹੁੰਦੀ ਰਹੀ, ਪਰ ਮਾਂ-ਬਾਪ ਦੇ ਮੋਹ ਅਤੇ ਮੁਹੱਬਤ ਤੋਂ ਉਹ ਕੋਰਾ ਅਤੇ ਅਣਭਿੱਜ ਹੀ ਰਿਹਾ। ਇਸ ਖ਼ੁਦਗਰਜ਼ੀ ਭਰੇ ਮਾਹੌਲ ਵਿੱਚ ਪਲ਼ਿਆ ਅਤੇ ਵੱਡਾ ਹੋਇਆ ਗੀਟਣ ਪਸ਼ੂਆਂ ਵਰਗਾ ਬਣ ਤੁਰਿਆ ਸੀ। ਉਸ ਨੂੰ ਨਾ ਕਦੇ ਕਿਸੇ ਨੇ ਚੱਜ ਨਾਲ਼ ਮੋਹ ਕੀਤਾ ਅਤੇ ਨਾ ਹੀ ਉਸ ਨੂੰ ਕਿਸੇ ਦਾ ਮੋਹ ਆਇਆ।

ਜਦ ਪਾਇਲ ਨਾ ਬੋਲੀ ਤਾਂ ਗੀਟਣ ਨੂੰ ਫ਼ਿਕਰ ਹੋਇਆ।

ਉਸ ਨੇ ਰਜਾਈ ਲਾਹ ਕੇ ਪਾਇਲ ਨੂੰ ਦੇਖਿਆ ਤਾਂ ਪਾਇਲ ਰੋ ਰਹੀ ਸੀ। ਉਸ ਦੀਆਂ ਅੱਖਾਂ ਵਿੱਚੋਂ ਹੰਝੂ "ਪਰਲ-ਪਰਲ" ਚੱਲ ਰਹੇ ਸਨ।

-"ਪਾਇਲ, ਉਠ...!" ਉਸ ਨੇ ਬਾਹੋਂ ਫੜ ਕੇ ਉਸ ਨੂੰ ਉਠਾਉਣਾ ਚਾਹਿਆ। ਪਰ ਪਾਇਲ ਨੇ ਇੱਕੋ ਝਟਕੇ ਨਾਲ਼ ਬਾਂਹ ਛੁਡਾ ਲਈ।

ਗੀਟਣ ਕੁਰਸੀ ਲੈ ਕੇ ਉਸ ਦੇ ਬਰਾਬਰ ਬੈਠ ਗਿਆ।

ਪਾਇਲ ਚੁੱਪ ਚਾਪ ਰੋਂਦੀ ਰਹੀ।

ਅੱਖਾਂ ਵਿੱਚੋਂ ਬੇਕਦਰੇ ਅੱਥਰੂ ਚੱਲਦੇ ਰਹੇ।

ਗੀਟਣ ਕੋਲ਼ ਪੱਥਰ ਹੋਇਆ ਬੈਠਾ ਸੀ। ਉਸ ਨੂੰ ਕੁਝ ਸੁੱਝ ਨਹੀਂ ਸੀ ਰਿਹਾ ਕਿ ਉਹ ਕੀ ਕਰੇ, ਜਾਂ ਕੀ ਕਹੇ..?

ਅਚਾਨਕ ਦਰਵਾਜੇ 'ਤੇ ਘੰਟੀ ਫ਼ਿਰ ਖੜਕੀ।

ਗੀਟਣ ਫਿਰ ਚੁਕੰਨਾਂ ਹੋ ਗਿਆ। ਉਸ ਨੇ ਉਠ ਕੇ ਫਿਰ "ਪੀਕ ਹੋਲ" ਵਿੱਚ ਦੀ ਬਾਹਰ ਦੇਖਿਆ ਤਾਂ ਸਿਲਕੀ ਅਤੇ ਜੋਸ਼ਨ ਦਰਵਾਜੇ ਦੇ ਸਾਹਮਣੇ ਖੜ੍ਹੇ ਸਨ। ਗੀਟਣ ਨੇ ਦਰਵਾਜਾ ਖੋਲ੍ਹ ਦਿੱਤਾ। ਸਿਲਕੀ ਅਤੇ ਜੋਸ਼ਨ ਅੰਦਰ ਲੰਘ ਆਏ। ਜਦ ਸਿਲਕੀ ਨੇ "ਹਾਏ ਪਾਇਲ ਡਾਰਲਿੰਗ" ਕਿਹਾ ਤਾਂ ਪਾਇਲ ਫੱਟੜ ਸ਼ੀਹਣੀ ਵਾਂਗ ਸਿਲਕੀ ਵੱਲ ਗਈ। ਪਰ ਗੀਟਣ ਨੇ ਉਸ ਨੂੰ ਮੁੰਗਲ਼ੇ ਵਰਗੀਆਂ ਬਾਂਹਾਂ ਵਿੱਚ ਬੋਚ ਲਿਆ।

-"ਤੂੰ ਹਰਾਮਜ਼ਾਦੀਏ ਕੰਜਰੀਏ, ਮੈਨੂੰ ਐਸ ਕੰਮ ਨੂੰ ਐਥੇ ਲੈ ਕੇ ਆਈ ਸੀ, ਰੰਡੀਏ...?" ਉਸ ਨੇ ਖਾਣੇ ਵਾਲ਼ੀ ਟਰਾਲੀ ਉਪਰੋਂ ਗਿਲਾਸ ਚੁੱਕ ਕੇ ਸਿਲਕੀ ਵੱਲ ਵਗਾਹ ਮਾਰਿਆ। ਬਚਾਓ ਲਈ ਸਿਲਕੀ ਇੱਕ ਪਾਸੇ ਹੋ ਗਈ। ਗਿਲਾਸ ਕੰਧ ਵਿੱਚ ਵੱਜ ਕੇ ਟੁਕੜੇ-ਟੁਕੜੇ ਹੋ ਗਿਆ।

-"ਲੁੱਚੀਏ, ਜੇ ਤੂੰ ਲੁੱਚੀ ਸੀ, ਤਾਂ ਸਾਰੀਆਂ ਤਾਂ ਨੀ ਲੁੱਚੀਆਂ ਹੁੰਦੀਆਂ...? ਗਸ਼ਤੀਏ, ਜੇ ਮੈਂ ਤੇਰੇ 'ਤੇ ਵਿਸ਼ਵਾਸ ਕੀਤਾ ਸੀ, ਤਾਂ ਤੈਨੂੰ ਤਾਂ ਕੁਛ ਸ਼ਰਮ ਚਾਹੀਦੀ ਸੀ...? ਇੱਕ ਘਰ ਤਾਂ ਡੈਣ ਵੀ ਛੱਡ ਲੈਂਦੀ ਐ, ਮੈਂ ਤਾਂ ਤੇਰੀ ਲੁੱਚੀ ਮਾਸੀ ਨੂੰ ਰੱਬ ਮੰਨੀ ਬੈਠੀ ਸੀ, ਮੈਨੂੰ ਕੀ ਪਤਾ ਸੀ ਬਈ ਉਹ ਵੀ ਪੈਸੇ ਖਾਤਰ ਦੱਲੀ ਬਣ ਤੁਰੂਗੀ...?" ਉਹ ਬੈੱਡ ਵਿੱਚ ਬੈਠ ਫਿਰ ਰੋਣ ਲੱਗ ਪਈ।

ਗੀਟਣ ਨੇ ਸਿਲਕੀ ਅਤੇ ਜੋਸਨ ਨੂੰ ਇਸ਼ਾਰੇ ਨਾਲ਼ ਬਾਹਰ ਭੇਜ ਦਿੱਤਾ ਅਤੇ ਦਰਵਾਜੇ ਨੂੰ ਅੱਗੇ ਵਾਂਗ ਲੌਕ ਲਾ ਦਿੱਤਾ।

-"ਪਾਇਲ, ਲੈ ਪਾਣੀ ਪੀ...।"

-"..............।" ਪਾਇਲ ਗੁੱਸੇ ਵਿੱਚ ਸੜੀ ਕੰਬੀ ਜਾ ਰਹੀ ਸੀ।

-"ਪਾਇਲ ਪਾਣੀ ਪੀਅ ਪਲੀਜ਼...! ਫ਼ੇਰ ਮੈਂ ਤੈਨੂੰ ਇੱਕ ਗੱਲ ਦੱਸੂੰਗਾ...। ਤੇਰੇ ਭਲੇ ਦੀ ਹੀ ਗੱਲ ਹੋਊ...!" ਪਾਇਲ ਨੇ ਵਗਦੇ ਹੰਝੂ ਪੂੰਝ ਲਏ ਅਤੇ ਪਾਣੀ ਦਾ ਗਿਲਾਸ ਫੜ ਕੇ ਪੀ ਲਿਆ। ਉਸ ਨੂੰ ਮਹਿਸੂਸ ਹੋਇਆ ਜਿਵੇਂ ਪਾਣੀ ਦਗਦੇ ਕੋਲਿਆਂ ਉਪਰ ਡਿੱਗਿਆ ਸੀ। ਉਸ ਨੂੰ ਮਹਿਸੂਸ ਹੋਇਆ ਜਿਵੇਂ ਅੰਦਰ ਬਲਦੀ ਅੱਗ ਕੁਝ ਸ਼ਾਂਤ ਹੋ ਗਈ ਸੀ।

-"ਪਾਇਲ, ਇੱਕ ਗੱਲ ਵਾਅਦੇ ਨਾਲ਼ ਆਖਦੈਂ, ਮੈਂ ਤੈਨੂੰ ਧੋਖਾ ਨਹੀਂ ਦਿਊਂਗਾ, ਮੈਂ ਤੇਰੇ ਨਾਲ਼ ਸ਼ਾਦੀ ਕਰੂੰਗਾ...।" ਗੀਟਣ ਦੇ ਕਹਿਣ 'ਤੇ ਪਾਇਲ ਇੱਕ ਦਮ ਉਸ ਵੱਲ ਝਾਕੀ। ਗੀਟਣ ਨੂੰ ਪਾਇਲ ਕੋਲ਼ੋਂ ਭੈਅ ਆਇਆ। ਪਰ ਮੁੜ ਸ਼ਾਂਤ ਜਿਹੀ ਦੇਖ ਕੇ ਉਸ ਦਾ ਮਨ ਟਿਕ ਗਿਆ।

ਪਾਇਲ ਕਾਫ਼ੀ ਦੇਰ ਗੋਡਿਆਂ ਵਿੱਚ ਸਿਰ ਦੇਈ ਬੈਠੀ ਸੋਚਦੀ ਰਹੀ। ... ਜੋ ਕੁਛ ਇਹ ਕਹਿ ਰਿਹਾ ਹੈ, ਕੀ ਉਹ ਸੱਚ ਹੋ ਸਕਦੈ...? ...ਹੁਣ ਜਦੋਂ ਇਸ ਨੇ ਮੇਰੀ ਇੱਜ਼ਤ 'ਤੇ ਡਾਕਾ ਮਾਰ ਹੀ ਦਿੱਤੈ, ਫ਼ੇਰ ਹੁਣ ਮੈਂ ਕਿਸੇ ਹੋਰ ਦੀ ਹੋਣ ਜੋਕਰੀ ਤਾਂ ਰਹਿ ਨਹੀਂ ਗਈ...। ... ਹੁਣ ਤਾਂ ਇਸ ਜੋਕਰੀ ਹੀ ਹਾਂ..। ਹੁਣ ਜੇ ਮੈਨੂੰ ਇਹ ਅਪਨਾਉਣ ਨੂੰ ਤਿਆਰ ਹੈ, ਤਾਂ ਮੈਨੂੰ ਵੀ ਹਠ ਨਹੀਂ ਕਰਨਾ ਚਾਹੀਦਾ...। ... ਮੇਰੇ ਮਾਂ ਬਾਪ ਦੀ ਇੱਜ਼ਤ ਹੁਣ ਮੇਰੇ ਆਪਣੇ ਹੱਥ ਹੈ..। ...ਉਹਨਾਂ ਨੇ ਮੈਨੂੰ ਇਤਨੀ ਖੁੱਲ੍ਹ ਇਸ ਲਈ ਨਹੀਂ ਸੀ ਦਿੱਤੀ, ਕਿ ਮੈਂ ਹੋਟਲਾਂ ਦੇ ਕਮਰਿਆਂ ਵਿੱਚ ਮੂੰਹ ਕਾਲ਼ਾ ਕਰਦੀ ਫ਼ਿਰਾਂ...। ...ਉਹਨਾਂ ਨੇ ਤਾਂ ਮੇਰੀ ਖ਼ੁਸ਼ੀ ਦੀ ਖ਼ਾਤਿਰ ਮੇਰੀਆਂ ਵਾਗਾਂ ਢਿੱਲੀਆਂ ਛੱਡੀ ਰੱਖੀਆਂ ਸੀ, ਕਿ ਜਾਹ ਅਤੇ ਆਪਣਾ ਕੈਰੀਅਰ ਬਣਾ...। ਪਰ ਮੈਂ ਕੀ ਕੀਤਾ...? ਉਸ ਦਾ ਮਨ ਫਿਰ ਭਰ ਆਇਆ।

....ਪਰ ਮੈਂ ਕਿਹੜਾ ਕੁਛ ਜਾਣ ਬੁੱਝ ਕੇ ਗ਼ਲਤ ਕੀਤੈ...? ਮੈਂ ਵੀ ਧੋਖੇ ਦਾ ਸ਼ਿਕਾਰ ਹੀ ਹੋਈ ਹਾਂ...! ...'ਸ਼ਿਕਾਰੀ' ਤਾਂ ਧੋਖਾ ਦੇਣ ਵਾਲ਼ੇ ਸੀ...। ਮੈਂ ਤਾਂ ਖ਼ੁਦ ਪੀੜਤ ਹਾਂ...। ...ਪਰ ਜੇ ਹੁਣ ਗੀਟਣ ਗੁਨਾਂਹ ਕਰ ਕੇ ਵੀ ਮੇਰੀ ਬਾਂਹ ਫੜਦੈ, ਉਸ ਵਿੱਚ ਵੀ ਇਸ ਦੀ ਦਰਿਆ-ਦਿਲੀ ਹੀ ਸਮਝਣੀ ਚਾਹੀਦੀ ਹੈ...। ... ਸਿਆਣੇ ਕਹਿੰਦੇ ਨੇ ਕਿ ਜੇ ਬੋਤਾ "ਇੱਛ-ਇੱਛ" ਕਰੇ ਤੋਂ ਨਾ ਬੈਠੇ, ਤਾਂ ਉਹਦਾ ਕੀ ਕਰ ਲਈਏ...? ਐਡੇ ਜਾਨਵਰ ਨੂੰ ਫੜ ਕੇ ਤਾਂ ਬਿਠਾਉਣੋਂ ਰਹੇ...? ... ਤੇ ਓਹੀ ਗੱਲ ਗੀਟਣ ਦੀ ਹੈ, ਜੇ ਇਹ ਗੁਨਾਂਹ ਕਰ ਕੇ ਵੀ ਦਗਾ ਦੇ ਜਾਂਦਾ, ਮੈਂ ਇਸ ਦਾ ਕੀ ਵਿਗਾੜ ਲੈਂਦੀ...? ...ਨਾਲ਼ੇ ਗੀਟਣ ਕੋਈ ਮਾੜਾ ਧੀੜਾ ਬੰਦਾ ਨਹੀਂ...। ... ਬਾਪ ਇਲਾਕੇ ਦੀ ਹਸਤੀ ਹੈ...। ... ਦੁਨੀਆਂ ਇਸ ਦੇ ਬਾਪ ਤੋਂ ਪੁੱਛ ਗੱਲ ਕਰਦੀ ਐ...। ...ਚੰਗਾ ਪੈਸੇ ਵਾਲਾ ਬੰਦੈ...।

-"ਤੁਸੀਂ ਮੇਰੇ ਨਾਲ਼ ਸੱਚੀਂ ਵਿਆਹ ਕਰੋਂਗੇ...?" ਜਿਵੇਂ ਸੁੱਕੀ ਵੇਲ ਨੂੰ ਪਾਣੀ ਨਸੀਬ ਹੋ ਗਿਆ ਸੀ। ਪਾਇਲ ਨੇ ਰੱਬ ਜਿੱਡੀ ਆਸ ਬੰਨ੍ਹ ਕੇ ਪੁੱਛਿਆ। ਉਹ ਅੰਦਰੋਂ ਤਿੜਕੀ, ਪਰ ਹੁਣ ਹਰੀ ਭਰੀ ਜਿਹੀ ਹੋਈ ਬੈਠੀ ਸੀ।

-"ਤੇ ਹੋਰ ਮੈਂ ਝੂਠ ਕਹਿਨੈਂ...?" ਉਹ ਪਾਇਲ ਦੇ ਹੋਰ ਨੇੜੇ ਹੋ ਗਿਆ, "ਬੱਸ, ਤੂੰ ਉਦਾਸ ਨਾ ਹੋ...। ਮੈਂ, ਜਿੰਨਾਂ ਤੈਨੂੰ ਦਰਦ ਤੇ ਪੀੜਾ ਦਿੱਤੀ ਐ, ਰਹਿੰਦੀ ਜ਼ਿੰਦਗੀ ਸੁਖੀ ਰੱਖਣ ਦੀ ਕੋਸ਼ਿਸ਼ ਕਰੂੰਗਾ, ਤੇ ਖ਼ੁਸ਼ੀਆਂ ਹੀ ਖ਼ੁਸ਼ੀਆਂ ਦਿਊਂਗਾ...।"

-"..........।" ਪਾਇਲ ਦੇ ਚਿਹਰੇ ਉਪਰ ਖੇੜਾ ਆ ਗਿਆ। ਉਸ ਨੂੰ ਪਹਿਲੀ ਵਾਰ ਗੀਟਣ 'ਚੰਗਾ-ਚੰਗਾ' ਲੱਗਿਆ ਸੀ।

-"ਜਿਹੜਾ ਗੁਨਾਂਹ ਮੇਰੇ ਤੋਂ ਹੋ ਗਿਆ, ਉਸ ਨੂੰ ਤਾਂ ਰਿਵਰਸ ਨਹੀਂ ਕਰ ਸਕਦਾ, ਪਰ ਪਛਤਾਵੇ ਵਜੋਂ ਤੈਨੂੰ ਸਾਰੀ ਜ਼ਿੰਦਗੀ ਆਪਣੀ ਰਾਣੀ ਬਣਾ ਕੇ ਰੱਖੂੰਗਾ, ਇਹ ਮੇਰਾ ਵਾਅਦਾ ਤੇ ਦਾਅਵਾ ਹੈ, ਮੇਰੀ ਜਾਨ...!" ਉਸ ਨੇ ਪਾਇਲ ਨੂੰ ਕਲਾਵੇ ਵਿੱਚ ਲੈ ਲਿਆ। ਪਾਇਲ ਨੂੰ ਗੀਟਣ ਦੇ ਨਾਲ਼ ਲੱਗ ਕੇ ਅਜੀਬ ਸਕੂਨ ਆਇਆ। ਉਸ ਨੇ ਵੀ ਗੀਟਣ ਨੂੰ ਘੁੱਟ ਕੇ ਗਲਵਕੜੀ ਪਾ ਲਈ। ਉਸ ਦੇ ਸਾਰੇ ਦੁੱਖ ਦਰਦ ਖ਼ਤਮ ਹੋ ਗਏ ਸਨ। ਤਨ ਅਤੇ ਮਨ ਦੀ ਪੀੜਾ ਰਫ਼ੂ ਚੱਕਰ ਹੋ ਗਈ ਸੀ।

-"ਜਾਹ ਦੰਦ ਸਾਫ਼ ਕਰ ਕੇ ਆ, ਫ਼ੇਰ ਆਪਾਂ 'ਕੱਠੇ ਬਰੇਕਫ਼ਾਸਟ ਕਰਦੇ ਆਂ...। ਇੱਕ ਗੱਲ ਹੋਰ-!" ਗੀਟਣ ਨੇ ਕਿਹਾ।

-"..................।" ਪਾਇਲ ਨੇ ਸੁਆਲੀਆ ਨਜ਼ਰਾਂ ਉਪਰ ਚੁੱਕੀਆਂ।

-"ਐਕਟਰਸ ਬਣਨ ਦਾ ਤੇਰਾ ਸੁਪਨਾ ਹੈ ਨ੍ਹਾਂ...?"

-"..................।" ਪਾਇਲ ਚੁੱਪ ਸੀ।

-"ਹੈਗ੍ਹਾ ਨ੍ਹਾਂ...?"

-"..................।" ਪਾਇਲ ਨੇ "ਹਾਂ" ਵਿੱਚ ਸਿਰ ਹਿਲਾਇਆ।

-"ਤੇਰਾ ਇਹ ਸੁਪਨਾ ਮੈਂ ਪੂਰਾ ਕਰੂੰਗਾ, ਇਹ ਵੀ ਵਾਅਦਾ ਰਿਹਾ...!"

-"ਪਰ ਇੱਕ ਗੱਲ ਦਾ ਹੋਰ ਵਾਅਦਾ ਕਰੋ...।"

-"ਹੁਕਮ ਕਰ...!"

-"ਸਿਲਕੀ ਤੇ ਵਾਰਡਨ ਮੈਡਮ ਨਾਲ਼ ਅੱਜ ਤੋਂ ਕੋਈ ਵਾਹ ਵਾਸਤਾ ਨਹੀਂ ਰੱਖਣਾ, ਪਲੀਜ਼...। ਉਹਨਾਂ ਨੇ ਮੇਰੇ ਨਾਲ਼ ਇੱਕ ਬਹੁਤ ਵੱਡਾ ਫ਼ਰੇਬ ਕੀਤੈ, ਜਿਸ ਨੂੰ ਮੈਂ ਕਦੇ ਨਹੀਂ ਭੁੱਲ ਸਕਦੀ, ਤੇ ਨਾ ਮੁਆਫ਼ ਕਰ ਸਕਦੀ ਆਂ...।"

-"ਇਹ ਵੀ ਵਾਅਦਾ ਰਿਹਾ...। ਜਾਹ ਹੁਣ ਦੰਦ ਸਾਫ਼ ਕਰ ਕੇ ਆ..।"

**ਚਲਦਾ...**


ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ! -ਸੰਪਾਦਕ

(10 ਦਸੰਬਰ ਜਨਮ ਦਿਨ 'ਤੇ ਵਿਸ਼ੇਸ਼




– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਸਿੱਖ ਇਤਿਹਾਸ ਦੇ ਸਫ਼ਲ ਚਿੱਤਰਕਾਰ – ਸ: ਕ੍ਰਿਪਾਲ ਸਿੰਘ ਆਰਟਿਸਟ ਨੂੰ ਯਾਦ ਕਰਦਿਆਂ

ਸਿੱਖ ਇਤਿਹਾਸ ਨੂੰ ਜਿਸ ਸਫਲਤਾ ਨਾਲ ਸ. ਕ੍ਰਿਪਾਲ ਸਿੰਘ ਆਰਟਿਸਟ ਨੇ ਚਿੱਤਰਿਆ, ਉਸ ਦੇਣ ਦੇ ਬਦਲੇ ਵਿਚ ਸਮੁੱਚਾ ਸਿੱਖ ਜਗਤ ਭਾਵੇਂ ਉਹ ਦੇਸ਼ ਵਿਚ ਜਾਂ ਵਿਦੇਸ਼ ਵਿਚ ਵੱਸਦਾ ਹੈ, ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਯਾਦ ਕਰਦਾ ਹੈ। ਚਿੱਤਰਕਾਰੀ ਇਕ ਕੋਮਲ ਕਲਾ ਹੈ, ਇਸ ਕਲਾ ਦੇ ਕਦਰਦਾਨ ਲੱਭਣ ਲਈ ਕਈ ਵਾਰ ਕਿਸੇ ਨਿਸ਼ਠਾਵਾਨ ਚਿੱਤਰਕਾਰ ਨੂੰ ਵੀ ਪੂਰਾ ਜੀਵਨ ਪਰਖ ਦੀਆਂ ਘੜੀਆਂ ਵਿੱਚੋਂ ਨਿਕਲਣਾ ਪੈਂਦਾ ਹੈ। ਸਾਡੇ ਘਰਾਂ ਤੋਂ ਅਜਾਇਬ-ਘਰਾਂ ਤੱਕ ਇਸ ਸੂਖਮ ਕਲਾ ਨੂੰ ਪਹੁੰਚਾਣ ਵਾਲਾ ਇਹ ਮਹਾਨ ਚਿੱਤਰਕਾਰ ਸ. ਕ੍ਰਿਪਾਲ ਸਿੰਘ ਆਰਟਿਸਟ ਅਜਿਹਾ ਕਲਾਕਾਰ ਸੀ, ਜਿਸ ਦੇ ਬੁਰਸ਼ ਦੀ ਛੂਹ ਨੂੰ ਅੱਜ ਵੀ ਹਰ ਉੱਭਰ ਰਿਹਾ ਚਿੱਤਰਕਾਰ ਤੇ ਕਲਾ ਪ੍ਰੇਮੀ ਸਿਰ ਝੁਕਾਉਂਦਾ ਹੈ। ਇਸ ਮਹਾਨ ਚਿੱਤਰਕਾਰ ਦਾ ਜਨਮ 10 ਦਸੰਬਰ, 1923 ਈ: ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਬੜਾ ਚੈਨ ਸਿੰਘ ਵਾਲਾ ਵਿੱਚ ਸ. ਭਗਤ ਸਿੰਘ ਤੇ ਮਾਤਾ ਹਰ ਕੌਰ ਦੇ ਗ੍ਰਹਿ ਵਿਖੇ ਹੋਇਆ। ਸ. ਕ੍ਰਿਪਾਲ ਸਿੰਘ ਦਾ ਬਚਪਨ ਆਮ ਪੇਂਡੂ ਬੱਚਿਆਂ ਵਾਂਗ ਹੀ ਬੀਤਿਆ। ਆਪਣੇ ਪਿੰਡ ਦੇ ਨੇੜਲੇ ਕਸਬੇ ਜ਼ੀਰਾ ਤੋਂ ਦੱਸਵੀਂ ਪਾਸ ਕਰਕੇ ਇਸ ਨੇ ਲਾਹੌਰ ਦੇ ਐਸ.ਡੀ. ਕਾਲਜ ਵਿਖੇ ਦਾਖਲਾ ਪ੍ਰਾਪਤ ਕੀਤਾ। ਇਥੋਂ ਇਨ੍ਹਾਂ ਐਫ. ਐਸ. ਸੀ. (ਨਾਨ-ਮੈਡੀਕਲ) ਦਾ ਇਮਤਿਹਾਨ ਪਾਸ ਕੀਤਾ।

1942 ਈ: ਵਿੱਚ ਇਹ ਸਿਰੜੀ ਤੇ ਮਿਹ-ਨਤੀ ਨੌਜਵਾਨ ਪੜ੍ਹਾਈ ਵਿੱਚਕਾਰ ਛੱਡ ਕੇ ਮਿਲਟਰੀ ਅਕਾਊਂਟਸ ਡਿਪਾਰਟਮੈਂਟ ਵਿੱਚ ਭਰਤੀ ਹੋ ਗਿਆ। 1942 ਤੋਂ 1947 ਤੱਕ ਲਗਾਤਾਰ ਇਸੇ ਵਿਭਾਗ ਵਿੱਚ ਕਾਰਜਸ਼ੀਲ ਰਿਹਾ। ਕਲਾ ਪ੍ਰੇਮੀ ਹੋਣ ਕਰਕੇ ਪੜ੍ਹਾਈ ਅਤੇ ਨੌਕਰੀ ਦੌਰਾਨ ਆਪਣੇ ਘਰ ਵਿੱਚ ਹੀ ਵੱਖ-ਵੱਖ ਘਟਨਾਵਾਂ ਅਤੇ ਉਘੇ ਵਿਅਕਤੀਆਂ ਦੇ ਚਿੱਤਰ ਤੇ ਖਾਕੇ ਬਣਾ ਕੇ ਆਪਣੇ ਆਲੇ-ਦੁਆਲੇ ਸਮਾਜ ਵਿੱਚ ਵੱਸਦੇ ਕਲਾ ਦੇ ਪਾਰਖੂਆਂ ਤੋਂ ਭਰਪੂਰ ਪ੍ਰਸ਼ੰਸਾ ਪ੍ਰਾਪਤ ਕਰਦਾ ਰਿਹਾ। 1947 ਵਿੱਚ ਦੇਸ਼ ਵੰਡਿਆ ਗਿਆ, ਸ. ਕ੍ਰਿਪਾਲ ਸਿੰਘ ਵਰਗੇ ਕੋਮਲ-ਭਾਵੀ ਕਲਾ ਪ੍ਰੇਮੀ ਦੇ ਮਨ 'ਤੇ ਗਹਿਰੀ ਸੱਟ ਵੱਜੀ। ਲਾਹੌਰ ਛੱਡ ਕੇ ਜਲੰਧਰ ਆਉਣਾ ਪਿਆ। ਸ. ਕ੍ਰਿਪਾਲ ਸਿੰਘ ਨੇ ਹੁਣ ਮਨ ਬਣਾ ਲਿਆ ਕਿ ਚਿੱਤਰਕਾਰੀ ਦੇ ਕਿੱਤੇ ਨੂੰ ਹੀ ਅਪਨਾਉਣਾ ਪਵੇਗਾ। ਇਸ ਕਿੱਤੇ ਵਿੱਚ ਸਫ਼ਲਤਾ ਦੀਆਂ ਪੌੜੀਆਂ ਚੜ੍ਹਨਾ ਅਤੇ ਕਿਸਮਤ ਅਜ਼ਮਾਈ ਕਰਦਾ ਇਹ ਮਹਾਨ ਕਲਾਕਾਰ ਦੇਸ਼ ਦੀ ਰਾਜਧਾਨੀ ਦਿੱਲੀ ਜਾ ਵੱਸਿਆ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੇਂਦਰੀ ਸਿੱਖ ਅਜਾਇਬ-ਘਰ ਦੇ ਇਤਿਹਾਸਕ ਚਿੱਤਰਾਂ ਦੀਆਂ ਸੇਵਾਵਾਂ ਲਈ ਬੁਲਾਇਆ। ਇਸ ਅਜਾਇਬ-ਘਰ ਦੀ ਸੇਵਾ ਨੂੰ ਬੜੀ ਤਨਦੇਹੀ ਨਾਲ ਨਿਭਾਇਆ। 1962 ਈ: ਵਿੱਚ ਸ. ਕ੍ਰਿਪਾਲ ਸਿੰਘ ਆਰਟਿਸਟ ਮੁੜ ਦਿੱਲੀ ਪਰਤ ਗਏ। ਉਥੇ ਉਨ੍ਹਾਂ ਗੁਰਦੁਆਰਾ ਬੰਗਲਾ ਸਾਹਿਬ ਲਈ ਅਨੇਕਾਂ ਬਹੁਮੁੱਲੇ ਚਿੱਤਰ ਬਣਾਏ। ਇਸ ਦੇ ਨਾਲ-ਨਾਲ ਸਿੱਖ ਰੈਜਮੈਂਟ ਸੈਂਟਰ ਲਈ ਵੀ ਚਿੱਤਰਕਾਰੀ ਕੀਤੀ। ਦਿੱਲੀ ਨਿਵਾਸ ਦੌਰਾਨ ਸ. ਕ੍ਰਿਪਾਲ ਸਿੰਘ ਦਾ ਮਿਲਾਪ ਕਲਾ-ਪਾਰਖੂ ਡਾ: ਮਹਿੰਦਰ ਸਿੰਘ ਰੰਧਾਵਾ ਨਾਲ ਹੋਇਆ। ਇਸ ਤੋਂ ਇਲਾਵਾ ਸ. ਕ੍ਰਿਪਾਲ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਸਮੇਂ ਗੁਰੂ ਤੇਗ ਬਹਾਦਰ ਮਿਊਜ਼ੀਅਮ ਸ੍ਰੀ ਅਨੰਦਪੁਰ ਸਾਹਿਬ ਨੂੰ ਸਖ਼ਤ ਮਿਹਨਤ ਨਾਲ ਤਿਆਰ ਕੀਤਾ। ਸ. ਕ੍ਰਿਪਾਲ ਸਿੰਘ ਦੀ ਚਿੱਤਰਕਾਰੀ ਨੂੰ ਉਦੋਂ ਹੋਰ ਉਤਸ਼ਾਹ ਮਿਲਿਆ, ਜਦੋਂ ਉਨ੍ਹਾਂ ਸਾਹਿਬਜ਼ਾਦਾ ਅਜੀਤ ਸਿੰਘ ਮੈਮੋਰੀਅਲ, ਐਸ.ਏ.ਐਸ. ਨਗਰ (ਮੁਹਾਲੀ) ਨੂੰ ਆਪਣੀ ਕਲਾ ਦੀ ਛੂਹ ਨਾਲ ਸ਼ਿੰਗਾਰਿਆ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬ ਦੀ ਵਿਰਾਸਤ ਨੂੰ ਚਿੱਤਰਿਆ। ਗੁਰਦੁਆਰਾ ਮਹਿਦੇਆਣਾ ਸਾਹਿਬ, ਜਗਰਾਉਂ ਅਤੇ ਗਦਰ ਪਾਰਟੀ ਮੈਮੋਰੀਅਲ ਮਿਊਜ਼ੀਅਮ ਲਈ ਵੀ ਉਨ੍ਹਾਂ ਬੇਸ਼ਕੀਮਤੀ ਚਿੱਤਰ ਕੌਮ ਦੀ ਝੋਲੀ ਵਿੱਚ ਪਾਏ।



ਹਮੇਸ਼ਾ ਕਾਲੇ ਬਸਤਰਾਂ ਨੂੰ ਧਾਰਨ ਕਰਨ ਵਾਲੇ ਸ. ਕ੍ਰਿਪਾਲ ਸਿੰਘ ਆਰਟਿਸਟ ਨੂੰ ਅਨੇਕਾਂ ਸੰਸਥਾਵਾਂ ਨੇ ਸਮੇਂ-ਸਮੇਂ ਬਹੁਤ ਸਾਰੇ ਮਾਣ-ਸਨਮਾਨ ਦਿੱਤੇ। ਪੰਜਾਬ ਆਰਟਸ ਕੌਂਸਲ ਵੱਲੋਂ ਸਰਵੋਤਮ ਚਿੱਤਰਕਾਰ ਵਜੋਂ 1981 ਵਿੱਚ ਸਨਮਾਨਿਤ ਕੀਤਾ ਗਿਆ। ਆਪਣੇ ਆਖਰੀ ਸਾਹਾਂ ਤੱਕ ਇਹ ਮਹਾਨ ਚਿੱਤਰਕਾਰ ਕਲਾ ਨੂੰ ਸਮਰਪਿਤ ਹੋ ਕੇ ਜੀਵਿਆ। ਚਿੱਤਰਕਾਰੀ ਦੇ ਖੇਤਰ ਵਿੱਚ ਜਿਹੜਾ ਮਾਣ ਸ. ਕ੍ਰਿਪਾਲ ਸਿੰਘ ਨੇ ਪ੍ਰਾਪਤ ਕੀਤਾ, ਉਹ ਵਿਰਲੇ ਪੰਜਾਬੀਆਂ ਦੇ ਹਿੱਸੇ ਆਇਆ ਹੈ। 26 ਅਪ੍ਰੈਲ, 1990 ਨੂੰ ਪੰਜਾਬੀ ਜੀਵਨ ਦਾ ਇਹ ਮਹਾਨ ਚਿਤੇਰਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਸ ਦੀ ਕਲਾ ਨੂੰ ਸਾਡਾ ਪ੍ਰਣਾਮ।

# ਪੰਜਾਬੀ ਵੈਬ ਸੀਰੀਜ " ਚੌਂਕੀਦਾਰ " ਲੈ ਕੇ ਹਾਜਰ ਹਨ ਫਿਲਮਕਾਰ ਇਕਬਾਲ ਗੱਜਣ

ਨਵੀਂ ਦਿੱਲੀ- ਸਾਰਥਿਕ ਪੰਜਾਬੀ ਰੰਗਮੰਚ ਦੀ ਸਿਰਮੌਰ ਸ਼ਖ਼ਸੀਅਤ ਅਤੇ ਪੰਜਾਬੀ ਫੀਚਰ ਫਿਲਮ ' ਪਗੜੀ ਸੰਭਾਲ ਜੱਟਾ' ਦੇ ਹੀਰੋ ਇਕਬਾਲ ਗੱਜਣ ਲੰਮੇ ਸਮੇ ਬਾਅਦ ਆਪਣਾ ਨਵਾਂ ਪਰੋਜੈਕਟ ਪੰਜਾਬੀ ਵੈਬ ਸੀਰੀਜ " ਚੌਂਕੀਦਾਰ " ਲੈ ਕੇ ਹਾਜਰ ਹੋਏ ਹਨ।ਫਿਲਮ ਨਗਰੀ ਮੁੰਬਈ ਚ ਕਾਫੀ ਸਰਗਰਮ ਰਹੇ ਫਿਲਮਕਾਰ ਇਕਬਾਲ ਗੱਜਣ ਸਮਾਜਵਾਦੀ ਅਤੇ ਮਾਨਵਵਾਦੀ ਵਿਚਾਰਧਾਰਾ ਦੇ ਇਕ ਅਜਿਹੇ ਕ੍ਰਾਂਤੀਕਾਰੀ ਤੇ ਉਘੇ ਰੰਗਕਰਮੀ ਹਨ ਜਿਨ੍ਹਾਂ ਦੀ ਹਮੇਸ਼ਾਂ ਇੱਛਾ ਰਹੀ ਹੈ ਕਿ ਜਿਵੇ ਕਿਵੇਂ ਵੀ ਹੋ ਸਕੇ, ਕਲਾ ਦਾ ਮੁਖ ਪ੍ਰਯੋਜਨ ਸਮਾਜਕ ਭਲਾਈ ਹੋਣਾ ਚਾਹੀਦਾ ਹੈ।ਵੈਬ ਸੀਰੀਜ "ਚੌਂਕੀਦਾਰ" ਰਾਹੀਂ ਗੱਜਣ ਨੇ ਅਜੋਕੇ ਪੰਜਾਬ ਦੇ ਸਮਾਜਕ ਹਾਲਾਤਾਂ ਉਪਰ ਚਾਨਣਾ ਪਾਉਂਦੇ ਹੋਏਏ, ਸਮਾਜ ਦੇ ਪੱਛੜੇ ਲੋਕਾਂ ਦਾ ਦੁੱਖ ਦਰਦ ਬਿਆਨ ਕੀਤਾ ਅਤੇ ਮੌਜੂਦਾ ਭ੍ਰਿਸ਼ਟ ਸਿਸਟਮ ਨੂੰ ਦੋਸ਼ੀ ਕਰਾਰ ਦਿੱਤਾ ਹੈ। ਪੰਜਾਬੀ ਰੰਗਮੰਚ ਦੀਆਂ ਸਿਰਮੌਰ ਸ਼ਖ਼ਸੀਅਤਾਂ ਗੁਰਸ਼ਰਨ ਭਾਅ ਜੀ ਅਤੇ ਹਰਪਾਲ ਟਿਵਾਣਾ ਜੀ ਨਾਲ ਲੰਮਾ ਸਮਾ ਕੰਮ ਕਰ ਚੁੱਕੇ ਇਕਬਾਲ ਗੱਜਣ ਜੀ ਆਪਣੇ ਗਰੁੱਪ ਆਜਾਦ ਕਲਾ ਮੰਚ ਰਾਹੀਂ ਜਗ੍ਹਾਂ ਜਗ੍ਹਾਂ ਨਾਟਕਾਂ ਦਾ ਆਯੋਜਨ ਕਰਕੇ "ਮਾਨ-ਵਤਾ ਦੇ ਕੌਮਾਤਰੀ ਫਲਸਫੇ" ਇਨਸ਼ਾਨੀਅਤ ਜ਼ਿੰਦਾਬਾਦ - ਸੈਤਾਨੀਅਤ



ਮੁਰਦਾਬਾਦ ਦੇ ਪ੍ਰਚਾਰ-ਪ੍ਰਸਾਰ ਲਈ ਯਤਨਸ਼ੀਲ ਹਨ। ਗੱਜਣ ਜੀ ਦਾ ਕਹਿਣਾ ਹੈ ਕਿ ਪਰੰਪਰਿਕ ਕਲਾ "ਨਾਟਕ" : ਇਕ ਅਜਿਹੀ ਕਲਾ ਹੈ, ਜਿਸ ਦਾ ਪ੍ਰਭਾਵ ਚਿਰ ਸਥਾਈ ਅਤੇ ਸੰਦੇਸ਼ ਬੜਾ ਹੀ ਉਤੇਜਕ ਹੁੰਦਾ ਹੈ। ਇਸੇ ਕਰਕੇ ਗੁਰਸ਼ਰਨ ਭਾਅ ਜੀ ਵਲੋਂ ਪਿੰਡਾਂ ਵਿੱਚ ਆਰੰਭ ਕੀਤੀ ਨਾਟਕ ਲਹਿਰ, ਲੋਕ ਲਹਿਰ ਦਾ ਰੂਪ ਧਾਰਨ ਕਰ ਗਈ ਸੀ। ਉਨ੍ਹਾਂ ਕਿਹਾ ਕਿ ਪਿਛਲੇ ਸਮੇ ਆਈ ਕਰੋਨਾ ਮਹਾਂਮਾਰੀ ਨੇ, ਪੰਜਾਬੀ ਰੰਗਮੰਚ ਨਾਟਕ ਕਲਾ ਨੂੰ ਆਪਣੀ ਸੁਭਾਵਿਕ ਚਾਲ ਤੋਂ ਬਹੁਤ ਪਛਾੜ ਕੇ ਰੱਖ ਦਿੱਤਾ। ਜਦਕਿ ਸਦੀਵੀ ਵਿਛੋੜਾ ਦੇ ਚੁੱਕੇ ਭਾਈ ਮੰਨਾ ਆਦਰਨੀਯ ਨਾਟਕਕਾਰ ਗੁਰਸ਼ਰਨ ਸਿੰਘ ਜੀ ਦੇ ਸਮੇ ਇਸ ਕਲਾ ਵੱਲ ਆਮ ਲੋਕਾਂ ਦਾ ਆਕਰਸ਼ਣ ਬਹੁਤ ਵਧਿਆ ਸੀ।ਦਰਅਸਲ ਇਹ ਕਲਾ ਆਰੰਭ ਤੋਂ ਹੀ ਮਨੋਰੰਜਨ ਦੇ ਨਾਲ ਨਾਲ ਪੰਜਾਬੀਆਂ ਦੇ ਮਨਾਂ 'ਚ ਕਰਾਂਤੀ ਦੀ ਜੋਤ ਵੀ ਜਗਾਉਂਦੀ ਆ ਰਹੀ ਹੈ। ਪਿੰਡਾਂ ਚ ਨਵੀਆਂ ਚੁਣੀਆਂ ਪੰਚਾਇਤਾਂ ਨੂੰ ਅਪੀਲ ਕਰਦਿਆਂ ਫਿਲਮਕਾਰ ਗੱਜਣ ਨੇ ਕਿਹਾ ਕਿ ਇਸ ਪਾਸੇ ਪੰਚਾਇਤਾਂ ਨੂੰ ਜ਼ਰਾ ਧਿਆਨ ਦੇਣਾ ਚਾਹੀਦਾ ਹੈ ! ਪਿੰਡਾਂ ਚ ਵੱਧ ਤੋਂ ਵੱਧ ਚੰਗੇ ਨਾਟਕਾਂ




ਦਾ ਅਯੋਜਨ ਕਰਕੇ ਜਿਥੇ, ਗਲੀ ਗਲੀ ਇਨਕਲਾਬੀ ਚੇਤਨਾਂ ਅਤੇ ਲੋਕਾਂ ਨੂੰ ਓਹਨਾਂ ਦੇ ਹੱਕਾਂ ਪ੍ਰਤੀ ਜਾਗਰੂਕ ਕੀਤਾ ਜਾ ਸਕਦਾ ਹੈ,ਉੱਥੇ ਨਵੀਂ ਪੀੜੀ ਨੌਜਵਾਨਾਂ ਨੂੰ ਵੀ ਗੈਂਗਸਟਰ ਕਲਚਰ, ਨਸ਼ਿਆਂ ਦੀ ਦਲਦਲ, ਆਯਾਸੀ, ਵਿਭਚਾਰ ਤੇ ਹੋਰ ਸਮਾਜਾਕ ਬੁਰਾਈਆਂ ਤੋਂ ਬਚਾਇਆ ਜਾ ਸਕਦਾ ਹੈ ।ਵਰਨਣਯੋਗ ਹੇ ਕਿ ਵੈਬ ਸੀਰੀਜ "ਚੌਂਕੀਦਾਰ" ਵਿਚ ਇਕਬਾਲ ਗੱਜਣ ਜੀ ਤੋਂ ਇਲਾਵਾ ਰਮਾ ਕੋਮਲ, ਕਰਮਜੀਤ ਕੌਰ, ਮਦਨ ਮੱਦੀ, ਖੁਸ਼ੀ ਗੱਜਣ, ਗੌਰਵ, ਸਾਗਰ ਬਿੰਦਰਾ, ਮਨਦੀਪ ਸਿੰਘ ਸਿੱਧੂ, ਕਿਰਨਪ੍ਰੀਤ ਕੌਰ ਅਤੇ ਗਗਨਦੀਪ ਸਿੰਘ ਗੁਰਾਇਆ ਵਲੋਂ ਵੀ ਬਾਖੂਬੀ ਵੱਖ ਵੱਖ ਕਿਰਦਾਰ ਨਿਭਾਏ ਗਏ ਹਨ ਅਤੇ ਗੀਤ ਸੰਗੀਤ ਰਵਿੰਦਰ ਕੌਰ ਰਵੀ, ਜਗਮੇਲ ਭਾਠੂਆਂ, ਡੀ ਗਿਲ ਸਾਹਿਲ ਸਟਾਰ, ਹਰਮੀਤ ਜੱਸੀ, ਸਾਹਬੀ ਸੰਘਾ, ਲਖਵਿੰਦਰ ਲਾਭ ਵਲੋਂ ਤਿਆਰ ਕੀਤਾ ਗਿਆ ਹੈ ।

# ਪਾਠਕਾਂ ਦੇ ਪੱਤਰ

ਪੰਜਾਬ ਟਾਈਮਜ਼ ਦਾ ਇਹ ਮੰਚ ਲੇਖਕਾਂ, ਸਾਹਿਤਕਾਰਾਂ, ਚਿੱਠੀ ਲੇਖਕਾਂ ਅਤੇ ਪਾਠਕਾਂ ਲਈ ਆਪਣੇ ਵਿਚਾਰ ਪੇਸ਼ ਕਰਨ ਲਈ ਸਭ ਨੂੰ ਬਰਾਬਰੀ ਦੇ ਆਧਾਰ ਤੇ ਮੁਹੱਈਆ ਕੀਤਾ ਜਾਂਦਾ ਹੈ। ਪਾਠਕਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤ ਜ਼ਰੂਰੀ ਨਹੀਂ ਹੈ। ਸਾਰੇ ਪਾਠਕਾਂ ਨੂੰ ਬੇਨਤੀ ਹੈ ਕਿ ਇਸ ਕਾਲਮ ਦੀ ਵਰਤੋਂ ਕਿਸੇ ਪਾਰਟੀ, ਦਲ, ਸੰਸਥਾ ਦੇ ਏਜੰਡੇ ਪ੍ਰਚਾਰਨ ਜਾਂ ਆਪਣੇ ਕਾਰੋਬਾਰ ਜਾਂ ਵਪਾਰ ਦੀ ਮਸ਼ਹੂਰੀ ਜਾਂ ਕਿਸੇ ਵਿਅਕਤੀ/ਸੰਸਥਾ ਦੇ ਵਿਰੁੱਧ ਆਪਣੀ ਨਿੱਜੀ ਰੰਜਿਸ਼ ਕੱਢਣ ਲਈ ਨਾ ਕੀਤੀ ਜਾਵੇ। ਕਿਸੇ ਲਿਖਤ ਵਿੱਚ ਗਲਤ ਬਿਆਨੀ ਜਾਂ ਦਾਅਵਿਆਂ ਵਿੱਚ ਸੱਚਾਈ ਨਾ ਲੱਗੇ ਤਾਂ ਸਬੂਤਾਂ ਦੇ ਆਧਾਰ ਤੇ ਉਸ ਨੂੰ ਰੱਦ ਕਰਨ ਦਾ ਲੇਖਕਾਂ ਤੇ ਪਾਠਕਾਂ ਕੋਲ ਹੱਕ ਹੈ, ਪਰ ਕਿਸੇ ਲੇਖਕ ਦੇ ਵਿਰੁੱਧ ਵਿਅਕਤੀਗਤ ਟਿੱਪਣੀਆਂ ਕਰਨ ਤੋਂ ਗੁਰੇਜ਼ ਕੀਤਾ ਜਾਵੇ। ਜੇ ਕੋਈ ਰਚਨਾ/ਲਿਖਤ ਪਰਚੇ ਦੀ ਨੀਤੀ ਤੋਂ ਉਲਟ ਲੱਗੇ ਤਾਂ ਸੰਪਾਦਕ ਨੂੰ ਉਸ ਵਿੱਚ ਕੱਟ ਵੱਢ ਕਰਨ ਦੇ ਪੂਰੇ ਹੱਕ ਹਨ। -ਡਾਇਰੈਕਟਰ, ਪੰਜਾਬ ਟਾਈਮਜ਼

## ਗੁਰਬਾਣੀ ਦੇ ਉਹ ਕਿਹੜੇ ਭਾਵ ਅਰਥ ਹਨ ਜਿਨ੍ਹਾਂ ਦੇ ਸਰਲ ਅਰਥ ਸਿੱਖ ਧਰਮ ਦੇ ਮਹਾਨ ਪ੍ਰਚਾਰਕ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਜੀ ਨਹੀਂ ਕਰ ਸਕਦੇ, ਤਾਂ ਉਨ੍ਹਾਂ ਦੇ ਭਾਵ-ਅਰਥ ਪੜਚੋਲੀਆ ਬੀਬੀ ਨੂੰ ਕਰਨੇ ਪੈ ਰਹੇ ਹਨ, ਜਿਸ ਦਾ ਸਿੱਖ ਧਰਮ ਵਿੱਚ ਵਿਸ਼ਵਾਸ਼ ਹੀ ਨਹੀਂ ਹੈ ?

ਸਤਿਕਾਰ ਯੋਗ ਸੰਪਾਦਕ ਜੀਓ


ਵਾਹਿਗੁਰੂ ਜੀ ਕਾ ਖ਼ਾਲਸਾ

ਵਾਹਿਗੁਰੂ ਜੀ ਕੀ ਫਤਹਿ

ਇਸ ਹਫ਼ਤੇ 28-11-2024 ਪੰਜਾਬ ਟਾਈਮਜ਼ ਦੇ ਅੰਕ 3057 ਦੇ ਪੰਨਾ 43 ਉੱਤੇ ਇਕ ਪੱਤਰ : ਮੈਂ ਤਾਂ ਗੁਰਬਾਣੀ ਦੇ ਭਾਵ-ਅਰਥ ਸਮਝਕੇ ਸਰਲ ਢੰਗ ਨਾਲ ਸਾਂਝੇ ਕਰਦੀ ਹਾਂ, ਅੱਗੇ ਲਿਖਿਆ ਹੈ ਕਿ ਹੁਣ ਪਰਚੇ (ਪੰਜਾਬ ਟਾਈਮਜ਼) ਦੀ ਨੀਤੀ ਸਪੱਸ਼ਟ ਕਰ ਦਿਉ ਕਿ ਧਾਰਮਿਕ ਲੇਖ ਹੀ ਗੁਰਬਾਣੀ ਪੂਰਨ ਰੂਪ ਵਿੱਚ ਲਿਖੀ ਜਾਵੇ ਅਤੇ ਪਰਚਾ ਧਾਰਮਿਕ ਹੀ ਹੈ। ਇਹ ਦਾਸ ਦੇ ਪਿਛਲੇ ਹਫ਼ਤੇ ਦੇ ਪੰਜਾਬ ਟਾਈਮਜ਼ ਅੰਕ 3056 ਦੇ ਪੰਨਾ 'ਤੇ ਛਪੇ ਪੱਤਰ ਅਜਿਹੀਆਂ ਲਿਖਤਾਂ ਪੰਜਾਬ ਟਾਈਮਜ਼ ਦੀ ਪੰਥਕ ਸ਼ਾਖਾ ਨੂੰ ਢਾਹ ਲਾਉਂਦੀਆਂ ਹਨ ਦੇ ਜੁਆਬ ਵਿੱਚ ਲਿਖਿਆ ਗਿਆ ਹੈ। ਇਸ ਪੱਤਰ ਵਿੱਚ ਪੜਚੋਲੀਆ ਜੀ ਨੇ ਅਦਾਰਾ ਪੰਜਾਬ ਟਾਈਮਜ਼ ਨੂੰ ਬੜਾ ਹੀ ਹਾਸੋਹੀਣਾ ਤੇ ਬੇ-ਤੁਕਾ ਸੁਆਲ ਇਹ ਕੀਤਾ ਹੈ ਕਿ ਪੰਜਾਬ ਟਾਈਮਜ਼ ਆਪਣੀ ਨੀਤੀ ਸਪੱਸ਼ਟ ਕਰੇ, ਪਰ ਦਾਸ ਨੇ ਤਾਂ ਪੱਤਰ ਹੀ ਪੰਜਾਬ ਟਾਈਮਜ਼ ਦੀ ਨੀਤੀ ਨੂੰ ਅਧਾਰ ਬਣਾ ਕੇ ਲਿਖਿਆ ਸੀ। ਹਰ ਹਫ਼ਤੇ ਪੰਜਾਬ ਟਾਈਮਜ਼ ਵਿੱਚ ਲੇਖਕਾਂ ਲਈ ਜਰੂਰੀ ਸੂਚਨਾ ਲਿਖੀ ਹੁੰਦੀ ਹੈ ਕਿ : ਅਦਾਰਾ ਪੰਜਾਬ ਟਾਈਮਜ਼ ਵੱਲੋਂ ਆਪਣੇ ਸਾਰੇ ਲੇਖਕਾਂ, ਕਵੀਆਂ ਅਤੇ ਕਾਲਮ ਨਵੀਸਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਆਪਣੀਆਂ ਰਚਨਾਵਾਂ ਵਿੱਚ ਗੁਰਬਾਣੀ ਦੀ ਵਰਤੋਂ ਘੱਟ ਤੋਂ ਘੱਟ ਕਰਿਆ ਕਰਨ। ਜੇ ਗੁਰਬਾਣੀ ਦੀ ਸਤਰ ਵਰਤਦੇ ਹਨ ਤਾਂ ਉਸ ਨਾਲ ਰੈਫਰੈਂਸ ਵਜੋਂ ਪੰਨਾ ਜਰੂਰ ਲਿਖਣ, ਕਈ ਵਾਰ ਗੁਰਬਾਣੀ ਦੀਆਂ ਤੁਕਾਂ ਵਿੱਚ ਕਾਫੀ ਗਲਤੀਆਂ ਹੁੰਦੀਆਂ ਹਨ। ਪੰਨਾ ਨੰਬਰ ਨਾ ਲਿਖਣ ਕਾਰਨ ਉਨ੍ਹਾਂ ਦੀ ਲਿਖਤ ਪੇਪਰ ਵਿੱਚ ਨਹੀਂ ਛਾਪੀ ਜਾਵੇਗੀ - ਸੰਪਾਦਕ, ਡਾਇਰੈਕਟਰ।

ਗੁਰੂ ਹਰਿ ਰਾਏ ਸਾਹਿਬ ਦੇ ਪੁੱਤਰ ਰਾਮ ਰਾਏ ਕੇਵਲ ਜ਼ਬਾਨੀ ਕਲਾਮੀ, ਮਿਟੀ ਮੁਸਲਮਾਨ ਦੀ ਥਾਂ ਮਿਟੀ ਬੇਈਮਾਨ ਦੀ ਆਖ ਦਿੱਤਾ ਸੀ ਤਾਂ ਗੁਰ ਹਰਿ ਰਾਏ ਸਾਹਿਬ ਨੇ ਆਪਣੇ ਪੁੱਤਰ ਰਾਮ ਰਾਏ ਨੂੰ ਨਾਨਕ ਨਿਰਮਲ ਪੰਥ ਵਿੱਚੋਂ ਛੇਕ ਦਿੱਤਾ ਸੀ, ਪਰ ਪੜਚੋਲੀਆ ਬੀਬੀ ਨੇ ਤਾਂ 14-11-2024 ਪੰਜਾਬ ਟਾਈਮਜ਼ 3055 ਦੇ ਪੰਨਾ 43 ਉੱਤੇ ਪੰਜਾਬ ਟਾਈਮਜ਼ ਦੀ ਸੂਚਨਾ ਨੂੰ ਛਿੱਕੇ ਟੰਗਕੇ ਪੰਨਾ ਨੰਬਰ ਤਾਂ ਕੀ ਲਿਖਣਾ ਸੀ, ਗੁਰਬਾਣੀ ਦੀ ਪੂਰੀ ਪੰਗਤੀ ਹੀ ਬਦਲ ਦਿੱਤੀ ਤੇ ਦਾਖ ਬਿਜਉਰੀਆ ਅਤੇ ਕਿੱਕਰ ਦੇ ਬੀਜ ਇਕੱਠੇ ਹੀ ਬੀਜ ਦਿੱਤੇ। ਪੜਚੋਲੀਆ ਬੀਬੀ ਨੇ ਲਿਖਿਆ : ਬੀਜੇ ਦਾਖ ਬਜ਼ੋਰੀਆ ਕਿਕਰ ਬੀਜੇ ਜੱਟ। ਜਦਕਿ ਗੁਰਬਾਣੀ ਦੀ ਸਹੀ ਪੰਗਤੀ ਇਹ ਹੈ : ਫਰੀਦਾ ਲੋੜੈ ਦਾਖ਼ ਬਿਜਉਰੀਆਂ ਕਿਕਰਿ ਬੀਜੈ ਜਟੁ ਗੰ: ਸਾ: ਪੰਨਾ 1378। ਪੜਚੋਲੀਆ ਬੀਬੀ ਜੀ ਇਕ ਪਾਸੇ ਤਾਂ ਲਿਖਦੀ ਹੈ ਕਿ ਉਹ ਗੁਰਬਾਣੀ ਦੇ ਭਾਵ-ਅਰਥ ਸਮਝਕੇ ਸਰਲ ਢੰਗ ਨਾਲ ਸਾਂਝੇ ਕਰਦੀ ਹੈ, ਤੇ ਨਾਲ ਹੀ ਇਸੇ ਅੰਕ 3057 ਦੇ ਪੰਨਾ 42 'ਤੇ ਲਿਖਦੀ ਹੈ, ਪੂਰਨ ਗੁਰਬਾਣੀ ਲਿਖਣਾ ਮੇਰਾ ਉਦੇਸ਼ ਨਹੀਂ, ਅਤੇ ਆਪਣੇ ਇਸ ਪੱਤਰ ਵਿੱਚ ਲਿਖਦੀ ਹੈ ਕਿ ਮੈਂ ਸਪੱਸ਼ਟ ਕਰ ਚੁੱਕੀ ਹਾਂ ਕਿ ਨਾ (ਮੈਂ) ਧਾਰਮਿਕ, ਨਾ ਗ੍ਰੰਥੀ ਤੇ ਨਾਂ ਪ੍ਰਚਾਰਕ ਹਾਂ। ਗੁਰਬਾਣੀ ਦੇ ਭਾਵ ਅਰਥ ਸਮਝ ਕੇ ਸਰਲ ਢੰਗ ਨਾਲ ਸਾਂਝੇ ਕਰਨ ਲਈ ਧਾਰਮਿਕ ਵਿੱਦਿਆ ਧਰਮ ਪ੍ਰਚਾਰ ਕਰਨ ਦਾ ਅਭਿਆਸ ਅਤੇ ਗੁਰ-ਇਤਿਹਾਸ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਗੁਰਬਾਣੀ ਦੇ ਐਸੇ ਕਿਹੜੇ ਭਾਵ-ਅਰਥ ਹਨ ਜਿਨ੍ਹਾਂ ਦੇ ਭਾਵ-ਅਰਥ ਸਿੱਖ ਧਰਮ ਦੇ ਮਹਾਨ ਪ੍ਰਚਾਰਕ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਜੀ ਨਹੀਂ ਕਰ ਸਕਦੇ ਤਾਂ ਉਨ੍ਹਾਂ ਦੇ ਭਾਵ-ਅਰਥ ਪੜਚੋਲੀਆ ਬੀਬੀ ਨੂੰ ਕਰਨੇ ਪੈ ਰਹੇ ਹਨ, ਜਿਸ ਦਾ ਸਿੱਖ ਧਰਮ ਵਿੱਚ ਵਿਸ਼ਵਾਸ਼ ਹੀ ਨਹੀਂ ਹੈ, ਕਿਉਂਕਿ ਇਹ ਪੜਚੋਲੀਆ ਬੀਬੀ ਗੁਰੂ ਨਾਨਕ ਸਾਹਿਬ ਵੱਲੋਂ ਸਥਾਪਤ ਕੀਤੇ ਸੁਤੰਤਰ ਤੇ ਨਿਆਰੇ ਸਿੱਖ ਧਰਮ ਨੂੰ ਮਾਨਤਾ ਨਹੀਂ ਦਿੰਦੀ ਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੀ ਹੈ----?


ਵੈਸੇ ਵੀ ਗੁਰਬਾਣੀ ਦੇ ਭਾਵ-ਅਰਥ ਕਰਨੇ ਹੋਰ ਗੱਲ ਹੈ, ਪਰ ਗੁਰਬਾਣੀ ਦੀ ਪੂਰੀ ਪੰਗਤੀ ਨੂੰ ਬਦਲਣ ਦਾ ਗੁਨਾਹ ਕਰਨਾ ਹੋਰ ਗੱਲ ਹੈ। ਚਾਹੀਦਾ ਤਾਂ ਇਹ ਸੀ ਕਿ ਪੜਚੋਲੀਆ ਬੀਬੀ ਆਪਣੇ ਕੀਤੇ ਗੁਨਾਹ ਦੀ ਖਿਮਾਂ ਜਾਚਨਾ ਕਰ ਲੈਂਦੀ, ਪਰ ਸਨਾਤਨੀ ਬੀਬੀ ਨੇ ਹੰਕਾਰ ਦੇ ਘੋੜੇ 'ਤੇ ਸੁਆਰ ਹੋ ਕੇ ਉਲਟਾ ਪੰਜਾਬ ਟਾਈਮਜ਼ ਦੀ ਨੀਤੀ 'ਤੇ ਕਿੰਤੂ ਪ੍ਰੰਤੂ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜਾਬ ਟਾਈਮਜ਼ ਦੇ ਅੰਕ 3056 ਉੱਤੇ ਲਗਪਗ 6 ਐਸੇ ਵੱਖ-ਵੱਖ ਲੇਖਕਾਂ ਦੇ ਨਾਨਕ ਨਿਰਮਲ ਪੰਥ ਚਲਾਇਆ ਦੇ ਵਿਸ਼ੇ ਉੱਤੇ ਲੇਖ ਛਪੇ ਹਨ। ਹਰ ਲੇਖਕ ਨੇ ਆਪਣੇ ਲੇਖ ਵਿੱਚ ਥੋੜ੍ਹੀ ਜਾਂ ਬਹੁਤੀ ਗੁਰਬਾਣੀ ਦੀ ਵਰਤੋਂ ਕੀਤੀ ਹੈ। ਪੜਚੋਲੀਆ ਬੀਬੀ ਨੇ ਨਾ ਇਨ੍ਹਾਂ ਲੇਖਾਂ ਦੀ ਪੜਚੋਲ ਕਰਨੀ ਜਰੂਰੀ ਸਮਝੀ ਤੇ ਨਾ ਹੀ ਇਨ੍ਹਾਂ ਲੇਖਾਂ ਵਿੱਚ ਵਰਤੀ ਗਈ ਗੁਰਬਾਣੀ ਦੇ ਭਾਵ-ਅਰਥਾਂ ਦੀ ਸਰਲ ਢੰਗ ਨਾਲ ਵਿਆਖਿਆ ਕਰਨ ਦੀ ਲੋੜ ਸਮਝੀ, ਕਿਉਂ ਲੋੜ ਨਹੀਂ ਸਮਝੀ? ਦਾਸ ਨੇ ਆਪਣੇ ਪੱਤਰ ਵਿੱਚ ਇਹ ਵੀ ਲਿਖਿਆ ਸੀ ਕਿ ਸ਼ਾਇਦ ਹੀ ਕੋਈ ਐਸਾ ਹਫ਼ਤਾ ਹੋਵੇਗਾ ਜਿਸ ਪੰਜਾਬ ਦੇ ਅੰਕ ਵਿੱਚ ਪੜਚੋਲੀਆ ਬੀਬੀ ਨੇ ਸਿੱਖ ਧਰਮ, ਗੁਰੂ ਨਾਨਕ ਤੇ ਗੁਰ-ਇਤਿਹਾਸ ਬਾਰੇ ਗਲਤ ਅਤੇ ਤੱਥਾਂ ਰਹਿਤ ਨਾਂਹ-ਪੱਖੀ ਟਿੱਪਣੀਆਂ ਨਾ ਕੀਤੀਆਂ ਹੋਣ। ਅਜਿਹੀਆਂ ਲਿਖਤਾਂ ਪੰਜਾਬ ਟਾਈਮਜ਼ ਦੀ ਪੰਥਕ ਸ਼ਾਖਾ ਨੂੰ ਢਾਹ ਲਾਉਂਦੀਆਂ ਹਨ। ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੁੰਦੀ। ਗੁਰਬਾਣੀ ਦੇ ਭਾਵ-ਅਰਥ ਦੇ ਪੱਤਰ ਵਾਲੇ ਪੰਜਾਬ ਟਾਈਮਜ਼ ਦੇ ਅੰਕ 3057 ਦੇ ਪੰਨਾ 42 ਉੱਤੇ ਬੀਬੀ ਜੀ ਲਿਖਦੇ ਹਨ : ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅੰਕ ਭਰਿਆ ਪਿਆ ਹੈ ਪੁਰਾਣੀਆਂ ਹੀ ਲਿਖਤਾਂ ਨਾਲ ਕੀ ਡਾਕਟਰ ਖੋਜੀ ਹੋਣ ਜਾਂ ਚੋਜੀ ਜੋ ਚੱਲਦਾ ਹੈ ਲਿਖੀ ਜਾਣ ਨਹੀਂ ਨਵੀਨ ਤਾਂ ਜੋ ਲੱਭ ਕੇ ਲਿਆਂਦੀ ਹੋਵੇ ਤੇ ਇਸ ਤੋਂ ਅੱਗੇ ਬਹੁਤ ਹੀ ਘਟੀਆ ਕਿਸਮ ਦਾ ਚੁਟਕਲਾ ਲਿਖਿਆ ਹੋਇਆ ਹੈ। ਹੁਣ ਵਿਚਾਰ ਅਦਾਰਾ ਪੰਜਾਬ ਟਾਈਮਜ਼ ਨੇ ਕਰਨੀ ਹੈ ਕਿ ਆਪ ਨੇ ਇਤਨੀ ਮਿਹਨਤ ਕਰਕੇ ਗੁਰੂ ਨਾਨਕ ਸਾਹਿਬ ਦੇ 555ਵੇਂ ਪ੍ਰਕਾਸ਼ ਦਿਹਾੜੇ 'ਤੇ ਵਿਸ਼ੇਸ਼ ਅੰਕ ਛਾਪਿਆ, ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸਾਰੇ ਹੀ ਲੇਖਕਾਂ ਦੇ ਲੇਖ ਬਹੁਤ ਹੀ ਖੋਜ ਭਰਪੂਰ ਅਤੇ ਮਿਹਨਤ ਕਰਕੇ ਲਿਖੇ ਹੋਏ ਸਨ, ਜੋ ਪੰਜਾਬ ਟਾਈਮਜ਼ ਦੇ ਇਸ ਅੰਕ ਵਿੱਚ ਛਪੇ। ਡਾ: ਜਸਪਾਲ ਸਿੰਘ ਸਾਬਕਾ ਉਪ-ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਾਲਿਆਂ ਦਾ ਵੀ ਲੇਖ ਛਪਿਆ ਹੈ ਪਰ ਪੜਚੋਲੀਆ ਬੀਬੀ ਲਈ ਇਨ੍ਹਾਂ ਸਾਰਿਆਂ ਲੇਖਾਂ ਦੀ ਅਹਿਮੀਅਤ ਇਕ ਘਟੀਆ ਚੁਟਕਲੇ ਜਿੰਨੀ ਹੈ। ਗੁਰੂ ਨਾਨਕ ਅਤੇ ਸਿੱਖ ਧਰਮ ਦੀ ਹੇਠੀ ਏਦੂੰ ਵੱਧ ਕੀ ਹੋ ਸਕਦੀ ਹੈ? ਜਿਸ ਪੜਚੋਲੀਆ ਬੀਬੀ ਨੂੰ ਇਹ ਵਿਸ਼ਵਾਸ਼ ਹੀ ਨਹੀਂ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਮੰਗਲਾਚਰਨ ਅਕਾਲ ਪੁਰਖ ਵਾਚ (ਮੂਲ ਮੰਤਰ) ਗੁਰੂ ਨਾਨਕ ਸਾਹਿਬ ਦੀ ਹੱਥ ਲਿਖਤ ਧੁਰ ਕੀ ਬਾਣੀ ਹੈ, ਉਹ ਪੜਚੋਲੀਆ ਬੀਬੀ ਗੁਰਬਾਣੀ ਦੇ ਭਾਵ-ਅਰਥ ਸਰਲ ਢੰਗ ਨਾਲ ਕਰਨ ਦਾ ਦਾਅਵਾ ਕਿਵੇਂ ਕਰ ਸਕਦੀ ਹੈ? ਗੁਰੂ ਨਾਨਕ ਦੀ ਧੁਰ ਕੀ ਬਾਣੀ ਕਦੇ ਪੁਰਾਣੀ ਨਹੀਂ ਹੁੰਦੀ, ਉਹ ਤਾਂ ਆਦਿ ਸਚੁ ਜੁਗਾਦਿ ਸਚੁ ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ਹੈ। ਦਰਅਸਲ ਜਿਸ ਅੰਦਰ ਗੁਰੂ ਨਾਨਕ ਤੇ ਸਿੱਖ ਧਰਮ ਵਿਰੁੱਧ ਜੋ ਜ਼ਹਿਰ ਭਰਿਆ ਹੁੰਦਾ ਹੈ ਉਹੀ ਕਲਮ ਰਾਹੀਂ ਬਾਹਰ ਨਿਕਲਦਾ ਹੈ ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੇ ਕਿਆ ਕੋਈ ਕਰੇ ਵੇਚਾਰਾ, ਤੇ ਅੰਤ ਵਿੱਚ ਗੁਰਬਾਣੀ ਦੀਆਂ ਇਨ੍ਹਾਂ ਪਾਵਨ ਪਵਿੱਤਰ ਪੰਗਤੀਆਂ ਨਾਲ ਸਮਾਪਤੀ ਕਰਦਾ ਹਾਂ, ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ ॥ ਮੂਰਖੈ ਨਾਲਿ ਨ ਲੁਝੀਐ (ਗੁ: ਗ੍ਰੰ: ਸਾ: ਪੰਨਾ 473, ਆਸਾ)



**ਗੁਰੂ ਪੰਥ ਦਾ ਦਾਸ-ਜਥੇਦਾਰ ਮਹਿੰਦਰ ਸਿੰਘ ਯੂ.ਕੇ.**

## ਕਿਉਂ ਉਜੜ ਰਿਹਾ ਪੰਜਾਬ, ਸਿੱਖ ਪੰਥ ਦਿਸ਼ਾਹੀਣ ਕਿਉਂ ?

ਖੈਰ ਦੋਵੇਂ ਮਸਲੇ ਬੜੇ ਹੀ ਗੰਭੀਰ ਹਨ। ਦੋਵੇਂ ਵੱਖਰੇ ਵੱਖਰੇ ਹਨ। ਦੋਵੇਂ ਸਿੱਖ ਲਈ ਪ੍ਰਭਾਵਤ ਹਨ। ਕਿਉਂ ਪੰਜਾਬ ਵਿੱਚ ਜ਼ਿਆਦਾ ਸਿੱਖ ਹਨ। ਸਿੱਖ ਪੰਥ ਸਿੱਖਾਂ ਦੀਆਂ ਜੜ੍ਹਾਂ ਹਨ। ਜੜ੍ਹਾਂ ਮਜਬੂਤ ਹੋਣ ਫਿਰ ਦਰੱਖਤ ਕਦੀ ਹਿਲਦਾ ਨਹੀਂ। ਪਰ ਇਸ ਬਾਰੇ ਵੀ ਕੀ ਕਹਿ ਸਕਦੇ ਹਾਂ ਅਸਲ ਵਿੱਚ ਸਿੱਖ ਪੰਥ ਦਿਸ਼ਾਹੀਣ ਹੈ। ਇਸ ਕਰਕੇ ਹੀ ਪੰਜਾਬ ਉਜਾੜੇ ਵੱਲ ਉਜੜ ਰਿਹਾ ਹੈ। ਦੇਸ਼ਾਂ ਵਿੱਚ ਦੇਸ਼ ਪੰਜਾਬ ਅਰਥਾਤ ਸੂਬਿਆਂ ਵਿੱਚ ਕਦੀ ਪੰਜਾਬ ਦਾ ਸੂਬਾ ਮੂਹਰੇ ਰਿਹਾ ਪਰ ਸਿੱਖ ਪੰਥ ਦੀ ਦਿਸ਼ਾ ਠੀਕ ਨਾ ਹੋਣ ਕਰਕੇ ਥੱਲੇ ਵੱਲ ਜਾ ਰਿਹਾ ਹੈ। ਸਾਡੇ ਜਿੰਨੇ ਲੀਡਰ ਹੋਏ ਹਨ ਜਦੋਂ ਉਨ੍ਹਾਂ ਨੂੰ ਮੌਕਾ ਮਿਲਿਆ ਦੂਸਰੀ ਪਾਰਟੀ ਵਿੱਚ ਚਲੇ ਗਏ। ਅਗਰ ਉਨ੍ਹਾਂ ਨੂੰ ਕੁਰਸੀ ਚੰਗੀ ਮਿਲੀ ਉਸ ਵੱਲ ਚਲੇ ਗਏ। ਕਦੀ ਪਾਰਟੀ ਛੱਡਣ ਵੇਲੇ ਇਹ ਨਹੀਂ ਦੇਖਿਆ ਜੋ ਜਿਸ ਮੰਜ਼ਿਲ ਤੇ ਮੈਂ ਪਹੁੰਚਾਂ ਹਾਂ ਇਹ ਸਿੱਖ ਪੰਥ ਦੀ ਦੇਣ ਹੈ। ਇਸ ਦਾ ਸਾਥ ਛੱਡਣਾ ਮੇਰੇ ਲਈ ਠੀਕ ਨਹੀਂ। ਮੈਨੂੰ ਲੀਡਰਾਂ ਦੇ ਨਾਮ ਲਿਖਣ ਦੀ ਲੋੜ ਨਹੀਂ। ਸਾਰੇ ਹੀ ਜਾਣਦੇ ਹਨ ਜੇ ਪ੍ਰਧਾਨਗੀ ਮਿਲੀ ਤਾਂ ਪੰਥ ਉਸ ਸਿੱਖ ਲਈ ਬਹੁਤ ਹੀ ਉਜਲ ਦਿਸਦਾ ਰਿਹਾ ਬਾਅਦ ਵੀ ਉਹ ਹੀ ਖੈਰ ਕਾਂਗਰਸ ਪਾਰਟੀ ਜਾਂ ਬਾਕੀ ਪਾਰਟੀਆਂ ਵਿਚ ਵੀ ਇਹੋ ਕੁਝ ਹੁੰਦਾ ਹੈ ਤਾਜਾ ਮਿਸਾਲ ਮੈਂ ਬਿੱਟੂ ਦੀ ਦੇਂਦਾ ਹਾਂ। ਕਾਂਗਰਸ ਵਿਚੋਂ ਸਾਰਾ ਟੱਬਰ ਇੰਨੀਆਂ ਵੱਡੀਆਂ ਕੁਰਸੀਆਂ ਤੇ ਬੈਠਾ ਆਪ ਦੇਖੋ ਕਾਂਗਰਸ ਵਿੱਚ ਚੰਗਾ ਲੀਡਰ ਰਿਹਾ ਹੁਣ ਬੀ ਜੇ ਪੀ ਵਿੱਚ ਚਲਾ ਗਿਆ। ਉਹ ਹੀ ਕਾਂਗਰਸ ਦਾ ਲੀਡਰ (ਪ੍ਰਧਾਨ ਸਾਹਿਬ) ਉਸ ਨੂੰ ਇਕ ਅਤਿਵਾਦੀ ਦਿਸਣ ਲੱਗਾ। ਰਾਹੁਲ ਨੇ ਉਸ ਨੂੰ ਉਪਰ ਚੁੱਕਿਆ ਉਸ ਦੀ ਹੀ ਕਿੰਨੀ ਨਿੰਦਾ ਕਰ ਰਿਹਾ ਹੈ। ਇਹੋ ਹਾਲ ਸਿੱਖਾਂ ਦੇ ਹੋਰ ਲੀਡਰਾਂ ਦਾ ਰਿਹਾ ਜੋ ਪੰਥ ਨਾਲ ਸੀ ਪੰਥ ਦੀ ਗੱਲ ਕਰਦੇ ਸਨ, ਪੰਥ ਹੀ ਸਭ ਕੁਝ ਉਨ੍ਹਾਂ ਲਈ ਸੀ ਬਾਅਦ ਵਿੱਚ ਉਹ ਪੰਥ ਦੇ ਖਿਲਾਫ਼ ਹੋ ਗਏ। ਉਨ੍ਹਾਂ ਆਪਣੀ ਦਿਸ਼ਾ ਬਦਲ ਲਈ। ਅਰਥਾਤ ਦਿਸ਼ਾਹੀਣ ਹੋ ਗਏ। ਫਿਰ ਪੰਥ ਆਪੇ ਹੀ ਦਿਸ਼ਾਹੀਣ ਹੋ ਗਿਆ। ਆਪਣੇ ਨਿਸ਼ਾਨੇ ਤੇ ਪਹੁੰਚਣ ਲਈ ਲੀਡਰ ਚੰਗਾ ਨਹੀਂ ਫਿਰ ਸਹੀ ਥਾਂ ਪੁੱਜ ਕੌਣ ਸਕਦਾ ਹੈ। ਪੰਜਾਬ ਆਪਣੇ ਆਪ ਉਜਾੜ ਵੱਲ ਜਾਵੇਗਾ। ਦੂਸਰਾ ਉਨ੍ਹਾਂ ਨੇ ਪੰਜਾਬ ਬਾਰੇ ਨਹੀਂ ਸੋਚਿਆ ਸਗੋਂ ਆਪਣੇ ਤੇ ਪਰਿਵਾਰ ਬਾਰੇ ਸੋਚਿਆ। ਜੇ ਇਸ ਤਰ੍ਹਾਂ ਨਾ ਸੋਚਦੇ ਤਾਂ ਦੋਵੇਂ ਪਾਸੇ ਠੀਕ ਰਹਿੰਦੇ। ਪਰ ਇਸ ਪਾਸੇ ਦੀ ਸੋਚ ਇਕ ਪਾਸੇ ਨੂੰ ਸਵਾਰ ਸਕੇਗੀ।-**ਕੇ ਐਸ ਜੋਗੀ**



## ਹਾਸ ਵਿਅੰਗ

ਸ਼ਿਵਚਰਨ ਜੱਗੀ ਕੁੱਸਾ

# ਕਾਨੂੰਨ ਦੀ ਵਾੜ





1986 ਵਿਚ ਮੈਂ ਤੀਜੀ ਵਾਰ ਭਾਰਤ ਗਿਆ। ਧੂੜ ਭਰੇ ਰਸਤੇ ਅਤੇ ਭੋਲੇ ਚਿਹਰਿਆਂ ਦੀਆਂ ਮੁਸਕਾਨਾਂ ਤੱਕਣ ਲਈ ਮਨ ਹਾਬੜ ਗਿਆ ਸੀ। ਗੁੱਲੀ-ਡੰਡਾ ਖੇਡਣ ਵਾਲੇ ਰੌੜ ਹਵੇਲੀਆਂ ਵਿੱਚ ਬਦਲੇ ਪਏ ਸਨ। ਗੁੱਡੀਆਂ-ਪਟੋਲਿਆਂ ਨਾਲ ਖੇਡਣ ਵਾਲੀਆਂ ਬੱਚੀਆਂ ਜਵਾਨ ਹੋ ਗਈਆਂ ਸਨ। ਬਾਂਹ ਨਾਲ ਨਲੀ ਪੂੰਝਣ ਵਾਲੇ ਮੁੰਡੇ ਅੱਜ-ਕੱਲ੍ਹ ਕਾਲਜੀਏਟ ਪੜ੍ਹਾਕੂ ਬਣੇ ਫਿਰਦੇ ਸਨ। ਕਾਫ਼ੀ ਕੁਝ ਬਦਲ ਗਿਆ ਸੀ। ਪਰ ਮੈਂ ਹੀ ਸੀ, ਜੋ ਅਜੇ ਵੀ ਉਹੀ ਸੀ ਸ਼ਾਇਦ। ਦੋ ਕੁ ਦਿਨ ਪਿੰਡ ਰਹਿਣ ਮਗਰੋਂ ਨਾਨਕੀਂ ਜਾਣ ਦਾ ਮਨ ਬਣਿਆਂ। ਮੈਂ ਸ਼ਾਮ ਜਿਹੇ ਨੂੰ ਬਾਪੂ ਜੀ ਦੀ ਕਾਰ ਲਈ ਅਤੇ ਨਾਨਕਿਆਂ ਨੂੰ ਚਾਲੇ ਪਾ ਦਿੱਤੇ।

ਜਦੋਂ ਮੈਂ ਪੰਜ ਕੁ ਕਿਲੋਮੀਟਰ ਗਿਆ ਤਾਂ ਹਿੰਮਤਪੁਰੇ ਵਾਲੇ ਪੁਲ਼ 'ਤੇ ਪੁਲੀਸ ਨੇ ਨਾਕਾ ਲਾਇਆ ਹੋਇਆ ਸੀ। ਮਜਬੂਰਨ ਮੈਨੂੰ ਵੀ ਰੁਕਣਾ ਪਿਆ। ਜੀਪ ਅਤੇ ਇੱਕ ਟਰੈਕਟਰ ਦਾ ਚਲਾਣ ਕਰ ਦਿੱਤਾ ਗਿਆ ਸੀ।

ਮੈਥੋਂ ਅੱਗੇ ਇੱਕ ਮਾਰੂਤੀ ਕਾਰ ਅਤੇ ਇੱਕ ਜੀਪਾ ਖੜ੍ਹੇ ਸਨ। ਜੀਪਾ ਵੀ ਕਾਹਦਾ ਸੀ? ਬਾਡੀ ਹੀ ਜੀਪ ਦੀ ਸੀ। ਜਿਸ ਵਿਚ ਪੀਟਰ ਇੰਜਣ ਰੱਖ ਕੇ ਮਿਸਤਰੀ ਨੇ ਆਪਣੇ ਬੱਚਿਆਂ ਦਾ ਪੇਟ ਭਰਨ ਲਈ ਸਵਾਰੀਆਂ ਢੋਣ ਲਈ 'ਸੰਦ' ਬਣਾਇਆ ਹੋਇਆ ਸੀ। ਕਾਰ ਵਾਲੇ ਨੇ ਤਾਂ ਪੁਲੀਸ ਦੇ ਮੂੰਹ 'ਹੱਡ' ਦੇ ਕੇ ਆਪਣਾ ਖਹਿੜਾ ਛੁਡਵਾ ਲਿਆ ਸੀ। ਹੁਣ ਜੀਪੇ ਵਾਲੇ ਦੀ ਵਾਰੀ ਸੀ। ਸ਼ਾਇਦ ਜੇਬ ਵਿਚ ਕੁਝ ਨਾ ਹੋਣ ਕਰਕੇ ਉਹ ਪਾੜ ਵਿਚ ਫੜੇ ਚੋਰ ਵਾਂਗ ਝਾਕ ਰਿਹਾ ਸੀ।

-"ਇਹਦੇ ਕਾਗਜ ਪੱਤਰ ਕਿੱਥੇ ਐ ਉਏ?" ਮੁੰਨਿਆਂ ਮੂੰਹ ਬਘਿਆੜ ਵਾਂਗ ਖੋਲ੍ਹ ਕੇ ਇਕ ਸਿਪਾਹੀ ਨੇ ਪੁੱਛਿਆ।

-"ਜੀ ਕਾਗਤ ਪੱਤਰ ਤਾਂ ਹੈਨ੍ਹੀ।" ਮਿਸਤਰੀ ਕੂੰਗੜ ਕੇ ਗਿੱਠ ਕੁ ਦਾ ਬਣ ਗਿਆ।

-"ਇਹਨੂੰ ਪਿਉ ਨੂੰ ਬਿਨਾ ਕਾਗਜਾਂ ਪੱਤਰਾਂ ਤੋਂ ਈ ਦਬੱਲੀ ਫਿਰਦੈਂ?"

-"..........।" ਮਿਸਤਰੀ ਚੁੱਪ ਸੀ।

-"ਨਾ ਥੋਨੂੰ ਮਾਂਚੋ ਕਾਨੂੰਨ ਦਾ ਡਰ ਈ ਨ੍ਹੀ ਰਿਹਾ?" ਦੂਜੇ ਨੇ ਕਾਨੂੰਨ ਦਾ ਨਾਂ ਲੈ ਕੇ ਫ਼ੀਸ ਦੀ ਕੀਮਤ ਵਧਾਈ। ਪੈਰ ਹੇਠ ਆਇਆ ਬਟੇਰਾ ਉਹ ਸੁੱਕਾ ਨਹੀਂ ਨਿਕਲਣ ਦੇਣਾ ਚਾਹੁੰਦਾ ਸੀ।

-"ਕਾਨੂੰਨ ਨੂੰ ਤਾਂ ਵਾੜੀ ਜਾਂਦੇ ਐ, ਜਿੱਥੋਂ ਨਿਕਲਿਐ!" ਤੀਜੇ ਨੇ ਹਿਲਦਾ ਕਿੱਲਾ ਠੋਕਿਆ।

-"ਮਾਪਿਓ ਬੰਨ੍ਹ-ਸੁੱਬ ਕਰਕੇ ਘਰੇ ਈ ਢਾਂਚਾ ਕੀਤੈ ਜੀ, ਮੈਂ ਕਿਹੜਾ ਕਿਸੇ ਅਜੰਸੀ ਤੋਂ ਲਿਐ?" ਡਰਦੇ ਮਿਸਤਰੀ ਨੇ ਕਿਹਾ।

-"ਉਏ ਇਹਦਾ ਚਲਾਣ ਪਾ ਕੇ ਗਾਂਹਾਂ ਤੋਰੋ! ਆਪਾਂ ਲੋਕਾਂ ਮਾਂਗੂੰ ਵਿਹਲੇ ਨ੍ਹੀ, ਚਲਾਣ ਕਾਹਤੋਂ ਨ੍ਹੀ ਕਰਦੇ?" ਦੂਰ ਨਿੰਮ ਹੇਠ ਕੁਰਸੀ 'ਤੇ ਬੈਠੇ ਠਾਣੇਦਾਰ ਨੇ ਹੋਕਰਾ ਮਾਰਿਆ। ਫ਼ਿਕਸੋ ਲਾ ਕੇ ਉਸ ਨੇ ਆਪਣੀਆਂ ਪਤਲੀਆਂ ਮੁੱਛਾਂ ਲੜਾਕੇ ਜਹਾਜ ਦੀ 'ਤੂਈ' ਵਰਗੀਆਂ ਬਣਾਈਆਂ ਹੋਈਆਂ ਸਨ।

-"ਸਰਦਾਰ ਜੀ! ਜੀਪ ਇਹ ਨ੍ਹੀ, ਕਾਰ ਇਹ ਨ੍ਹੀ, ਇਹਦਾ ਗਰੜਪੌਂਕ ਜਿਹੇ ਦਾ ਕਾਹਦੇ 'ਤੇ ਚਲਾਣ ਕਰੀਏ?" ਸਿਪਾਹੀ ਨੇ ਘੋਰ ਮਾਯੂਸੀ ਪ੍ਰਗਟਾਈ।

-"ਲਿਖੋ ਜੀ ਘੜੁੱਕਾ...!" ਮਿਸਤਰੀ ਨੇ ਆਪਣੇ ਵੱਲੋਂ ਨਾਂ ਦੱਸਿਆ।

-"ਤੇਰੀ ਮਾਂ ਦਾ ਕੜਛਾ! ਸਾਲਿਆ ਕੁੱਤਿਆਂ ਦਿਆ! ਘੜੁੱਕਾ ਤੇਰੇ ਕਿਹੜੇ ਪਿਉ ਆਲੀ ਕਾਨੂੰਨ ਦੀ ਕਿਤਾਬ 'ਚ ਲਿਖਿਐ ਉਏ?" ਸਿਪਾਹੀ ਨੇ ਮਿਸਤਰੀ ਦੇ ਸੋਟੀ ਮਾਰੀ।

-"ਨਾਲੇ ਤੂੰ ਤਾਂ ਕਹੇਂਗਾ ਇਹਨੂੰ ਮਾਂ ਦਾ ਖਸਮ ਲਿਖੋ?" ਦੂਜਾ ਸਿਪਾਹੀ ਬੋਲਿਆ। ਮੁਫ਼ਤ ਵਿਚ ਮਿਲੀ ਮੁਰਗੀ ਉਸ ਤੋਂ ਮਰੋੜੀ ਨਹੀਂ ਜਾ ਰਹੀ ਸੀ, ਜਿਸ ਕਰਕੇ ਉਸ ਦੇ ਲੂਹਰੀਆਂ ਉਠੀ ਜਾ ਰਹੀਆਂ ਸਨ।

-"ਮਾਪਿਓ! ਹੋਰ ਨ੍ਹੀ ਕਿਮੇਂ ਗੱਲ ਬਣਦੀ?" ਅੰਤ ਮਿਸਤਰੀ ਨੇ ਜਾਂਦੀ ਗੱਲ ਹੱਥ ਵਿਚ ਲੈਣੀ ਚਾਹੀ।

-"ਤੇ ਹੋਰ ਅਸੀਂ ਐਥੇ ਚਾਅ ਨੂੰ ਖੜ੍ਹੇ ਐਂ?" ਮਾਯੂਸ ਸਿਪਾਹੀ ਟਹਿਕ ਪਿਆ ਸੀ। ਉਸ ਦੀ ਬੋਕ ਦਾਹੜੀ ਕਾਟੋ ਦੀ ਪੂਛ ਵਾਂਗ ਲਟਕ ਜਿਹੀ ਰਹੀ ਸੀ।

ਮਿਸਤਰੀ ਨੇ ਸਾਰੇ ਦਿਨ ਦੀ ਕਮਾਈ ਜੇਬ ਵਿਚੋਂ ਕੱਢ ਲਈ। ਜਿਸ ਨੂੰ ਸਿਪਾਹੀ ਝਬੁੱਟ ਮਾਰ ਕੇ ਲੈ ਗਿਆ।

-"ਮਾਪਿਓ ਤੇਲ ਵਾਸਤੇ ਤਾਂ ਰਹਿਣ ਦਿਓ। ਟੈਂਕੀ ਖਾਲੀ ਹੋਣ ਆਲੀ ਐ।" ਮਿਸਤਰੀ ਪਿਆਸੇ ਕਾਂ ਵਾਂਗ ਝਾਕਿਆ।

-"ਸਾਲ੍ਹਿਆ ਤੇਲ ਦਿਆ! ਤੈਨੂੰ ਹੁਣੇਂ ਨਾ ਮੈਂ ਗਿਣ ਕੇ ਦੇ ਦਿਆਂ। ਜਾਹ ਚਾਰ ਸਵਾਰੀਆਂ ਵੱਧ ਲੱਦ ਲਈਂ। ਖੁੱਲ੍ਹੀ ਛੁੱਟੀ!" ਆਪਣੇ ਵੱਲੋਂ ਸਿਪਾਹੀ ਨੇ ਉਸ ਦਾ ਖੱਭਾ ਕੱਢ ਦਿੱਤਾ।

-"ਤੂੰ ਸ਼ੁਕਰ ਕਰ ਚੌਲਾਂ 'ਚ ਈ ਸਰ ਗਿਆ, ਨਹੀਂ ਤਾਂ ਅਗਲੇ ਪਿਛਲੇ ਸਾਰੇ ਕਚਿਹਰੀ 'ਚ ਈ ਲੱਗ ਜਾਣੇਂ ਸੀ!" ਦੂਜੇ ਸਿਪਾਹੀ ਨੇ ਆਪਣਾ ਅਹਿਸਾਨ ਮਿਸਤਰੀ 'ਤੇ ਜਤਾਇਆ।

ਪਰ ਮਿਸਤਰੀ ਖੜ੍ਹਾ ਨੋਟਾਂ ਵੱਲ ਝਾਕ ਰਿਹਾ ਸੀ।

-"ਹੁਣ ਤੁਰਦੈਂ ਕਿ ਚਾਰਾਂ ਬੱਕਲ? ਮੇਰੀਆਂ ਗਾਲ੍ਹਾਂ ਰਾਕਟ ਲਾਂਚਰਾਂ ਅਰਗੀਆਂ ਹੁੰਦੀਐਂ, ਦੋ ਛੱਡਤੀਆਂ ਤਾਂ ਡਰ-ਡਰ ਉਠਿਆ ਕਰੇਂਗਾ। ਸਾਲਾ ਕੁੱਕੜੂੰ-ਘੜੂੰ ਜਿਆ!" ਪਾਸਿਓਂ ਤੀਜੇ ਨੇ ਕੜੀ 'ਚ ਕੜੀ ਅੜਾ ਕੇ ਦਬਕਾ ਮਾਰਿਆ।

ਸਲੋਕ ਸੁਣ ਕੇ ਮਿਸਤਰੀ ਆਪਣਾ ਘੜੁੱਕਾ ਲੈ ਕੇ ਵਿਦਾਅ ਹੋ ਗਿਆ।

ਦੋ ਸਿਪਾਹੀ ਮੇਰੇ ਦੁਆਲੇ ਹੋ ਗਏ।

-"ਹਾਂ ਬਈ, ਕਾਗਜ਼ ਪੱਤਰ?" ਮੇਰੇ ਕਾਲ਼ੀਆਂ ਐਨਕਾਂ ਲੱਗੀਆਂ ਦੇਖ ਕੇ ਸ਼ਾਇਦ ਸਿਪਾਹੀ ਕੁਝ ਧੀਮਾਂ ਬੋਲਿਆ।

ਮੈਂ ਕਾਗਜ਼ ਪੱਤਰ ਦੇ ਦਿੱਤੇ ਅਤੇ ਇਕ ਸਿਪਾਹੀ ਕਾਗਜ਼ ਪੱਤਰਾਂ 'ਤੇ ਸਰਸਰੀ ਜਿਹੀ ਨਜ਼ਰ ਮਾਰਨ ਲੱਗ ਪਿਆ।

ਇਤਨੇ ਨੂੰ ਇਕ ਅਮਲੀ ਨੇ ਸਾਡੇ ਕੋਲ ਸਾਈਕਲ ਆ ਰੋਕਿਆ। ਉਸ ਨੇ ਸਾਈਕਲ ਨੂੰ ਤੇਲ ਲਾ ਕੇ ਲਿਸ਼ਕਾ ਰੱਖਿਆ ਸੀ। ਰਿੰਮਾਂ ਵਿਚ ਫੁੱਲ ਪੁਆਏ ਹੋਏ ਸਨ ਅਤੇ ਚੈਨ-ਕਵਰ 'ਤੇ ਦੁੱਧ ਚਿੱਟੇ ਅੱਖਰਾਂ ਵਿਚ "ਸਰਦਾਰ ਕਰਨੈਲ ਸਿੰਘ" ਲਿਖਿਆ ਹੋਇਆ ਸੀ। ਸਾਈਕਲ ਦੇ ਡੰਡਿਆਂ ਵਿਚ ਉਸ ਨੇ ਵੱਡੀ ਕਿਰਪਾਨ ਫ਼ਸਾਈ ਹੋਈ ਸੀ।

-"ਆਹ ਮਗਰਲੇ ਦੀ ਵੀ ਖਬਰ ਲੈ ਲਓ!" ਦੂਰੋਂ ਦੈਂਗੜ ਚੂਹਿਆਂ ਦੀ ਬਿੱਲੀ ਮਾਸੀ, ਠਾਣੇਦਾਰ ਨੇ ਹੋਕਰਾ ਮਾਰਿਆ।

-"ਕੀ ਨਾਂ ਐਂ ਉਏ ਤੇਰਾ?" ਇਕ ਸਿਪਾਹੀ ਅਮਲੀ ਦੁਆਲੇ ਹੋ ਗਿਆ।

-"ਜੀ ਕਰਨੈਲ ਸਿਉਂ!"

-"ਪਿਉ ਦਾ ਨਾਂ?"

-"ਜੀ ਜਰਨੈਲ ਸਿਉਂ!"

-"ਪਿੰਡ ਕਿਹੜੈ?"

-"ਜੀ ਯੁੱਧ ਸਿੰਘ ਆਲਾ।"

-"ਬੱਲੇ!" ਸਿਪਾਹੀ ਨੇ ਵਿਅੰਗਮਈ ਮੂੰਹ ਬਣਾ ਲਿਆ।

-"ਇਹਦਾ ਨਾਂ ਕਰਨੈਲ ਸਿਉਂ, ਬੁੜ੍ਹੇ ਦਾ ਨਾਂ ਜਰਨੈਲ ਸਿਉਂ, ਤੇ ਪਿੰਡ ਯੁੱਧ ਸਿੰਘ ਆਲਾ.. ਬੁੜ੍ਹੀ ਦਾ ਨਾਂ ਤਾਂ ਫੇਰ ਏ. ਕੇ. ਸੰਤਾਲੀ ਈ ਹੋਊ?"

ਸਾਰੇ ਸਿਪਾਹੀ ਬੁੱਚੜਾਂ ਵਾਂਗ ਹੱਸੇ।

-"ਤੇ ਆਇਆ ਕਿੱਥੋਂ ਐਂ ਉਏ, ਚੌਰਿਆ?" ਇਕ ਨੇ ਹੱਸਦੇ-ਹੱਸਦੇ ਨੇ ਮੂੰਹ ਭਿਆਨਕ ਬਣਾ ਲਿਆ।

-"ਜੀ ਤੇਲ ਨ੍ਹੀ ਮਿਲਦਾ, ਜਨਾਬ ਕਣਕ ਸੁੱਕੀ ਜਾਂਦੀ ਐ, ਕਾਲ਼ੇ ਤੇਲ ਦਾ ਪਤਾ ਕਰਕੇ ਆਇਐਂ।" ਅਮਲੀ ਨੇ ਮਜਬੂਰੀ ਵਿਚ ਹੱਥ ਜੋੜੇ।

-"ਆਇਆ ਤੇਲ ਦਾ ਪਤਾ ਕਰਕੇ ਐਂ, ਤੇ ਟੰਗੀ ਫਿਰਦੈਂ ਸੈਕਲ ਨਾਲ ਕਿਰਪਾਨ? ਇਹ ਮਾਂ ਕਾਹਦੇ ਆਸਤੇ ਟੰਗੀ ਐ ਉਏ?" ਸਿਪਾਹੀ ਦਾ ਬੁੱਚੜ ਦਾਗਲ਼ ਚਿਹਰਾ ਜਿਵੇਂ ਅਮਲੀ ਨੂੰ ਖਾਣ ਆ ਰਿਹਾ ਸੀ।

-"ਮਾਪਿਓ ਇਹ ਤਾਂ ਕੁੱਤੇ ਬਿੱਲੇ ਦੇ ਡਰੋਂ ਐਂ।" ਅਮਲੀ ਕੰਬੀ ਜਾ ਰਿਹਾ ਸੀ।

-"ਇਹ ਤਾਂ ਕੋਈ ਅੱਤਵਾਦੀ ਲੱਗਦੈ। ਇਹਨੂੰ ਜੀਪ 'ਚ ਲੱਦੋ!" ਦੂਰੋਂ ਠਾਣੇਦਾਰ ਦੇ ਘਣ ਵਰਗੇ ਹੁਕਮ ਨੇ ਅਮਲੀ ਨੂੰ ਪਰਾਲ਼ ਕਰ ਦਿੱਤਾ।

-"ਰਾਤ ਆਲੇ ਸਰਪੈਂਚ ਦਾ ਕਤਲ ਫਿਰ ਏਸੇ ਨੇ ਈ ਕੀਤਾ ਹੋਣੈਂ। ਇਹਨੂੰ ਮੂਧਾ ਪਾਓ!" ਇਕ ਸਿਪਾਹੀ ਆ ਰਹੇ ਟਰੱਕ ਨੂੰ ਹੱਥ ਦਿੰਦਾ ਬੋਲਿਆ। ਫਿਰ ਉਸ ਨੇ ਵਿਸਲ ਮੂੰਹ ਵਿਚ ਤੁੰਨ ਲਈ।

ਟਰੱਕ ਕਿਸੇ ਬਾਰਸੂਖ਼ ਸਾਬਕਾ ਐੱਮ. ਐੱਲ. ਏ. ਦਾ ਸੀ, ਜਿਸ ਨੂੰ ਸਿਪਾਹੀ ਨੇ ਗਲਤੀ ਨਾਲ ਰੋਕ ਲਿਆ ਸੀ। ਪਰ ਡਰਾਈਵਰ ਨੇ ਪੁੱਛ-ਗਿੱਛ ਤੋਂ ਪਹਿਲਾਂ ਹੀ ਦੱਸ ਦਿੱਤਾ। ਇਸ ਲਈ ਸਿਪਾਹੀ ਨੇ ਡਰਾਈਵਰ ਤੋਂ ਮੁਆਫ਼ੀ ਮੰਗੀ ਅਤੇ ਜਨਾਬ ਐੱਮ. ਐੱਲ. ਏ. ਸਾਹਿਬ ਨੂੰ 'ਮੱਥਾ ਟੇਕਣਾ' ਵੀ ਕਿਹਾ।

ਇਤਨੇ ਨੂੰ ਅਮਲੀ ਸਾਈਕਲ ਛੱਡ ਕੇ ਭੱਜ ਚੁੱਕਾ ਸੀ।

-"ਉਏ ਆਹ ਸੈਕਲ ਆਲ਼ਾ ਤਾਂ ਭੱਜ ਗਿਆ!" ਇਕ ਸਿਪਾਹੀ ਚੌਂਕਿਆ।

-"ਤੂੰ ਸਾਨੂੰ ਦੱਸਿਆ ਨਾ ਉਏ?" ਦੂਜਾ ਮੇਰੇ ਵੱਲ ਕੌੜ ਬੋਤੇ ਵਾਂਗ ਝਾਕਿਆ। ਉਸ ਨੇ ਅੱਕੀ ਹੋਈ ਬਾਂਦਰੀ ਵਾਂਗ ਦੰਦ ਪੀਹੇ।

-"ਉਏ ਕੋਈ ਬੰਦਾ ਕੁਬੰਦਾ ਵੀ ਦੇਖ ਲਿਆ ਕਰੋ! ਸਭ ਨੂੰ ਇੱਕੋ ਰੱਸੇ ਨਰੜਦੇ ਐਂ?" ਸ਼ਾਇਦ ਟਰੱਕ ਵਾਲਾ ਸਿਪਾਹੀ ਕੋਈ ਦੂਜੀ ਬਲਾਅ ਗਲ ਨਹੀਂ ਪਾਉਣੀ ਚਾਹੁੰਦਾ ਸੀ।

-"ਚੱਲੋ ਰਹਿਣ ਦਿਓ ਨਾਕੇ ਨੂੰ, ਅੱਜ ਨ੍ਹੀ ਕੁਛ ਬਣਦਾ ਦੀਂਹਦਾ।" ਇਕ ਸਿਪਾਹੀ ਮੇਰੇ ਕਾਗਜ਼ ਪੱਤਰ ਮੋੜਦਾ ਕਹਿ ਰਿਹਾ ਸੀ।

-"ਚੱਲੋ ਉਤੋਂ 'ਨ੍ਹੇਰਾ ਵੀ ਹੋ ਚੱਲਿਐ। ਕਿਤੇ 'ਉਹ' ਨਾ ਆ ਜਾਣ। ਅੰਧਾਧੁੰਦ ਫ਼ਾਇਰ ਵੀ ਪਤੰਦਰ ਏ. ਕੇ. ਸੰਤਾਲੀ ਦਾ ਈ ਖੋਲ੍ਹਦੇ ਐ।" ਦੂਜਾ ਬੋਲਿਆ।

-"ਚਲੋ ਮੈਨੂੰ ਤਾਂ ਆਹ ਅਮਲੀ ਆਲਾ ਸੈਕਲ ਮਿਲ ਗਿਆ, ਜੁਆਕ ਨੂੰ ਸਕੂਲ ਤੋਰਿਆ ਕਰਾਂਗੇ। ਕਦੋਂ ਦਾ ਸੈਕਲ-ਸੈਕਲ ਕਰਦਾ ਸੀ।" ਤੀਜਾ ਆਪਣੀ ਜਿੱਤ 'ਤੇ ਖੁਸ਼ ਸੀ।

-"ਆਹ ਕਿਰਪਾਨ ਚੱਕ ਕੇ ਜੀਪ 'ਚ ਰੱਖੋ, ਕਿਸੇ ਕਤਲ ਕੇਸ 'ਚ ਕੰਮ ਆਊ।"

-"ਬਣ ਗਏ ਦੋ ਬੋਤਲਾਂ ਜੋਗੇ ਕਿ ਨਹੀਂ?"

-"ਅੱਜ ਦਾ ਕੰਮ ਈ ਸਰੂ।"

-"ਚੱਲ ਰਾਤ ਤਾਂ ਸੌਖੀ ਲੰਘੂ।"

ਕਾਰ ਸਟਾਰਟ ਕਰਕੇ ਤੁਰਦੇ ਦੇ ਮੇਰੇ ਕੰਨੀਂ ਗੱਲਾਂ ਪੈ ਰਹੀਆਂ ਸਨ। ਮੇਰੀ 'ਘਿਰਰ-ਘਿਰਰ' ਜਿਹੀ ਕਰਦੀ ਕਾਰ ਪਤਾ ਨਹੀਂ ਕਿਸ ਦੀ ਜਾਨ ਨੂੰ ਰੋ ਰਹੀ ਸੀ?


jaggikussa@yahoo.de

* * *

ਲੜੀਵਾਰ ਨਾਵਲ

ਕਮਲ ਗਿੱਲ

Mob : +44 07454 394684



ਕਿਸ਼ਤ-3

# ਗੰਧਲੇ ਰਿਸ਼ਤੇ

**ਡਾਇਰੀ ਦਾ ਆਖਰੀ ਪੰਨਾਂ ਪਲਟਦਿਆਂ ਉਸ ਨੇ ਮੇਰੇ ਵੱਲ ਦੇਖ ਕੇ ਸਵਾਲ ਕੀਤਾ।ਤੇ ਮੈਂ ਵੀ ਆਪਣੇ ਖਿਆਲਾਂ ਵਿੱਚੋਂ ਫਟਾਫਟ ਵਾਪਸ ਆ ਗਈ। ਕੈਲਾਸ਼ ਦਾ ਸਵਾਲ ਸੁਣ ਕੇ ਮੈਂ ਕੰਬ ਗਈ। ਜਿਵੇਂ ਕਿਸੇ ਚੋਰ ਨੂੰ ਕਿਸੇ ਨੇ ਰੰਗੇ ਹੱਥੀਂ ਚੋਰੀ ਕਰਦਿਆਂ ਫੜ ਲਿਆ ਹੋਵੇ। ਤੇ ਚੋਰ ਹੁਣ ਕਸੂਤਾ ਫਸ ਗਿਆ ਹੋਵੇ । ਮੈਂ ਵੀ ਚੋਰੀ ਕਰਦੀ ਫੜ੍ਹੀ ਗਈ ਸਾਂ। ਪਰ ਮੈਂ ਆਪਣੀ ਅਪੀਲ ਦਲੀਲ 'ਚ ਕੁਝ ਨਹੀ ਕਹਿਣਾ ਸੀ। ਕਰ ਕੇ ਮੈਂ ਗਲਤੀ ਕੀਤੀ ਸੀ । ਕਿਸੇ ਦੀ ਇਜ਼ਾਜਤ ਬਿਨਾਂ ਉਸ ਦੀ ਨਿਜੀ ਡਾਇਰੀ ਪੜ੍ਹਨਾ ਇਨਸਾਨੀਅਤ ਨਹੀਂ ਸੀ, ਪਾਪ ਸੀ। ਇਹ ਚੋਰੀ ਨਹੀਂ ਸੀ ਪਰ ਇਸ ਗਲਤੀ ਲਈ ਮੈ ਸ਼ਰਮਿੰਦਾ ਵੀ ਸੀ । ਹੁਣ ਮੈਂ ਇਸ ਔਰਤ ਕੋਲ ਝੂਠ ਨਹੀਂ ਬੋਲ ਸਕਦੀ ਸੀ । ਸੋ ਮੈਂ ਸੱਚ-ਸੱਚ ਆਖ ਦਿੱਤਾ।**



ਪਰ ਤੂੰ ਇੰਨੇ ਦਿਨ ਕਿਉਂ ਲਾਏ ਮੇਰੀ ਚੀਜ਼ ਮੋੜਨ ਲਈ? ਤੈਨੂੰ ਨਹੀਂ ਪਤਾ ਕਿ ਕਿਸੇ ਦੀ ਅਮਾਨਤ ਉਸੇ ਸਮੇਂ ਅਗਲੇ ਦੇ ਹਵਾਲੇ ਕਰਨੀ ਚਾਹੀਦੀ ਹੈ।''

ਅਚਾਨਕ ਕੈਲਾਸ਼ ਥੋੜ੍ਹਾ ਗੁੱਸੇ 'ਚ ਆ ਗਈ ਸੀ । ਪਰ ਉਹ ਖੁਸ਼ ਸੀ ਕਿ ਉਸ ਦੀ ਜਾਨ ਤੋਂ ਪਿਆਰੀ ਡਾਇਰੀ ਉਸ ਨੂੰ ਮਿਲ ਗਈ ਸੀ।

''ਸੌਰੀ ਕੈਲਾਸ਼ ਜੀ ਮੇਰਾ ਕੰਮ ਇਸ ਤਰ੍ਹਾਂ ਦਾ ਹੈ ਕਿ ਮੇਰੇ ਕੋਲ ਸਮਾਂ ਬਹੁਤ ਘੱਟ ਹੁੰਦਾ ਹੈ ਮੈਂ ਲੇਟ ਕੰਮ ਛੱਡਦੀ ਹਾਂ ਸੋਚਿਆ ਲੇਟ ਆਵਾਂਗੀ ਤਾਂ ਤੁਸੀਂ ਡਿਸਟਰਬ ਹੋਵੋਂਗੇ। ਇਸੇ ਲਈ ਸਮੇਂ ਦਾ ਇੰਤਜ਼ਾਰ ਕਰ ਰਹੀ ਸੀ ਕਿ ਕਿਸੇ ਦਿਨ ਛੇਤੀ ਕੰਮ ਖਤਮ ਕਰਕੇ ਤੁਹਾਡੇ ਵੱਲ ਸਮੇਂ ਸਿਰ ਦਿਨ ਵੇਲੇ ਹੀ ਆਵਾਂ ਪਰ ਕੰਮ 'ਚ ਸਮਾਂ ਹੀ ਨਹੀਂ ਨਿਕਲਿਆ।''

ਮੇਰੇ ਵੱਲ ਦੇਖ ਕੇ ਉਹ ਥੋੜ੍ਹਾ ਜਿਹਾ ਢਿੱਲੀ ਪੈ ਗਈ ਤੇ ਮੁਸਕੁਰਾਈ।

''ਕੋਈ ਗੱਲ ਨਹੀਂ ਠੀਕ ਹੈ, ਮੈਨੂੰ ਤਾਂ ਇਸੇ ਗੱਲ ਦੀ ਖੁਸ਼ੀ ਹੈ ਕਿ ਤੂੰ ਮੇਰੀ ਡਾਇਰੀ ਵਾਪਸ ਦੇਣ ਆ ਗਈ। ਤੁਸੀ ਤਾਂ ਅਖਬਾਰ-ਰਸਾਲਿਆਂ ਵਾਲੇ ਹੋਤੇ ਅਖਬਾਰਾਂ ਵਾਲੇ ਖਬਰਾਂ ਭਾਲਦੇ ਫਿਰਦੇ ਨੇ ਰਾਇਟਰਾਂ ਬਾਰੇ । ਤੇ ਇਸ ਡਾਇਰੀ 'ਚ ਤਾਂ ਮੇਰਾ ਪੂਰਾ ਜੀਵਨ ਸਿਮਟਿਆ ਹੋਇਆ ਸੀ । ਮੈਨੂੰ ਉਮੀਦ ਹੈ ਤੂੰ ਇਹ ਡਾਇਰੀ ਨਹੀਂ ਪੜ੍ਹੀ ਹੋਣੀ ਜੇ ਪੜ੍ਹੀ ਹੁੰਦੀ ਤਾਂ ਤੂੰ ਇਹ ਮੈਨੂੰ ਵਾਪਸ ਨਹੀਂ ਕਰਨੀ ਸੀ ਸਗੋਂ ਇਸ 'ਤੇ ਹੋਰ ਮਸਾਲੇ ਲਾ ਕੇ ਆਪਣੇ ਰਸਾਲੇ 'ਚ ਕੱਢ ਦੇਣੀ ਸੀ।''

''ਨਹੀ ਕੈਲਾਸ਼ ਜੀ ਮੈਂ ਇੰਨੀ ਵੀ ਮਾੜੀ ਨਹੀ ਹਾਂ ਕਿ ਤੁਹਾਡੀ ਨਿੱਜੀ ਜਿੰਦਗੀ ਦੇ ਨਿੱਜੀ ਪਹਿਲੂ ਮੈਂ ਤੁਹਾਡੀ ਇਜ਼ਾਜਤ ਬਿਨਾਂ ਰਸਾਲੇ 'ਚ ਲਾ ਦਿੰਦੀ।''

ਡਾਇਰੀ ਦੇ ਪੰਨੇ ਕੈਲਾਸ਼ ਇਸ ਤਰ੍ਹਾਂ ਫਰੋਲ ਰਹੀ ਸੀ ਜਿਵੇਂ ਉਹ ਉਸ 'ਤੇ ਲਾਏ ਸਾਰੇ ਜਿੰਦਰੇ ਚੈੱਕ ਕਰ ਰਹੀ ਹੋਵੇ ਕਿ ਕੋਈ ਜਿੰਦਰਾਂ ਮੈਂ ਖੋਲ੍ਹ ਕੇ ਤਾਂ ਨਹੀ ਵੇਖ ਲਿਆ। ਕਮਰੇ ਵਿੱਚ ਕੁੱਝ ਕੁ ਮਿੰਟ ਚੁੱਪ ਪਸਰ ਗਈ ਸ਼ਾਇਦ ਉਹ ਆਪਣਾ ਬਹੁਤ ਵਰ੍ਹੇ ਪਹਿਲਾਂ ਲਿਖਿਆ ਕੋਈ ਪੰਨਾ ਪੜ੍ਹ ਰਹੀ ਸੀ। ਮੈਂ ਨੀਝ ਨਾਲ ਉਸ ਦੇ ਮੂੰਹ ਵੱਲ ਵੇਖਿਆ ਤਾਂ ਉਹ ਸੋਫੇ 'ਤੇ ਬੈਠੀ ਮੈਨੂੰ ਅਮ੍ਰਿਤਾ ਪ੍ਰੀਤਮ ਵਾਂਘ ਜਾਪ ਰਹੀ ਸੀ।ਪਰ ਇਸ ਘਰ ਵਿੱਚ ਇਸ ਅੰਮ੍ਰਿਤਾ ਦਾ ਨਾ ਪ੍ਰੀਤਮ ਸੀ ਤੇ ਨਾਂ ਇਮਰੋਜ਼ । ਬੱਸ ਉਹ ਇਕੱਲੀ ਸੀ ।

ਪਤਾ ਨਹੀਂ ਕਿਉਂ ਉਸ ਵੱਲ ਦੇਖ ਮੈਨੂੰ ਤਰਸ ਜਿਹਾ ਆਇਆ । ਦੂਸਰੇ ਹੀ ਪਲ ਮੈਨੂੰ ਆਪਣੀ ਸੋਚ 'ਤੇ ਸ਼ਰਮਿੰਦਗੀ ਵੀ ਮਹਿਸੂਸ ਹੋਈ ਕਿ ਮੈਂ ਇਹ ਕਿਉਂ ਸੋਚ ਰਹੀ ਸੀ । ਇੱਕ ਔਰਤ ਨੂੰ ਜ਼ਿੰਦਗੀ ਜਿਉਣ ਲਈ ਮਰਦ ਦੀ ਜ਼ਰੂਰਤ ਨਹੀਂ ਹੈ, ਉਹ ਉਸ ਦੇ ਬਿਨਾਂ ਵੀ ਪੂਰੀ ਹੈ, ਉਸ ਦੇ ਬਿਨਾਂ ਵੀ ਆਪਣੇ ਬਹੁਤ ਸਾਰੇ ਮੁਕਾਮ ਹਾਸਿਲ ਕਰ ਲੈਂਦੀ ਹੈ। ਪਰ ਫਿਰ ਵੀ ਪਤਾ ਨਹੀਂ ਕਿਉਂ ਮੇਰੇ ਮਨ ਅੰਦਰ ਉਸ ਵੇਲੇ ਇਹ ਖਿਆਲ ਉਮੜ ਰਹੇ ਸਨ ।

''ਤੂੰ ਮੇਰੀ ਇਹ ਡਾਇਰੀ ਪੜ੍ਹੀ ਸੀ ਬੀਰਾ?''

ਡਾਇਰੀ ਦਾ ਆਖਰੀ ਪੰਨਾਂ ਪਲਟਦਿਆਂ ਉਸ ਨੇ ਮੇਰੇ ਵੱਲ ਦੇਖ ਕੇ ਸਵਾਲ ਕੀਤਾ। ਤੇ ਮੈਂ ਵੀ ਆਪਣੇ ਖਿਆਲਾਂ ਵਿੱਚੋਂ ਫਟਾਫਟ ਵਾਪਸ ਆ ਗਈ। ਕੈਲਾਸ਼ ਦਾ ਸਵਾਲ ਸੁਣ ਕੇ ਮੈਂ ਕੰਬ ਗਈ। ਜਿਵੇਂ ਕਿਸੇ ਚੋਰ ਨੂੰ ਕਿਸੇ ਨੇ ਰੰਗੇ ਹੱਥੀਂ ਚੋਰੀ ਕਰਦਿਆਂ ਫੜ ਲਿਆ ਹੋਵੇ। ਤੇ ਚੋਰ ਹੁਣ ਕਸੂਤਾ ਫਸ ਗਿਆ ਹੋਵੇ । ਮੈਂ ਵੀ ਚੋਰੀ ਕਰਦੀ ਫੜ੍ਹੀ ਗਈ ਸਾਂ। ਪਰ ਮੈਂ ਆਪਣੀ ਅਪੀਲ ਦਲੀਲ 'ਚ ਕੁਝ ਨਹੀ ਕਹਿਣਾ ਸੀ। ਕਰ ਕੇ ਮੈਂ ਗਲਤੀ ਕੀਤੀ ਸੀ । ਕਿਸੇ ਦੀ ਇਜ਼ਾਜਤ ਬਿਨਾਂ ਉਸ ਦੀ ਨਿਜੀ ਡਾਇਰੀ ਪੜ੍ਹਨਾ ਇਨਸਾਨੀਅਤ ਨਹੀਂ ਸੀ, ਪਾਪ ਸੀ। ਇਹ ਚੋਰੀ ਨਹੀਂ ਸੀ ਪਰ ਇਸ ਗਲਤੀ ਲਈ ਮੈ ਸ਼ਰਮਿੰਦਾ ਵੀ ਸੀ । ਹੁਣ ਮੈਂ ਇਸ ਔਰਤ ਕੋਲ ਝੂਠ ਨਹੀਂ ਬੋਲ ਸਕਦੀ ਸੀ । ਸੋ ਮੈਂ ਸੱਚ-ਸੱਚ ਆਖ ਦਿੱਤਾ।

''ਹਾਂ ਕੈਲਾਸ਼ ਜੀ ਮੈਂ ਪੜ੍ਹੀ ਸੀ। ਮੈਨੂੰ ਮਾਫ ਕਰ ਦਿਓ ਮੈਨੂੰ ਇੰਝ ਨਹੀਂ ਕਰਨਾ ਚਾਹੀਦਾ ਸੀ ਪਰ ਮੈਂ ਪਤਾ ਨਹੀ ਕਿਉਂ ਪਹਿਲਾ ਪੇਜ਼ ਪੜ੍ਹਨ ਤੋਂ ਬਾਅਦ ਆਪਣੇ ਆਪ ਨੂੰ ਰੋਕ ਹੀ ਨਹੀਂ ਪਾਈ।'' ਆਈ ਐੱਮ ਵੈਰੀ ਸੌਰੀ ਕੈਲਾਸ਼ ਜੀ ਹੋ ਸਕੇ ਤਾਂ ਮੈਨੂੰ ਮਾਫ ਕਰ ਦੇਣਾ।'' ਮੈਂ ਤੁਹਾਡੀ ਇਜ਼ਾਜਤ ਬਿਨਾਂ ਇਸ ਦੇ ਪੰਨੇ ਫਰੋਲੇ । ਹੋ ਸਕੇ ਤਾਂ ਮੈਨੂੰ ਮਾਫ ਕਰ ਦਿਓ।''

ਮੇਰੀ ਗੱਲ ਸੁਣ ਕੇ ਕੈਲਾਸ਼ ਦੇ ਚਿਹਰੇ ਦਾ ਰੰਗ ਬਦਲ ਗਿਆ, ਸਾਫ ਪਤਾ ਲੱਗ ਰਿਹਾ ਸੀ ਕਿ ਉਨ੍ਹਾਂ ਨੂੰ ਮੇਰੀ ਭਰੀ ਹਾਂਮੀ ਬਿਲਕੁੱਲ ਚੰਗੀ ਨਹੀਂ ਲੱਗੀ। ਮੈਨੂੰ ਆਪਣੇ ਉੱਤਰ ਤੇ ਆਪ ਹੀ ਸ਼ਰਮ ਆ ਰਹੀ ਸੀ । ਪਰ ਮੈ ਉਸ ਨਾਲ ਝੂਠ ਨਹੀਂ ਬੋਲਣਾ ਚਾਹੁੰਦੀ ਸੀ। ਖਾਸ ਕਰ ਕੇ ਉਸ ਦੀ ਡਾਇਰੀ ਪੜ੍ਹਨ ਤੋਂ ਬਾਅਦ ਮੇਰੇ ਦਿਲ 'ਚ ਉਸ ਲਈ ਬਹੁਤ ਇੱਜ਼ਤ ਆ ਗਈ ਸੀ ਤੇ ਇਸੇ ਇੱਜ਼ਤ ਅਤੇ ਪਿਆਰ ਕਰਕੇ ਮੈਂ ਉਸ ਨੂੰ ਸੱਚ ਦੱਸ ਦਿੱਤਾ।

''ਤੈਨੂੰ ਨਹੀਂ ਪੜ੍ਹਨੀ ਚਾਹੀਦੀ ਸੀ, ਖੈਰ ਜੇ ਹੁਣ ਪੜ੍ਹ ਹੀ ਲਈ ਹੈ ਤਾਂ ਕੋਈ ਗੱਲ ਨਹੀ'' ਉਸ ਨੇ ਗੱਲ ਖਤਮ ਕਰਦਿਆਂ ਲੰਬਾ ਹੋਕਾ ਲਿਆ। ਤੇ ਡਾਇਰੀ ਸਾਹਮਣੇ ਕੰਧ ਨਾਲ ਰੱਖੇ ਕੋਰਨਰ ਵਾਲੇ ਡਰੋਅਰ ਵਿੱਚ ਰੱਖ ਦਿੱਤੀ।

''ਰੋਟੀ ਖਾਏਂਗੀ ਬੀਰਾ?''

''ਜੀ ਨਹੀਂ ਮੈਂ ਠੀਕ ਹਾਂ।''

ਕਾਹਲੀ ਨਾਲ ਇਹੀ ਉੱਤਰ ਉਸ ਵੇਲੇ ਮੈਨੂੰ ਸੁਲਝਿਆ।''

''ਨਾ ਮੈਂ ਕੱਦ ਕਿਹਾ ਕਿ ਤੂੰ ਠੀਕ ਨਹੀਂ ਹੈ? ਮੈਨੂੰ ਪਤਾ ਤੂੰ ਠੀਕ ਹੈ ਪਰ ਰੋਟੀ ਦਾ ਠੀਕ ਨਾਲ ਕੀ ਮਤਲਬ ਕਮਲੀ ਕੁੜੀ। ਚੱਲ ਹੁਣ ਮੂੰਹ ਢਿੱਲਾਂ ਨਾ ਕਰ ਜੋ ਹੋ ਗਿਆ ਸੋ ਹੋ ਗਿਆ, ਪਰ ਅਗਾਂਹ ਤੋਂ ਕਿਸੇ ਹੋਰ ਨਾਲ ਇੰਦਾਂ ਨਹੀ ਕਰਨਾ, ਕਿਸੇ ਦੀ ਵੀ ਡਾਇਰੀ ਬਿਨਾਂ ਇਜ਼ਾਜਤ ਨਹੀਂ ਪੜ੍ਹਨੀ।'' ਇਸ ਵਾਰ ਤੇਰਾ ਗੁਨਾਹ ਮੈਂ ਮਾਫ ਕਰ ਦਿੱਤਾ। ਤੂੰ ਮੈਨੂੰ ਭੋਲੀ ਕੁੜੀ ਲੱਗਦੀ ਹੈ। ਚੱਲ ਕੋਈ ਨਾ ਜੋ ਹੋ ਗਿਆ ਸੋ ਹੋ ਗਿਆ ਨਾਲੇ ਜੇ ਤੂੰ ਚਾਹੁੰਦੀ ਤਾਂ ਝੂਠ ਵੀ ਬੋਲ ਸਕਦੀ ਸੀ ਕਿ ਮੈਂ ਨਹੀਂ ਪੜ੍ਹੀ ਪਰ ਤੂੰ ਸੱਚ ਬੋਲਿਆ ਤੇ ਸੱਚ ਬੋਲਣ ਵਾਲੇ ਲੋਕ ਬਹੁਤ ਘੱਟ ਬਚੇ ਹਨ ਇਸ ਸੰਸਾਰ ਚ। ਤੇ ਤੂੰ ਉਨ੍ਹਾਂ ਵਿਚੋਂ ਇੱਕ ਹੈ ਜੋ ਘੱਟੋ ਘੱਟ ਸੱਚ ਬੋਲਣ ਦੀ ਹਿੰਮਤ ਤਾਂ ਕਰ ਰਹੀ ਹੈ ।

ਤੇ ਇੰਨਾ ਆਖ ਉਹ ਮੇਰੇ ਵਲ ਵੇਖ ਮੁਸਕਰਾਈ।

ਉਸ ਦੀ ਮੁਸਕੁਰਾਹਟ ਤੋਂ ਮੈਨੂੰ ਤੱਸਲੀ ਹੋ ਗਈ ਕਿ ਉਸ ਨੇ ਮੇਰੀ ਗਲਤੀ ਦਿਲੋਂ ਮਾਫ ਕਰ ਦਿੱਤੀ ਹੈ ।

'''ਕੰਮ ਤੋਂ ਸਿੱਧਾ ਆਈ ਏ ਇੱਥੇ?''

''ਹਾਂਜੀ ਸਿੱਧਾ ਇੱਧਰ ਹੀ ਆਈ ਸੀ।''

ਮੈ ਸਰਸਰਾ ਜਿਹਾ ਜਵਾਬ ਦਿੱਤਾ ।

''ਠੀਕ ਹੈ ਫਿਰ ਆ ਜਾ ਰਸੋਈ 'ਚ ਮੇਰੇ ਨਾਲ ਹੀ ਦੋ-ਦੋ ਫੁਲਕੇ ਲਾਹ ਲੈ ਦਾਲ ਮੈਂ ਬਣਾਈ ਹੋਈ ਹੈ।''

ਇੰਨਾਂ ਆਖ ਉਹ ਕਿਚਨ ਵੱਲ ਤੁਰ ਪਈ ਤੇ ਮੈਂ ਉਸ ਦੇ ਮਗਰ-ਮਗਰ ਰਸੋਈ ਵਿੱਚ ਚਲੇ ਗਈ ਅਤੇ ਉਸ ਦੇ ਦੱਸਣ ਅਨੁਸਾਰ ਚੀਜ਼ਾ ਲੱਭ ਕੇ ਰੋਟੀ ਲਾਉਣ ਉੱਗ ਗਈ। ਕੋਈ 20-25 ਮਿੰਟਾਂ 'ਚ ਹੀ ਅਸੀਂ ਦੋਵੇਂ ਰੋਟੀ ਖਾ ਕੇ ਰਸੋਈ 'ਚੋਂ ਵਿਹਲੀਆਂ ਹੋ ਕੇ ਬਾਹਰ ਆ ਗਈਆਂ। ਮੇਰਾ ਮਨ ਬਹੁਤ ਸਾਰੀਆਂ ਗੱਲਾਂ ਕਰਨ ਨੂੰ ਕਰ ਰਿਹਾ ਸੀ ਪਰ ਮੈਂ ਉਸ ਤੋਂ ਝਿਜਕਦੀ ਕੋਈ ਸਵਾਲ ਨਹੀਂ ਪੁੱਛ ਪਾ ਰਹੀ ਸੀ। ਸ਼ਾਇਦ ਉਹ ਵੀ ਮੇਰੀਆਂ ਨਜ਼ਰਾਂ ਭਾਪ ਰਹੀ ਸੀ। ਸਮ੍ਹਾਂ ਵੀ ਬਹੁਤ ਹੋ ਗਿਆ ਸੀ 9 ਤੋਂ ਉੱਪਰ ਹੋ ਗਿਆ ਸੀ । ਟੀਵੀ ਤੇ ਕੋਈ ਪੁਰਾਣੀ ਮੀਨਾ ਕੁਮਾਰੀ ਦੀ ਫਿਲਮ ਚੱਲ ਰਹੀ ਸੀ ।

ਕੈਲਾਸ਼ ਨੇ ਕਲਾਕ ਵੱਲ ਨਜ਼ਰ ਘੁੰਮਾ ਕੇ ਕਿਹਾ,

''ਸਮੇਂ ਦਾ ਪਤਾ ਹੀ ਨਹੀਂ ਚੱਲਦਾ ਲੈ 9 ਵੀ ਵੱਜ ਗਏ।''

ਮੈਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿੱਦਾਂ ਉਹ ਮੈਨੂੰ ਸਮਾਂ ਦਿਖਾ ਕੇ ਕਹਿ ਰਹੀ ਸੀ ਕਿ ਹੁਣ ਮੈਨੂੰ ਚੱਲਣਾ ਚਾਹੀਦਾ ਹੈ। ਵੈਸੇ ਵੀ ਬਹੁਤ ਲੇਟ ਸੀ ਮੇਰੇ ਘਰ ਤੱਕ ਹਾਲੇ ਅੱਧੇ ਘੰਟੇ ਦੀ ਡਰਾਈਵ ਸੀ ਤੇ ਉੱਪਰੋਂ ਹਾਲੇ ਸਨੋਅ ਵੀ ਘਟੀ ਨਹੀਂ ਸੀ ਲਗਾਤਾਰ ਪੈ ਹੀ ਰਹੀ ਸੀ। ਕੰਧ 'ਤੇ ਲੱਗੇ ਕਲਾਕ ਵੱਲ ਦੇਖ ਕੇ ਮੈਂ ਵੀ ਉੱਠ ਕੇ ਖੜ੍ਹੀ ਹੋ ਗਈ ।

''ਕੈਲਾਸ਼ ਜੀ ਖਾਣੇ ਲਈ ਅਤੇ ਕੌਫੀ ਲਈ ਬਹੁਤ-ਬਹੁਤ ਸ਼ੁਕਰੀਆਂ ਜੀ ਤੇ ਤੁਸੀਂ ਮੇਰੀ ਗਲਤੀ ਲਈ ਮੈਨੂੰ ਮਾਫ ਕੀਤਾ ਉਸ ਲਈ ਵੀ ਦਿਲੋਂ ਸ਼ੁਕਰੀਆ ਜੀ, ਤੇ ਹੁਣ ਮੈਨੂੰ ਇਜ਼ਾਜਤ ਦਿਓ, ਕਾਫੀ ਲੇਟ ਹੈ ਤੁਸੀਂ ਵੀ ਸੌਂ ਜਾਓ, ਮੈ ਚੱਲਦੀ ਹਾਂ ਹੁਣ ।''

ਮੈ ਨਿਮਰਤਾ ਨਾਲ ਦੋਵੇਂ ਹੱਥ ਜੋੜ ਦਿੱਤੇ, ਜਿਵੇ ਮਨ ਹੀ ਮਨ ਇੱਕ ਵਾਰ ਜਾਣ ਲੱਗਿਆਂ ਆਪਣੇ ਕੀਤੀ ਭੁੱਲ ਲਈ ਦੁਬਾਰਾ ਮਾਫੀ ਮੰਗ ਰਹੀ ਹੋਵਾਂ ਤੇ ਉਸ ਦੇ ਮਾਫ ਕਰਨ 'ਤੇ ਜਾਣ ਲੱਗੀ ਇਕ ਵਾਰ ਫਿਰ ਸ਼ੁਕਰੀਆਂ ਕਰਦੀ ਹੋਵਾਂ।

ਚੱਲਦੀ ਹਾਂ ਆਖ ਮੈਂ ਆਪਣਾ ਕੋਟ ਕਿੱਲੀ ਨਾਲੋਂ ਲਾਉਣ ਲੱਗ ਗਈ।

''ਇੰਨੇ ਸਾਰੇ ਸਵਾਲ ਨਾਲ ਲੈ ਕੇ ਹੀ ਚੱਲੀ ਜਾਵੇਗੀ? ਕੋਈ ਪੁੱਛੇਗੀ ਨਹੀ?''

ਕੈਲਾਸ਼ ਮੇਰੇ ਪਿੱਛੇ ਆ ਕੇ ਕੰਧ ਨਾਲ ਲੱਗ ਖੜ੍ਹੀ ਹੋ ਗਈ।

''ਜੀ ਕਿਹੜੇ ਸਵਾਲ?''

''ਉਹੀ ਜੋ ਮੇਰੀ ਡਾਇਰੀ ਪੜ੍ਹ ਕੇ ਤੇਰੇ ਮਨ 'ਚ ਉੱਠੇ ਹਨ ।''

''ਹਾਂ ਪਰ ਕੈਲਾਸ਼ ਜੀ ਉਹ ਤੁਹਾਡੀ ਨਿੱਜੀ ਜ਼ਿੰਦਗੀ ਹੈ, ਮੈਨੂੰ ਕੋਈ ਹੱਕ ਨਹੀਂ ਉਨ੍ਹਾਂ 'ਤੇ ਸਵਾਲ ਕਰਨ ਦਾ।'' ''ਹਾਂ ਪਰ ਹੁਣ ਉਹ ਨਿੱਜੀ ਨਹੀਂ ਰਹੀ ਤੂੰ ਸਾਰੇ ਕਾਸੇ ਤੋਂ ਜਾਣੂ ਹੈ ਹੁਣ ਤੈਨੂੰ ਸਭ ਪਤਾ ਹੈ। ਖੈਰ ਮੈਨੂੰ ਬੁਰਾ ਨਹੀਂ ਲੱਗਾ। ਤੂੰ ਚੰਗੀ ਕੁੜੀ ਲੱਗਦੀ ਹੈਂ।

ਚਲਦਾ....

# ਕਿਸਾਨ ਅੰਦੋਲਨ - ਵੱਧ ਰਿਹਾ ਖੇਤੀ ਸੰਕਟ

ਗੁਰਮੀਤ ਸਿੰਘ ਪਲਾਹੀ
9815802070



ਕਿਸਾਨ ਅੰਦੋਲਨ ਖਤਮ ਨਹੀਂ ਹੋਇਆ, ਕਿਉਂਕਿ ਕਿਸਾਨਾਂ ਦੀਆਂ ਮੰਗਾਂ ਅੱਧੀਆਂ ਅਧੂਰੀਆਂ ਮੰਨੀਆਂ ਗਈਆਂ ਅਤੇ ਬਾਕੀ ਲਮਕਾ ਦਿੱਤੀਆਂ ਗਈਆਂ। ਕਿਸਾਨ ਨੇਤਾਵਾਂ ਅਤੇ ਕਿਸਾਨ ਜਥੇਬੰਦੀਆਂ ਵੱਲੋਂ ਦੇਸ ਦੀਆਂ ਹੋਰ ਮਜ਼ਦੂਰ, ਮੁਲਾਜ਼ਮ ਜੱਥੇਬੰਦੀਆਂ, ਗ਼ੈਰ ਸਰਕਾਰੀ ਸੰਸਥਾਵਾਂ, ਬੁੱਧੀਜੀਵੀਆਂ ਦੀ ਸਹਾਇਤਾ ਅਤੇ ਸਹਿਯੋਗ ਨਾਲ਼ ਚਲਾਏ ਅੰਦੋਲਨ ਨੇ ਵਿਸ਼ਵ-ਵਿਆਪੀ ਚਰਚਾ ਖੱਟੀ। ਲੋਕ ਆਪਣੇ ਹੱਕਾਂ ਪ੍ਰਤੀ ਜਾਗਰੂਕ ਹੋਏ। ਦਿੱਲੀ ਦੇ ਸਿੰਘਾਸਨ 'ਤੇ ਬੈਠੇ ਹਾਕਮਾਂ ਨੂੰ ਲੋਕਾਂ ਦੀ ਅਵਾਜ਼ ਸੁਣਨੀ ਪਈ। ਕਿਸਾਨ ਵਿਰੋਧੀ ਖੇਤੀ ਕਾਨੂੰਨ ਵਾਪਸ ਲੈਣੇ ਪਏ।

ਕਿਸਾਨ ਅੰਦੋਲਨ ਦਿੱਲੀ ਦੇ ਬਾਰਡਰਾਂ 'ਤੇ ਕੁਝ ਸਮਾਂ ਖਤਮ ਹੋਇਆ ਪਰ ਹੁਣ ਫਿਰ ਮਘ ਰਿਹਾ ਹੈ ਕਿਉਂਕਿ ਸਰਕਾਰ ਨੇ ਮੰਗਾਂ ਨਹੀਂ ਮੰਨੀਆਂ। ਗੱਲ ਭਾਰਤ ਦੀ ਸੁਪਰੀਮ ਕੋਰਟ ਵਿੱਚ ਪੁੱਜੀ। ਸੁਪਰੀਮ ਕੋਰਟ ਨੇ ਦਿੱਲੀ ਵਿਚ ਸਿੰਘੂ ਬਾਰਡਰ 'ਤੇ ਅੰਦੋਲਨ ਕਰਨ ਵਾਲੇ ਕਿਸਾਨਾਂ ਦੀਆਂ ਸ਼ਿਕਾਇਤਾਂ ਅਤੇ ਵਿਰੋਧ ਤੋਂ ਉਪਜੀ ਸਥਿਤੀ 'ਤੇ ਇੱਕ ਪੈਨਲ ਬਣਾਇਆ। ਇਸ ਪੈਨਲ ਨੇ ਗਿਆਰਾਂ ਸਫ਼ਿਆਂ ਦੀ ਇੱਕ ਰਿਪੋਰਟ ਸੁਪਰੀਮ ਕੋਰਟ ਨੂੰ ਸੌਂਪੀ ਹੈ।

ਇਸ ਪੈਨਲ ਨੇ ਕਿਹਾ ਹੈ ਕਿ ਭਾਰਤ ਵਿੱਚ ਸੰਕਟ ਖੇਤੀ 'ਤੇ ਸੰਕਟ ਵੱਧ ਰਹੇ ਹਨ। ਪੈਨਲ ਅਨੁਸਾਰ ਸ਼ੁੱਧ ਖੇਤੀ ਉਤਪਾਦਕਤਾ ਵਿੱਚ ਕਮੀ ਆਈ ਹੈ ਅਤੇ ਉਤਪਾਦਨ ਲਾਗਤ ਵਧੀ ਹੈ। ਕਿਸਾਨਾਂ ਵੱਲੋਂ ਆਪਣੀ ਫ਼ਸਲ ਵੇਚਣ ਲਈ ਸੁਵਿਧਾਵਾਂ ਦੀ ਘਾਟ ਹੈ ਅਤੇ ਖੇਤੀ ਖੇਤਰ 'ਚ ਰੁਜ਼ਗਾਰ ਘਟਿਆ ਹੈ। ਛੋਟੇ ਅਤੇ ਸੀਮਾਂਤ ਕਿਸਾਨ ਅਤੇ ਖੇਤੀ ਮਜ਼ਦੂਰ ਆਰਥਿਕ ਤੌਰ 'ਤੇ ਤੰਗੀ ਵਿੱਚ ਹਨ। ਛੋਟੇ ਕਿਸਾਨ ਤਾਂ ਭੁੱਖੇ ਮਰਨ ਦੀ ਸਥਿਤੀ 'ਚ ਹਨ।

ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਖੇਤੀ ਖੇਤਰ ਵਿੱਚ ਦੇਸ਼ ਦੇ ਕੁੱਲ ਮਜ਼ਦੂਰਾਂ ਦੀ ਗਿਣਤੀ ਦਾ 46 ਫ਼ੀਸਦੀ ਲੱਗਿਆ ਹੋਇਆ ਹੈ ਅਤੇ ਉਹਨਾਂ ਦੀ ਆਮਦਨੀ ਵਿੱਚ ਹਿੱਸੇਦਾਰੀ ਮਸਾਂ 15 ਫ਼ੀਸਦੀ ਹੈ। ਬੇਰੁਜ਼ਗਾਰੀ ਇੰਨੀ ਹੈ ਕਿ ਇਸ ਨੂੰ ਮਾਪਿਆ ਹੀ ਨਹੀਂ ਜਾ ਸਕਦਾ। ਇਹ ਤੱਥ ਛੁਪੇ ਹੋਏ ਹਨ, ਜਾਂ ਛੁਪਾਏ ਜਾ ਰਹੇ ਹਨ। ਖੇਤੀ ਖੇਤਰ ਦੀ ਤ੍ਰਾਸਦੀ ਇਹ ਵੀ ਹੈ ਕਿ ਬਿਨਾਂ ਤਨਖਾਹ ਤੋਂ ਮਜ਼ਦੂਰੀ ਕਰਨ ਵਾਲੇ ਪਰਿਵਾਰਕ ਮੈਂਬਰਾਂ ਦੀ ਗਿਣਤੀ ਵੱਡੀ ਹੈ। ਇੱਥੇ ਹੀ ਬੱਸ ਨਹੀਂ, ਹੜ੍ਹਾਂ, ਸੋਕੇ, ਗਰਮ ਹਵਾਵਾਂ ਨੇ ਖੇਤੀ ਅਤੇ ਕਿਸਾਨਾਂ ਉੱਤੇ ਹਰ ਕਿਸਮ ਦਾ ਬੋਝ ਵਧਾਇਆ ਹੋਇਆ ਹੈ।

ਪੈਨਲ ਵੱਲੋਂ ਜਾਰੀ ਕੀਤੀ ਗਈ ਅੰਤਿਮ ਰਿਪੋਰਟ ਹੈਰਾਨ ਪਰੇਸ਼ਾਨ ਕਰਨ ਵਾਲ਼ੀ ਹੈ। ਉਸ ਅਨੁਸਾਰ 1995 ਤੋਂ ਹੁਣ ਤੱਕ 4 ਲੱਖ ਕਿਸਾਨ ਆਤਮ ਹੱਤਿਆ ਕਰ ਚੁੱਕੇ ਹਨ। ਪੰਜਾਬ ਦੀਆਂ ਤਿੰਨ ਯੂਨੀਵਰਸਿਟੀਆਂ ਨੇ ਇੱਕ ਸਰਵੇ ਕੀਤਾ,ਇਸ ਅਨੁਸਾਰ 2000 ਤੋਂ 2015 ਦੇ ਸਮੇਂ ਵਿਚਕਾਰ ਕਿਸਾਨਾਂ ਤੇ ਖੇਤ ਮਜ਼ਦੂਰੀ ਕਰਨ ਵਾਲ਼ਿਆਂ 16306 ਲੋਕਾਂ ਨੇ ਖੁਦਕੁਸ਼ੀ ਕੀਤੀ ਇਹਨਾਂ ਵਿੱਚੋਂ ਬਹੁਤੀਆਂ ਆਤਮ- ਹੱਤਿਆਵਾਂ ਗਰੀਬ, ਛੋਟੇ ਅਤੇ



ਬੇਜ਼ਮੀਨੇ ਮਜ਼ਦੂਰ ਪਰਿਵਾਰਾਂ ਦੇ ਮੈਂਬਰਾਂ ਵੱਲੋਂ ਕੀਤੀਆਂ ਗਈਆਂ। ਕਾਰਨ ਕਰਜ਼ੇ ਦਾ ਵੱਡਾ ਬੋਝ ਹੈ।

ਪੰਜਾਬ ਅਤੇ ਹਰਿਆਣਾ ਦੇ ਕਿਸਾਨ ਖ਼ਾਸ ਤੌਰ 'ਤੇ ਸੰਕਟ ਵਿੱਚ ਹਨ। ਹਰੀ ਕ੍ਰਾਂਤੀ ਨੇ ਸ਼ੁਰੂਆਤੀ ਦੌਰ ਵਿੱਚ ਕਿਸਾਨਾਂ ਨੂੰ ਲਾਭ ਪਹੁੰਚਾਇਆ। ਪਰ 1990 ਦੇ ਦਹਾਕੇ ਤੋਂ ਬਾਅਦ ਖੇਤੀ ਉਪਜ ਅਤੇ ਉਤਪਾਦਨ ਵਿੱਚ ਠਹਿਰਾਅ ਆ ਗਿਆ। ਇਸੇ ਦੌਰਾਨ ਹੀ ਅਸਲ ਵਿੱਚ ਕਿਸਾਨ ਕਰਜ਼ਾਈ ਹੋਏ। ਨਾਬਾਰਡ 2023 ਦੀ ਰਿਪੋਰਟ ਅਨੁਸਾਰ 2022-23 'ਚ ਪੰਜਾਬ ਦੇ ਕਿਸਾਨਾਂ ਜ਼ੁੰਮੇ 73673 ਕਰੋੜ ਰੁਪਏ ਦਾ ਕਰਜ਼ਾ ਸੀ ਅਤੇ ਹਰਿਆਣਾ ਦੇ ਕਿਸਾਨਾਂ 'ਤੇ 76630 ਕਰੋੜ ਰੁਪਏ ਦਾ। ਇਹ ਕਰਜ਼ਾ ਬੈਂਕਾਂ ਅਤੇ ਸਹਿਕਾਰੀ ਸੁਸਾਇਟੀਆਂ ਤੋਂ ਲਿਆ ਗਿਆ ਕਰਜ਼ਾ ਸੀ। ਜਦ ਕਿ ਸ਼ਾਹੂਕਾਰਾਂ, ਦਲਾਲਾਂ, ਆੜ੍ਹਤੀਆਂ ਤੋਂ ਲਏ ਕਰਜ਼ੇ ਦਾ ਤਾਂ ਕੋਈ ਹਿਸਾਬ ਹੀ ਨਹੀਂ। ਅਸਲ ਵਿੱਚ ਤਾਂ 90 ਫ਼ੀਸਦੀ ਤੋਂ ਵੱਧ ਛੋਟੇ ਕਿਸਾਨ ਕਰਜ਼ੇ ਦੀ ਮਾਰ ਹੇਠ ਹਨ। ਉਹਨਾਂ ਦੇ ਵਿੱਤੀ ਹਾਲਾਤ ਤਰਸਯੋਗ ਹਨ।

ਦੇਸ਼ ਵਿੱਚ ਖੇਤੀ ਖੇਤਰ ਨੂੰ ਪੁਨਰਜੀਵਤ ਕਰਨ ਦੀ ਲੋੜ ਹੈ। ਵਧਦੇ ਹੋਏ ਕਰਜ਼ੇ ਦੇ ਬੁਨਿਆਦੀ ਕਾਰਨਾਂ ਨੂੰ ਸਮਝਣਾ ਪਵੇਗਾ, ਕਿਉਂਕਿ ਪੇਂਡੂਆਂ ਖਾਸ ਕਰਕੇ ਕਿਸਾਨਾਂ ਅਤੇ ਮਜ਼ਦੂਰਾਂ 'ਚ ਅਸ਼ਾਂਤੀ ਵਧ ਰਹੀ ਹੈ। ਅਜ਼ਾਦੀ ਦੀ ਪੌਣੀ ਸਦੀ ਬਾਅਦ ਵੀ ਦੇਸ਼ ਦੇ ਜ਼ਿਆਦਾਤਰ ਲੋਕਾਂ ਦਾ ਜੀਵਨ ਪੱਧਰ ਉੱਚਾ ਨਹੀਂ ਚੁੱਕਿਆ ਜਾ ਸਕਿਆ। ਕਾਰਨ ਹੋਰ ਵੀ ਬਥੇਰੇ ਹਨ। ਪਰ ਸਰਕਾਰ ਵੱਲੋਂ ਖੇਤੀ ਖੇਤਰ ਲਈ ਜੋ ਕੁਝ ਕੁ ਕਦਮ ਚੁੱਕੇ ਗਏ ਹਨ, ਉਹ ਆਮ ਕਿਸਾਨ ਤੱਕ ਨਹੀਂ ਪੁੱਜੇ। ਸਮੇਂ-ਸਮੇਂ 'ਤੇ ਦਿੱਤੀ ਗਈ ਰਾਹਤ ਉਹਨਾਂ ਦੇ ਦਰੀਂ ਨਹੀਂ ਪੁੱਜੀ। ਦਲਾਲ, ਵਿਚੋਲੇ ਇਹਨਾ ਨਾ ਮਾਤਰ ਯੋਜਨਾਵਾਂ, ਰਾਹਤਾਂ ਦਾ ਫਾਇਦਾ ਚੁੱਕ ਰਹੇ ਹਨ।

ਦਹਾਕਿਆਂ ਪਹਿਲਾਂ ਡਾ: ਸਵਾਮੀਨਾਥਨ ਦੀ ਰਿਪੋਰਟ ਵਿੱਚ ਇਹ ਸੁਝਾਇਆ ਗਿਆ ਸੀ ਕਿ ਕਿਸਾਨਾਂ ਨੂੰ ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਦਿੱਤਾ ਜਾਵੇ। ਸੁਪਰੀਮ ਕੋਰਟ ਵੱਲੋਂ ਤੈਅ ਕੀਤੇ ਗਏ ਪੈਨਲ,ਜਿਸ ਵਿੱਚ ਰਿਟਾਇਰਡ ਆਈ.ਪੀ.ਐੱਸ. ਅਧਿਕਾਰੀ ਬੀ.ਐੱਸ. ਸੰਧੂ, ਦੇਵਿੰਦਰ ਸ਼ਰਮਾ, ਪ੍ਰੋ.ਰਣਜੀਤ ਸਿੰਘ ਘੁੰਮਣ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਅਰਥ ਸ਼ਾਸਤਰੀ ਡਾ. ਸੁਖਪਾਲ ਸਿੰਘ ਆਦਿ ਸ਼ਾਮਿਲ ਹਨ, ਨੇ ਵੀ ਸੁਝਾਇਆ ਹੈ ਕਿ ਕਿਸਾਨਾਂ ਦੀਆਂ ਫ਼ਸਲਾਂ ਦੇ ਸਮਰਥਨ ਮੁੱਲ ਨੂੰ ਕਾਨੂੰਨੀ ਮਾਨਤਾ ਦਿੱਤੀ ਜਾਵੇ ਅਤੇ ਕਰਜ਼ੇ ਵਿੱਚ ਰਾਹਤ ਦਿੱਤੀ ਜਾਵੇ, ਖੇਤੀ ਖੇਤਰ ਲਈ ਰੁਜ਼ਗਾਰ ਸਿਰਜਣ ਦੇ ਉਪਰਾਲੇ ਹੋਣ। ਪਰ ਇਸ ਸਬੰਧੀ ਪਹਿਲੀਆਂ ਸਰਕਾਰਾਂ ਨੇ ਵੀ ਅਤੇ ਹੁਣ ਵਾਲੀ ਭਾਜਪਾ ਸਰਕਾਰ ਨੇ ਵੀ ਚੁੱਪ ਵੱਟੀ ਹੋਈ ਹੈ।

ਇਹ ਜਾਣਦਿਆਂ ਹੋਇਆਂ ਵੀ ਕਿ ਦੇਸ਼ ਦਾ ਖੇਤੀ ਖੇਤਰ 142 ਕਰੋੜ ਦੇਸ਼ ਵਾਸੀਆਂ,ਜਿਨ੍ਹਾਂ ਵਿੱਚ 81 ਕਰੋੜ ਉਹ ਲੋਕ ਹਨ,ਜਿਨ੍ਹਾਂ ਨੂੰ ਮੁਫ਼ਤ ਵਿੱਚ ਅਨਾਜ ਮੁਹੱਈਆ ਕੀਤਾ ਜਾਂਦਾ ਹੈ,ਲਈ ਅਤਿਅੰਤ ਜ਼ਰੂਰੀ ਹੈ। ਸਰਕਾਰ ਇਸ ਖੇਤਰ ਦੇ ਵਾਧੇ ਲਈ ਯਤਨ ਕਰਨ ਦੀ ਬਜਾਏ,ਇਸ ਖੇਤਰ ਨੂੰ ਮਾਰਨ ਵੱਲ ਤੁਰੀ ਹੋਈ ਹੈ। ਖੇਤੀ ਖੇਤਰ ਜੋ ਦੇਸ਼ ਨੂੰ ਵੱਡਾ ਰੁਜ਼ਗਾਰ ਮੁਹੱਈਆ ਕਰ ਰਿਹਾ ਹੈ,ਉਸਨੂੰ ਉਤਸ਼ਾਹਿਤ ਕਰਨ ਅਤੇ ਇਸ ਖੇਤਰ 'ਚ ਹੋਰ ਮੌਕੇ ਮੁਹੱਈਆਂ ਕਰਨ ਵੱਲ ਕੋਈ ਧਿਆਨ ਨਾ ਦੇ ਕੇ,ਇਸ ਨੂੰ ਕਾਰਪੋਰੇਟ ਘਰਾਣਿਆਂ ਹੱਥ ਸੌਂਪਣ ਦੇ ਯਤਨ ਹੋ ਰਹੇ ਹਨ। ਜਿਵੇਂ ਦੇਸ਼ ਦੇ ਸਾਂਝੇ ਕੁਦਰਤੀ ਸਾਧਨ, ਕਾਰਪੋਰੇਟਾਂ, ਧੰਨ ਕੁਬੇਰਾਂ ਨੂੰ ਸੌਂਪੇ ਜਾ ਰਹੇ ਹਨ।

ਸਰਵਜਨਕ ਸੰਸਥਾਵਾਂ ਰੇਲਵੇ ਆਦਿ ਦਾ ਨਿਜੀਕਰਨ ਹੋ ਰਿਹਾ ਹੈ। ਖੇਤੀ ਜ਼ਮੀਨ ਵੀ ਕਾਰਪੋਰੇਟਾਂ ਨੂੰ ਸੌਂਪਣ ਦੀਆਂ ਸਾਜਿਸ਼ਾਂ ਹੋ ਰਹੀਆਂ ਹਨ। ਜਿਸ ਨਾਲ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਜਾਏਗੀ। ਇੱਕ ਸਰਵੇ ਅਨੁਸਾਰ 2035 ਛੋਟੇ ਕਿਸਾਨ ਹਰ ਰੋਜ਼ ਸਰਕਾਰੀ ਨੀਤੀਆਂ ਤੋਂ ਤੰਗ ਆ ਕੇ ਖੇਤੀ ਛੱਡਣ ਲਈ ਮਜਬੂਰ ਹੋ ਰਹੇ ਹਨ। ਭਾਵੇਂ ਕਿ ਦੇਸ਼ ਦੇ ਕੁੱਲ ਛੋਟੇ ਕਿਸਾਨਾਂ ਵਿੱਚੋਂ 84 ਫ਼ੀਸਦੀ ਛੋਟੇ ਕਿਸਾਨ ਖੇਤੀ ਨਹੀਂ ਛੱਡਣਾ ਚਾਹੁੰਦੇ। ਯਾਦ ਰਹੇ ਕਿ ਕਿ ਦੇਸ਼ ਦੇ ਕੁੱਲ ਕਿਸਾਨਾਂ ਵਿੱਚੋਂ 78 ਫ਼ੀਸਦੀ ਉਹ ਛੋਟੇ ਕਿਸਾਨ ਹਨ,ਜਿਨ੍ਹਾਂ ਕੋਲ ਦੋ ਹੈਕਟੇਅਰ ਤੋਂ ਘੱਟ ਜ਼ਮੀਨ ਹੈ। ਇਸੇ ਜ਼ਮੀਨ ਉਤੇ ਉਹ ਆਪਣੇ ਪਰਿਵਾਰ ਦੀ ਦੋ ਡੰਗ ਦੀ ਰੋਟੀ ਚਲਾਉਂਦੇ ਹਨ।

2024 ਦੇ ਇਕਨਾਮਿਕ ਸਰਵੇ ਅਨੁਸਾਰ ਵੀ 2022-23 ਵਿੱਚ 4.7 ਫ਼ੀਸਦੀ ਦੀ ਥਾਂ ਖੇਤੀ ਉਤਪਾਦਨ 1.4 ਫ਼ੀਸਦੀ ਹੀ ਵਧਿਆ। ਜਦਕਿ ਦੇਸ਼ ਵਿੱਚ ਅਬਾਦੀ ਦਾ ਵਾਧਾ ਲਗਾਤਾਰ ਜਾਰੀ ਹੈ ਅਤੇ ਇਸ ਆਬਾਦੀ ਦੇ ਖਾਧ ਪਦਾਰਥਾਂ ਦੀ ਲੋੜ ਖੇਤੀ ਖੇਤਰ ਨੇ ਪੂਰੀ ਕਰਨੀ ਹੈ। ਇਸੇ ਕਰਕੇ ਖੇਤੀ ਖੇਤਰ ਦੇਸ਼ ਲਈ ਜ਼ਰੂਰੀ ਹੈ।

ਇਸ ਸਾਰੀ ਸਥਿਤੀ ਤੋਂ ਦੇਸ਼ ਦੇ ਕਿਸਾਨ ਪਰੇਸ਼ਾਨ ਹਨ। ਆਤਮ ਹੱਤਿਆਵਾਂ ਕਰ ਰਹੇ ਹਨ। ਭੁੱਖ ਦਾ ਸ਼ਿਕਾਰ ਹੋ ਰਹੇ ਹਨ। ਉਹਨਾਂ ਦੀਆਂ ਜਿਉਣ ਹਾਲਤਾਂ ਚੰਗੀਆਂ ਨਹੀਂ ਹਨ। ਫਸਲਾਂ ਦੇ ਉਤਪਾਦਨ ਦਾ ਫ਼ਾਇਦਾ ਦਲਾਲਾਂ ਵੱਲੋਂ ਵੱਧ ਲਿਆ ਜਾ ਰਿਹਾ ਹੈ। ਕੀ ਇਹੋ ਜਿਹੀਆਂ ਹਾਲਤਾਂ 'ਚ ਸਰਕਾਰ ਦਾ ਫ਼ਰਜ਼ ਨਹੀਂ ਕਿ ਖੇਤੀ ਖੇਤਰ ਨਾਲ਼ ਸੰਬੰਧਤ ਮਸਲਿਆਂ ਦਾ ਫੌਰੀ ਹੱਲ ਕਰੇ।

ਸੁਪਰੀਮ ਕੋਰਟ ਵੱਲੋਂ ਬਣਾਏ ਗਏ ਮਾਹਰਾਂ ਦੇ ਪੈਨਲ ਨੇ ਖੇਤੀ ਖੇਤਰ ਦੀ ਸਹੀ ਤਸਵੀਰ ਜੱਜ ਸਾਹਿਬਾਨਾਂ ਸਾਹਵੇ ਪੇਸ਼ ਕਰ ਦਿੱਤੀ ਹੈ, ਸੁਝਾਅ ਵੀ ਦਿੱਤੇ ਹਨ। ਸੁਪਰੀਮ ਕੋਰਟ ਵੱਲੋਂ ਕਿਸਾਨ ਹਿੱਤਾਂ ਵਿੱਚ ਸਹੀ ਫੈਸਲੇ ਲੈਂਦਿਆਂ, ਕਿਸਾਨਾਂ ਦੀ ਹਾਲਤ ਸੁਧਾਰਨ ਲਈ ਕਦਮ ਪੁੱਟਣ ਲਈ ਕੇਂਦਰ ਸਰਕਾਰ ਨੂੰ ਵੀ ਕਿਹਾ ਜਾਏਗਾ।

ਪਰ ਸਵਾਲ ਤਾਂ ਇਹ ਉੱਠਦਾ ਹੈ ਕਿ ਕੇਂਦਰ ਦੀ ਕਿਸਾਨ ਵਿਰੋਧੀ ਕੇਂਦਰ ਸਰਕਾਰ ਉਹਨਾਂ ਮੰਗਾਂ ਨੂੰ ਮੰਨ ਕੇ ਲਾਗੂ ਕਰ ਦੇਵੇਗੀ, ਜਿਹਨਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਪ੍ਰਭਾਵ ਹੇਠ ਉਹ ਸਦਾ ਦਰਕਿਨਾਰ ਕਰਦੀ ਰਹੀ ਹੈ।

ਕੇਂਦਰ ਸਰਕਾਰ ਨੂੰ ਸਮਝਣਾ ਹੋਵੇਗਾ ਕਿ ਕਿਸਾਨਾਂ ਦੇ ਮਸਲਿਆਂ ਦਾ ਹੱਲ ਕੀਤੇ ਬਿਨਾਂ ਕਿਸਾਨ ਅੰਦੋਲਨ ਨੂੰ ਠੱਲ੍ਹ ਪਾਉਣੀ ਔਖੀ ਹੈ। ਪਿਛਲੇ ਸਮੇਂ 'ਚ ਕਿਸਾਨ ਅੰਦੋਲਨ ਦੌਰਾਨ 700 ਤੋਂ 800 ਕਿਸਾਨ ਜਾਨ ਤੋਂ ਹੱਥ ਧੋ ਬੈਠੇ, ਸੈਂਕੜੇ ਨਹੀਂ ਹਜ਼ਾਰਾਂ ਕਿਸਾਨਾਂ ਉੱਤੇ ਅਦਾਲਤੀ ਕੇਸ ਦਰਜ ਹੋਏ। ਹੁਣ ਵੀ ਅੰਦੋਲਨ ਨੂੰ ਹੌਲਾ ਕਰਨ ਲਈ ਗ੍ਰਿਫ਼ਤਾਰੀਆਂ ਦਾ ਦੌਰ ਜਾਰੀ ਹੈ। ਕਿਸਾਨਾਂ ਅਤੇ ਕੇਂਦਰ ਸਰਕਾਰ ਵਿਚਾਰ ਤਣੋ-ਤਣੀ ਹੈ। ਪੰਜਾਬ ਅਤੇ ਹਰਿਆਣਾ ਸਰਕਾਰ ਵੀ ਇਸ ਦੀਆਂ ਭਾਗੀਦਾਰ ਹਨ। ਜੋ ਨਿੰਦਣਯੋਗ ਹੈ।

ਕੀ ਕਿਸਾਨਾਂ ਨਾਲ ਗੱਲਬਾਤ ਕਰਕੇ ਮਸਲਿਆਂ ਦਾ ਹੱਲ ਨਹੀਂ ਹੋ ਸਕਦਾ? ਕੀ ਐਡੀਆਂ ਗੰਭੀਰ ਸਮੱਸਿਆਵਾਂ ਲਈ ਵੋਟ ਰਾਜਨੀਤੀ ਕਰਨੀ ਜਾਇਜ਼ ਜਾਂ ਜ਼ਰੂਰੀ ਹੈ?

# ਅਕਾਲੀ ਫੂਲਾ ਸਿੰਘ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਦਾ ਇਤਿਹਾਸਕ ਫ਼ੈਸਲਾ

**ਉਜਾਗਰ ਸਿੰਘ**



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇਤਿਹਾਸਕ ਫ਼ੈਸਲੇ ਤੋਂ ਬਾਅਦ ਸਿੱਖ ਸੰਗਤ ਬਾਗ਼ੋ ਬਾਗ਼ ਹੋ ਗਈ ਕਿਉਂਕਿ ਇਸ ਤੋਂ ਪਹਿਲਾਂ ਕੁਝ ਜਥੇਦਾਰ ਸਾਹਿਬਾਨ ਵੱਲੋਂ ਸਿੱਖਾਂ ਦੀ ਸਰਵੋਤਮ ਸੰਸਥਾ ਦੇ ਵਕਾਰ ਨੂੰ ਠੇਸ ਪਹੁੰਚਾਈ ਜਾ ਰਹੀ ਸੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਹੋਰ ਅਕਾਲੀ ਨੇਤਾਵਾਂ ਵੱਲੋਂ ਕੀਤੀਆਂ ਗਈਆਂ ਗ਼ਲਤੀਆਂ/ਬੱਜਰ ਗੁਨਾਹਾਂ ਸੰਬੰਧੀ ਦਿੱਤੇ ਗਏ ਫ਼ੈਸਲਿਆਂ ਨੇ ਅਕਾਲੀ ਫੂਲਾ ਸਿੰਘ ਦੇ ਫ਼ੈਸਲਿਆਂ ਦੀ ਯਾਦ ਮੁੜ ਤਾਜਾ ਕਰਵਾ ਦਿੱਤੀ ਹੈ। ਇਹ ਹੁਕਮਨਾਮਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫਸੀਲ ਤੋਂ ਗਿਆਨੀ ਰਘਬੀਰ ਸਿੰਘ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਹਰਪ੍ਰੀਤ ਸਿੰਘ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਗਿਆਨੀ ਸੁਲਤਾਨ ਸਿੰਘ ਜਥੇਦਾਰ ਸ੍ਰੀ ਕੇਸਗੜ੍ਹ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਨੇ ਸੁਣਾਇਆ। ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਹ ਮਿਸਾਲੀ ਇਤਿਹਾਸਕ ਫ਼ੈਸਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਤੇ ਖ਼ੁੱਸੀ ਮਾਣ ਮਰਿਆਦਾ ਨੂੰ ਬਹਾਲ ਕਰਨ ਵਿੱਚ ਵੱਡਾ ਕਦਮ ਹੈ। ਇਸ ਫ਼ੈਸਲੇ ਤੋਂ ਬਾਅਦ ਭਵਿਖ ਵਿੱਚ ਅਕਾਲੀ ਦਲ ਦੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਨੇਤਾ ਪੰਥ ਵਿਰੋਧੀ ਗ਼ਲਤ ਫ਼ੈਸਲੇ ਨਾ ਤਾਂ ਕਰਵਾ ਸਕਣਗੇ ਅਤੇ ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜ ਤਖ਼ਤਾਂ ਦੇ ਜਥੇਦਾਰ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਠੋਕੇ ਬਣਨ ਦਾ ਹੌਸਲਾ ਕਰਨਗੇ। ਇਸ ਇਤਿਹਾਸਕ ਫ਼ੈਸਲੇ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜਾਂ ਤਖ਼ਤਾਂ ਦੇ ਜਥੇਦਾਰਾਂ ਦਾ ਵਕਾਰ ਅਤੇ ਮਾਣ ਮਰਿਆਦਾ ਨੂੰ ਬਰਕਰ-ਾਰ ਕਰ ਦਿੱਤਾ ਹੈ। ਇਨ੍ਹਾਂ ਫ਼ੈਸਲਿਆਂ ਕਰਕੇ ਜਥੇਦਾਰ ਸਾਹਿਬਾਨ ਵਧਾਈ ਦੇ ਪਾਤਰ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੰਚ ਪ੍ਰਧਾਨੀ ਪ੍ਰਣਾਲੀ ਨੂੰ ਹੋਏ ਨੁਕਸਾਨ ਦੀ ਭਰਪਾਈ ਹੋ ਵੀ ਗਈ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੇਤਾਵਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੇ ਆਹਮੋ ਸਾਹਮਣੇ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹਾਜ਼ਰ ਨਾਜ਼ਰ ਜਾਣਕੇ ਉਨ੍ਹਾਂ ਵੱਲੋਂ ਕੀਤੇ ਗ਼ਲਤ ਫ਼ੈਸਲਿਆਂ/ਬੱਜਰ ਗੁਨਾਹਾਂ ਨੂੰ ਸਿੱਧੇ ਸਵਾਲ ਕਰਕੇ ਹਾਂ ਜਾਂ ਨਾਂਹ ਵਿੱਚ ਜਵਾਬ ਦੇਣ ਲਈ ਕਿਹਾ ਹੋਵੇ। ਕੋਈ ਵੀ ਸਿਆਸੀ ਨੇਤਾ ਆਪਣੇ ਗੁਨਾਹਾਂ ਬਾਰੇ ਸਚਾਈ ਮੰਨਣ ਲਈ ਝਿਜਕਿਆ ਨਹੀਂ। ਇਸ ਤੋਂ ਪਹਿਲਾਂ ਇਨ੍ਹਾਂ ਨੇਤਾਵਾਂ ਨੇ ਕਦੀਂ ਵੀ ਆਪਣੀਆਂ ਗ਼ਲਤੀਆਂ ਨਹੀਂ ਮੰਨੀਆਂ ਸਨ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਜੀ ਨੇ ਪੂਰਾ ਹੋਮ ਵਰਕ ਕੀਤਾ ਹੋਇਆ ਸੀ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਨੇਤਾਵਾਂ ਦੀਆਂ ਗ਼ਲਤੀਆਂ ਦੇ ਤੱਥਾਂ ਸਮੇਤ ਪੂਰੇ ਸਬੂਤ ਉਨ੍ਹਾਂ ਕੋਲ ਮੌਜੂਦ ਸਨ। ਇਸ ਲਈ ਕੋਈ ਨੇਤਾ ਝੂਠ ਦਾ ਸਹਾਰਾ ਨਹੀਂ ਲੈ ਸਕਿਆ।



ਸ਼੍ਰੋਮਣੀ ਅਕਾਲੀ ਦਲ ਦੀ ਮੋਗਾ ਕਾਨਫਰੰਸ ਦੌਰਾਨ ਅਕਾਲੀ ਦਲ ਨੇ ਪੰਥਕ ਹਿੱਤਾਂ ਤੋਂ ਦੂਰ ਹੋ ਕੇ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬੀ ਪਾਰਟੀ ਦਾ ਰੂਪ ਦੇ ਦਿੱਤਾ ਤਾਂ ਜੋ ਸਿਆਸੀ ਤਾਕਤ ਸਦਾ ਉਨ੍ਹਾਂ ਦੀ ਝੋਲੀ ਵਿੱਚ ਪੈਂਦੀ ਰਹੇ। ਭਗਤੀ ਤੇ ਸ਼ਕਤੀ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਦੁਰਵਰਤੋਂ ਕਰਨਾ, ਜਥੇਦਾਰ ਸਾਹਿਬਾਨ ਨੂੰ ਆਪਣੇ ਘਰ ਬੁਲਾਉਣਾ ਬਾਦਲ ਪਰਿਵਾਰ ਦੀ ਸਿਆਸੀ ਤਾਕਤ ਨੂੰ ਖੋਖਲਾ ਕਰਨ ਵਿੱਚ ਕਾਰਗਰ ਸਾਬਤ ਹੋਇਆ ਹੈ। ਪੰਥਕ ਵਿਚਾਰਧਾਰਾ ਤੋਂ ਕਿਨਾਰਾ ਕਰਨ ਕਰਕੇ ਸ੍ਰ.ਪਰਕਾਸ਼ ਸਿੰਘ ਬਾਦਲ ਕੌਮੀ ਨੇਤਾ ਬਣਨਾ ਚਾਹੁੰਦੇ ਸਨ ਤੇ ਬਣ ਵੀ ਗਏ ਸਨ ਪ੍ਰੰਤੂ ਫਿਰ ਵੀ ਫ਼ਖ਼ਰੇ ਕੌਮ ਪੰਥਕ ਸੋਚ ਨੂੰ ਤਿਲਾਂਜ਼ਲੀ ਦੇਣ ਕਰਕੇ ਤੱਤਕਾਲੀ ਜਥੇਦਾਰ ਸਾਹਿਬਾਨ ਦੀ ਕ੍ਰਿਪਾ ਨਾਲ ਪ੍ਰਾਪਤ ਕੀਤਾ। ਉਸ ਸਮੇਂ ਦੇ ਜਥੇਦਾਰ ਸਾਹਿਬਾਨ ਨੇ ਕੋਈ ਕਿੰਤੂ ਪ੍ਰੰਤੂ ਨਹੀਂ ਕੀਤਾ। 2007 ਤੋਂ 2017 ਤੱਕ ਦੇ ਸਮੇਂ ਦੌਰਾਨ ਮਰਹੂਮ ਸ੍ਰ.ਪਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਅਗਵਾਈ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ। ਉਸ ਸਮੇਂ ਦੌਰਾਨ ਸਰਕਾਰ ਦੀਆਂ ਕਾਰਵਾਈਆਂ ਪੰਥਕ ਸੋਚ ਨੂੰ ਖ਼ੋਰਾ ਲਗਾਉਂਦੀਆਂ ਰਹੀਆਂ। ਸ੍ਰ ਸੁਖਬੀਰ ਸਿੰਘ ਬਾਦਲ ਅਤੇ ਬਾਕੀ ਅਕਾਲੀ ਨੇਤਾ ਉਸ ਸਰਕਾਰ ਵਿੱਚ ਹਿੱਸੇਦਾਰ ਸਨ ਅਤੇ ਉਹ ਪੰਥਕ ਵਿਚਾਰਧਾਰਾ ਨੂੰ ਛਿੱਕੇ 'ਤੇ ਟੰਗ ਕੇ ਸਿਆਸੀ ਤਾਕਤ ਦਾ ਆਨੰਦ ਮਾਣਦੇ ਰਹੇ। ਪੰਥ ਦੇ ਹਿੱਤਾਂ ਨੂੰ ਅੱਖੋਂ ਪ੍ਰੋਖੇ ਕਰਦੇ ਰਹੇ। ਸਿਰਸਾ ਡੇਰੇ ਦੇ ਮੁੱਖੀ ਰਾਮ ਰਹੀਮ ਨੂੰ ਮੁਆਫੀ ਦੇਣਾ, ਮੁਆਫ਼ੀ ਨੂੰ ਸਹੀ ਸਾਬਤ ਕਰਨ ਲਈ 90 ਲੱਖ ਤੋਂ ਉਪਰ ਦੇ ਅਖ਼ਬਾਰਾਂ ਵਿੱਚ ਇਸ਼ਤਿਹਾਰ ਦੇਣਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਹਿਰਾਵਾ ਪਾ ਕੇ ਨਕਲ ਕਰਨਾ, ਉਸ ਵਿਰੁੱਧ ਕੇਸ ਕੋਰਟ ਵਿੱਚੋਂ ਵਾਪਸ ਲੈਣਾ, ਸੁਮੇਧ ਸਿੰਘ ਸੈਣੀ ਨੂੰ ਡੀ. ਜੀ. ਪੀ. ਲਗਾਉਣਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਕੋਈ ਸਾਰਥਕ ਫ਼ੈਸਲਾ ਨਾ ਕਰਨਾ , ਕੋਟਕਪੂਰਾ ਤੇ ਬਹਿਬਲ ਕਲਾਂ ਦੇ ਕਾਂਡ ਹੋਏ, ਪੰਜਾਬ ਪੁਲਿਸ ਨੇ ਗੋਲੀਆਂ ਚਲਾਕੇ ਦੋ ਨੌਜਵਾਨ ਸ਼ਹੀਦ ਕੀਤੇ ਪ੍ਰੰਤੂ ਸਰਕਾਰ ਨੇ ਕੋਈ ਇਨਸਾਫ਼ ਨਹੀਂ ਦਿੱਤਾ। ਇਹ ਸਾਰੇ ਕੰਮ ਪੰਥ ਵਿਰੋਧੀ ਸਨ। ਸਰਕਾਰ ਗੁਨਾਹ ਕਰਨ ਵਾਲਿਆਂ ਦੀ ਪੁਸ਼ਤ ਪਨਾਹੀ ਕਰਦੀ ਰਹੀ। ਬਾਦਲ ਪਰਿਵਾਰ ਤਖ਼ਤਾਂ ਦੇ ਜਥੇਦਾਰ ਸਾ-ਹਬਾਨ ਨੂੰ ਆਪਣੀ ਮਰਜ਼ੀ ਅਨੁਸਾਰ ਸਿਆਸੀ ਹਿੱਤਾਂ ਲਈ ਵਰਤਦੇ ਰਹੇ। ਜਥੇਦਾਰ ਸਾਹਿਬਾਨ ਨੇ ਪੰਥਕ ਹਿੱਤਾਂ 'ਤੇ ਪਹਿਰਾ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੁਖਬੀਰ ਸਿੰਘ ਬਾਦਲ ਸਮੇਤ ਜਿਹੜੇ ਨੇਤਾਵਾਂ ਨੇ ਅਸਤੀਫ਼ੇ ਦਿੱਤੇ ਹਨ, ਉਨ੍ਹਾਂ ਦੇ ਤਿੰਨ ਦਿਨਾ ਵਿੱਚ ਅਸਤੀਫ਼ੇ ਮਨਜ਼ੂਰ ਕਰਕੇ ਸ੍ਰੀ ਅਕਾਲ ਤਖ਼ਤ ਨੂੰ ਜਾਣਕਾਰੀ ਭੇਜਣ ਦੇ ਆਦੇਸ਼ ਦਿੱਤੇ। ਸਾਰੇ ਧੜੇ ਖ਼ਤਮ ਹੋਣਗੇ, ਦਾਗੀ ਤੇ ਬਾਗ਼ੀ ਇਕੱਠੇ ਹੋਣਗੇ ਤਾਂ ਪੰਥ ਦੇ ਸੁਨਹਿਰੇ ਭਵਿਖ ਦੀ ਆਸ ਕੀਤੀ ਜਾ ਸਕਦੀ ਹੈ। ਨਵੇਂ ਸਿਰੇ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਕਰਨ ਲਈ 7 ਮੈਂਬਰੀ ਕਮੇਟੀ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਬਣਾਕੇ 6 ਮਹੀਨੇ ਦੇ ਅੰਦਰ ਪ੍ਰਧਾਨ ਅਤੇ ਹੋਰ ਅਹੁਦੇਦਾਰਾਂ ਦੀ ਚੋਣ ਕਰਵਾਉਣ ਦੇ ਹੁਕਮ ਦਿੱਤੇ ਹਨ। ਇਸ ਕਮੇਟੀ ਦੇ ਬਾਕੀ ਮੈਂਬਰ ਪ੍ਰੋ.ਕ੍ਰਿਪਾਲ ਸਿੰਘ ਬਡੂੰਗਰ, ਇਕਬਾਲ ਸਿੰਘ ਝੂੰਦਾਂ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨੁਮਾਇੰਦੇ ਵੱਜੋਂ ਬੀਬੀ ਸਤਵੰਤ ਕੌਰ (ਸਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ) ਹਨ। ਇਹ ਕਮੇਟੀ ਵੀ ਨਿਰਪੱਖ ਹੋ ਕੇ ਦੋਵੇਂ ਧੜਿਆਂ ਦੇ ਬਾਰਾਬਰ ਮੈਂਬਰ ਰੱਖ ਕੇ ਬਣਾਈ ਗਈ ਹੈ। ਅਕਾਲੀ ਦਲ ਦੀ ਅਸਲੀ ਮੈਂਬਰਸ਼ਿਪ ਆਧਾਰ ਕਾਰਡ ਦੇ ਸਬੂਤਾਂ ਅਨੁਸਾਰ ਹੋਣ ਨੂੰ ਯਕੀਨੀ ਬਣਾਉਣਾ ਹੋਵੇਗਾ। ਅਖ਼ਬਾਰਾਂ ਲਈ ਦਿੱਤੇ ਇਸ਼ਤਿਹਾਰਾਂ ਦੀ ਰਕਮ ਨੇਤਾਵਾਂ ਤੋਂ ਵਿਆਜ ਸਮੇਤ ਵਾਪਸ ਲੈਣ ਦਾ ਹੁਕਮ ਸ਼ਲਾਘਾਯੋਗ ਹੈ। ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਸੁਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਗੁਲਜ਼ਾਰ ਸਿੰਘ ਰਣੀਕੇ ਤੇ ਡਾ. ਦਲਜੀਤ ਸਿੰਘ ਚੀਮਾ ਅਖ਼ਬਾਰਾਂ ਦੇ ਬਿਲਾਂ ਦੀ ਰਕਮ ਵਿਆਜ਼ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖਾਤੇ ਵਿੱਚ ਜਮ੍ਹਾਂ ਕਰਵਾਉਣਗੇ। ਸ੍ਰੀ ਅਕਾਲ ਤਖ਼ਤ ਦੇ ਇਨ੍ਹਾਂ ਫ਼ੈਸਲਿਆਂ ਨਾਲ ਸਿੱਖ ਪੰਥ ਦੇ ਨੁਮਾਇੰਦਿਆਂ ਨੂੰ ਥੋੜ੍ਹੀ ਰਾਹਤ ਮਹਿਸੂਸ ਹੋਈ ਹੈ। ਮਰਹੂਮ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਜਿਸਨੂੰ ਅਕਾਲੀ ਸਿਆਸਤ ਦਾ ਬਾਬਾ ਬੋਹੜ ਕਿਹਾ ਜਾਂਦਾ ਸੀ, ਉਸ ਨੂੰ ਸ੍ਰੀ ਅਕਾਲ ਤਖ਼ਤ ਵੱਲੋਂ ਦਿੱਤਾ ਗਿਆ ਫ਼ਖ਼ਰੇ-ਏ-ਕੌਮ ਦਾ ਖ਼ਿਤਾਬ ਵਾਪਸ ਲੈਣਾ ਵਿਲੱਖਣ ਫ਼ੈਸਲਾ ਹੈ, ਇਸ ਫ਼ੈਸਲੇ ਨਾਲ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਪੰਜੇ ਤਖ਼ਤਾਂ ਦੀ ਪ੍ਰਭੁਸਤਾ ਦਾ ਪ੍ਰਗਟਾਵਾ ਕੀਤਾ ਹੈ।

ਸੁਖਬੀਰ ਸਿੰਘ ਬਾਦਲ ਸਮੇਤ ਸਾਰੇ ਬਾਗੀ ਤੇ ਦਾਗੀ ਨੇਤਾਵਾਂ ਨੂੰ ਦਿੱਤੀ ਗਈ ਮਿਸਾਲੀ ਧਾਰਮਿਕ ਸਜਾ ਦਰਬਾਰ ਸਾਹਿਬ ਅਧੀਨ ਸੰਗਤ ਲਈ ਬਣੇ ਬਾਥਰੂਮਾਂ ਦੀ ਸਫ਼ਾਈ ਕਰਨਾ ਤੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਵੱਲੋਂ ਨਿਗਰਾਨੀ ਕਰਨਾ ਆਪਣੇ ਆਪ ਵਿੱਚ ਨੇਤਾਵਾਂ ਲਈ ਸ਼ਰਮਨਾਕ ਹੈ। ਸੁਖਬੀਰ ਸਿੰਘ ਬਾਦਲ ਅਤੇ ਸੁਖਦੇਵ ਸਿੰਘ ਢੀਂਡਸਾ ਚੋਲਾ ਪਾ ਕੇ ਬਰਛਾ ਲੈ ਕੇ ਇੱਕ ਘੰਟਾ ਸ੍ਰੀ ਦਰਬਾਰ ਸਾਹਿਬ ਦੀ ਡਿਊਡੀ ਸਾਹਮਣੇ ਬੈਠਣਾ ਵੀ ਕੀਤੀਆਂ ਗ਼ਲਤੀਆਂ ਦਾ ਅਹਿਸਾਸ ਕਰਵਾਏਗਾ। ਇਹ ਸਾਰੇ ਨੇਤਾ ਗਿਆਰਾਂ ਦਿਨ ਬਰਤਨ ਸਾਫ ਕਰਨਗੇ, ਨਿਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਕਰਨਗੇ ਕੀਰਤਨ ਸਰਵਣ ਕਰਨਗੇ। ਧਾਰਮਿਕ ਸਜਾ ਦੌਰਾਨ ਸਾਰੇ ਨੇਤਾ ਆਪਣੇ ਗਲਾਂ ਵਿੱਚ ਤਖ਼ਤੀਆਂ ਪਾਉਣਗੇ। ਇਹ ਸਜਾ ਦੋ ਦਿਨ ਸ੍ਰੀ ਹਰਿਮੰਦਰ ਸਾਹਿਬ, ਦੋ ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਦੋ ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ, ਦੋ ਦਿਨ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਅਤੇ ਦੋ ਦਿਨ ਸ੍ਰੀ ਫਤਿਹਗੜ੍ਹ ਸਾਹਿਬ ਭੁਗਤਣ ਦੇ ਆਦੇਸ਼ ਦਿੱਤੇ ਗਏ ਹਨ। ਇਸ ਤੋਂ ਇਲਾਵਾ ਜਿਹੜੇ ਤਖ਼ਤਾਂ ਦੇ ਜਥੇਦਾਰਾਂ ਨੇ ਡੇਰਾ ਸਿਰਸਾ ਨੂੰ ਮੁਆਫ਼ੀ ਦੇਣ ਸੰਬੰਧੀ ਆਪਣੇ ਸ਼ਪਸ਼ਟੀਕਰਨ ਭੇਜੇ ਸਨ, ਉਨ੍ਹਾਂ ਦੇ ਸ਼ਪਸ਼ਟੀਕਰਨ ਰੱਦ ਕਰ ਦਿੱਤੇ ਤੇ ਉਨ੍ਹਾਂ ਤਿੰਨਾ ਨੂੰ ਸ੍ਰੀ ਅਕਾਲ ਤਖ਼ਤ ਦੇ ਪੇਸ਼ ਹੋ ਕੇ ਮੁਆਫ਼ੀ ਮੰਗਣ ਦਾ ਹੁਕਮ ਕੀਤਾ ਗਿਆ ਹੈ, ਜਿਤਨੀ ਦੇਰ ਇਹ ਮੁਆਫੀ ਨਹੀਂ ਮੰਗਦੇ ਉਤਨੀ ਦੇਰ ਪਬਲਿਕ ਸਮਾਗਮਾ ਵਿੱਚ ਬੋਲਣ 'ਤੇ ਰੋਕ ਲਗਾ ਦਿੱਤੀ ਹੈ। ਗਿਆਨੀ ਗੁਰਬਚਨ ਸਿੰਘ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਦਿੱਤੀਆਂ ਜਾਂਦੀਆਂ ਸਾਰੀਆਂ ਸਹੂਲਤਾਂ 3 ਦਸੰਬਰ 12 ਵਜੇ ਤੱਕ ਵਾਪਸ ਲੈਣ ਲਈ ਵੀ ਕਿਹਾ ਗਿਆ ਹੈ। ਗਿਆਨੀ ਗੁਰਮੁੱਖ ਸਿੰਘ ਦੀ ਬਦਲੀ ਸ੍ਰੀ ਅਕਾਲ ਤਖ਼ਤ ਤੋਂ ਬਾਹਰ ਕਰਨ ਅਤੇ ਕਿਸੇ ਵੀ ਤਖ਼ਤ 'ਤੇ ਲਗਾਉਣ ਦੀ ਮਨਾਹੀ ਕਰ ਦਿੱਤੀ ਹੈ। ਹੈਰਾਨੀ ਦੀ ਗੱਲ ਹੈ ਜਿਹੜੇ ਜਥੇਦਾਰ ਪਹਿਲਾਂ ਧਾਰਮਿਕ ਸਜਾਵਾਂ ਲਗਾਉਂਦੇ ਸਨ, ਉਨ੍ਹਾਂ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਉਨ੍ਹਾਂ ਨੂੰ ਵੀ ਉਨ੍ਹਾਂ ਤਖ਼ਤਾਂ ਤੋਂ ਸਜਾ ਲਗਾਈ ਜਾ ਸਕਦੀ ਹੈ। ਹਰਵਿੰਦਰ ਸਿੰਘ ਸਰਨਾਂ ਨੂੰ ਗ਼ਲਤ ਬਿਆਨੀ ਕਰਕੇ ਤਨਖ਼ਾਹੀਆ ਕਰਾਰ ਦੇ ਦਿੱਤਾ ਗਿਆ ਹੈ। ਵਿਰਸਾ ਸਿੰਘ ਵਲਟੋਹਾ ਨੂੰ ਵੀ ਚਿਤਾਵਨੀ ਦਿੱਤੀ ਗਈ ਹੈ ਕਿ ਜੇ ਉਹ ਬਿਆਨਬਾਜ਼ੀ ਤੋਂ ਬਾਜ਼ ਨਾ ਆਇਆ ਤਾਂ ਧਾਰਮਿਕ ਸਜ਼ਾ ਦਿੱਤੀ ਜਾਵੇਗੀ। ਬਲਵੰਤ ਸਿੰਘ ਰਾਮੂਵਾਲੀਆ, ਮਨਜਿੰਦਰ ਸਿੰਘ ਸਿਰਸਾ ਅਤੇ ਮਨਪ੍ਰੀਤ ਸਿੰਘ ਬਾਦਲ ਨੂੰ ਪਤਿਤ ਹੋਣ ਕਰਕੇ ਮੀਟਿੰਗ 'ਚੋਂ ਬਾਹਰ ਭੇਜ ਦਿੱਤਾ ਗਿਆ। ਅਕਾਲੀ ਨੇਤਾਵਾਂ ਨੂੰ ਪਹਿਲੀ ਮਾਰਚ ਤੋਂ 30 ਅਪ੍ਰੈਲ 2025 ਤੱਕ 125000 ਬੂਟੇ ਲਗਾਉਣ ਲਈ ਵੀ ਕਿਹਾ ਗਿਆ। ਸ੍ਰੀ ਅਕਾਲ ਤਖ਼ਤ ਦੇ ਫ਼ੈਸਲੇ ਤੋਂ ਬਾਅਦ ਸਿੱਖ ਜਗਤ ਵਿੱਚ ਸੰਤੁਸ਼ਟੀ ਆ ਗਈ ਹੈ।

* * * * * * * *

# ਹਾਥੀ ਨਾਲ ਮੁਕਾਬਲਾ ਕਰਨ ਵਾਲਾ ਭਾਈ ਬਚਿੱਤਰ ਸਿੰਘ

8 ਦਿਸੰਬਰ ਲਈ
ਰਮੇਸ਼ ਬੱਗਾ ਚੋਹਲਾ
ਮੋਬ:9463132719

ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ 'ਤੇ ਖ਼ਾਲਸਾ ਪੰਥ ਦੀ ਸਾਜਨਾ ਕਰਨ ਦੇ ਨਾਲ ਹੀ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਲਈ ਵਿਸ਼ੇਸ਼ ਰਹਿਤ-ਮਰਯਾਦਾ (ਸੰਜਮੀ, ਨਿਯਮਤ, ਦਲੇਰ ਅਤੇ ਪਰਉਪਕਾਰੀ ਜੀਵਨ ਵਾਲੀ) ਵੀ ਨਿਰਧਾਰਿਤ ਕਰ ਦਿੱਤੀ। ਇਸ ਮਰਯਾਦਾ ਵਿਚ ਜਿਥੇ ਨਾਮ ਸਿਮਰਨ, ਸੇਵਾ ਅਤੇ ਪਰਉਪਕਾਰ ਨੂੰ ਖ਼ਾਲਸੇ ਦੇ ਜੀਵਨ ਦਾ ਆਧਾਰ ਬਣਾਇਆ ਗਿਆ, ਉੱਥੇ ਨਾਲ ਹੀ ਜੇ ਜੀਵੈ ਪਤਿ ਲਥੀ ਜਾਇ, ਸਭੁ ਹਰਾਮੁ ਜੇਤਾ ਕਿਛ ਖਾਇ ਦਾ ਅਣਖੀਲਾ ਪਾਠ ਵੀ ਪੜ੍ਹਾਇਆ ਗਿਆ। ਇਸ ਪਾਠ ਨੂੰ ਪੜ੍ਹਨ ਵਾਲੇ ਸੂਰਬੀਰ ਸਿੱਖਾਂ ਨੇ 'ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ਦੀ ਧਾਰਨਾ ਦੇ ਅਨੁਸਾਰੀ ਹੋ ਕੇ ਹਮੇਸ਼ਾਂ ਹੀ ਮੌਤ ਨੂੰ ਮਖੌਲ ਕੀਤੇ ਹਨ। ਜੁਝਾਰੂ ਬਿਰਤੀ ਦੇ ਧਨੀ ਸੂਰਮਿਆਂ ਨੇ 'ਸਿਰ ਤਲੀ 'ਤੇ ਧਰ ਕੇ' ਕਈ ਅਜਿਹੇ ਕਾਰਨਾਮੇ ਕੀਤੇ ਹਨ ਜਿਨ੍ਹਾਂ 'ਤੇ ਸਿੱਖ ਇਤਿਹਾਸ ਨੂੰ ਸਦਾ ਮਾਣ ਰਹੇਗਾ। ਇਸ ਤਰ੍ਹਾਂ ਦੇ ਕਾਰਨਾਮਿਆਂ ਵਿਚ ਹੀ ਸ਼ਾਮਿਲ ਹੈ ਬਹਾਦਰ ਬਚਿੱਤਰ ਸਿੰਘ ਦਾ ਨਸ਼ੇੜੀ ਹਾਥੀ ਨਾਲ ਮੁਕਾਬਲੇ ਦਾ ਦਲੇਰਾਨਾ ਕਾਰਨਾਮਾ।

. ਦਸਮੇਸ਼ ਪਿਤਾ ਦੇ ਸੂਰਮੇ ਸਿੱਖ ਭਾਈ ਬਚਿੱਤਰ ਸਿੰਘ ਦਾ ਜਨਮ 6 ਮਈ 1664 ਈ. ਨੂੰ ਭਾਈ ਮਨੀ ਸਿੰਘ ਅਤੇ ਮਾਤਾ ਸੀਤੋ (ਬਸੰਤ ਕੌਰ) ਦੇ ਗ੍ਰਹਿ ਪਿੰਡ ਅਲੀਪੁਰ (ਮੁਲਤਾਨ) ਵਿਖੇ ਹੋਇਆ। ਬਚਪਨ ਵਿੱਚ ਬਚਿੱਤਰ ਰਾਏ ਦੇ ਨਾਮ ਨਾਲ ਬੁਲਾਏ ਜਾਂਦੇ ਭਾਈ ਸਾਹਿਬ ਆਪਣੇ ਦਸ ਭਰਾਵਾਂ ਵਿਚੋਂ ਦੂਸਰੇ ਸਥਾਨ 'ਤੇ ਸਨ। ਸੰਮਤ 1756 (ਵਿਸਾਖੀ ਵਾਲੇ ਦਿਨ) ਵਿਚ ਪਰਿਵਾਰ ਦੇ ਬਾਕੀ ਜੀਆਂ ਨਾਲ ਅੰਮ੍ਰਿਤਪਾਨ ਕਰਨ ਤੋਂ ਬਾਅਦ 'ਸਿੰਘ' ਸ਼ਬਦ ਉਨ੍ਹਾਂ ਦੇ ਨਾਮ ਨਾਲ ਪੱਕੇ ਤੌਰ 'ਤੇ ਜੁੜ ਗਿਆ ਅਤੇ ਉਹ ਬਚਿੱਤਰ ਸਿੰਘ (ਸ਼ੇਰ) ਦੇ ਨਾਂਅ ਨਾਲ ਬੁਲਾਏ ਜਾਣ ਲੱਗੇ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਤੋਂ ਬਾਅਦ ਭਾਈ ਸਾਹਿਬ ਮਨੋਂ-ਤਨੋਂ ਗੁਰੂ-ਘਰ ਦੀ ਸੇਵਾ ਨੂੰ ਸਮਰਪਿਤ ਹੋ ਗਏ।

. ਖ਼ਾਲਸੇ ਦੀ ਚੜ੍ਹਦੀਕਲਾ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਵੱਧਦੇ ਸਤਿਕਾਰ ਨੂੰ ਦੇਖ ਕੇ ਪਹਾੜੀ ਰਾਜਿਆਂ ਦੇ ਅੰਦਰ ਈਰਖਾ ਦੀ ਭਾਵਨਾ ਬਲਵਾਨ ਹੋਣ ਲੱਗੀ। ਇਸ ਭਾਵਨਾ ਤਹਿਤ ਜਿਥੇ ਉਹ ਗੁਰੂ ਸਾਹਿਬ ਨਾਲ ਈਰਖਾ ਕਰਨ ਲੱਗੇ ਉੱਥੇ ਨਾਲ ਹੀ ਗੁਰੂ-ਘਰ ਨੂੰ ਢਾਹ ਲਾਉਣ ਦੀਆਂ ਸਾਜਿਸ਼ਾਂ ਵੀ ਕਰਨ ਲੱਗੇ। ਪਹਾੜੀ ਰਾਜਿਆਂ ਅਤੇ ਗੁਰੂ-ਘਰ ਦੇ ਹੋਰ ਦੋਖੀਆਂ ਦੀ ਨੀਅਤ ਵਿਚਲੀ ਖ਼ੋਟ ਨੂੰ ਭਾਂਪਦਿਆਂ ਕਲਗੀਧਰ ਪਾਤਸ਼ਾਹ ਨੂੰ ਸ੍ਰੀ ਆਨੰਦਪੁਰ ਸਾਹਿਬ ਵਿਖੇ ਲੋਹਗੜ੍ਹ ਨਾਮਕ ਕਿਲ੍ਹੇ ਦੀ ਉਸਾਰੀ ਕਰਵਾਉਣੀ ਪਈ।

. ਆਪਣੇ ਦਾਦਾ-ਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਵਾਂਗ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਦਾ ਸ਼ੌਂਕ ਵੀ ਰੱਖਦੇ ਸਨ। ਇਹ ਸ਼ੌਂਕ ਰੱਖਣ ਕਰਕੇ ਸੰਮਤ 1757 ਨੂੰ ਜਦੋਂ ਗੁਰੂ ਸਾਹਿਬ ਕਟੋਚਾਂ ਦੀ ਹੱਦ ਉਪਰ ਸ਼ਿਕਾਰ ਖੇਡਣ ਲਈ ਗਏ ਤਾਂ ਪਹਾੜੀ ਰਾਜੇ ਆਲਮ ਚੰਦ ਅਤੇ ਬਲੀਆ ਚੰਦ ਨੇ ਉਨ੍ਹਾਂ ਉਪਰ ਅਚਾਨਕ ਹਮਲਾ ਕਰ ਦਿੱਤਾ। ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਨੇ ਇਸ ਹਮਲੇ ਦਾ ਮੂੰਹ ਤੋੜਵਾਂ ਜਵਾਬ ਦਿੱਤਾ। ਸਿੱਟੇ ਵਜੋਂ ਰਾਜਾ ਬਲੀਆ ਚੰਦ ਤਾਂ ਸਰੀਰ ਛੱਡ ਗਿਆ ਅਤੇ ਆਲਮ ਚੰਦ ਦੀ ਇੱਕ ਬਾਂਹ ਵੱਢੀ ਗਈ। ਇਸ ਲੜਾਈ ਵਿਚ ਗੁਰੂ ਕਿਆਂ ਵੱਲੋਂ ਪਈ ਮਾਰ ਅਤੇ ਆਪਣੀ ਹਾਰ ਕਾਰਨ ਪਹਾੜੀ ਰਾਜੇ ਬਹੁਤ ਸ਼ਰਮਸਾਰ ਹੋਏ ਅਤੇ ਬਦਲੇ ਅੱਗ ਵਿਚ ਸੜਨ ਲੱਗੇ।



. ਕੁੱਝ ਇਤਿਹਾਸਕਾਰਾਂ ਦੀ ਰਾਇ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਭੰਗਾਣੀ ਦਾ ਯੁੱਧ ਲੜ ਰਹੇ ਸਨ ਤਾਂ ਭਾਈ ਬਚਿੱਤਰ ਸਿੰਘ ਨੇ ਆਪਣੇ ਪਿਤਾ ਭਾਈ ਮਨੀ ਸਿੰਘ ਸਮੇਤ ਗੁਰੂ ਕੀਆਂ ਫ਼ੌਜਾਂ ਦਾ ਡੱਟਵਾਂ ਸਾਥ ਦਿੱਤਾ। ਇਸ ਤੋਂ ਇਲਾਵਾ ਸ੍ਰੀ ਆਨੰਦਪੁਰ ਸਾਹਿਬ ਪਹਿਲੀ ਤੇ ਦੂਜੀ ਲੜਾਈ,ਨਿਰਮੋਹ ਅਤੇ ਬਸੌਲੀ ਦੀ ਜੰਗ ਸਮੇਂ ਵੀ ਭਾਈ ਬਚਿੱਤਰ ਸਿੰਘ ਮੈਦਾਨੇ ਜੰਗ ਵਿਚ ਜੂਝਦਾ ਰਿਹਾ ਹੈ।

. ਜਦੋਂ ਵੀ ਪਹਾੜੀ ਰਾਜੇ ਗੁਰੂ-ਘਰ (ਸ੍ਰੀ ਆਨੰਦਪੁਰ ਸਾਹਿਬ) ਨਾਲ ਮੱਥਾ ਲਾਉਂਦੇ ਸਨ ਤਾਂ ਉਨਾਂ ਨੂੰ ਮੂੰਹ ਦੀ ਖਾਣੀ ਪੈਂਦੀ ਸੀ। ਵਾਰ-ਵਾਰ ਦੀ ਹਾਰ ਅਤੇ ਸ਼ਰਮਿੰਦਗੀ ਤੋਂ ਬਚਣ ਲਈ ਅਖੀਰ ਉਨ੍ਹਾਂ ਨੂੰ ਮੁਗਲ-ਦਰਬਾਰ ਦੀ ਓਟ ਲੈਣੀ ਪਈ। ਇਥੇ ਹੀ ਬੱਸ ਨਹੀਂ ਆਪਣੀ ਜਿੱਤ ਨੂੰ ਯਕੀਨੀ ਬਣਾਉਣ ਲਈ ਉਨ੍ਹਾਂ ਨੂੰ ਆਲੇ-ਦੁਆਲੇ ਦੇ ਗੁਜਰਾਂ ਅਤੇ ਰੰਘੜਾਂ ਦਾ ਸਹਿਯੋਗ ਵੀ ਲੈਣਾ ਪਿਆ।

. ਮੁਗਲ ਫੌਜ ਨਾਲ ਗੰਢ-ਤੁੱਪ ਕਰਕੇ ਪਹਾੜੀਆਂ ਨੇ ਸ੍ਰੀ ਆਨੰਦਪੁਰ ਸਾਹਿਬ ਉਪਰ ਤੀਸਰਾ ਹੱਲਾ ਬੋਲ ਦਿੱਤਾ। ਇਸ ਹੱਲੇ ਵਿਚ ਗੁਰੂ-ਨਗਰੀ ਤਾਂ ਉਨ੍ਹਾਂ ਦੇ ਕਬਜ਼ੇ ਵਿਚ ਆ ਗਈ ਪਰ ਖ਼ਾਲਸੇ ਦੇ ਖ਼ੌਫ ਕਾਰਨ ਉਹ ਕਿਲ੍ਹੇ ਤੱਕ ਨਾ ਪਹੁੰਚ ਸਕੇ। ਸਮਾਂ ਲੰਘਦਾ ਜਾ ਰਿਹਾ ਸੀ ਪਰ ਪਹਾੜੀਆਂ ਦੇ ਪੱਲੇ ਕੁੱਝ ਨਹੀਂ ਪੈ ਰਿਹਾ ਸੀ।

. ਅਖੀਰ 1 ਸਤੰਬਰ 1700 ਈ. ਨੂੰ ਗੁਰੂ-ਘਰ ਦੇ ਵਿਰੋਧੀਆਂ ਨੇ ਇੱਕ ਮਤਾ ਪਕਾਇਆ, ਜਿਸ ਦੇ ਅਨੁਸਾਰ ਕਿਲ੍ਹੇ ਨੂੰ ਤੋੜਨ ਦਾ ਇਰਾਦਾ ਕੀਤਾ ਗਿਆ। ਇਸ ਨੀਚ ਇਰਾਦੇ ਨੂੰ ਅਮਲੀ ਰੂਪ ਦੇਣ ਲਈ ਇੱਕ ਹਾਥੀ ਮੱਸੂ (ਹਾਥੀ ਦਾ ਨਾਮ) ਨੂੰ ਰੱਜਵੀਂ ਸ਼ਰਾਬ ਪਿਲਾਈ ਗਈ। ਉਸ ਦੇ ਸਰੀਰ ਨੂੰ ਲੋਹੇ ਨਾਲ ਮੜ੍ਹ ਕੇ ਸੁੰਡ ਨਾਲ ਵੱਡੀਆਂ ਤੱਵੀਆਂ ਬੰਨ੍ਹੀਆਂ ਗਈਆਂ। ਦੁਸ਼ਮਣਾਂ ਦੇ ਇਸ ਇਰਾਦੇ ਦੀ ਖ਼ਬਰ ਸਿੱਖਾਂ ਨੇ ਗੁਰੂ ਸਾਹਿਬ ਤੱਕ ਵੀ ਪਹੁੰਚਾ ਦਿੱਤੀ। ਸਿੱਖਾਂ ਨੂੰ ਹੌਂਸਲਾ ਦਿੰਦਿਆਂ ਦਸਵੇਂ ਪਾਤਸ਼ਾਹ ਨੇ ਕਿਹਾ- 'ਕੋਈ ਗੱਲ ਨਹੀਂ ! ਉਨ੍ਹਾਂ ਦੇ ਹਾਥੀ ਦਾ ਮੁਕਾਬਲਾ ਕਰਨ ਲਈ ਇੱਕ ਹਾਥੀ ਸਾਡੇ ਕੋਲ ਵੀ ਹੈ।' ਗੁਰੂ ਸਾਹਿਬ ਦਾ ਇਸ਼ਾਰਾ ਭਾਈ ਸਾਲ੍ਹੋ ਦੇ ਪੋਤੇ ਭਾਈ ਦੁਨੀ ਚੰਦ ਵੱਲ ਸੀ ਜਿਹੜਾ ਭਾਰੀ-ਭਰਕਮ ਦੇਹੀ ਦਾ ਮਾਲਕ ਸੀ। ਗੁਰੂ ਸਾਹਿਬ ਨੇ ਉਸ ਨੂੰ 500 ਸਵਾਰਾਂ ਦਾ ਜਥੇਦਾਰ ਥਾਪ ਕੇ ਸਵੇਰੇ ਮੈਦਾਨ-ਏ-ਜੰਗ ਵਿਚ ਭੇਜਣ ਦਾ ਫ਼ੈਸਲਾ ਕਰ ਲਿਆ। ਜਦੋਂ ਦੁਨੀ ਚੰਦ ਨੂੰ ਇਸ ਫ਼ੈਸਲੇ ਦੀ ਭਿਨਕ ਪਈ ਤਾਂ ਉਹ ਰਾਤ ਨੂੰ ਆਪਣੇ ਕੁੱਝ ਡਰਪੋਕ ਸਾਥੀਆਂ ਨਾਲ ਕਿਲ੍ਹੇ ਦੀ ਕੰਧ ਟੱਪ ਗਿਆ ਅਤੇ ਲੰਗੜਵਾਹ (ਲੱਤ ਟੁੱਟ ਜਾਣ ਕਾਰਨ) ਭਗੌੜਾ ਹੋ ਗਿਆ। ਜਿਸ ਮੌਤ ਦੇ ਡਰੋਂ ਦੁਨੀ ਚੰਦ ਗੁਰੂ ਸਾਹਿਬ ਤੋਂ ਬੇਮੁੱਖ ਹੋਇਆ ਸੀ ਉਸ ਮੌਤ ਨੇ ਉਸ ਦਾ ਪਿੱਛਾ ਨਹੀਂ ਛੱਡਿਆ ਅਤੇ ਉਹ ਉਸ ਦੇ ਘਰ (ਅੰਮ੍ਰਿਤਸਰ) ਤੱਕ ਵੀ ਪਹੁੰਚ ਗਈ। ਮੰਜੀ 'ਤੇ ਪਏ ਨੂੰ ਇੱਕ ਜ਼ਹਰੀਲੇ ਸੱਪ ਨੇ ਡੰਗ ਮਾਰਿਆ ਅਤੇ ਦੁਨੀ ਚੰਦ ਦੁਨੀਆਂ ਰੁਖ਼ਸਤ ਹੋ ਗਿਆ।

. ਦੁਨੀ ਚੰਦ ਦੇ ਭਗੌੜੇਪਨ ਬਾਅਦ ਤੋਂ ਭਾਈ ਬਚਿੱਤਰ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੇ ਸਨਮੁੱਖ ਹੋਇਆ ਅਤੇ ਨਸ਼ੇੜੀ ਹਾਥੀ ਨਾਲ ਦੋ ਹੱਥ ਕਰਨ ਦਾ ਹੁੰਗਾਰਾ ਭਰਨ ਲੱਗਾ। ਉਸ ਦੇ ਦਲੇਰੀ ਭਰੇ ਹੁੰਗਾਰੇ ਨੂੰ ਸੁਣ ਕੇ ਕਲਗੀਧਰ ਪਾਤਸ਼ਾਹ ਨੇ ਉਸ ਨੂੰ ਘੁੱਟ ਕੇ ਛਾਤੀ ਨਾਲ ਲਾ ਲਿਆ। ਜਿਥੇ ਗੁਰੂ ਸਾਹਿਬ ਨੇ ਭਾਈ ਬਚਿੱਤਰ ਸਿੰਘ ਨੂੰ ਹਾਥੀ ਨਾਲ ਲੜ੍ਹਣ ਲਈ ਆਪਣਾ ਅਸ਼ੀਰਵਾਦ/ਥਾਪੜਾ ਦਿੱਤਾ ਉੱਥੇ ਨਾਲ ਹੀ ਇੱਕ ਨਾਗਣੀ (ਬਰਛਾ) ਵੀ ਬਖ਼ਸ਼ ਦਿੱਤੀ। ਪੰਜ ਜੈਕਾਰੇ ਛੱਡ ਕੇ ਗੁਰੂ ਸਾਹਿਬ ਨੇ ਕਿਲ੍ਹੇ ਦਾ ਦਰਵਾਜ਼ਾ ਖ਼ੋਲ੍ਹਣ ਦਾ ਹੁਕਮ ਦੇ ਦਿੱਤਾ। ਦਰਵਾਜ਼ਾ ਖੁੱਲ੍ਹਦਿਆਂ ਸਾਰ ਹੀ ਬਹਾਦਰ ਬਚਿੱਤਰ ਸਿੰਘ ਮਸਤ ਹਾਥੀ ਵੱਲ ਵਧਿਆ ਅਤੇ ਪੂਰੇ ਜੋਰ ਨਾਲ ਨਾਗਣੀ ਮੱਸੂ ਦੇ ਮੱਥੇ ਵਿਚ ਮਾਰੀ। ਨਾਗਣੀ ਦੇ ਵੱਜਣ ਨਾਲ ਹਾਥੀ ਜਖ਼ਮੀ ਹੋ ਗਿਆ ਅਤੇ ਚੰਗਿਆੜਾਂ ਮਾਰਦਾ ਹੋਇਆਂ ਪਿਛਾਂਹ ਨੂੰ ਭੱਜਣ ਲੱਗਾ। ਹਾਥੀ ਦੀ ਇਸ ਤਰਸਯੋਗ ਹਾਲਤ ਨੇ ਦੁਸਮਣਾਂ ਦੀ ਹਾਲਤ ਵੀ ਪਤਲੀ ਕਰ ਦਿੱਤੀ ਅਤੇ ਉਹ ਮੂੰਹ ਛੁਪਾ ਕੇ ਦੌੜ ਗਏ। ਚੁਸਤੀ, ਫੁਰਤੀ, ਜੁਝਾਰੂ ਬਿਰਤੀ ਅਤੇ ਗੁਰੂ ਸਾਹਿਬ ਦੀ ਕਿਰਪਾ ਸਦਕਾ ਇਹ ਮੈਦਾਨ ਭਾਈ ਬਚਿੱਤਰ ਸਿੰਘ ਦੇ ਹੱਥ ਰਿਹਾ। ਜਿਸ ਨਾਗਣੀ ਨਾਲ ਮੱਸੂ ਹਾਥੀ ਦਾ ਮੱਥਾ ਵਿੰਨ੍ਹਿਆਂ ਗਿਆ ਉਸ ਦੀ ਲੰਬਾਈ ਪੌਣੇ ਨੌਂ ਫੁੱਟ ਹੈ।

. 1705 ਈ. (ਕੁੱਝ ਇਤਿਹਾਸਕਾਰਾਂ ਮੁਤਾਬਿਕ 1704 ਈ.) ਨੂੰ ਸ਼ਾਹੀ ਫੌਜਾਂ ਅਤੇ ਪਹਾੜੀ ਰਾਜਿਆਂ ਨੇ ਸ੍ਰੀ ਆਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਅੱਧੇ ਸਾਲ (ਸੱਤ ਮਹੀਨਿਆਂ) ਤੋਂ ਵੱਧ ਸਮਾਂ ਬੀਤ ਜਾਣ 'ਤੇ ਵੀ ਇਹ ਧਿਰ ਕਿਲ੍ਹੇ ਵਿਚ ਪ੍ਰਵੇਸ਼ ਨਾ ਕਰ ਸਕੀ। ਅਣਸੁਖਾਵੇਂ ਹਾਲਾਤ ਹੋ ਜਾਣ ਦੇ ਬਾਵਜੂਦ ਵੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਪਿਆਰੇ ਸਿੱਖ ਚੜ੍ਹਦੀਕਲ੍ਹਾ ਵਿਚ ਸਨ ਅਤੇ ਤੀਰਾਂ ਅਤੇ ਗੋਲਿਆਂ ਨਾਲ ਵੈਰੀਆਂ ਨੂੰ ਕਿਲ੍ਹੇ ਦੇ ਨੇੜੇ ਨਹੀਂ ਲੱਗਣ ਦੇ ਰਹੇ ਸਨ। ਅਖੀਰ ਹਾਕਮ ਧਿਰ ਅਤੇ ਪਹਾੜੀਆਂ ਨੇ ਵੱਲ-ਛੱਲ ਦੀ ਨੀਤੀ ਤੋਂ ਕੰਮ ਲਿਆ। ਇਸ ਨੀਤੀ ਤਹਿਤ ਝੂਠੀਆਂ ਕਸਮਾਂ ਖਾ ਕੇ ਕਿਲ੍ਹੇ ਨੂੰ ਖਾਲੀ ਕਰਨ ਲਈ ਕਿਹਾ ਗਿਆ। ਭਾਵੇਂ ਗੁਰੂ ਸਾਹਿਬ ਨੂੰ ਇਨ੍ਹਾਂ ਦੀ ਕਸਮਾਂ 'ਤੇ ਰਤੀ ਭਰ ਵੀ ਯਕੀਨ ਨਹੀਂ ਸੀ ਪਰ ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ 5 ਅਤੇ 6 ਦਿਸੰਬਰ ਦੀ ਸਾਂਝੀ ਰਾਤ ਨੂੰ ਕਿਲ੍ਹਾ ਖਾਲੀ ਕਰ ਦਿੱਤਾ ਗਿਆ।

.. ਤੇ ਫਿਰ ਉਹ ਹੀ ਗੱਲ ਹੋਈ ਜਿਸ ਦਾ ਖ਼ਦਸ਼ਾ ਸੀ। ਖਾਧੀਆਂ ਹੋਈਆਂ ਕਸਮਾਂ ਅਤੇ ਕੀਤੇ ਹੋਏ ਵਾਦਿਆਂ ਤੋਂ ਮੁਨਕਰ ਹੋ ਕੇ ਮੁਗ਼ਲ ਫ਼ੌਜਾਂ ਗੁਰੂਕਿਆਂ ਦੀ ਪੈੜ ਨੱਪਣ ਲੱਗੀ। ਮਗਰ ਆਉਂਦੀ ਸ਼ਾਹੀ ਫੌਜ ਨੂੰ ਦੇਖ ਕੇ ਗੁਰੂ ਸਾਹਿਬ ਅਤੇ ਨਾਲ ਦੇ ਸਿੱਖ ਸੁਚੇਤ ਹੋ ਗਏ ਅਤੇ ਉਸ ਨਾਲ ਦੋ ਹੱਥ ਕਰਨ ਲਈ ਵਿਉਂਤਬੰਦੀ ਕਰਨ ਲੱਗੇ। ਇਸ ਵਿਉਂਤਬੰਦੀ ਤਹਿਤ ਕਲਗੀਧਰ ਪਾਤਸ਼ਾਹ ਨੇ ਖ਼ਾਲਸਾਈ ਫ਼ੌਜ ਨੂੰ ਚਾਰ ਦਿਸ਼ਾਵਾਂ ਵਿਚ ਵੰਡ ਦਿੱਤਾ ਜਿਹੜੀ ਵਾਹਰ ਨੂੰ ਅੱਗੇ ਵੱਧਣ ਤੋਂ ਰੋਕਣ ਲੱਗੀ।

. ਰੋਪੜ ਵਾਲੀ ਦਿਸ਼ਾ ਦੀ ਕਮਾਂਡ ਭਾਈ ਬਚਿੱਤਰ ਸਿੰਘ ਨੂੰ ਸੰਭਾਲ ਦਿੱਤੀ ਗਈ। ਮਲਕਪੁਰ ਰੰਘੜ ਦੀ ਜੂਹ 'ਤੇ ਉਨ੍ਹਾਂ ਦਾ ਮੁਕਾਬਲਾ ਮਲੇਰਕੋਟਲੇ ਵਾਲੇ ਨਾਹਰ ਖਾਂ ਦੀ ਫੌਜ਼ ਨਾਲ ਹੋ ਗਿਆ। ਇਸ ਮੁਕਾਬਲੇ ਵਿਚ ਉਹ ਸਖ਼ਤ ਜਖ਼ਮੀ ਹੋ ਗਏ। ਇਧਰ ਗੁਰੂ ਸਾਹਿਬ ਅਤੇ ਕੁੱਝ ਸਿਦਕੀ ਸਿੱਖ ਸਰਸਾ ਨਦੀ ਨੂੰ ਪਾਰ ਕਰਕੇ ਕੋਟਲਾ ਨਿਹੰਗ ਖਾਨ ਵਿਖੇ ਪਹੁੰਚ ਗਏ ਅਤੇ ਭਾਈ ਬਚਿੱਤਰ ਸਿੰਘ ਦਾ ਇੰਤਜ਼ਾਰ ਕਰਨ ਲੱਗੇ। ਪਿੱਛੋਂ ਆਉਂਦੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਜਦੋਂ ਭਾਈ ਬਚਿੱਤਰ ਸਿੰਘ ਨੂੰ ਫੱਟੜ ਹੋਏ ਦੇਖਿਆ ਤਾਂ ਉਹ ਨੇ ਆਪਣੇ ਸਾਥੀਆਂ ਦੀ ਸਹਾਇਤਾ ਨਾਲ ਉਸ ਨੂੰ ਨਾਲ ਲੈ ਕੇ ਨਿਹੰਗ ਖਾਂ ਦੇ ਡੇਰੇ ਪਹੁੰਚ ਗਏ।

. ਜ਼ਖ਼ਮੀ ਹੋਏ ਭਾਈ ਬਚਿੱਤਰ ਸਿੰਘ ਦੀ ਨਿਗਰਾਨੀ ਅਤੇ ਤੀਮਾਰਦਾਰੀ ਦੀ ਜ਼ਿੰਮੇਵਾਰੀ ਨਿਹੰਗ ਖਾਂ ਨੂੰ ਸੌਂਪ ਕੇ ਗੁਰੂ ਸਾਹਿਬ ਅਤੇ ਖ਼ਾਲਸਾ ਫ਼ੌਜ ਅਗਲੇਰਾ ਪੰਧ ਮੁਕਾਉਣਾ ਲਈ ਰਵਾਨਾ ਹੋ ਗਈ।

. ਗੁਰੂ-ਘਰ ਪ੍ਰਤੀ ਅਥਾਹ ਸ਼ਰਧਾ ਰੱਖਣ ਵਾਲੇ ਨਿਹੰਗ ਖਾਂ ਨੇ ਆਪਣੇ ਇੱਕ ਵਿਸ਼ਵਾਸ ਪਾਤਰ ਵੈਦ ਨੂੰ ਬੁਲਾਇਆ ਅਤੇ ਭਾਈ ਸਾਹਿਬ ਦੀ ਮੱਲ੍ਹਮ-ਪੱਟੀ ਕਰਵਾਈ। ਇਸ ਸੇਵਾ-ਭਾਵਨਾ ਦੀ ਮੁਖ਼ਬਰੀ ਕਿਸੇ ਨੇ ਇਲਾਕੇ ਦੇ ਕੋਤਵਾਲ ਕੋਲ ਜਾ ਕੀਤੀ ਅਤੇ ਉਹ ਨਿਹੰਗ ਖਾਂ ਦੇ ਡੇਰੇ ਦੀ ਤਲਾਸ਼ੀ ਲੈਣ ਆ ਗਿਆ। ਜਦੋਂ ਉਹ ਉਸ ਕਮਰੇ ਦੀ ਤਲਾਸ਼ੀ ਲੈਣ ਲੱਗਾ ਜਿਸ ਵਿਚ ਜਖ਼ਮੀ ਬਚਿੱਤਰ ਸਿੰਘ ਲੰਮਾ ਪਿਆ ਹੋਇਆ ਸੀ ਤਾਂ ਖਾਨ ਨੇ ਕਿਹਾ ਕਿ ਉਸ ਕਮਰੇ ਵਿਚ ਮੇਰੀ ਧੀ ਮੇਰੇ ਬਿਮਾਰ ਜਵਾਈ ਦੀ ਦੇਖਭਾਲ ਕਰ ਰਹੀ ਹੈ। ਇਹ ਸੁਣ ਕੇ ਕੋਤਵਾਲ ਵਾਪਸ ਪਰਤ ਆਇਆ। ਇਸ ਤਰ੍ਹਾਂ ਕਰਕੇ ਨਿਹੰਗ ਖਾਂ ਨੇ ਭਾਈ ਸਾਹਿਬ ਨੂੰ ਹਕੂਮਤੀ (ਜ਼ਾਲਮ) ਹੱਥਾਂ ਵਿਚ ਜਾਣ ਤੋਂ ਤਾਂ ਬਚਾ ਲਿਆ ਪਰ ਉਹ ਅਕਾਲ ਪੁਰਖ ਦੇ ਹੁਕਮ ਨੂੰ ਨਾ ਟਾਲ ਸਕਿਆ। ਇਸ ਅਟੱਲ ਹੁਕਮ ਦੇ ਮੁਤਾਬਿਕ ਭਾਈ ਬਚਿੱਤਰ ਸਿੰਘ 8 ਦਿਸੰਬਰ 1705 ਈ. ਨੂੰ ਪੰਥ ਨੂੰ ਆਖਰੀ ਫ਼ਤਿਹ ਬੁਲਾ ਗਿਆ।

. ਆਪਣੇ ਪਿਤਾ ਨਿਹੰਗ ਖਾਂ ਦੇ ਬੋਲਾਂ 'ਤੇ ਫੁੱਲ ਚੜ੍ਹਾਉਂਦਿਆਂ ਉਸ ਦੀ ਧੀ ਮੁਮਤਾਜ਼ ਨੇ ਵੀ ਭਾਈ ਸਾਹਿਬ ਨੂੰ ਆਪਣਾ ਪਤੀ ਪ੍ਰਵਾਨ ਕਰ ਲਿਆ ਅਤੇ ਸਾਰੀ ਹਯਾਤੀ ਉਸ ਦੀ ਯਾਦ ਵਿਚ ਹੀ ਬਤੀਤ ਕੀਤੀ।

* * * * * *

# ਸਤਿਗੁਰੂ ਨਾਨਕ ਦੀ ਸਿੱਖੀ ਨੂੰ ਸਮਰਪਿਤ ਸਿੱਖ ਹੀ ਤਨ ਆਰੇ ਨਾਲ ਚਿਰਵਾ ਕੇ ਤੇ ਉਬਲਦੀ ਦੇਗ਼ ਵਿੱਚ ਬੈਠ ਕੇ ਸ਼ਹੀਦੀ ਪ੍ਰਾਪਤ ਕਰ ਸਕਦਾ ਹੈ






ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਹਿੰਦੂ ਨਹੀਂ ਸਿੱਖ ਸਨ

ਦਾਸ ਨੇ ਹੱਥਲੇ ਲੇਖ ਨੂੰ ਤਿੰਨਾਂ ਹਿੱਸਿਆਂ ਵਿੱਚ ਵੰਡਿਆ ਹੈ :

(1) ਭਾਈ ਸਤੀ ਦਾਸ, ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਹਿੰਦੂਆਂ ਵਜੋਂ ਪ੍ਰਚਾਰਨ ਦੀ ਯੋਜਨਾ, ਪ੍ਰਕਾਸ਼ ਸਿੰਘ ਬਾਦਲ ਤੇ ਆਰ. ਐੱਸ. ਐੱਸ. ਨੇ ਬ੍ਰਾਹਮਣ ਸਭਾ ਪੰਜਾਬ ਨਾਲ ਮਿਲ ਕੇ ਕਿਵੇਂ ਬਣਾਈ?

(2) ਨਾਨਕ ਨਾਮ ਲੇਵਾ ਸਿੱਖਾਂ ਦੇ ਨਾਵਾਂ ਦੀ ਬਦਲੀ 1699 ਦੀ ਵੈਸਾਖੀ ਨੂੰ ਅਨੰਦਪੁਰ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈ। ਜਦੋਂ ਦਸਮੇਸ਼ ਪਿਤਾ ਨੇ ਚਰਨ ਪਹੁਲ ਨੂੰ ਖੰਡੇ ਦੀ ਪਾਹੁਲ ਵਿੱਚ ਬਦਲ ਕੇ ਆਪਣੀ


**ਲੇਖਕ - ਜਥੇਦਾਰ**
**ਮਹਿੰਦਰ ਸਿੰਘ ਯੂ ਕੇ**
**ਮੋਬਾਈਲ ਫੋਨ:**
**07989 927477**



ਨਾਦੀ ਸੰਤਾਨ ਨੂੰ ਸਿੰਘ ਅਤੇ ਕੌਰ ਦਾ ਕੌਮੀ ਨਾਂਅ ਬਖ਼ਸ਼ਿਸ ਕੀਤਾ। ਗੁਰੂ ਨਾਨਕ ਦੀ ਚਰਨ ਪਾਹੁਲ ਲੈਣ ਤੋਂ ਬਾਅਦ ਹਰ ਕੋਈ ਨਾਨਕ ਨਾਮ ਲੇਵਾ ਸਿੱਖ ਸੀ ਪਰ ਉਸ ਦਾ ਨਾਂ ਨਹੀਂ ਸੀ ਬਦਲਿਆ ਜਾਂਦਾ। ਗੁਰੂ ਨਾਨਕ ਦੀ ਸੰਗਤ ਲਈ ਦਰਵਾਜੇ ਸਾਰਿਆਂ ਲਈ ਖੁੱਲ੍ਹੇ ਸਨ, ਪਰ ਇਹ ਚੌਖਟ ਨਹੀਂ ਸਨ, ਭਾਵ ਜਿਥੇ ਰੰਗ, ਨਸਲ, ਜਾਤ ਅਤੇ ਧਰਮ ਦਾ ਕੋਈ ਭੇਦਭਾਵ ਨਹੀਂ ਸੀ, ਉਥੇ ਸਿੱਖੀ ਦੀ ਵਿਚਾਰਧਾਰਾ, ਸੰਕਲਪ, ਸਰੂਪ ਤੇ ਸਿਧਾਂਤ ਵਿੱਚ ਕਿਸੇ ਨੂੰ ਕੋਈ ਛੋਟ ਨਹੀਂ ਸੀ।

(3) ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦਾ ਪਰਿਵਾਰਕ ਸਿੱਖੀ ਪਿਛੋਕੜ ਤੇ ਸ਼ਹਾਦਤ।

1999 ਵਿੱਚ ਸਿੱਖ ਕੌਮ ਨੇ ਆਪਣਾ 300 ਸਾਲਾ ਦਿਹਾੜਾ ਮਨਾਉਣ ਦਾ ਟੀਚਾ ਮਿੱਥਿਆ। ਉਸ ਵੇਲੇ ਕੇਂਦਰ ਵਿੱਚ ਸਰਕਾਰ ਭਾਜਪਾ ਤੇ ਪੰਜਾਬ ਵਿੱਚ ਉਨ੍ਹਾਂ ਦੇ ਭਵੀਸ਼ਣ ਬਾਦਲ ਦੀ ਸੀ। ਸੈਂਟਰ ਸਰਕਾਰ ਨੇ 300 ਸਾਲਾ ਜਸ਼ਨਾਂ ਨੂੰ ਮਨਾਉਣ ਲਈ 100 ਕਰੋੜ ਰੁਪਏ ਦਿੱਤੇ। ਇਸ ਵਿੱਚੋਂ 50 ਕਰੋੜ ਰੁਪਏ ਆਰ.ਐੱਸ.ਐੱਸ. ਨੂੰ ਪਿੰਡਾਂ ਵਿੱਚ ਪ੍ਰਚਾਰ ਕਰਨ ਲਈ ਦਿੱਤੇ। ਸੈਂਟਰ ਤੋਂ ਭਾਜਪਾ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਹਦਾਇਤ ਕਰ ਦਿੱਤੀ ਕਿ ਜੇ ਪੰਜ ਸਾਲ ਰਾਜ ਕਰਨਾ ਤਾਂ ਆਰ. ਐੱਸ. ਐੱਸ. ਨੂੰ ਪਿੰਡਾਂ ਵਿੱਚ ਪ੍ਰਚਾਰ ਕਰਨ ਤੋਂ ਰੋਕਣ ਦੀ ਹੀਆ ਨਾ ਕਰਨਾ। ਆਰ. ਐੱਸ. ਐੱਸ. ਨੇ ਪੰਜਾਹ ਕਰੋੜ ਰੁਪਏ ਤੇ ਮੁਰਲੀ ਮਨੋਹਰ ਜੋਸ਼ੀ ਦੀ ਐੱਚ. ਆਰ. ਡੀ. ਤੋਂ ਕਰੋੜਾਂ ਰੁਪਏ ਲੈ ਕੇ ਦੋ ਹਜ਼ਾਰ ਨਕਲੀ ਸਿੱਖ ਜਾ ਕੇ ਪਿੰਡਾਂ ਵਿੱਚ ਪ੍ਰਚਾਰ ਕਰਨ ਲੱਗੇ। ਇਹ ਨਕਲੀ ਸਿੱਖਾਂ ਦਾ ਪਿੰਡਾਂ ਵਿੱਚ ਜਾ ਕੇ ਜਿਥੇ ਇਹ ਪ੍ਰਚਾਰ ਕਰਨਾ ਸੀ ਕਿ ਸਿੱਖ ਹਿੰਦੂ ਹਨ, ਸੰਗਯ ਹੀ ਖ਼ਾਲਸਾ ਹੈ, ਖ਼ਾਲਸਾ ਹਿੰਦੂਆਂ ਦੀ ਰੱਖਿਆ ਲਈ ਸਾਜਿਆ ਗਿਆ, ਉਥੇ ਇਹ ਵੀ ਉਨ੍ਹਾਂ ਦੇ ਪ੍ਰਚਾਰ ਦਾ ਹਿੱਸਾ ਸੀ ਕਿ : ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇ ਸਰਹੰਦ ਵਜ਼ੀਦ ਖਾਂ ਦੇ ਹਵਾਲੇ ਕਰਕੇ ਸ਼ਹੀਦ ਕਰਵਾਉਣ ਵਾਲੇ ਗੰਗੂ ਬ੍ਰਾਹਮਣ ਦਾ ਨਾਂਅ ਬਦਲ ਕੇ ਗੰਗ-ਉਲ-ਹੱਕ ਦੇ ਨਾਂਅ ਵਜੋਂ ਪ੍ਰਚਾਰਿਆ ਜਾਵੇ। ਇਸੇ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਨੂੰ ਸ਼ਰਮਾ ਲਿਖ ਕੇ ਹਿੰਦੂ ਸਾਬਤ ਕੀਤਾ ਜਾਵੇ। (ਨੋਟ-ਨਵੰਬਰ 2006, ਸੈਲਾਬ ਮੈਗਜ਼ੀਨ ਦੇ ਪੰਨਾ 33 ਉੱਤੇ ਖਾਲਸਾ ਪੰਚਾਇਤ ਵੱਲੋਂ ਇਕ ਲੰਬਾ ਚੌੜਾ ਲੇਖ ਛਪਿਆ ਸੀ ਦਾਸ ਨੇ ਆਪਣੇ ਲੇਖ ਨਾਲ ਸੰਬੰਧਿਤ ਉਕਤ ਕੁਝ ਟੂਕਾਂ ਉਸ ਲੇਖ ਵਿੱਚੋਂ ਲਈਆਂ ਹਨ) ਇਸੇ ਹੀ ਵਿਸ਼ੇ ਨਾਲ ਸੰਬੰਧਿਤ 27-6-2013 ਪੰਜਾਬ ਟਾਈਮਜ਼ ਦੇ ਪੰਨਾ 73 ਉੱਤੇ ਡਾ: ਅਮਰ-ਜੀਤ ਸਿੰਘ, ਵਾਸ਼ਿੰਗਟਨ ਦਾ ਇਕ ਲੇਖ ਇਸ ਸਿਰਲੇਖ ਹੇਠ ਛਪਿਆ ਸੀ : ਬਾਦਲ ਵੱਲੋਂ ਸਿੱਖ ਕੌਮ ਅਤੇ ਸਿੱਖ ਇਤਿਹਾਸ ਦਾ ਕੀਤਾ ਜਾ ਰਿਹੈ ਸਤਿਆਨਾਸ਼, ਮਹਾਨ ਸਿੱਖ ਸ਼ਹੀਦਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨੂੰ ਪੰਜਾਬ ਬ੍ਰਾਹਮਣ ਸਭਾ ਦੀ ਝੋਲੀ ਪਾਇਆ।

ਲੇਖਕ ਨੇ ਇਸ ਲੇਖ ਵਿੱਚ ਜਾਗਰਣ ਅਖ਼ਬਾਰ ਵਿੱਚ ਛੱਪੀ ਇਕ ਖ਼ਬਰ ਅਤੇ ਜੰਮੂ-ਕਸ਼ਮੀਰ ਦੇ ਸਿੱਖਾਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੇ ਇਸ ਬਿਆਨ ਦਾ ਵਿਰੋਧ ਕੀਤਾ ਗਿਆ ਜਿਸ ਵਿੱਚ ਬਾਦਲ ਨੇ ਕਿਹਾ ਕਿ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਨੂੰ ਹਿੰਦੂ ਸਿੱਧ ਕਰਨ ਲਈ ਬ੍ਰਾਹਮਣ ਸਭਾ ਪੰਜਾਬ ਵੱਲੋਂ ਬਣਾਈ ਜਾ ਰਹੀ ਯਾਦਗਾਰ ਲਈ ਬਾਦਲ ਸਰਕਾਰ ਵੱਲੋਂ 50 ਲੱਖ ਰੁਪਏ ਦਿੱਤੇ ਜਾਣਗੇ ਦਾ ਹਵਾਲਾ ਦਿੱਤਾ ਹੈ। ਬਾਦਲ ਵੱਲੋਂ ਸਿੱਖ ਕੌਮ ਅਤੇ ਸਿੱਖ ਇਤਿਹਾਸ ਦਾ ਕੀਤਾ ਜਾ ਰਿਹੈ ਸਤਿਆਨਾਸ਼ ਲੇਖ ਦਾ ਸਾਰ ਅੰਸ਼ ਹੈ : ਪੰਜਾਬ ਦੇ ਮੁੱਖ ਮੰਤਰੀ (2013 ਵਿੱਚ) ਪ੍ਰਕਾਸ਼ ਸਿੰਘ ਬਾਦਲ ਨੇ ਕਿਸੇ ਹਿੰਦੂ ਮੰਦਿਰ ਵਿੱਚ ਜਾ ਕੇ ਇਹ ਸਹੁੰ ਖਾਧੀ ਜਾਪਦੀ ਹੈ ਕਿ ਉਹ ਨਿਵੇਕਲੇ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਿੱਖ ਕੌਮ ਨੂੰ ਮਰਨ ਤੋਂ ਪਹਿਲਾਂ ਹਿੰਦੂਤਵ ਦੇ ਸਮੁੰਦਰ ਵਿੱਚ ਗਰਕ ਕਰਕੇ ਹੀ ਰਹੇਗਾ (ਨੋਟ-ਲੇਖਕ ਦੀ ਉਕਤ ਭਵਿੱਖਬਾਣੀ ਸੱਚ ਸਾਬਤ ਹੋਈ ਹੈ) ਪੰਜਾਬ ਵਿੱਚ ਇਸ ਵੇਲੇ ਕਾਫੀ ਪ੍ਰਸਿੱਧ ਅਖ਼ਬਾਰ ਜਾਗਰਣ ਵਿੱਚੋਂ ਇਕ ਖ਼ਬਰ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦ ਹੋਣ ਵਾਲਿਆਂ ਦੀ ਬਣੇਗੀ ਯਾਦਗਾਰ ਦੇ ਸਿਰਲੇਖ ਹੇਠ ਪ੍ਰਕਾਸ਼ਤ ਹੋਈ ਹੈ। ਇਸ ਖ਼ਬਰ ਦਾ ਵੇਰਵਾ ਆਪਣੇ ਆਪ ਵਿੱਚ ਹੀ ਦਰਸਾ ਰਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਿਵੇਂ ਸਿੱਖ ਧਰਮ ਦੀ ਨਿਵੇਕਲੀ ਤੇ ਸੁਤੰਤਰ ਹੋਂਦ ਹਸਤੀ ਦਾ ਸਤਿਆਨਾਸ਼ ਕਰਨ 'ਤੇ ਤੁਲਿਆ ਹੋਇਆ ਹੈ। ਇਸ ਖ਼ਬਰ ਦੇ ਵੇਰਵੇ ਅਨੁਸਾਰ ਹਿੰਦੂ ਧਰਮ ਦੀ ਰੱਖਿਆ ਵਾਸਤੇ ਸਿੱਖਾਂ ਦੇ ਨੌਵੇਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਯਾਦਗਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਈ ਜਾਵੇਗੀ। ਇਹ ਜਾਣਕਾਰੀ ਅੱਜ ਪੰਜਾਬ ਦੇ ਮੁੱਖ ਮੰਤਰੀ ਬਾਦਲ ਨੇ ਪਿੰਡ ਖਾਟੀ ਵਿੱਚ ਬ੍ਰਾਹਮਣ ਸਭਾ ਪੰਜਾਬ ਵੱਲੋਂ ਭਗਵਾਨ ਪਰਸ਼ੂ ਰਾਮ ਜੀ ਦੇ ਤੱਪ ਅਸਥਾਨ ਵਿਖੇ ਸੂਬਾ ਪੱਧਰੀ ਮਹਾਂ ਸੰਮੇਲਨ ਨੂੰ ਸੰਬੋਧਨ ਕਰਦਿਆਂ ਦਿੱਤੀ। ਉਨ੍ਹਾਂ ਨੇ ਖਾਟੀ ਧਾਮ ਅਸਥਾਨ ਦੀ ਇਮਾਰਤ ਲਈ 50 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ। ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਬ੍ਰਾਹਮਣ ਸਭਾ ਦੇ ਪਰਸ਼ੂ ਰਾਮ ਸਮਾਗਮ ਵਿੱਚ ਜਾ ਕੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਯਾਦਗਾਰ ਬਣਾਉਣ ਦਾ ਐਲਾਨ ਇਹ ਸਪੱਸ਼ਟ ਸੁਨੇਹਾ ਦੇਣਾ ਸੀ ਕਿ ਸਿੱਖ ਧਰਮ ਵਿੱਚ ਯਕੀਨ ਰੱਖਣ ਵਾਲੇ ਇਹ ਤਿੰਨੇ ਸ਼ਹੀਦ ਸਿੱਖ ਨਹੀਂ ਸਨ, ਬ੍ਰਾਹਮਣ ਸਨ ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ (ਨੋਟ-ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਤਿੰਨੇ ਸਿੱਖ ਸ਼ਹੀਦਾਂ ਨੂੰ ਪੰਜਾਬ ਸਭਾ ਬ੍ਰਾਹਮਣ ਦੀ ਝੋਲੀ ਪਾਉਣ ਦੀ ਸਲਾਹ ਪ੍ਰਕਾਸ਼ ਸਿੰਘ ਬਾਦਲ ਨੂੰ ਸਾਬਕਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਦਿੱਤੀ ਸੀ) ਪ੍ਰਕਾਸ਼ ਸਿੰਘ ਬਾਦਲ ਦੇ ਉਕਤ ਬਿਆਨਾਂ ਦਾ ਖੰਡਨ ਜੰਮੂ-ਕਸ਼ਮੀਰ ਦੇ ਸਿੱਖਾਂ ਨੇ ਇਨ੍ਹਾਂ ਸ਼ਬਦਾਂ ਵਿੱਚ ਕੀਤਾ : ਸਿੱਖ ਧਰਮ ਵਿੱਚ ਪ੍ਰਵੇਸ਼ ਕਰਨ ਤੋਂ ਬਾਅਦ ਕਿਸੇ ਦੀ ਕੋਈ ਪਿਛਲੀ ਜਾਤ-ਪਾਤ ਨਹੀਂ ਰਹਿੰਦੀ, ਇਸ ਲਈ ਸਿੱਖ ਸ਼ਹੀਦਾਂ ਨੂੰ ਉਨ੍ਹਾਂ ਦੇ ਸਿੱਖੀ ਧਾਰਨ ਕਰਨ ਤੋਂ ਪਹਿਲਾਂ ਦੇ ਪਿਛੋਕੜ ਨਾਲ ਜੋੜਨਾ ਘੋਰ ਅਵੱਗਿਆ ਹੈ। ਗੁਰੂ ਨਾਨਕ ਸਾਹਿਬ ਨੇ ਨਵਾਂ ਮੱਤ (ਸਿੱਖ ਮੱਤ) ਤੇ ਨਵਾਂ ਪੰਥ ਚਲਾਇਆ। ਮੁਸਲਮਾਨ ਵੀ ਉਨ੍ਹਾਂ ਸਿੱਖ ਬਣਦੇ ਜਾਂਦੇ ਸਨ ਤੇ ਹਿੰਦੂ ਵੀ। ਬ੍ਰਾਹਮਣ ਵੀ ਉਨ੍ਹਾਂ ਦੇ ਸਿੱਖ ਸਨ ਤੇ ਸ਼ੂਦਰ ਵੀ। ਜਿਹੜਾ ਉਨ੍ਹਾਂ ਦਾ ਸਿੱਖ ਬਣਦਾ ਸੀ ਉਹ ਨਾ ਹਿੰਦੂ ਰਹਿੰਦਾ ਸੀ ਨਾ ਮੁਸਲਮਾਨ, ਉਹ ਗੁਰੂ ਨਾਨਕ ਦਾ ਸਿੱਖ ਅਖਵਾਂਦਾ ਸੀ। ਬਾਬੇ ਨਾਨਕ ਦੀ ਸਿੱਖੀ ਤੇ ਬਾਬੇ ਨਾਨਕ ਦੇ ਮਾਰਗ ਨੂੰ ਲੋਕ ਗੁਰੂ-ਮੱਤ ਆਖਣ ਲੱਗ ਪਏ ਅਤੇ ਬਾਬੇ ਨਾਨਕ ਦੇ ਪੰਥ ਨੂੰ ਨਿਰਮਲ ਪੰਥ ਤੇ ਸੱਚਾ ਪੰਥ ਆਖਣ ਲੱਗ ਪਏ (ਮਾਰਿਆ ਸਿੱਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ) ਇਉਂ ਗੁਰੂ ਨਾਨਕ ਨੇ ਨਵੇਂ ਧਰਮ ਅਤੇ ਨਵੇਂ ਪੰਥ ਦੀ ਨੀਂਹ ਰੱਖੀ। ਇਸ ਪੰਥ ਤੇ ਮੱਤ ਨੂੰ ਨਵੀਂ ਦੀਖਿਆ, ਸਿੱਖਿਆ ਦੀ ਰਸਮ ਦਿੱਤੀ। ਨਵੀਂ ਰਹਿਤ ਬਹਿਤ ਦਿੱਤੀ। ਨਵਾਂ ਅਧਿਆਤਮਕ ਤੇ ਸਮਾਜਿਕ ਸਿਧਾਂਤ ਦਿੱਤਾ। ਗੁਰੂ ਨਾਨਕ ਸਾਹਿਬ ਦੇ ਸ਼ਬਦ ਗੁਰੂ ਦਾ ਸਿਧਾਂਤ ਉਨ੍ਹਾਂ ਦਾ ਅੰਮ੍ਰਿਤ ਗਿਆਨ ਇਸ ਪੰਥ ਦਾ ਮੂਲ ਅਧਾਰ ਬਣਿਆ। ਹਿੰਦੂਆਂ ਮੁਸਲਮਾਨਾਂ ਦਰਮਿਆਨ, ਨੀਵੀਆਂ ਤੇ ਉੱਚੀਆਂ ਸ਼੍ਰੇਣੀਆਂ ਦਰਮਿਆਨ ਖੜ੍ਹੀਆਂ ਕੀਤੀਆਂ ਸਮਾਜ ਤੇ ਸੱਭਿਆਚਾਰ ਦੀਆਂ ਦੀਵਾਰਾਂ ਗੁਰੂ ਦੇ ਸਿੱਖੀ ਸਿਧਾਂਤਾਂ ਨੇ ਹੂੰਝ ਕੇ ਪਰੇ ਮਾਰੀਆਂ। ਇਨ੍ਹਾਂ ਦਿਨਾਂ ਵਿੱਚ ਹੀ ਉਨ੍ਹਾਂ ਨੇ ਆਪਣੇ ਨਵੇਂ ਗਿਆਨ ਦੀ ਦੀਖਿਆ ਦੇਣੀ ਅਰੰਭ ਕੀਤੀ। ਇਹ ਦੀਖਿਆ ਚਰਨ-ਪਾਹੁਲ ਦੇ ਕੇ ਨਾਮ ਦ੍ਰਿੜਾ ਕੇ ਦਿੱਤੀ ਜਾਂਦੀ ਸੀ। ਇਨ੍ਹਾਂ ਦਿਨਾਂ ਵਿੱਚ ਹੀ ਉਨ੍ਹਾਂ ਨੇ ਆਪਣੀ ਰਹਿਤ ਮਰਿਯਾਦਾ ਦੇ ਨਿਯਮ ਬਣਾਏ ਜੋ ਸਭ ਸਿੱਖਾਂ ਲਈ ਸਾਂਝੇ ਸਨ ਚਾਹੇ ਉਹ ਸਿੱਖ ਪਹਿਲਾਂ ਹਿੰਦੂ ਸਨ ਚਾਹੇ ਮੁਸਲਮਾਨ ਸਨ, ਚਾਹੇ ਪਹਿਲਾਂ ਅਛੂਤ ਸਨ ਉਨ੍ਹਾਂ ਲਈ ਉਪਦੇਸ਼ ਰਹਿਤ ਮਰਿਯਾਦਾ ਤੇ ਦੀਖਿਆ ਸਾਂਝੀ ਸੀ।

**ਬਾਕੀ ਹਿਸਾ ਸਫਾ 42 ਤੇ ਪੜ੍ਹੋ** →

41 ਸਫ਼ੇ ਦੀ ਬਾਕੀ

ਆਪਣੀਆਂ ਉਦਾਸੀਆਂ ਦੌਰਾਨ ਕਈ ਸ੍ਰੇਸ਼ਟ ਸਿੱਖਾਂ ਨੂੰ ਚਰਨ-ਪਾਹੁਲ ਦਿੱਤੀ। ਜਦ ਮਰਦਾਨੇ ਨੂੰ ਦੀਖਿਆ ਮਿਲੀ ਤਾਂ ਉਸ ਨੂੰ ਵੀ ਇਹੀ ਰਹਿਤ ਮਰਿਯਾਦਾ ਦ੍ਰਿੜ ਕਰਵਾਈ ਗਈ ਸੀ। ਕੇਸ ਰੱਖਣੇ, ਪਿਛਲੀ ਰਾਤ ਸਤਿਨਾਮ ਦਾ ਜਾਪ ਜਪਣਾ, ਆਉਂਦੇ ਜਾਂਦੇ ਸਾਧ ਸੰਤ ਦੀ ਸੇਵਾ ਕਰਨੀ, ਲੋੜਵੰਦਾਂ ਦੀ ਮਦਦ ਕਰਨੀ। ਗੁਰੂ ਨਾਨਕ ਦੀ ਚਰਨ-ਪਾਹੁਲ ਲੈਣ ਤੋਂ ਬਾਅਦ ਹਰ ਕੋਈ ਨਾਨਕ ਨਾਮ ਲੇਵਾ ਸਿੱਖ ਸੀ। ਗੁਰੂ ਨਾਨਕ ਦੀ ਸੰਗਤ ਲਈ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਸਨ, ਪਰ ਇਹ ਚੌਖਟ ਨਹੀਂ ਸਨ। ਭਾਵ, ਜਿਥੇ ਰੰਗ ਨਸਲ ਜਾਤ ਅਤੇ ਧਰਮ ਦਾ ਕੋਈ ਭੇਦ-ਭਾਵ ਨਹੀਂ ਸੀ, ਉਥੇ ਸਿੱਖੀ ਦੀ ਵਿਚਾਰਧਾਰਾ, ਸੰਕਲਪ, ਸਰੂਪ ਤੇ ਸਿੱਖੀ ਸਿਧਾਂਤ ਵਿੱਚ ਕੋਈ ਛੋਟ ਨਹੀਂ ਸੀ। ਗੁਰੂ ਨਾਨਕ ਦੀ ਸਿੱਖੀ ਧਾਰਨ ਕਰਨ ਵਾਲੇ ਮਨੁੱਖ ਸਿੱਖ ਕਹਿਲਾਏ।

ਭਾਈ ਮਤੀ ਦਾਸ ਅਤੇ ਸਤੀ ਦਾਸ ਦੇ ਵਡੇਰੇ ਭਾਈ ਗੌਤਮ ਜੀ ਨੇ ਸਭ ਤੋਂ ਪਹਿਲਾਂ ਸਿੱਖੀ ਧਾਰਨ ਕੀਤੀ ਤੇ ਉਨ੍ਹਾਂ ਦੀ ਪੀੜ੍ਹੀ ਨੇ ਸਾਰੇ ਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿ ਕੇ ਸਿੱਖੀ ਦੀ ਚੜ੍ਹਦੀ ਕਲਾ ਵਾਸਤੇ ਖਾਸ ਯੋਗਦਾਨ ਪਾਇਆ। ਸਿੱਖ ਧਰਮ ਦੀ ਪ੍ਰਫੁੱਲਤਾ ਵਾਸਤੇ ਸ਼ੁਰੂਆਤੀ ਦਿਨਾਂ ਵਿੱਚ ਭਾਈ ਗੌਤਮ ਜੀ ਦੇ ਪਰਿਵਾਰ ਨੇ ਅਹਿਮ ਭੂਮਿਕਾ ਨਿਭਾਈ। ਭਾਈ ਗੌਤਮ ਜੀ ਦੇ ਪਰਿਵਾਰ ਵਿੱਚੋਂ ਜੋ ਸਿੱਖ ਧਰਮ ਵਿੱਚ ਆਏ ਉਹ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਅਕਾਲ ਤਖ਼ਤ ਦੀ ਸਿਰਜਨਾ ਤੋਂ ਬਾਅਦ ਬਣਾਈ ਅਕਾਲ ਫੌਜ ਵਿੱਚ ਸ਼ਾਮਿਲ ਹੋ ਕੇ ਚੰਗੇ ਸਾਹਸੀ ਯੋਧੇ ਬਣੇ। ਜਿਨ੍ਹਾਂ ਨੇ ਸਿੱਖ ਧਰਮ ਲਈ ਮਹਾਨ ਕੁਰਬਾਨੀਆਂ ਦਿੰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ ਜਿਵੇਂ ਕਿ, ਭਾਈ ਪਰਾਗਾ ਜੀ ਤੇ ਭਾਈ ਬਾਲੂ ਗਉ ਜੀ। ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਚਾਂਦਨੀ ਚੌਂਕ ਵਿੱਚ ਸ਼ਹੀਦ ਹੋਣ ਵਾਲੇ ਦੋ ਸਕੇ ਭਰਾ ਮਤੀ ਦਾਸ ਅਤੇ ਭਾਈ ਸਤੀ ਦਾਸ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚੜ੍ਹਦੀ ਕਲਾ ਵਾਲੇ ਅਨਿਨ ਸਿੱਖ ਸਨ। ਇਨ੍ਹਾਂ ਦੋਵਾਂ ਭਰਾਵਾਂ ਨੂੰ ਗੁਰੂ ਤੇਗ਼ ਬਹਾਦਰ ਦੇ ਸਾਹਮਣੇ ਸ਼ਹੀਦ ਕੀਤਾ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ਅਤੇ ਭਾਈ ਸਤੀ ਦਾਸ ਦੇ ਸਰੀਰ ਦੁਆਲੇ ਰੂੰ ਲਪੇਟ ਕੇ ਅੱਗ ਲਗਾ ਦਿੱਤੀ ਜਿਸ ਨਾਲ ਉਹ ਸ਼ਹੀਦ ਹੋ ਗਏ। ਇਨ੍ਹਾਂ ਦੋਵਾਂ ਅਨਿਨ ਸਿੱਖਾਂ ਦੀ ਸ਼ਹਾਦਤ ਵੇਖਕੇ ਹੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣੇ ਪਾਵਨ ਪਵਿੱਤਰ ਮੁੱਖ ਤੋਂ ਉਚਾਰਨ ਕਰਕੇ ਕਿਹਾ ਸੀ ਧੰਨ ਸਿੱਖੀ, ਭਾਈ ਦਿਆਲਾ-ਭਾਈ ਦਿਆਲਾ ਜੀ 12 ਭਰਾ ਸਨ। ਭਾਈ ਦਿਆਲਾ ਜੀ ਦੇ ਪਿਤਾ ਭਾਈ ਮਾਈ ਦਾਸ ਤੇ ਦਾਦਾ ਭਾਈ ਬਲੂ ਰਾਮ ਜੀ ਸਨ। ਇਸ ਵੰਸ਼ ਦੀਆਂ ਤਿੰਨ ਪੀੜੀਆਂ ਵਿੱਚੋਂ 29 ਸਿੱਖ ਸ਼ਹੀਦ ਹੋਏ। ਭਾਈ ਦਿਆਲਾ ਜੀ ਸ਼ਹੀਦ ਭਾਈ ਮਨੀ ਸਿੰਘ ਦੇ ਸਕੇ ਭਰਾ ਸਨ। ਭਾਈ ਦਿਆਲਾ ਜੀ ਦੇ ਵੱਡ ਵਡੇਰੇ ਪੱਕੇ ਗੁਰਸਿੱਖ ਸਨ। ਉਨ੍ਹਾਂ ਦੇ ਦਾਦਾ ਭਾਈ ਬਲੂ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਤਰਫੋਂ ਅੰਮ੍ਰਿਤਸਰ ਦੀ ਜੰਗ ਵਿੱਚ ਲੜਿਆ ਅਤੇ ਅਨੇਕਾਂ ਮੁਗ਼ਲਾਂ ਨੂੰ ਮਾਰ ਕੇ ਸ਼ਹਾਦਤ ਪ੍ਰਾਪਤ ਕੀਤੀ। ਭਾਈ ਮਾਈਦਾਸ ਨੇ ਆਪਣੇ ਦੋਵਾਂ ਪੁੱਤਰਾਂ ਭਾਈ ਦਿਆਲਾ ਉਮਰ 15 ਸਾਲ ਅਤੇ ਭਾਈ ਮਨੀ ਰਾਮ (ਨੋਟ ਇਹੀ ਭਾਈ ਮਨੀ ਰਾਮ 1699 ਦੀ ਵੈਸਾਖੀ ਨੂੰ ਅੰਮ੍ਰਿਤ ਛੱਕ ਕੇ ਭਾਈ ਮਨੀ ਸਿੰਘ ਬਣਿਆ ਅਤੇ ਬੰਦ ਬੰਦ ਕਟਵਾ ਕੇ ਸ਼ਹਾਦਤ ਪ੍ਰਾਪਤ ਕੀਤੀ) ਉਮਰ 13 ਸਾਲ ਨੂੰ ਗੁਰੂ ਹਰਿ ਰਾਏ ਸਾਹਿਬ ਦੀ ਸੇਵਾ ਵਿੱਚ ਲਿਆਂਦਾ। ਬਾਅਦ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਨੇ ਭਾਈ ਦਿਆਲਾ ਜੀ ਨੂੰ ਘਰ ਬਾਰੀ ਵਜ਼ੀਰ ਥਾਪਿਆ। ਭਾਈ ਦਿਆਲਾ ਜੀ ਵੀ ਭਾਈ ਮਤੀ, ਭਾਈ ਸਤੀ ਦਾਸ ਨਾਲ ਉਸ ਸਮੇਂ ਚਾਂਦਨੀ ਚੌਂਕ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਨਾਲ ਸਨ ਜਦੋਂ ਉਨ੍ਹਾਂ ਦੀ ਸ਼ਹਾਦਤ ਹੋਈ। ਭਾਈ ਮਤੀ ਦਾਸ ਤੇ ਸਤੀ ਦਾਸ ਦੀ ਸ਼ਹਾਦਤ ਤੋਂ ਬਾਅਦ ਕਾਜੀ ਅਬਦੁੱਲ ਵਹੀਰ ਨੇ ਜਦੋਂ ਭਾਈ ਦਿਆਲਾ ਨੂੰ ਕਲਮਾਂ ਪੜ੍ਹਨ ਲਈ ਕਿਹਾ ਤਾਂ ਕਿਹਾ ਤੋਂ ਅੱਗੋਂ ਭਾਈ ਦਿਆਲਾ ਜੀ ਨੇ ਜੁਆਬ ਦਿੱਤਾ : ਅਸੀਂ ਸਿੱਖਾਂ ਨੇ ਗੁਰੂ ਸਾਹਿਬਾਨ ਤੋਂ ਅਲ-ਕਲਮਾ (ਧੁਰ ਕੀ ਬਾਣੀ) ਪੜ੍ਹ ਲਈ ਹੈ ਜੋ ਕਿ ਗੁਰਬਾਣੀ ਰੂਪ ਵਿੱਚ ਧੁਰ ਦਰਗਾਹੋਂ, ਸਤਿਗੁਰੂ ਨਾਨਕ ਦੇ ਹਿਰਦੇ ਰਾਹੀਂ ਇਸ ਧਰਤੀ 'ਤੇ ਪ੍ਰਕਾਸ਼ਮਾਨ ਹੋਈ ਹੈ। ਸਮੂਹ ਸ੍ਰਿਸ਼ਟੀ ਤੇ ਕਾਇਨਾਤ ਦਾ ਰਚਨਹਾਰ ਇਕੋ ਇਕ ਅਕਾਲ ਪੁਰਖ ਹੈ। ਅਸੀਂ ਸਿੱਖ ਅਕਾਲ ਪੁਰਖ ਵਾਚ (ਮੂਲ ਮੰਤਰ) ਦਾ ਹੀ ਜਾਪ ਕਰਦੇ ਹਾਂ। ਇਹ ਜੁਆਬ ਸੁਣ ਕੇ ਕਾਜੀ ਅਬਦੁੱਲ ਨੇ ਗੁੱਸੇ ਵਿੱਚ ਬੁਖਲਾਏ ਹੋਏ ਨੇ ਜਲਾਦਾਂ ਨੂੰ ਹੁਕਮ ਦਿੱਤਾ ਕਿ ਇਸ ਸਿੱਖੜੇ ਨੂੰ ਉਬਲਦੀ ਦੇਗ਼ ਵਿੱਚ ਬਿਠਾਲ ਕੇ ਸ਼ਹੀਦ ਕੀਤਾ ਜਾਵੇ। ਭਾਈ ਦਿਆਲਾ ਜੀ ਨੇ ਗੁਰੂ ਦੇ ਚਰਨਾਂ ਦਾ ਧਿਆਨ ਧਰਦੇ ਹੋਏ ਆਪ ਹੀ ਉਬਲਦੀ ਦੇਗ਼ ਵਿੱਚ ਪਹਿਲਾਂ ਸੱਜਾ ਪੈਰ ਪਾਇਆ ਫਿਰ ਖੱਬਾ ਪੈਰ ਦੇਗ਼ ਵਿੱਚ ਪਾ ਕੇ ਚੌਂਕੜਾ ਮਾਰ ਕੇ ਬੈਠ ਗਏ ਅਤੇ ਗੁਰਬਾਣੀ ਦਾ ਪਾਠ ਕਰਦਿਆਂ ਕਰਦਿਆਂ ਉਹ ਸ਼ਹੀਦ ਹੋ ਗਏ। ਨਵੰਬਰ 1675 ਈ: ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨਿਰਸੰਦੇਹ ਗੁਰੂ ਕੇ ਸਿੱਖ ਸਨ। ਸਤਿਗੁਰੂ ਨਾਨਕ ਦੀ ਸਿੱਖੀ ਨੂੰ ਸਮਰਪਿਤ ਸਿੱਖ ਹੀ ਤਨ ਆਰੇ ਨਾਲ ਚਿਰਵਾ ਕੇ ਅਤੇ ਉਬਲਦੀ ਦੇਗ਼ ਵਿੱਚ ਬੈਠ ਕੇ ਸ਼ਹੀਦੀ ਪ੍ਰਾਪਤ ਕਰ ਸਕਦਾ ਹੈ।


## ਜ਼ਰੂਰੀ ਸੂਚਨਾ

**ਪੰਜਾਬ ਟਾਈਮਜ਼ ਵਿਚ ਸਿਹਤ ਸਬੰਧੀ ਛਪਣ ਵਾਲੇ ਲੇਖਾਂ, ਸੁਝਾਵਾਂ ਅਤੇ ਇਸ਼ਤਿਹਾਰਾਂ ਵਿੱਚ ਕੀਤੇ ਗਏ ਦਾਅਵਿਆਂ ਬਾਰੇ, ਸਬੰਧਿਤ ਲੇਖਕ ਅਤੇ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੁੰਦੀ ਹੈ, ਤੁਸੀਂ ਕਿਸੇ ਵੀ ਸਲਾਹ ਦੇ ਨਾਲ ਨਾਲ ਆਪਣੇ ਨਿੱਜੀ ਡਾਕਟਰ ਦੀ ਸਲਾਹ ਵੀ ਲੈ ਸਕਦੇ ਹੋ । ਇਸ ਲਈ ਸੰਪਾਦਕ ਅਤੇ ਅਦਾਰਾ ਜ਼ਿੰਮੇਵਾਰ ਨਹੀਂ ਹੈ ।**

**ਵੱਲੋਂ – ਸੰਪਾਦਕ ਪੰਜਾਬ ਟਾਈਮਜ਼ ਡਰਬੀ**


# SHOOTING ATTEMPT ON SUKHBIR SINGH BADAL



S. Sukhbir Singh Badal who was indicted by Jathedar Akal Takhat started his penance on the second day outside the Golden Temple gate this morning. Soon after a well built Sikh old man Narian Singh Chaura tried to shoot him. Luckily he escaped unhurt after alert security personals with him managed to spot the shooter in time and held his hand up. The bullet was still fired but it missed everyone and hit a wall. The attacker was arrested. It is learnt that Narian Singh has a long history of being an extremist Sikh involved in many cases earlier. T.V. announcer linked him with Dal Khalsa and other such groups. The sad incident has been condemned by the Jathedars and leaders of all political parties. All the indicted Akali leaders are performing sewa today. The collective penance of the entire Sikh leadership, has never been seen before in the history.


Tarlochan Singh Ex-M.P
Former Chairman
National Commission Minorities.


## *TAIL PIECE*

## WHEN WE TALK OF EDUCATION

## MATRICULATION SHOULD BE THE MINIMUM

Regular system of education had been started even by the British government and we have noted that proper schools, colleges and even universities had been established by them. And when we got independence and this democracy had been established we started talking on compulsory education to all and we also talked on the subject of illiteracy and we endusred that we shall implement law of compulsory education to all. Even we had passed laws of compulsory education in our country. But still we find people who cannot sign even and often who can sign, is called a literate person.



Today we are an old democracy and we are claiming ourselves a developed country. Therefore time has come when we should try to assess our claims and prescribe some standards. When our youths come in the employment market, he must hold a card which must tell his qualifications and training and the job for which he is joining the employment market. And when we talk of his qualifications, there must be an entry that this youth is having matriculation as his minimum qualifidcation. As per the time of today, education less than matriculation is no education and in a developed country when we examine human side, we must be able to see that a man holding qualifications less than matriculation is not a literate person and illiteracy must be a thing of the past.

The British though had been keeping us backward, they had the need of literate persons and they started schools with prescribed courses. And we have raised number of schools, colleges, training institutions, universities and even jobs havfe been established where these people could get employment. We are now an advanced country and our people are also going abrioad to have jobs there. Therefore, we must claim that each one in our country is holding education upto matriculation standard.


Dalip singh was an, Advocate
E mail dalipsinghwassan@yahoo.co.in

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



# ਮੈਂ ਬਲਿਹਾਰੇ ਜਾਮਾਂ ਰਾਮ ਜਿਨ੍ਹਾਂ ਦੀਆਂ ਮੰਨੇ, ਹੁਣ ਗੁਰਬਾਣੀ ਤਾਂ ਲਿਖ ਨਹੀਂ ਸਕਦੇ ਕਿਉਂ ?

ਕਦੋਂ ਤੇ ਕਿਥੋਂ ਲਈਏ, (ਗੁਰੂ ਗ੍ਰੰਥ) ਨੂੰ ਹੱਥ ਨਹੀਂ ਲਾ ਸਕਦੇ, ਪੂਰਨ ਸਾਧਨ ਨਹੀਂ, ਸੋ ਭਾਈ ਮੈਂ ਤਾਂ ਹਿੰਦੂ ਪ੍ਰਥਾ ਯਾਨੀ ਉਨ੍ਹਾਂ ਦੇ ਵੇਦਾਂ ਉਪਨਿਸ਼ਦਾਂ ਵਿੱਚੋਂ ਅਤੇ ਸੁਣ ਸੁਣ ਵਰਤੋਂ ਕਰਿਆ ਕਰੂੰਗੀ, ਇਹ ਸਭ ਇਨ੍ਹਾਂ (ਗੁਰੂ ਗ੍ਰੰਥ) ਮਾਲਕਾਂ ਦੇ ਅਦੇਸ਼ 'ਤੇ ਹੁਣ ਸੰਸਥਾ ਉਪਦੇਸ਼ ਦੇ ਰਹੀ ਹੈ ਕਿ ਰੁਮਾਲੇ ਕਿਵੇਂ ਦੇਣੇ ਆਦਿ। ਵਰਕੇ ਭਾਈ ਕਾਗਜ਼ ਹਨ ਪੁਰਾਣੇ ਹੁੰਦੇ ਹਨ ਤਾਂ ਬੋਦੇ ਭੀ ਹੋ ਜਾਂਦੇ ਹਨ, ਤੁਸੀਂ ਕਿਧਰੋਂ ਕੱਢ ਕੱਢ ਲਿਆ ਕੇ ਦਿਖਾ ਰਹੇ ਹੋ ਆਪਣੀ ਉਸਤਤ ਲਈ ਯਾਦ ਰੱਖੋ ਧਰਮ ਨੂੰ ਪਤਲਾ ਹੀ ਨਹੀਂ ਸਗੋਂ ਲੋਕਪ੍ਰਿਯ ਭੀ ਨਹੀਂ ਰਹਿਣ ਦਿਉਗੇ, ਅਗਲੇ ਡੇਰੀ ਕਿਉਂ ਨਾ ਜਾਣ, ਪਰ ਇਹ ਤਾਂ ਆਪ ਸਾਧਾਂ ਦੀ ਮਰਿਯਾਦਾ ਚਲਾ ਰਹੇ ਹਨ ਜੋਤਾਂ ਦਾ ਸੰਦਰਭ ਭੀ ਇਨ੍ਹਾਂ ਮਹੰਤਾਂ ਨੇ ਹੀ ਚਲਾਇਆ ਹੈ, ਮੁਕਤ ਹੋਏ ਤਾਂ ਧਰਮੀ ਮਨੁੱਖ ਭੀ ਜਾਮਿਆਂ ਰਹਿਤ ਹੋ ਜਾਂਦੇ ਨੇ, ਅੱਜ ਹਿੰਦੂ ਪ੍ਰਚਾਰ ਤਾਂ ਬੜਾ ਸੁਘੜ ਤੇ ਸਮੇਂ ਨਾਲ ਵਿਚਰਨ ਲੱਗ ਗਿਆ। ਬੁਰਾ ਨਾ ਮਨਾਇਓ ਇਹ ਮਲੇਸ਼ ਖ਼ਾਲਸਾ ਹੈ। ਕੱਲ੍ਹ ਮੈਂ ਬਰਮਿੰਘਮ ਤੋਂ ਰਿਸ਼ਤੇਦਾਰ ਜੋ ਵਾਪਸ ਦੇਸ਼ੋਂ ਆਏ ਗੱਲ ਕੀਤੀ ਧਰਨਿਆਂ ਨੇ ਕਹਿੰਦੇ ਤੋਬਾ ਕਰਾਈ ਪਈ ਹੈ ਵਿਆਹ ਸੀ ਬਠਿੰਡੇ ਤੋਂ, ਜਲੰਧਰ ਪਹੁੰਚਣਾ ਸੀ ਰਾਹ ਵਿੱਚ ਫਗਵਾੜੇ ਹੀ ਚਾਰ ਘੰਟੇ ਚੌਕੀ ਭਰੀ ਧਰਨਾਕਾਰੀਆਂ ਦੀ, ਅੱਜ ਹੋਰ ਟੈਲੀਫੂਨ ਆਇਆ ਭਰਾ ਸਾਊਥਾਲ ਮੁੜਿਆ ਕਹਿੰਦਾ ਮਹੀਨਾ ਲੱਗਾ ਪਰ ਕੰਮ ਨੀ ਕੋਈ ਹੋਇਆ, ਆਹ ਕਿਸਾਨਾਂ ਨੇ ਤਾਂ ਧੂ ਪੱਟੀ ਪਈ ਹੈ, ਲੋਕੀ ਅਤਿ ਦੇ ਦੁਖੀ ਨੇ ਇਸ ਵਾਰੀ ਸ਼ਰਮ-ਮਾਰਿਆਂ ਕਾਂਗਰਸ ਦੀ ਹਮਾਇਤ ਨੀ ਕੀਤੀ, ਸੱਤ ਐਮ. ਪੀ. ਕਰਕੇ ਸ਼ੋਰ ਮੱਚ ਗਿਆ ਸੀ।

ਅਕਬਰ ਵੀ ਆਇਆ ਮਈਆ ਮੰਦਿਰਾਂ ਨੂੰ ਤੇਰੇ ਸੋਨੇ ਦਾ ਛਤਰ ਚੜ੍ਹਾਇਆ, ਅਸੀਂ ਭੀ ਆਖਦੇ ਹਾਂ ਇਹੀ ਬਾਤ (ਗੁਰੂ ਗ੍ਰੰਥ) ਵਿੱਚ ਸਭ ਨਾ ਤਾਂ ਬਾਣੀ ਈ ਹੈ ਨਾ ਗੁਰਬਾਣੀ, ਸੰਗਠਣ ਹੈ, ਰਾਮ, ਵਿਸ਼ਨੂੰ ਭਗਵਾਨ, ਈਸ਼ਵਰ ਪ੍ਰਭੂ ਪ੍ਰਮੇਸ਼ਰ ਸਭ ਸਿੱਖ ਵਿਚਾਰਧਾਰਾ ਦੇ ਸ਼ਬਦ ਨਹੀਂ ਤਾਂ ਫੇਰ ਕਿਵੇਂ ਰੋਕ ਸਕਦੇ ਹੋ ਕਿ ਕੋਈ ਗੁਰਬਾਣੀ ਦੀ ਵਰਤੋਂ ਨਹੀਂ ਕਰ ਸਕਦਾ, ਤੁਸੀਂ ਤਾਂ ਦੂਜੇ ਧਰਮਾਂ ਵਿੱਚੋਂ ਪ੍ਰਕਿਰਿਆ ਇੱਕਤ ਕੀਤੀ ਹੈ ਹਾਂ ਪ੍ਰਥਿਮ ਤਾਂ ਰਮਾਇਣ ਗੀਤਾ ਹੀ ਸੀ, ਵੇਦ-ਉਪਨਿਸ਼ਦ ਪੋਥੀਆਂ ਹਨ, ਦੂਜੇ ਫੇਰ ਧਰਮਾਂ ਨੇ ਆਧਾਰਿਤ ਅਪਣਾ ਮਗਰੋਂ ਕਰਕੇ ਅੱਗੇ ਪਿੱਛੇ ਕਰਕੇ ਧਾਰਮਿਕ ਪੁਸਤਕਾਂ ਪ੍ਰਕਾਸ਼ਤ ਕਰੀਆਂ, ਮਨੁੱਖੀ ਦੇਣ ਹੈ ਧਰਮ, ਤਾਂ ਹੀ ਆਪਾਂ ਸਾਰੇ ਮਨੁੱਖੀ ਪੂਜਾ ਕਰਦੇ ਹਾਂ, ਹਾਂ ਇਸਲਾਮ ਅੱਲਾ ਅਲਾਪੀ ਹੈ, ਜਦੋਂ ਅਸੀਂ ਹੁਕਮੀ ਆਖਦੇ ਹਾਂ ਕਿ ਦਸਾਂ ਗੁਰੂਆਂ ਨੂੰ ਮੰਨਣਾ ਸਿੱਖੀ ਹੈ ਅਸੀਂ ਨਹੀਂ ਗਰਦਾਨਦੇ ਕਿ ਅਕਾਲ ਪੁਰਖ ਨੂੰ ਮੰਨਣਾ ਹੈ, ਕੇਵਲ ਆਪਣੀਆਂ ਹੱਟੀਆਂ ਹੀ ਚਲਾ ਰਹੇ ਹਾਂ, ਹੋਰ ਸੁਣੋ ਮੇਰੀ ਖੋਜ ਪੜਚੋਲ ਹੈ ਕਿ ਅੱਜ ਧਰਮ ਵਿੱਚ ਵਪਾਰ ਪ੍ਰਫੁੱਲਤ ਬਹੁਜਾਤਾਂ ਦੇ ਲੋਕ ਕਰ ਰਹੇ ਹਨ, ਜੱਟ ਬੜੇ ਘੱਟ ਹਨ ਵਪਾਰੀ ਤਬਕਾ ਤਾਂ ਕਦੋਂ ਦਾ ਲੱਗਿਆ ਸੀ, ਹੁਣ ਛੋਟੀਆਂ ਜਿਹੀਆਂ ਬਰਾਦਰੀਆਂ ਬੱਸ ਜੱਥੀਆਂ ਬਣਾ ਕੇ ਧਰਮ ਸੌਦਾ ਵੇਚਣ 'ਤੇ ਹਨ, ਕੋਈ ਰੁਕਾਵਟ ਨਹੀਂ, ਬੱਸ ਦੂਜਿਆਂ ਨੂੰ ਡਰਪੋਕਾਂ ਨੂੰ ਝਿੜਕਣ 'ਤੇ ਹਨ ਜੀ ਆਹ ਨੀ ਕਰਨਾ ਔਹ ਨੀ ਕਰਨਾ, ਅਵੱਗਿਆ ਕਰਨ ਵਾਲਿਆਂ ਨੂੰ ਸਿੱਝਾਂਗੇ, ਇਹ ਇੰਗਲੈਂਡ ਵਿੱਚ ਤਾਂ ਹੁਣ ਬਹੁਤਾ ਜ਼ੋਰ ਮਿਡਲੈਂਡ ਵਿੱਚ ਹੈ ਕਬਜ਼ੇ ਸੰਤ-ਪੈਰੋਕਾਰਾਂ ਦੇ ਹਨ, ਮੇਰੀ ਇਕ ਰਿਸ਼ਤੇਦਾਰ ਅਸੀਂ ਨਹੀਂ ਜਾਂਦੇ ਇਨ੍ਹਾਂ ਗੁਰਦੁਆਰੇ ਇਹ ਖਾਲਿਸਤਾਨੀਆਂ ਦੇ ਨੇ, ਅਸੀਂ ਸੋਹੋ ਰੋਡ ਜਾਂਦੇ ਹਾਂ, ਮੈਂ ਹੱਸ ਕੇ ਕਿਹਾ ਜੀ ਉਹ ਇਕ ਬਰਾਦਰੀ ਤੇ ਬੰਦੇ ਦੇ ਅਭਿਲਾਸ਼ੀ ਨੇ ਉਪਰੋਂ ਪੈਸਾ ਵਰ੍ਹਦਾ ਸੋਨਾ ਚੜ੍ਹਾਉਣ ਨੂੰ।

ਹੁਣ ਆਈਏ ਸਾਡੇ ਸਰੋਤ ਵੱਲ, ਡੁਬ ਗਈ ਜੇ ਸਾਹ ਨਾ ਆਇਆ, ਜੇਕਰ ਸਾਡਾ ਧੁਰਾ ਤਕੜਾ ਹੁੰਦਾ ਤਾਂ ਕਿਉਂ ਅਸੀਂ ਉਧਲੇ ਫਿਰੀਏ, ਗਲ੍ਹਬਾ ਪਾ ਲਿਆ ਸੋਧੇ ਲਉਣਿਆਂ ਤੇ ਹੁਣ ਅਕਾਲ ਤਖ਼ਤ ਦੇ ਬਾਦਸ਼ਾਹ ਸੁਣੋ ਕੀ ਹੁਕਮ ਸਭ ਅਕਾਲੀ ਤੇ ਸਾਬਕਾ ਜੋ ਜਥੇਦਾਰ ਇਨ੍ਹਾਂ ਦੇ ਬਰਾਬਰ ਦੀਆਂ ਹੀ ਪਦਵੀ 'ਤੇ ਬਿਰਾਜਮਾਨ ਹਨ ਤਲਬ ਪਰ ਕੋਈ ਭੀ ਗੁਟਕਾ ਚੁੱਕ ਅੱਡ ਅਕਾਲ ਤਖ਼ਤ, ਜਥੇਦਾਰ ਭਾਵੇਂ ਮੋਰਚੇ 'ਤੇ ਕੱਲ੍ਹ ਅਮ੍ਰਿਤਪਾਲ ਬਾਪੂ ਭੀ, ਹਵਾਰਾ ਬਾਪੂ ਨਾਲ ਪ੍ਰੋ: ਬਲਜਿੰਦਰ ਸਿੰਘ ਮਾਨ ਦਲੀਏ ਹੋਰ ਪੰਥਕ ਅਖੌਤੀ ਕੋਈ ਭੀ ਇਸ ਲਪੇਟ ਵਿੱਚ ਨਹੀਂ, ਕੀ ਫੇਰ ਅਕਾਲ ਤਖ਼ਤ ਕੇਵਲ ਅਕਾਲੀਆਂ ਲਈ ਹੈ ਕਿਉਂ ਫੇਰ ਇਹ ਜਥੇਦਾਰ ਵਿਦੇਸ਼ੀ ਫਿਰਨ ਜੋ ਸਾਫ ਹੈ ਕਿ ਇਹ ਚੈਨਲ ਤੇ ਗੁਰੂ ਘਰ ਇਨ੍ਹਾਂ ਦੇ ਹੀ ਪ੍ਰੋਗਰਾਮ ਕਰਵਾਉਂਦੇ ਹਨ, ਜਥੇਦਾਰਾਂ ਦੀ ਫੇਰੀ ਭੀ ਅਵੱਗਿਆ ਤੇ ਬੇਅਦਬੀ ਨਹੀਂ, ਸ਼੍ਰੋਮਣੀ ਕਮੇਟੀ ਲਕਬੇ ਨੇ ਮਾਰ ਲਈ, ਅਕਾਲੀ ਸੂਰਬੀਰ ਹੁੰਦੇ ਸਨ ਸ਼ੇਰ ਸਨ, ਹੁਣ ਡਰਪੋਕ ਚੁੱਪ ਕਰਕੇ ਬੈਠਣੇ ਐਡਵੋਕੇਟ ਅਰਸ਼ਦੀਪ ਕਲੇਰ, ਪ੍ਰਧਾਨ ਧਾਮੀ ਫੇਰ ਵਕੀਲ ਕਾਹਦੇ ਜਦੋਂ ਆਖਣ ਕੋਈ ਭੀ ਜਥੇਦਾਰਾਂ ਦੇ ਕਾਰਜ ਵਿੱਚ ਬੋਲ ਨਹੀਂ ਸਕਦਾ, ਭਾਈ ਜਥੇਦਾਰਾਂ ਤੋਂ ਉੱਪਰ ਇਨ੍ਹਾਂ ਨੂੰ ਇਹ ਜ਼ਿੰਮੇਵਾਰੀ ਸੌਂਪਣ ਵਾਲੇ ਤੇ ਖਰਚਾ ਤਨਖਾਹਾਂ ਦੇਣੇ ਤੇ ਬਾਹਰ ਭੇਜਣ ਵਾਲੇ ਨੂੰ ਕੀ ਆਖਦੇ ਹੁੰਦੇ ਹਨ, ਕੀ ਪੁੱਛ ਸਕਦੇ ਹਾਂ ਕਿ ਗਿਆਨੀ ਹਰਿਪ੍ਰੀਤ ਸਿੰਘ ਦੀ ਯੂ.ਕੇ. ਫੇਰੀ, ਬੁੱਤ ਉਦਘਾਟਣ ਸਮੇਂ ਗੁਰਬਾਣੀ ਦੇ ਸ਼ਬਦ ਗਲਤ, ਤਲਬ ਕਿਉਂ ਨਾ ਕੀਤਾ ਜਾਵੇ ਫੇਰ ਪੰਥ ਤਾਂ ਭਾਜਪਾ ਦੇ ਧਰਮ ਅਸਥਾਨਾਂ 'ਤੇ ਦਖ਼ਲ ਲਈ ਕੋਸ ਹੋ ਰਿਹਾ ਹੈ ਤੇ ਗਿਆਨੀ ਜਾ ਕੇ ਮੁਲਾਕਾਤਾਂ ਕਰੇ ਤੇ ਆਪ ਦੇ ਸ਼ਾਦੀ ਸਮਾਗਮਾਂ ਵਿੱਚ ਸ਼ਿਰਕਤ ਤੇ ਵਲਟੋਹਾ ਹੋਰਾਂ ਦੇ ਸਵਾਲ ਚੁੱਕਣ 'ਤੇ ਹੰਗਾਮਾ ਕਰਨ, ਇਹ ਬਰਤਰਫੀ ਧਾਰਾ ਹੈ ?

ਜੱਜ ਭੀ ਪੂਰਨ ਅਜ਼ਾਦ ਨਹੀਂ ਹੁੰਦੇ ਤਾਂ ਫੇਰ ਅਕਾਲ ਤਖ਼ਤ ਕਿਵੇਂ ਸਿੰਗਲ ਹੈਡ ਹੀ ਜੋਰਾ ਜਬਰੀ ਸਜ਼ਾਵਾਂ ਦੇਣ, ਮੈਂ ਲਿਖਣੋਂ ਨਹੀਂ ਰਹਿ ਸਕਦੀ ਕਿ ਇਹ ਸਭ ਕਸੂਰ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦਾ ਏ, ਵਿਦੇਸ਼ੀ ਤਾਂ ਅਗਲੇ ਆਪਣੇ ਕਾਰੋਬਾਰਾਂ ਨੂੰ ਉਦਘਾਟਣ ਤੇ ਗੁਰੂ ਘਰ ਹਨ ਤਾਂ ਇਹ ਸਭ ਖੱਬੀਏ, ਨਕਸਲੀਏ ਪਰ ਹੁਣ ਖੋਟਾ ਸਿੱਕਾ ਚੱਲਦਾ ਹੈ, ਪੱਕੇ ਰੰਗ ਤੇ ਕੱਚੇ ਦਾ ਲਲਾਰੀ ਇਕੋ ਹੀ ਹੈ, ਸਰੋਪੇ ਹਰ ਤਰ੍ਹਾਂ ਦੇ ਹਨ, ਕੀ ਧਾਮੀ ਸਾਹਬ ਦੀ ਸਰੋਪੇ ਵੰਡਣੋ ਹਟੋ ਦੀ ਕਸਵੱਟੀ ਹੱਟ ਗਈ, ਆਪ ਹੀ ਫੜਾਈ ਜਾਂਦੇ ਨੇ ਗੱਲ ਭਰੀ ਜਾਂਦੇ ਨੇ ਜਥੇਦਾਰ ਕਿਥੇ ? **ਮੇਲੇ ਮੁਕਤਸਰ ਦੇ ਚੱਲ ਚੱਲੀਏ ਨੰਨਦ ਦਿਆ ਵੀਰਾ**, ਹੁਣ ਮੁਕ-ਤਸਰ ਦਾ ਧਰਮ-ਦੀਵਾਨ ਕੁੰਭ ਸਿੱਖੀ ਭੀ ਹਿੰਦੂ ਭੀ ਜੇ ਭੰਡਾਰ ਭਰਨ ਤਾਂ ਕੋਈ ਨਹੀਂ ਘਾਟਾ ਹੋਵੇ ਤਾਂ ਵਿਰੋਧਤਾ ਉਦੋਂ ਨਹੀਂ ਜਥੇਦਾਰ ਜਾਗਦੇ ਸੁੱਤੇ ਹੁੰਦੇ ਨੇ ਕੁੰਭਕਰਨ ਸੁਣੋ ਜੀ ਦੋ ਦੋ ਬੰਦੇ ਪੰਥ, ਚੈਨਲ 'ਤੇ ਇਕ ਸੂਬੇਦਾਰ ਦੂਜਾ ਗਵਰਨਰ ਜੀ ਜਥੇਦਾਰ ਪੰਥਕ ਫੈਸਲਾ ਕਰਨ ਨਹੀਂ ਤਾਂ ਪੰਥ ਨੂੰ ਸਵੀਕਾਰ ਨਹੀਂ ਕਿੱਡੇ ਮੱਕਾਰ ਫੇਰ ਫੈਸਲਾ ਤੁਹਾਡੇ ਆਖੇ 'ਤੇ ਹੋਵੇ ਤੁਸੀਂ ਅਕਾਲ ਤਖ਼ਤ ਨੂੰ ਕਿਵੇਂ ਮੰਨਦੇ ਹੋਏ ਜੀ ਸੰਤਾਂ ਦੇ ਸ਼ਰਧਾਲੂ ਲਹਿਰ ਦੇ ਤਾਬਿਆਦਾਰ, ਦੂਜੇ ਚੈਨਲ 'ਤੇ ਇਕ ਪੱਤਰਕਾਰ ਦੂਜਾ ਐਮ.ਡੀ. ਦੋਨੋ ਹੀ ਜੱਟ ਵਿਰੋਧੀ ਸ਼੍ਰੋਮਣੀ ਅਕਾਲੀ ਦਲ ਤੇ ਬਾਦਲ ਵਿਰੋਧੀ, ਪੱਤਰਕਾਰ ਦੀ ਸੁਣੋ ਸਾਡੇ ਸੰਪਰਕੀ ਜਥੇਦਾਰਾਂ ਨੂੰ ਮਿਲ ਕੇ ਆਖਦੇ ਨੇ ਫੈਸਲਾ ਸਾਡੇ ਮੁਤਾਬਕ ਕਰਿਉ, ਇਹ ਹਨ ਪੰਥ, ਹੁਣ ਜੇ ਸਾਡਾ ਪੰਥ ਇਹਨਾਂ ਨੂੰ ਆਖੇ ਕਿ ਭਾਈ ਦੁੱਕੀ ਤਿੱਕੀ ਨੂੰ ਹਟਾ ਚੈਨਲ ਤੋਂ ਤੂੰ ਮੰਗਤਾ ਬਣ ਇਨ੍ਹਾਂ ਨੂੰ ਪਲੇਟਫਾਰਮ ਦੇ ਕੇ ਪੰਥ ਵਿੱਚ ਦੁਫੇੜ ਪਾ ਰਿਹਾ ਹੈ ਕੱਢੋ, ਦੂਜਾ ਅਕਾਲ ਦੇ ਮਾਲਕ ਨੂੰ ਆਖੀਏ ਆਹ ਹਟਾ ਇਨ੍ਹਾਂ ਪੰਥ ਦੋਖੀਆਂ ਨੂੰ ਕੋਈ ਕਿਸੇ ਜਾਤ ਦਾ ਜੱਟਾ ਦੀ ਧੌੜੀ ਲਹੁੰਦੇ ਨੇ ਹਟਾ ਇਨ੍ਹਾਂ ਨੂੰ ਮਨਜ਼ੂਰ ਹੈ। ਇਹ ਤਾਹਾਂ ਤਾਹਾਂ ਹੀ ਜਾਈ ਜਾਂਦੇ ਨੇ, ਜਥੇਦਾਰ ਭੀ ਭਰਾਤਰੀ ਜਾਂ ਬਰਾਦਰੀ ਭਾਵ ਵਾਲੇ ਨੇ ਪੰਥ ਹਿਤੈਸ਼ੀ ਨਹੀਂ, ਚੈਨਲਾਂ ਨੇ ਸਿੱਖ ਧਰਮ, ਭਾਈਚਾਰਾ ਅਤੇ ਖੇਰੂੰ ਖੇਰੂੰ ਕਰਕੇ ਰਖਤਾ, ਇਹ ਪੰਜਾਬ ਵਿੱਚ ਅਕਾਲ ਤਖ਼ਤ ਢੁਆ ਕੇ ਆਏ ਸੀ।

ਦੁੱਖ ਦੀ ਗੱਲ ਇਹ ਇੰਨੇ ਭਾਰੂ ਹੋ ਗਏ ਹੁਣ ਗਲੋਂ ਨੀ ਲਹਿੰਦੇ, **ਗਵੱਈਆ ਗੀਤ ਗਉਂਦਾ ਸੀ ਹੁਣ ਦਾਰੂ ਪਿੱਛਾ ਨੀ ਛੱਡਦੀ**, ਇਹ ਉਹ ਨੇ ਚੰਬੜ ਗਏ ਗਿਟਕ ਦੀ ਤਰ੍ਹਾਂ ਪੰਥ ਨੂੰ, ਪ੍ਰਵਾਰ ਹੀ ਇਨ੍ਹਾਂ ਦੇ ਦਰਜਨਾਂ ਵਿੱਚ ਨੇ, ਗਿਣਤੀ ਬੜੀ ਚਰਜਤਾ ਕਿ ਅਕਾਲੀ ਦਲ ਦਾ ਅਰਸ਼ਦੀਪ ਕਲੇਰ, ਬਿਕਰਮ ਮਜੀਠਾ ਤੇ ਕਾਂਗਰਸੀ ਧੂੰਆਂ ਧਾੜ ਤਕਰੀਰਾਂ ਕਰਕੇ ਆਪ ਦਾ ਲੋਕਾਂ ਵਿੱਚ ਪ੍ਰਚਾਰ ਕਰਤਾ ਤੇ ਹੂੰਝਾ ਫਰਾ ਲਿਆ ਹਾਲੇ ਭੀ ਸਬਕ ਨਹੀਂ। ਬਹੁਤੀ ਭੰਭਮੀ ਵਿਦੇਸ਼ੀ ਆਏ ਲਹਿਰ ਦੇ ਪਾਲ੍ਹੀ ਉਨ੍ਹਾਂ ਚੁੱਕੀ ਹੈ, ਮੇਰੇ ਅਨੁਮਾਣ ਹਨ ਕਿ ਇਹ ਲੋਕ ਉਥੇ ਅਜਿਹੀਆਂ ਗਤੀਵਿਧੀਆਂ ਕਰਕੇ ਆਏ ਅੰਦਰਲਾ ਖਾਂਦਾ ਹੈ, ਆ ਕੇ ਗੁਰੂ ਘਰਾਂ ਵਿੱਚ ਕਬਜ਼ੇ ਖਾਸ ਕਰਕੇ ਮਿਡਲੈਂਡ ਫੈਕਟਰੀਆਂ ਸਸਤੀਆਂ ਵਿਕੀਆਂ ਖਰੀਦ ਕੇ ਧਰਮ ਦੁਆਰੇ ਬਣਾ ਲਏ ਪਰ ਧਰਮ ਦੀ ਤਾਂ ਆੜ ਹੀ ਹੈ ਬੱਸ ਲੱਗ ਗਏ ਆਪਣੀਆਂ ਮਰਿਯਾਦਾਵਾਂ ਚਲਾਉਣ, ਉਪਰੋਂ ਅਕਾਲ ਤਖ਼ਤ ਦੇ ਭੀ ਜਥੇਦਾਰ ਬਹੁਤੇ ਪੁਰਾਤਨ ਧਰਮ ਪਰੰਪਰਾਵਾਂ ਤੋਂ ਤਾਂ ਅਣਜਾਣ ਹੀ ਹਨ, ਤਖ਼ਤਾਂ 'ਤੇ ਬੈਠ ਹਕੂਮਤਾਂ ਤੇ ਵਿਦੇਸ਼ੀ ਫੇਰੀਆਂ ਇਨ੍ਹਾਂ ਧਰਮ ਅਸਥਾਨਾਂ 'ਤੇ ਮੋਹਰਾਂ ਲਾ ਕੇ ਆਪਣੀ ਨਾਲੇ ਪੁੰਨ ਨਾਲੇ ਫਲੀਆਂ ਇਨ੍ਹਾਂ ਦਾ ਕਾਰੋਬਾਰ ਚੱਲਣ ਲੱਗ ਪਿਆ ਤਾਂ ਹੁਣ ਉਸੇ ਕੜੀ ਦਾ ਨਤੀਜਾ ਪੰਜਾਬ ਵਿੱਚ ਦੇਖੋ, ਕੀ ਉਰਦੂ ਲਾ ਤਾਂ, ਮੈਨੂੰ ਨਿੱਕੇ ਹੁੰਦਿਆਂ ਦੀ ਬਾਤਾਂ ਸੁਨਾਉਣੀਆਂ ਯਾਦ ਆ ਗਈਆਂ, ਦਾਦੀ ਮਾਂ ਜੀ ਆਖੇ ਇਕ ਮੂਰਖ ਰਾਹੀ ਜਾਵੇ ਖੇਤਾਂ ਵਿੱਚ ਕੰਮ ਕਰਦੇ ਆਪਸ ਵਿੱਚ ਆਖਣ ਛੇਤੀ ਕਰੋ ਆਪਾਂ ਐਰੋ ਐਰ ਆਉਣ ਤੋਂ ਪਹਿਲਾਂ ਚੱਲੀਏ ਮੂਰਖ ਸੁਣ ਕੇ ਬੱਸ ਭੱਜਿਆ ਤੇ ਆਖਦਾ ਜਾਵੇ, ਉਏ ਐਰੋ ਐਰ ਆਉਂਦੀ ਹੈ, ਐਰੋ ਐਰ ਪਿੰਡ ਦੀ ਬੋਲੀ ਸੀ, ਦੂਜਾ ਘੁਮਾਰ ਖੋਤੇ ਭਾਰ ਢੋਹਣ ਲਈ ਗਿਆ ਇਕ ਖੋਤਾ ਨੁਓ ਗੰਧਰਬ ਸੈਨ ਮਰ ਗਿਆ, ਮੂਰਖ ਰੌਲਾ ਪਾਵੇ ਤੇ ਕੋਈ ਸਿਆਣਾ ਕਹਿੰਦਾ ਉਹ ਤਾਂ ਮੋਜੇ ਘੁਮਾਰ ਦਾ ਟੱਟੂ ਸੀ, ਸਾਡਾ ਆਹ ਹਾਲ ਹੈ, ਅਸੀਂ ਹੁਣ ਇਸ ਤਰ੍ਹਾਂ ਦੇ ਸੋਸ਼ਲ ਮੀਡੀਏ ਤੇ ਆਹ ਲਾਣਾ (ਗੁਰੂ ਗ੍ਰੰਥ) ਸਾਨੂੰ ਆਹੋ ਸਾਨੂੰ ਹੀ ਸਤਿਕਾਰ ਹੈ ਇਹ ਅਕਾਲੀ ਤਾਂ ਬੇਅਦਬੀਆਂ ਕਰਵਾਉਣੇ ਨੇ, ਉਤ ਲਾਣਾ ਇਨ੍ਹਾਂ ਦੇ ਮਗਰੇ ਹੀ ਹਾਂ ਜੀ ਹਾਂ ਜੀ, ਕੱਲ੍ਹ ਚੈਨਲ ਨਿੱਤ ਦੀ ਤਰ੍ਹਾਂ ਪੰਜਾਹ ਹਜ਼ਾਰ ਖਰਚਾ ਹੈ ਭਾਈ ਦੇਵੋ ਫੇਰ ਮੇਹਣੇ ਦੇਵੇ ਪਰ ਕਦੀ ਨਹੀਂ ਸੋਚਦਾ ਕਿ ਸਾਧਾਰਣ ਲੋਕ ਕਿਉਂ ਭੁੱਗਾ ਕੁਟਾਉਣ, ਜਿਨ੍ਹਾਂ ਨੂੰ ਇਸ ਗਾਣੀ ਵਿੱਚੋਂ ਤੇਲ ਲੱਭਦਾ ਉਹ ਦੇਈ ਜਾਂਦੇ ਨੇ, ਨਾਲੇ ਆਮ ਲੋਕ ਇਨ੍ਹਾਂ ਬਦਖੋਹੀਆਂ ਨੂੰ ਸੁਨਣ ਨੂੰ ਤਿਆਰ ਹੀ ਨਹੀਂ, ਇਹ ਦੋ ਚੈਨਲ ਤਾਂ ਡੰਗਰਾਂ ਦੀ ਮੰਡੀ ਵਾਂਗੂੰ ਰੌਲਾ ਪਾ ਕੇ ਯੂ:ਟੀਊਬਾਂ ਚਲਾ ਕੇ ਸੌਦਾ ਵੇਚਦੇ ਨੇ, ਇਕ ਗਿੱਲ ਸਾਹਬ ਨੇ ਜੋ ਕਿ ਜਥਾਰਥ ਤੇ ਨਿਰਪੱਖ ਪ੍ਰੋਗਰਾਮ ਦਿੰਦਾ ਹੈ ਉਹ ਪਰ ਪੈਸੇ ਮੰਗਣ ਨੀ ਜਾਣਦਾ, ਇਕ ਦੋ ਤਾਂ ਦੂਜੇ ਚੈਨਲਾਂ ਤੋਂ ਰਿਸ਼ਤੇ ਵੇ ਨੇ ਇਥੇ ਆ ਕੇ ਟਿੱਕ ਗਏ, ਅਤਿ ਰੱਬ ਦਾ ਵੈਰ ਹੁੰਦੀ ਹੈ ਜੂੰਮੇ ਵਾਂਗੂੰ ਧੌਣ ਭਨਾ ਕੇ ਸਬਕ ਸਿੱਖਣਗੇ ਪਰ ਹਾਂ ਇਕ ਜਾਣਕਾਰੀ ਜ਼ਰੂਰ ਵਧੀਆ ਦਿੱਤੀ ਇਸ ਚੈਨਲ ਨੇ ਕਿ ਆਹ ਜੋ ਯਾਤਰਾ ਭਰਮਾਰ ਹੈ ਇਹ ਏਜੰਸੀ ਜਿਮੇ ਕੀਰਤਨ ਸਮਾਗਮ ਕਰਵਾਉਣੇ ਨੇ ਉਸੇ ਤਰ੍ਹਾਂ ਹੀ ਇਹ ਹੈ ਕਹਿੰਦੇ ਸਾਹਮਣੇ ਅਗਲੇ ਸਿਫ਼ਤਾਂ ਨਾਂ ਕਰਨ ਹੋਰ ਕੀ ਕਰਨ ਪਰ ਕਈ ਮਗਰੋਂ ਤਾਂ ਖੁਸ਼ ਨਹੀਂ ਇਹ ਵਪਾਰੀ ਤਬਕਾ ਹੈ, ਕਿਮੇ ਬੋਲਦਾ ਹੈ ਆਉ ਚੱਲੀਏ, ਪ੍ਰਵਾਰ ਬੱਚੇ ਬੁੱਢੇ ਭਲਾ ਦੱਸ ਹਜ਼ਾਰ ਪੌਂਡ ਸਾਰਾ ਟੱਬਰ ਲਾਵੇ ਤੇ ਤੁਸੀ ਆਪਣੀ ਨੌਕਰੀ ਪੱਕੀ ਤੇ ਸੈਰਾਂ ਕਰੋ, ਮੈਂ ਜੋ ਭੀ ਲਿਖਦੀ ਹਾਂ ਜਾਣਕਾਰੀ ਹਾਸਲ ਕਰਕੇ ਹੀ ਹਾਜ਼ਰ ਹੁੰਦੀ ਹਾਂ,

ਬਾਕੀ ਹਿਸਾ ਸਫਾ 44 'ਤੇ

43 ਸਫ਼ੇ ਦੀ ਬਾਕੀ

ਹੁਣ ਕੱਲ੍ਹ ਹੀ ਪਤਾ ਲੱਗਾ ਕਿ ਸਾਡੇ ਗੁਰੂ ਘਰ ਵਿੱਚ ਸਧਾਰਣ ਪਾਠ ਦਾ ਅੱਠ ਸੌ ਪੌਂਡ ਹੋ ਗਿਆ, ਮੈਂ ਪਹਿਲਾਂ ਹੀ ਲਿਖ ਚੁੱਕੀ ਹਾਂ ਕਿ ਸ਼ਰਧਾ ਕੋਈ ਨਹੀਂ ਫੀਸਾਂ ਹਨ, ਨਗਰ ਕੀਰਤਨਾਂ ਦਾ 80 ਹਜ਼ਾਰ ਜੋ ਪੂਰਾ ਕਰਨਾ ਹੈ।

ਫੇਰ ਕਹਿੰਦੇ ਲੋਕੀ ਡੇਰੀ ਜਾਂਦੇ ਨੇ, ਭਾਮੇ ਸਾਡੇ ਹੁਣ ਡੇਰੇ ਹੀ ਹਨ, ਕਬਜ਼ੇ ਹਨ, ਲਿਖਦੀ ਜਾਵਾਂ ਕਿ ਅਸੀਂ ਤਾਂ ਧਰਮ ਯੁੱਧ ਲਾ ਕੇ ਕਬਜ਼ਾ ਛੜਾ ਲਿਆ ਸੀ, ਹੁਣ ਉਹ ਅਵਸਥਾ ਨੀ ਨਾਲੇ ਹੁਣ ਪਨੀਰੀ ਨੂੰ ਧਰਮ ਦਾ ਪਤਾ ਨਹੀਂ ਬੱਸ ਲੰਗਰ ਦਾ ਪਤਾ ਹੈ, ਹਾਂ ਸੇਵਾਦਾਰ ਜਰੂਰ ਯੋਗਦਾਨ ਪਾ ਰਹੇ ਨੇ, ਜੀਵਨ ਦੁੱਭਰ ਚੈਨਲਾਂ ਨੇ ਕਰਤਾ ਤੇ ਰਹਿੰਦੀ ਕਸਰ ਆਮਦ ਨੇ ਕੱਢ ਧਰੀ, ਸਾਰਾ ਦਿਨ ਬੱਸ ਦੋ ਚੈਨਲਾਂ ਨੇ ਤਾਂ ਜੀ ਅਸੀਂ ਜਥੇਦਾਰਾਂ ਨੂੰ ਆਪਣੇ ਸਰੋਤਾਂ ਰਾਹੀਂ ਬੇਨਤੀ ਕੀਤੀ ਹੈ ਫੈਸਲਾ ਪੰਥ ਪ੍ਰਵਾਨਤ ਕਰਿਉ ਨਹੀਂ ਤਾਂ ਪ੍ਰਵਾਨ ਨਹੀਂ ਹੋਣਾ, ਹਾਸਾ ਆਇਆ ਫੇਰ ਫੈਸਲਾ ਤਾਂ ਤੁਹਾਡਾ ਹੈ ਨਾ ਕਿ ਜਥੇਦਾਰਾਂ ਦਾ, **ਯਾਦ ਰੱਖਿਉ ਰਹਿਣੇ ਨਹੀਂ ਮੇਰੇ ਦਿਲਬਰ ਮੁੜ ਪਰ ਖਫ਼ਾ ਨਾ ਹੋ,** ਕਹੀਂ ਤੇਰੀ ਭੀ ਯਹੀ ਖ਼ਤਾ ਨਾ ਹੋ, ਬਸੰਤਰ ਦਾ ਨਉਂ ਅੱਗ ਭੀ ਹੈ। ਕੱਲ੍ਹ ਇਕ ਬਸੰਤ ਸਿੰਘ ਫਰਾਂਸ ਤੋਂ ਬੋਲਿਆ ਜੀ ਮੇਰੇ ਰਿਸ਼ਤੇਦਾਰ ਦੀ ਫੋਟੋ ਜੋ ਕਿ ਅਜਾਇਬ ਘਰ ਵਿੱਚ ਜਥੇਦਾਰ ਸਾਹਬ ਦੀ ਮਿਹਰਬਾਨੀ ਨਾਲ ਸੁਸ਼ੋਭਿਤ ਹੋ ਗਈ, ਉਹ ਹਰੀ ਸਿੰਘ ਨਲੂਆ ਨਾਲ ਯੁੱਧ ਵਿੱਚ ਸਾਥੀ ਸੀ, ਪਰ ਸ਼੍ਰੋਮਣੀ ਕਮੇਟੀ ਦੇ ਵਿਰੁੱਧ ਬੋਲੇ ਅਕਾਲੀ ਦਲ ਦੇ ਭੀ ਕਿਉਂਕਿ ਇਹ ਚੈਨਲਾਂ ਦੀ ਨੀਤੀ ਹੈ, ਯਾਨੀ ਆਹ ਸਿੱਖ ਕਰਦਾਰ ਰਹਿ ਗੇ, ਸਿਫਾਰਸ਼ਾਂ ਨਾਲ ਕੰਮ ਤੇ ਮਗਰੋਂ ਸੰਸਥਾ ਵਿਰੋਧ ਜਾਤ ਬੰਦੇ ਦੀ ਸ਼੍ਰੇਣੀ ਹੀ ਨਹੀਂ ਚਰਿੱਤਰ ਹੁੰਦੀ ਏ, ਅਫੋਸਸ ਅੱਜ ਜਾਤਾਂ ਨੇ ਸਿੱਖੀ ਘੇਰ ਲਈ। ਹੋਰ ਸੁਣੋ ਕਹਿੰਦੇ ਜਥੇਦਾਰ ਦੀ ਫੋਟੋ ਨਾਲ ਛਾਪ ਕੇ ਸੁਖਬੀਰ ਨੂੰ ਮੰਦਾ ਬੋਲਿਆ, ਕਿਹੜੀ ਅਣੋਖੀ ਗੱਲ ਹੈ ਤਨਖਾਹੀਆ ਕਰਾਰ ਦੇ ਕੇ ਕਿਹੜਾ ਮਾਣ ਦਿੱਤਾ ਸੀ, ਪੰਜਾਬ ਵਿੱਚ ਤਾਂ ਅਣਆਈਆਂ ਹੋ ਰਹੀਆਂ ਹਨ, ਹੁਣ ਕਿਸਾਨ ਆਗੂ ਕਹਿੰਦੇ ਮਰਨਾ ਹੈ ਪੁਲਸ ਕਹਿੰਦੀ ਨਹੀਂ ਜੀ ਰਹਿਣ ਦਿਉ, ਰੌਲਾ ਪੈ ਗਿਆ ਡੱਲੇਵਾਲ ਨੂੰ ਚੱਕ ਕੇ ਲੈ ਗਏ।

**ਵਿਹਲੀ ਰੰਨ ਉਨ ਵੇਲ, ਉਨ ਨੀ ਘਸੁੰਨ ਵੇਲ,** ਕੰਮ ਤਾਂ ਕੋਈ ਕਰਨੇ ਨਹੀਂ ਧਰਨੇ ਹੀ ਠੀਕ ਹਨ, ਲੋਕੀ ਭਾਮੇ ਮੂਧੇ ਮੂੰਹ ਡਿੱਗਣ, ਸਿਆਸੀ ਧਿਰਾਂ ਪੱਬਾਂ ਭਾਰ ਹੋਂਦ ਲਈ ਯੁੱਧ ਉਧਰ ਮਰਨ ਵਰਤ ਭਾਵੇਂ ਇਹ ਪਹਿਲਾਂ ਭੀ ਇਹ ਢਕਵੰਝ ਹੁੰਦੇ ਰਹੇ ਹਨ, ਧਰਮ ਸੰਬੰਧਿਤ ਵਿਅਕਤੀ ਭੀ ਰੱਖਦੇ ਰਹੇ ਹਨ, ਭਾਵੇਂ ਧਰਮ ਵਿੱਚ ਤਾਂ ਪ੍ਰਵਾਨਤ ਨਹੀਂ, ਹੁਣ ਦੂਜਾ ਮੁੱਦਾ ਭਾਵੇਂ ਨਵਾਂ ਨਹੀਂ ਕਿਸਾਨਾਂ ਦਾ ਸੰਘਰਸ਼ ਤਾਂ ਸਾਲਾਂ ਦਾ ਚੱਲਦਾ ਹੁਣ ਤਾਂ ਜਥੇਦਾਰਾਂ ਨੂੰ ਦਬਾਅ ਦਾ ਸੰਦ ਲੱਭ ਗਿਆ ਜੇਕਰ ਤਾਂ ਅਕਾਲੀ ਮਿਲਣ ਤਾਂ ਦਬਾਅ ਜੇਕਰ ਅਮ੍ਰਿਤਪਾਲ ਬਾਪੂ ਮਿਲੇ ਤੇ ਆਖੇ ਤੁਹਾਡੇ ਨਾਲ ਹਾਂ ਫੈਸਲਾ ਉਹ ਕਰਿਉ ਜੋ ਵਿਰੋਧੀਆਂ ਨੂੰ ਭਾਵੇ, ਇਹ ਤਾਂ ਬਰਾਦਰੀਬਾਦ ਵਿੱਚ ਗੁਸੇ ਪਏ ਨੇ, ਬੇਅੰਤ ਸਿੰਘ ਦਾ ਪੁੱਤਰ ਐਮ.ਪੀ. ਕੀ ਬਣ ਬੋਲਣਾ ਤਾਂ ਆਉਂਦਾ ਨਹੀਂ ਬੱਸ ਅਕਾਲੀਆਂ ਵਿਰੁੱਧ ਬਿਆਨ ਅਤਿ ਤਾਂ ਚੈਨਲ ਨੇ ਚੁੱਕੀ ਹੋਈ ਏ, ਭਲਾ ਕੀ ਅਮ੍ਰਿਤਪਾਲ ਦੇ ਬਾਪੂ ਨੇ ਸ਼੍ਰੋਮਣੀ ਕਮੇਟੀ ਤੋਂ ਜੋ ਖਰਚਾ ਕਰਵਾਇਆ ਸੀ ਪੁੱਤ ਨੂੰ ਮਿਲਣੀਆਂ ਤੇ ਮੋੜੂਗਾ, ਹੁਣ ਪੁੱਤ ਨੂੰ ਤਨਖਾਹ ਮਿਲਦੀ ਹੈ। ਇਹ ਭੱਤੇ ਖਾਣੇ ਤਾਹਾਂ ਤਾਹਾਂ ਜਾਂਦੇ ਨੇ ਹੁਣ ਕੋਈ ਜੱਟ ਅਕਾਲ ਤਖ਼ਤ ਦਾ ਜਥੇਦਾਰ ਬਣੇ ਵਾਰੀ ਵਾਰੀ ਬਨਣੇ ਚਾਹੀਦੇ ਹਨ ਜਾਤ-ਪਾਤ ਹਟੇ, ਅਣੋਖੀ ਗੱਲ ਲਿਖਾਂ ਸਰਪੰਚ ਬਣ ਹੁਣ ਨਸ਼ੇ ਵਿਰੁੱਧ ਪਿੰਡਾਂ ਵਿੱਚ ਮਤੇ ਪਾ ਰਹੇ ਹਨ ਸਭ ਵਿਰੋਧੀਆਂ ਨੂੰ ਖੁੱਡੇ ਲਾਈਨ ਲਾਉਣਾ ਡਰੋਨਾ ਧਮਕਾਉਣਾ ਤੇ ਆਪਣੀ ਚੌਧਰ ਚਮਕੋਣਾ ਕੀ ਪਹਿਲਾਂ ਨਸ਼ੇ ਦੇ ਵੇਚਣੇ, ਖਾਣੇ ਜਾਂ ਇਨ੍ਹਾਂ ਦੇ ਭਾਈਬੰਦ ਨਹੀਂ ਸਨ, ਹੁਣ ਇਹ ਰਵਾਜ ਬਣਾ ਕੇ ਸਕੀਮ ਲਾਗੂ ਕਰਨਗੇ ਸਭ ਤਗਮੇ ਹਨ ਸਰਕਾਰ ਤੋਂ ਲਾਹੇ ਲੈਣ ਲਈ, ਚਿੰਤਾ ਦਾ ਵਿਸ਼ਾ ਪੰਜਾਬ ਵਿੱਚ ਅਨੁਮਾਨ ਲਾਉ ਇਥੇ ਹੁਣ ਭਈਆਂ ਕਲੇਸ਼ ਜੋ ਪਾਈ ਬੈਠੇ ਹਨ ਜੀ ਦੋ ਮੁੰਡੇ ਭਈਆਂ ਨੇ ਮਾਰਤੇ, ਕੀ ਸਾਡੇ ਆਪਣੇ ਭੀ ਅਲੱਥ ਨਹੀਂ, ਕੀ ਕਿਸੇ ਗੱਲ ਤੋਂ ਬਗੈਰ ਮਾਰੇ ਹੋਣਗੇ, ਪਰ ਮੁੱਦਾ ਬਹੁਤਾ ਚੁੱਕ ਲਿਆ: ਅਸਲ ਕਸ਼ਟੀ, ਸੰਘਰਸ਼ ਹੋਰ ਹੈ, ਸਭ ਸ਼੍ਰੇਣੀਆਂ ਹੁਣ ਇਕ ਹਨ ਸਿਵਾਏ ਜੱਟਾਂ ਤੇ ਖੱਤਰੀ ਬ੍ਰਾਹਮਣਾਂ ਤੋਂ, ਜੱਟਾਂ ਤੋਂ ਤਾਂ ਕਰਕੇ ਕਿ ਇਨ੍ਹਾਂ ਨੇ ਹੀ ਭਈਆਂ ਨੂੰ ਰੁਜ਼ਗਾਰ ਦੇ ਕੇ ਇਥੋਂ ਦੇ ਵਾਸੀ ਬਣਾ ਤਾ, ਹੌਲੀ ਹੌਲੀ ਇਹ ਸਭ ਹੱਕਦਾਰ ਬਣ ਗਏ, ਘਰ ਬਾਰ ਭੀ ਲੈਣ ਲੱਗ ਗਏ, ਵੋਟਾਂ ਬਣਾ ਲਈਆਂ, ਹੁਣ ਸਰਪੰਚ ਬਣ ਗਏ, ਆਪ ਨੂੰ ਤੇ ਕਾਂਗਰਸ ਨੂੰ ਵੋਟਾਂ ਪਾ ਕੇ ਸੱਤਾ ਦਿੱਤੀਆਂ, ਭਾਵੇਂ ਲਾਹੇ ਤਾਂ ਦੋਨਾਂ ਨੇ ਲਏ, ਅਕਾਲੀਆਂ ਨੂੰ ਤਾਂ ਕੁਝ ਨੀ ਮਿਲਿਆ ਪਰ ਨਜਲਾ ਜੱਟਾਂ 'ਤੇ ਹੈ, ਸ਼ਹਿਰੀ ਵਰਗ 'ਤੇ ਔਖੇ ਨੇ ਕਿ ਇਨ੍ਹਾਂ ਨੇ ਭੀ ਕੰਮ ਦਿੱਤੇ, ਦੁਕਾਨਾਂ ਅੱਗੇ ਭੀ ਖੜ੍ਹੇ ਕਰ ਲਏ, ਰੇੜ੍ਹੀਆਂ ਆਦਿ, ਹਿੰਦੂਆਂ ਨੇ ਸਹਾਈ ਹੋ ਕੇ ਸਾਡੀਆਂ ਕਦਰਾਂ ਕੀ ਮਤਾ ਘਟਾ ਦਿੱਤੀਆਂ ਨਹੀਂ ਤਾਂ ਇਨ੍ਹਾਂ ਖੇਤੀਬਾੜੀ ਵਾਲਿਆਂ ਤਾਂ ਸਾਡੀਆਂ ਮਿੰਤਾਂ ਕਰਨੀਆਂ ਸਨ, ਸ਼ਹਿਰਾਂ ਵਾਲਿਆਂ ਭੀ ਸਾਡੇ ਬੰਦੇ ਕੰਮਾਂ 'ਤੇ ਰੱਖਣੇ ਸਨ ਤਾਂ ਹੁਣ ਫਸਾਦ ਜਾਤੀਵਾਦ ਨੇ ਖੜ੍ਹਾ ਕਰਕੇ ਗੱਲ ਪਾ ਦੇਣਾ ਹੈ ਪੇਂਡੂਆਂ ਦੇ ਜੱਟ ਘੱਟ ਹਨ ਗਿਣਤੀ ਵਿੱਚ ਬਾਹਰ ਗਏ, ਇਹ ਪੰਜਾਬ ਵਿੱਚ ਭਾਂਬੜ ਦੀ ਲਹਿਰ ਚੱਲੂ ਚੁਰਾਸੀ ਵਾਂਗੂੰ, ਇਨ੍ਹਾਂ ਨੇ ਅੱਗ ਲਾਉਣੀ ਹੈ, ਅੱਗੇ ਤਾਂ ਬਹੁਤੇ ਜੱਟ ਸਨ ਮੂਹਰੇ ਹੁਣ ਜੱਟਾਂ ਨੂੰ ਦੁਬੱਲਣ ਗੇ, ਅਮ੍ਰਿਤ ਛੱਕ ਕੇ ਖ਼ਾਲਸੇ ਬਣੇ ਪੱਕੇ ਸਿੱਖ ਸਰਕਾਰਾਂ ਚਾਹੁੰਦੀਆਂ ਹਨ ਸੂਬਾ ਨਿਰਬਲ ਹੋਵੇ, ਕਾਂਗਰਸ ਨੂੰ ਆਪਣੀ ਖੁੱਸੀ ਧਰਤ ਦਾ ਘਾਣ ਹੈ, ਭਾਜਪਾ ਨੂੰ ਤਾਕਤ ਦੀ ਧੌਂਸ, ਮਾਰੇ ਜਾਣੇ ਨੇ ਸਭ ਭੋਲੂ ਨਰਾਇਣ ਦੇ ਹਾਲੇ ਤਾਂ ਵਿਦੇਸ਼ੀ ਸ਼ਾਬਾਸ਼ੇ ਕਰਨ 'ਤੇ ਨੇ, ਪਰ ਲੱਗੂ ਸਾਨੂੰ ਪਤਾ ਜਦੋਂ ਸਾਡੀਆਂ ਜਾਇਦਾਤਾਂ 'ਤੇ ਡਾਂਗ ਚੱਲੀ ਤੇ ਜਾਣਾ ਭੀ ਔਖਾ ਹੋ ਗਿਆ।

**ਜਥੇਦਾਰ ਜਰਦਾਰੀ : ਪੈ ਜੂ ਸਭ ਨੂੰ ਭਾਰੀ ਈਦ ਬਖਸ਼ਾਉਣ ਗਏ ਰੋਜ਼ੇ ਗੱਲ ਪੁਆ ਲੇ**, ਸਧਾਰੀਆਂ ਨੇ ਹੁਣ ਸਾਰੇ ਹੀ ਮੁਲਜਮ ਸੁਖਬੀਰ ਫਸਾਉਂਦੇ ਆਪ ਭੀ ਨਾਲ ਧਾਮੀ ਸਾਹਬ ਕਹਿੰਦੇ ਜੀ ਸਾਡੇ ਜਥੇਦਾਰ ਤਾਂ ਬੜੇ ਯੋਗਤਾ ਵਾਲੇ ਹਨ, ਜਰੂਰ ਜੀ ਤਾਂ ਹੀ ਤਾਂ ਆਹ ਦਿਨ ਦਿਖਾ ਰਹੇ ਹਨ, ਠੀਕ ਹੈ ਵਿਰੋਧੀ ਹੁਣ ਮਿਲ ਮਿਲ ਤੇ ਲਿਖ ਲਿਖ ਹਦਾਇਤ ਦੇ ਰਹੇ ਹਨ, ਜੀ ਫੈਸਲਾ ਸਾਡੇ ਮੁਤਾਬਕ ਕਰਿਉ ਦੇਖੋ ਕੀ ਰੰਗ ਦਿਖਾਉਣਗੇ, ਸਾਡੇ ਆਪਣੇ ਭੀ ਸਿੱਖ ਜਥੇਬੰਦੀਆਂ ਇਹੀ ਕੁਝ ਕਰ ਰਹੀਆਂ ਹਨ ਪਰ ਕੋਈ ਜਥੇਬੰਦ ਇਨ੍ਹਾਂ ਦੇ ਵਿਰੋਧ ਵਿੱਚ ਨਹੀਂ ਬਣੀ, ਗੁਰੂ ਘਰ ਭੀ ਜਿਮੇ ਬ੍ਰਾਹਮਣਾਂ ਨੇ ਜਜ਼ਮਾਨ ਸਾਂਭੇ ਹੁੰਦੇ ਸਨ ਚੈਨਲਾਂ ਸਾਂਭੇ ਵੇ ਨੇ, ਗੁਰੂ ਪਿਆਰਿਆਂ ਨੂੰ ਆਹਰੇ ਲਾਈ ਰੱਖਦੇ ਦਿਨ ਮਨਾਉਣ ਲਈ ਬਿੱਲੀ ਗੱਲ ਟੱਲੀ ਬੰਨਣ ਲਈ ਕੋਈ ਅਦਾਰਾ ਖੜ੍ਹਾ ਨਹੀਂ ਹੁੰਦਾ, ਸਰਕਾਰ ਹੀ ਕੋਈ ਹੀਲਾ ਕਰੂ ਅਖ਼ਬਾਰ ਦੀ ਤਾਂ ਹਾਲੇ ਕੋਈ ਸੁਣਦਾ ਨਹੀਂ, ਸਾਡੇ ਪੱਤਰ ਪ੍ਰੇਰਕ ਭੀ ਹਵਾ ਨਾਲ ਹੀ ਛੱਜ ਲਾਉਂਦੇ ਨੇ, ਨਹੀਂ ਤਾਂ ਇਹ ਸਮੇਂ ਦੀ ਨੁਹਾਰ ਹੋਣੇ ਚਾਹੀਦੇ ਨੇ, ਪਰ ਖਰਬਜ਼ੂ ਨੂੰ ਦੇਖਕੇ ਰੰਗ ਫੜਨ ਵਾਲੀ ਚੈਨਲਾਂ ਨੇ ਤਾਂ ਦੇਸੀ ਕਰਮਚਾਰੀਆਂ ਨੇ ਸਾਡਾ ਕੇਸ ਭੀ ਆ ਕੇ ਫਗਵਾੜਾ ਬਣਾ ਤਾ, ਜਦੋਂ ਨਹੀਂ ਸੀ ਦੇਖਦੇ ਸੁਖੀ ਸੀ, ਹੁਣ ਇਨ੍ਹਾਂ ਨੇ ਤਾਂ ਧੂ ਪੱਟ ਤੀ ਦਿਸਦਾ ਨੀ ਸੁੱਖ ਦੇ ਦਿਨ ਆਉਣਗੇ ਪਰ ਚਲੋ ਰੱਬ 'ਤੇ ਵਿਸ਼ਵਾਸ ਹੈ ਜੇਕਰ ਕਹਿੰਦੇ ਨਰਾਇਣ ਤੇਰੇ ਨਾਲ ਹੈ ਤਾਂ ਜਮ ਭੀ ਨੇੜੇ ਨੀ ਆਉਂਦੇ, ਦੇਖਦੇ ਹਾਂ ਕਿੰਨਾ ਕੁ ਸੱਚ ਹੈ, ਹਾਂ ਪਰ ਜਮ ਭੀ ਕਈ ਤਰ੍ਹਾਂ ਦੇ ਨੇ ਧਰਤੀ ਦੇ ਜਮ ਤਾਂ ਸਗੋਂ ਦੁਸ਼ਟ ਨੇ, ਕਦੇ ਮਨ ਕਰਦਾ ਹੈ ਕਿ ਚੈਨਲ ਬੰਦ ਹੀ ਰੱਖਾਂ, ਮਨ ਸ਼ਾਂਤ ਰਹੂ, ਦੋ ਹੀ ਬਹੁਤੇ ਖੌਰੂ ਪਉਣੇ ਨੇ, ਹੱਟ ਜਾਣਗੇ ਅਤਿ ਮਾੜੀ ਭਗਵਾਨ ਸਾਨੂੰ ਬੱਲ ਬਖ਼ਸ਼ੇ ਸਹਿਣਸ਼ੀਲਤਾ ਦੇਵੇ!

**-ਬਲਵਿੰਦਰ ਕੌਰ ਚਾਹਲ ਸਾਊਥਾਲ**

## ਕੈਨੇਡਾ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਇਮੀਗ੍ਰੇਸ਼ਨ ਸਮੇਤ ਪਹਿਲੀ ਦਸੰਬਰ ਤੋਂ ਫੀਸਾਂ ਵਿਚ ਭਾਰੀ ਵਾਧਾ ਕਰ ਦਿਤਾ ਹੈ।

**ਬਰੈਂਪਟਨ - ਕੈਨੇਡਾ ਸਰਕਾਰ ਨੇ ਇੰਟਰਨੈਸ਼ਨਲ ਸਟੂਡੈਂਟਸ ਇਮੀਗ੍ਰੇਸ਼ਨ ਸਮੇਤ ਇਥੇ ਪਹੁੰਚਣ ਦੇ ਸਾਰੇ ਚਾਹਵਾਨਾਂ ਲਈ ਪਹਿਲੀ ਦਸੰਬਰ ਤੋਂ ਫੀਸਾਂ ਵਿਚ ਭਾਰੀ ਵਾਧਾ ਕਰ ਦਿਤਾ ਹੈ। ਇਸ ਫ਼ੈਸਲੇ ਨਾਲ ਪੰਜਾਬੀਆਂ ਨੂੰ ਵੱਡਾ ਝਟਕਾ ਲੱਗ ਸਕਦਾ ਹੈ ਅਤੇ ਉਨ੍ਹਾਂ ਦਾ ਵਿਦੇਸ਼ 'ਚ ਪੜ੍ਹਾਈ ਕਰਨ ਤੇ ਰਹਿਣ ਦਾ ਸੁਪਨਾ ਟੁੱਟ ਸਕਦਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਐਪਲੀਕੇਸ਼ਨ ਫੀਸਾਂ ਵਧਣ ਕਾਰਨ ਪ੍ਰੌਸੈਸਿੰਗ ਫੀਸਾਂ ਵੀ ਦੁੱਗਣੀਆਂ ਹੋ ਸਕਦੀਆਂ ਹਨ।**

ਜਿਹੜੀਆਂ ਐਪਲੀਕੇਸਨ ਫੀਸਾਂ ਵਿਚ ਕੈਨੇਡਾ ਸਰਕਾਰ ਨੇ ਵਾਧੇ ਦਾ ਐਲਾਨ ਕੀਤਾ ਹੈ, ਉਨ੍ਹਾਂ ਵਿਚ ਵਿਦਿਆਰਥੀ, ਵਿਜ਼ਿਟਰ ਵੀਜ਼ਾ, ਟੈਂਪਰੇਰੀ ਰਿਹਾਇਸ਼, ਨਵੇਂ ਸਟੱਡੀ ਪਰਮਿਟ, ਵਰਕ ਪਰਮਿਟ ਆਦਿ ਵਰਗ ਆਉਂਦੇ ਹਨ। ਉਂਜ ਇਹ ਕੋਈ ਗਾਰੰਟੀ ਨਹੀਂ ਕਿ ਇਨ੍ਹਾਂ ਵਰਗਾਂ ਨੂੰ ਵੀਜ਼ਾ ਮਿਲ ਵੀ ਸਕਦਾ ਹੈ। ਕੈਨੇਡਾ 'ਚ ਵਿਜ਼ਿਟਰ ਵੀਜ਼ੇ 'ਤੇ ਪਹੁੰਚਣ ਵਾਲੇ ਕਰਮੀ ਪਹਿਲਾਂ ਐੱਲਐੱਮਆਈਏ ਪਰਮਿਟ ਲੈ ਕੇ ਪੱਕੇ ਹੋ ਜਾਂਦੇ ਸਨ ਪਰ ਹੁਣ ਇਸ ਸ਼੍ਰੇਣੀ ਵਿਚ ਉਹ ਪਰਮਿਟ ਨਹੀਂ ਲੈ ਸਕਦੇ ਹਨ। ਇਸੇ ਤਰ੍ਹਾਂ ਵਿਦਿਆਰਥੀ ਵਰਕ ਪਰਮਿਟ ਲੈ ਕੇ ਆਪਣੇ ਪੱਕੇ ਹੋਣ ਦੇ ਸਕੋਰ ਵਿਚ 55 ਅੰਕਾਂ ਦਾ ਵਾਧਾ ਕਰ ਲੈਂਦੇ ਸਨ ਪਰ ਸਰਕਾਰ ਨੇ ਇਹ ਵੀ ਬ ੰਦ ਕਰ ਦਿੱਤੇ ਹਨ।

ਪਰਮਿਟ ਦੀ ਮਾਰਕਿਟ ਕੀਮਤ 40 ਹਜ਼ਾਰ ਡਾਲਰ ਤੱਕ ਹੈ। ਕਰੀਬ ਢਾਈ ਲੱਖ ਵਿਦਿਆਰਥੀਆਂ 'ਤੇ ਛਾਂਟੀ ਦੀ ਤਲਵਾਰ ਲਟਕ ਰਹੀ ਹੈ। ਪੰਜਾਬੀਆਂ ਵੱਲੋਂ ਫੀਸਾਂ 'ਚ ਵਾਧੇ ਦੇ ਪਹਿਲੇ ਹੀ ਦਿਨ ਸਿਆਸੀ ਪਨਾਹ ਲਈ 14 ਹਜ਼ਾਰ ਅਰਜ਼ੀਆਂ ਪੁੱਜ ਗਈਆਂ ਹਨ।

## ਹਾਸੇ ਦੀ ਪਟਾਰੀ

**ਸੱਸ** ਨੂੰਹ ਨੂੰ ਗੁੱਸੇ ਵਿੱਚ ਬੋਲੀ, ਮੈਂ ਕਿੰਨੀ ਵਾਰ ਕਿਹਾ ਹੈ ਧੀਏ ਕਿ ਬਿੰਦੀ ਲਾ ਕੇ ਬਾਹਰ ਜਾਇਆ ਕਰ।

ਨੂੰਹ, ਪਰ ਮੰਮੀ ਜੀ, ਜੀਨਸ-ਟਾਪ 'ਤੇ ਬਿੰਦੀ ਕੌਣ ਲਾਉਂਦਾ ਹੈ?

ਸੱਸ ਵੀ ਬੜੀ ਤੇਜ਼ ਸੀ, ਉਹ ਤੁਰੰਤ ਨੇਹਲੇ 'ਤੇ ਦਹਿਲਾ ਮਾਰ ਕੇ ਬੋਲੀ, ਮੈਂ ਕਦੋਂ ਕਿਹਾ ਜੀਨਸ 'ਤੇ ਲਾ, ਮੱਥੇ 'ਤੇ ਲਾ ਲੈ ਧੀਏ।

*---*---*

**ਇਕ** ਸੱਸ ਨੇ ਨਵੀਂ-ਨਵੇਲੀ ਨੂੰਹ ਨੂੰ ਪੁੱਛਿਆ, ਧੀਏ ਮੰਨ ਲੈ, ਜੇ ਤੂੰ ਪਲੰਘ 'ਤੇ ਬੈਠੀ ਹੋਵੇਂ ਅਤੇ ਮੈਂ ਵੀ ਉਸ 'ਤੇ ਆ ਕੇ ਬੈਠ ਜਾਵਾਂ ਤਾਂ ਤੂੰ ਕਰੇਂਗੀ?

ਨੂੰਹ, ਤਾਂ ਮੈਂ ਉੱਠ ਕੇ ਸੋਫੇ 'ਤੇ ਬੈਠ ਜਾਵਾਂਗੀ।

ਸੱਸ, ਜੇ ਮੈਂ ਵੀ ਆ ਕੇ ਸੋਫੇ 'ਤੇ ਬੈਠ ਜਾਵਾਂ ਤਾਂ ਤੂੰ ਕੀ ਕਰੇਂਗੀ?

ਨੂੰਹ, ਤਾਂ ਮੈਂ ਫਰਸ਼ 'ਤੇ ਚਟਾਈ ਵਿਛਾ ਕੇ ਬੈਠ ਜਾਵਾਂਗੀ।

ਸੱਸ, ਜੇ ਮੈਂ ਵੀ ਚਟਾਈ 'ਤੇ ਆ ਬੈਠ ਜਾਵਾਂ ਤਾਂ ਫਿਰ ਕੀ ਕਰੇਂਗੀ?

ਨੂੰਹ, ਤਾਂ ਮੈਂ ਜ਼ਮੀਨ 'ਤੇ ਬੈਠ ਜਾਵਾਂਗੀ।

ਸੱਸ (ਮਜ਼ਾ ਲੈਂਦੀ ਹੋਈ ਅੱਗੇ ਬੋਲੀ), ਤਾਂ ਮੈਂ ਜ਼ਮੀਨ 'ਤੇ ਵੀ ਤੇਰੇ ਨਾਲ ਬੈਠ ਗਈ ਤਾਂ ਕੀ ਕਰੇਂਗੀ?

ਨੂੰਹ (ਖਿੱਝ ਕੇ), ਤਾਂ ਮੈਂ ਜ਼ਮੀਨ ਵਿੱਚ ਟੋਇਆ ਪੁੱਟ ਕੇ ਉਸ ਵਿੱਚ ਬੈਠ ਜਾਵਾਂਗੀ।

ਸੱਸ, ਅਤੇ ਜੇ ਮੈਂ ਟੋਏ ਵਿੱਚ ਵੀ ਆ ਕੇ ਬੈਠ ਗਈ ਤਾਂ?

ਨੂੰਹ, ਤਾਂ ਮੈਂ ਉੱਪਰੋਂ ਮਿੱਟੀ ਪਾ ਕੇ ਸਿਲਸਿਲਾ ਹੀ ਖਤਮ ਕਰ ਦੇਵਾਂਗੀ।

*---*---*

# ਦਰਬਾਰ ਸਾਹਿਬ ਦੀ ਰੱਖਿਆ ਕਰਨ ਹਿੱਤ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਨਿਹੰਗ

**ਬਿਕਰਮਜੀਤ ਸਿੰਘ**

• • •

ਸਿੱਖ ਇਤਿਹਾਸ 'ਚ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ (ਨਿਹੰਗ ਸਿੰਘ) ਦਾ ਨਾਂਅ ਵਿਸ਼ੇਸ਼ ਸਥਾਨ ਰੱਖਦਾ ਹੈ। ਉਨ੍ਹਾਂ ਨੇ ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਦੌਰਾਨ ਸ੍ਰੀ ਦਰਬਾਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਰੱਖਿਆ ਕਰਨ ਹਿੱਤ ਆਪਣੀ ਸ਼ਹੀਦੀ ਦਿੱਤੀ। ਬਾਬਾ ਗੁਰਬਖ਼ਸ਼ ਸਿੰਘ ਦਾ ਜਨਮ 10 ਅਪ੍ਰੈਲ, 1688 ਈ. ਨੂੰ ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੇ ਪਿੰਡ ਲੀਲ (ਹੁਣ ਪਾਕਿਸਤਾਨ) ਵਿਖੇ ਭਾਈ ਦਸੌਧਾ ਸਿੰਘ ਦੇ ਘਰ ਮਾਤਾ ਲਛਮੀ ਦੀ ਕੁੱਖੋਂ ਹੋਇਆ। ਬਾਬਾ ਜੀ ਦਾ ਪਰਿਵਾਰ ਸੰਨ 1693 ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਆ ਵੱਸਿਆ। ਇੱਥੇ ਬਾਬਾ ਜੀ ਨੇ ਭਾਈ ਮਨੀ ਸਿੰਘ ਦੇ ਜਥੇ ਤੋਂ ਅੰਮ੍ਰਿਤ ਛਕਿਆ। ਅੰਮ੍ਰਿਤ ਛਕ ਕੇ ਆਪ ਜੀ ਤਤਕਾਲੀ ਮਹਾਨ ਸਿੱਖ ਜਰਨੈਲ ਬਾਬਾ ਦੀਪ ਸਿੰਘ ਦੇ ਜਥੇ 'ਚ ਸ਼ਾਮਿਲ ਹੋ ਗਏ। ਸੰਨ 1757 ਈ. ਵਿਚ ਬਾਬਾ ਦੀਪ ਸਿੰਘ ਦੀ ਸ਼ਹੀਦੀ ਤੋਂ ਬਾਅਦ ਬਾਬਾ ਗੁਰਬਖਸ਼ ਸਿੰਘ ਨੇ ਆਪਣਾ ਨਵਾਂ ਜਥਾ ਸਥਾਪਿਤ ਕੀਤਾ ਅਤੇ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਸਾਹਿਬ (ਅਕਾਲ ਬੁੰਗੇ) ਦੀ ਸੇਵਾ ਲਈ ਸ੍ਰੀ ਅੰਮ੍ਰਿਤਸਰ ਵਿਚ ਰਹਿਣ ਲੱਗ ਪਏ।

ਸਿੱਖਾਂ ਨੂੰ ਖ਼ਤਮ ਕਰਨ ਲਈ ਕਈ ਮੁਹਿੰਮਾਂ ਵਿਚ ਅਸਫ਼ਲ ਰਹਿਣ ਤੋਂ ਬਾਅਦ ਅਹਿਮਦ ਸ਼ਾਹ ਅਬਦਾਲੀ 1764 ਈ. ਵਿਚ ਆਪਣੇ ਲਾਮ-ਲਸ਼ਕਰ ਨਾਲ ਹਿੰਦੁਸਤਾਨ ਉੱਤੇ ਹਮਲਾ ਕੀਤਾ। ਇਸ ਦੌਰਾਨ ਉਹ ਤੇਜ਼ੀ ਨਾਲ ਸਿੱਖਾਂ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵੱਲ ਵਧਿਆ। ਅਬਦਾਲੀ ਦੀ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੀ ਨੀਤੀ ਦੀ ਖ਼ਬਰ ਸੁਣ ਕੇ ਬਹਾਦਰ ਯੋਧੇ ਬਾਬਾ ਗੁਰਬਖ਼ਸ਼ ਸਿੰਘ ਅਤੇ ਉਨ੍ਹਾਂ ਨਾਲ ਮੌਜੂਦ ਹੋਰ 30 ਸਿੰਘਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਮੋਰਚਾ ਲਾਇਆ। ਇਸ ਦੌਰਾਨ ਅਹਿਮਦ ਸ਼ਾਹ ਅਬਦਾਲੀ ਦੀ ਫ਼ੌਜ ਤੀਹ ਹਜ਼ਾਰ ਦੀ ਗਿਣਤੀ








'ਚ ਮਾਰਧਾੜ ਕਰਦੀ ਹੋਈ ਸ੍ਰੀ ਦਰਬਾਰ ਸਾਹਿਬ ਦੇ ਚੌਗਿਰਦੇ 'ਚ ਦਾਖ਼ਲ ਹੋ ਗਈ। ਇਤਿਹਾਸ ਗਵਾਹ ਹੈ ਕਿ ਦਸੰਬਰ, 1764 ਈ. ਨੂੰ ਜਦੋਂ ਅਬਦਾਲੀ ਨੇ ਸ੍ਰੀ ਦਰਬਾਰ ਸਾਹਿਬ 'ਤੇ ਹਮਲਾ ਕੀਤਾ ਤਾਂ ਬਾਬਾ ਜੀ ਨੇ ਆਪਣੇ ਸਾਥੀਆਂ ਸਮੇਤ ਗੁਰਬਾਣੀ ਦੇ ਮਹਾਵਾਕ 'ਸਿਰੁ ਦੀਜੈ ਕਾਨਿ ਨ ਕੀਜੈ' 'ਤੇ ਡਟ ਕੇ ਪਹਿਰਾ ਦਿੰਦਿਆਂ ਹੋਇਆਂ ਮੋਰਚਾ ਲਾ ਕੇ ਸ੍ਰੀ ਹਰਿਮੰਦਰ ਸਾਹਿਬ ਦੀ ਰਾਖੀ ਕੀਤੀ। ਸਿਰਫ 30 ਸਿੰਘਾਂ ਨੇ 30,000 ਗਿਲਜਿਆਂ (ਡਾ. ਗੰਡਾ ਸਿੰਘ ਮੁਤਾਬਿਕ 18 ਹਜ਼ਾਰ ਅਫ਼ਗਾਨ ਅਤੇ 12 ਹਜ਼ਾਰ ਬਲੋਚ) 'ਤੇ ਇੰਨਾ ਭਿਆਨਕ ਹਮਲਾ ਕੀਤਾ ਕਿ ਸੈਂਕੜੇ ਗਿਲਜਿਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਮਾਸਾਨ ਦੇ ਯੁੱਧ ਵਿਚ ਕੁਝ ਸਿੰਘ ਸ਼ਹੀਦੀ ਪ੍ਰਾਪਤ ਕਰ ਗਏ ਪਰ ਥੋੜ੍ਹੇ ਜਿਹੇ ਸਿੰਘਾਂ ਨੇ ਅਬਦਾਲੀ ਦੀ ਫ਼ੌਜ ਨੂੰ ਮੁਸੀਬਤ 'ਚ ਪਾ ਦਿੱਤਾ ਸੀ। ਉਹ ਦੂਰੋਂ ਹੀ ਗੋਲੀਆਂ ਤੇ ਤੀਰਾਂ ਨਾਲ ਹਮਲਾ ਕਰ ਰਹੇ ਸਨ। ਉਨ੍ਹਾਂ ਦੀ ਸਿੰਘਾਂ ਦੇ ਨੇੜੇ ਆਉਣ ਦੀ ਹਿੰਮਤ ਨਹੀਂ ਸੀ ਪੈ ਰਹੀ, ਐਨੀ ਵੱਡੀ ਗਿਣਤੀ ਦੇ ਬਾਵਜੂਦ ਵੀ ਉਹ ਸਿੰਘਾਂ ਨਾਲ ਹੱਥੋ-ਹੱਥ ਲੜਾਈ ਕਰਨ ਦੇ ਹੌਸਲੇ ਵਿਚ ਨਹੀਂ ਸਨ। 'ਸ੍ਰੀ ਗੁਰ ਪੰਥ ਪ੍ਰਕਾਸ਼' ਅਨੁਸਾਰ:

ਗੋਲੀ ਛਾਡੈਂ ਦੂਰ ਖੜ ਔ
ਧਰੀ ਤੀਰਨ ਕੀ ਮਾਰ।
ਸਿੰਘ ਗਏ ਚੀਰ ਸਰੀਰ ਕੋ
ਪਰੇ ਨਾ ਜ਼ਖ਼ਮ ਸੁਮਾਰ 73

ਪਰ ਜਦੋਂ ਬਾਬਾ ਜੀ ਕੋਲ ਕੁਝ ਕੁ ਸਿੰਘ ਹੀ ਰਹਿ ਗਏ ਤਾਂ ਉਨ੍ਹਾਂ ਨੇ ਨਾਲੋਂ-ਨਾਲ ਤੀਰਾਂ ਅਤੇ ਗੋਲੀਆਂ ਨਾਲ ਹਮਲਾ ਕਰਨਾ ਸ਼ੁਰੂ ਕਰ ਦਿੱਤਾ। ਬਾਬਾ ਗੁਰਬਖ਼ਸ਼ ਸਿੰਘ ਨੇ ਆਪਣੇ ਸਾਥੀਆਂ ਸਮੇਤ ਅਹਿਮਦ ਸ਼ਾਹ ਅਬਦਾਲੀ ਦੀਆਂ ਫ਼ੌਜਾਂ ਨਾਲ ਲੜਦੇ ਹੋਏ ਆਪਣੇ ਗੁਰਧਾਮ ਦੀ ਰੱਖਿਆ ਕਰਦਿਆਂ ਸ਼ਹੀਦੀ ਪ੍ਰਾਪਤ ਕੀਤੀ।

ਇਤਿਹਾਸਕਾਰਾ ਮੁਤਾਬਿਕ ਕਾਜ਼ੀ ਨੂਰ ਮੁਹੰਮਦ, ਜੋ ਉਸ ਸਮੇਂ ਅਬਦਾਲੀ ਦੇ ਨਾਲ ਸੀ ਅਤੇ ਉਸ ਨੇ ਇਹ ਸਾਰਾ ਦ੍ਰਿਸ਼ ਆਪਣੀ ਅੱਖੀਂ ਵੇਖਿਆ ਸੀ, ਸਿੰਘਾਂ ਅਤੇ ਗਿਲਜਿਆਂ ਵਿਚਕਾਰ ਹੋਈ, ਇਸ ਜੰਗ 'ਚ ਸਿੰਘਾਂ ਦੀ ਦਲੇਰੀ ਅਤੇ ਬਹਾਦਰੀ ਬਾਰੇ ਵਿਸ਼ੇਸ਼ ਵਰਣਨ ਕਰਦਾ ਹੈ। ਡਾ. ਗੰਡਾ ਸਿੰਘ ਨੇ 'ਜੰਗਨਾਮਾ' ਕ੍ਰਿਤ ਕਾਜ਼ੀ ਨੂਰ ਮੁਹੰਮਦ ਦਾ ਪੰਜਾਬੀ 'ਚ ਉਲੱਥਾ ਕਰ ਕੇ ਲਿਖਿਆ ਹੈ ਕਿ: 'ਜਦ ਬਾਦਸ਼ਾਹ ਅਤੇ ਸ਼ਾਹੀ ਲਸ਼ਕਰ (ਗੁਰੂ ਕੇ) ਚੱਕ (ਸ੍ਰੀ ਅੰਮ੍ਰਿਤਸਰ) ਪੁੱਜਾ ਤਾਂ ਕੋਈ ਕਾਫਿਰ (ਸਿੱਖ) ਉੱਥੇ ਨਜ਼ਰ ਨਾ ਆਇਆ ਪਰ ਕੁਝ ਥੋੜ੍ਹੇ ਜਿਹੇ ਬੰਦੇ (ਸਿੰਘ) ਗੜ੍ਹੀ (ਬੁੰਗੇ) 'ਚ ਟਿਕੇ ਹੋਏ ਸਨ ਕਿ ਆਪਣਾ ਖ਼ੂਨ ਡੋਲ੍ਹ ਦੇਣ ਅਤੇ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਤੋਂ ਕੁਰਬਾਨ ਕਰ ਦਿੱਤਾ। ਜਦ ਉਨ੍ਹਾਂ ਨੇ ਬਾਦਸ਼ਾਹ ਅਤੇ ਇਸਲਾਮੀ ਲਸ਼ਕਰ ਨੂੰ ਦੇਖਿਆ ਤਾਂ ਉਹ ਸਾਰੇ ਬੁੰਗੇ 'ਚੋਂ ਨਿਕਲ ਪਏ। ਉਹ ਸਾਰੇ ਗਿਣਤੀ 'ਚ ਤੀਹ ਸਨ। ਉਹ ਜ਼ਰਾ ਵੀ ਨਾ ਡਰੇ, ਘਬਰਾਏ ਨਹੀਂ। ਉਨ੍ਹਾਂ ਨੂੰ ਨਾ ਕਤਲ (ਸ਼ਹੀਦ) ਹੋਣ ਦਾ ਡਰ ਸੀ। ਨਾ ਮੌਤ ਦਾ ਭੈਅ। ਉਹ ਗਾਜ਼ੀਆਂ ਨਾਲ ਜੁਟ ਪਏ ('ਤੇ ਟੁੱਟ ਪਏ) ਅਤੇ ਉਲਝਣ ਵਿਚ ਆਪਣਾ ਲਹੂ ਡੋਲ੍ਹ ਗਏ। ਇਸ ਤਰ੍ਹਾਂ ਠੀਕ ਸਾਰੇ ਹੀ ਸਿੰਘ ਕਤਲ (ਸ਼ਹੀਦ) ਹੋ ਗਏ।"

ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਅੰਤਿਮ ਸਸਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਕੀਤਾ ਗਿਆ। ਬਾਬਾ ਗੁਰਬਖ਼ਸ਼ ਸਿੰਘ ਦੀ ਸੂਰਬੀਰਤਾ ਅਤੇ ਗੁਰੂ ਪ੍ਰਤੀ ਸਮਰਪਣ ਭਾਵਨਾ ਦੀ ਯਾਦਗਾਰ ਵਜੋਂ 'ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ' (ਨਿਹੰਗ ਸਿੰਘ) ਸੁਸ਼ੋਭਿਤ ਹੈ। ਇੱਥੇ ਸ੍ਰੀ ਅਖੰਡ ਪਾਠ ਸਾਹਿਬ ਨਿਰੰਤਰ ਚੱਲਦੇ ਹਨ। ਬਾਬਾ ਗੁਰਬਖ਼ਸ਼ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਹਰ ਸਾਲ ਦਸੰਬਰ ਦੇ ਮਹੀਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ) ਵਲੋਂ ਬਾਬਾ ਜੀ ਦੇ ਸ਼ਹੀਦੀ ਸਥਾਨ 'ਤੇ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾਂਦਾ ਹੈ, ਜੋ ਕਿ ਇਸ ਵਰ੍ਹੇ 4 ਦਸੰਬਰ ਨੂੰ ਮਨਾਇਆ ਜਾ ਰਿਹਾ ਹੈ।


## ਕੋਟਲਾ ਨਿਹੰਗ ਖਾਂ ਦੇ ਕਿਲ੍ਹੇ ਦੀ ਜ਼ਮੀਨ ਦਾ ਵਿਵਾਦ ਹੋਇਆ ਹੱਲ

### ○ ਬਾਬਾ ਬਲਬੀਰ ਸਿੰਘ ਵੱਲੋਂ ਜਸਵੀਰ ਕੌਰ ਨੂੰ ਤਿੰਨ ਲੱਖ ਰੁਪਏ ਦੀ ਰਕਮ ਕੀਤੀ ਅਦਾ



ਰੂਪਨਗਰ-ਪਿੰਡ ਕੋਟਲਾ ਨਿਹੰਗ ਖਾਂ ਦੇ ਕਿਲ੍ਹੇ ਦੀ ਜਗ੍ਹਾ ਸਬੰਧੀ ਨਿਹੰਗ ਸਿੰਘਾਂ ਤੇ ਬੀਬੀ ਜਸਵੀਰ ਕੌਰ ਵਿਚਕਾਰ ਚੱਲ ਰਿਹਾ ਵਿਵਾਦ ਤਪ ਅਸਥਾਨ ਮੁਮਤਾਜ਼ ਬੜੀ ਵਿਖੇ ਦੋਵੇਂ ਧਿਰਾਂ ਦੀ ਸਹਿਮਤੀ ਉਪਰੰਤ ਸਮਾਪਤ ਹੋ ਗਿਆ। ਇਸ ਵਿੱਚ ਬਾਬਾ ਗਾਜ਼ੀਦਾਸ ਕਲੱਬ ਰੋਡ ਮਾਜਰਾ ਚੱਕਲਾਂ ਦੇ ਪ੍ਰਧਾਨ ਦਵਿੰਦਰ ਸਿੰਘ ਬਾਜਵਾ ਨੇ ਅਹਿਮ ਭੂਮਿਕਾ ਨਿਭਾਈ। ਵਿਵਾਦ ਸੁਲਝਾਉਣ ਲਈ ਖ਼ਾਲਸਾ ਪ੍ਰਚਾਰ ਕਮੇਟੀ ਕੋਟਲਾ ਨਿਹੰਗ ਦੇ ਪ੍ਰਧਾਨ ਗੁਰਦੀਪ ਸਿੰਘ ਅਤੇ ਘਾੜ ਕਲੱਬ ਦੇ ਸੁਖਵਿੰਦਰ ਸਿੰਘ ਗਿੱਲ ਬੀਬੀ ਨੂੰ ਸਾਲਾਨਾ ਸਮਾਗਮ ਦੌਰਾਨ ਪਿੰਡ ਬੜੀ ਲੈ ਗਏ। ਜਸਵੀਰ ਕੌਰ ਵਿਵਾਦਿਤ ਜਗ੍ਹਾ ਦੀ ਸਾਵੇ ਤਿੰਨ ਲੱਖ ਰੁਪਏ ਕੀਮਤ ਮੰਗ ਰਹੀ ਸੀ ਜਦੋਂਕਿ ਬੁੱਢਾ ਦਲ ਵੱਲੋਂ ਪੌਣੇ ਤਿੰਨ ਲੱਖ ਰੁਪਏ ਦੀ ਪੇਸ਼ਕਸ਼ ਕੀਤੀ ਜਾ ਰਹੀ ਸੀ। ਸ੍ਰੀ ਬਾਜਵਾ ਨੇ ਜਸਵੀਰ ਕੌਰ ਨੂੰ ਤਿੰਨ ਲੱਖ ਰੁਪਏ ਵਿੱਚ ਜਗ੍ਹਾ ਦੇਣ ਲਈ ਮਨਾਇਆ। ਨਿਹੰਗ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ 96ਵੇਂ ਕਰੋੜੀ ਵੱਲੋਂ ਬੀਬੀ ਜਸਵੀਰ ਕੌਰ ਨੂੰ ਤਿੰਨ ਲੱਖ ਰੁਪਏ ਦੀ ਰਕਮ ਅਦਾ ਕਰ ਦਿੱਤੀ ਗਈ।

## 1984 ਸਿੱਖ ਵਿਰੋਧੀ ਕਤਲੇਆਮ ਮਾਮਲੇ ਵਿਚ ਦੋਸ਼ੀ ਟਾਈਟਲਰ ਖ਼ਿਲਾਫ਼ 9 ਦਸੰਬਰ ਨੂੰ ਸੁਣਵਾਈ ਹੋਵੇਗੀ



ਨਵੀਂ ਦਿੱਲੀ-ਦਿੱਲੀ ਦੀ ਇੱਕ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਕਤਲੇਆਮ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਸਿੱਖ ਕਤਲੇਆਮ ਦੇ ਮਾਮਲੇ ਵਿਚ ਦੋ ਸਾਬਕਾ ਪੁਲੀਸ ਅਧਿਕਾਰੀਆਂ ਦੇ ਗਵਾਹ ਵਜੋਂ ਬਿਆਨ ਦਰਜ ਕਰਨ ਲਈ 9 ਦਸੰਬਰ ਦੀ ਤਰੀਕ ਨਿਰਧਾਰਿਤ ਕੀਤੀ ਹੈ।ਸੀਬੀਆਈ ਦੇ ਵਿਸ਼ੇਸ਼ ਜੱਜ ਜਤਿੰਦਰ ਸਿੰਘ ਨੇ ਜਾਣਕਾਰੀ ਦਿੱਤੀ ਕਿ ਇਸ ਮਾਮਲੇ ਸਬੰਧੀ ਗਵਾਹ ਅਦਾਲਤ ਵਿਚ ਪੇਸ਼ ਨਹੀਂ ਹੋ ਸਕਦੇ ਜਿਸ ਤੋਂ ਬਾਅਦ ਅਦਾਲਤ ਨੇ ਇਸ ਮਾਮਲੇ ਦੀ ਸੁਣਵਾਈ ਟਾਲ ਦਿੱਤੀ। ਇਹ ਵੀ ਦੱਸਣਾ ਬਣਦਾ ਹੈ ਕਿ ਅਦਾਲਤ ਨੇ 23 ਨਵੰਬਰ ਨੂੰ ਗਵਾਹਾਂ ਰਵੀ ਸ਼ਰਮਾ ਅਤੇ ਧਰਮ ਚੰਦ ਨੂੰ ਤਲਬ ਕੀਤਾ ਸੀ। ਇਸ ਮਾਮਲੇ ਸਬੰਧੀ ਟਾਈਟਲਰ ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਏ। ਇਹ ਮਾਮਲਾ 1984 ਵਿੱਚ ਕੌਮੀ ਰਾਜਧਾਨੀ ਦੇ ਗੁਰਦੁਆਰਾ ਪੁਲ ਬੰਗਸ਼ ਵਿੱਚ ਤਿੰਨ ਸਿੱਖਾਂ ਦੀ ਹੱਤਿਆ ਨਾਲ ਸਬੰਧਤ ਹੈ। ਇਸ ਮਾਮਲੇ ਸਬੰਧੀ ਅਦਾਲਤ ਨੇ 12 ਨਵੰਬਰ ਨੂੰ ਬਾਦਲ ਸਿੰਘ ਦੀ ਵਿਧਵਾ ਲਖਵਿੰਦਰ ਕੌਰ ਦੇ ਬਿਆਨ ਦਰਜ ਕੀਤੇ ਸਨ ਜਿਸ ਨੂੰ ਹਿੰਸਾ ਦੌਰਾਨ ਗੁਰਦੁਆਰਾ ਪੁਲ ਬੰਗਸ਼ ਵਿਚ ਮਾਰ ਦਿੱਤਾ ਗਿਆ ਸੀ।

– ਲੇਖਕ –
ਰਣਧੀਰ ਸਿੰਘ ਸੰਬਲ
ਯੂ ਕੇ
ਫੋਨ : 07417443300




# ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਨਵਾਂ ਸ਼ਹਿਰ ਸ਼ਹੀਦੀ ਗੁਰਮਤਿ ਸਮਾਗਮ 'ਤੇ ਵਿਸ਼ੇਸ਼

ਪ੍ਰਸਿੱਧ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਬੰਗਿਆਂ ਤੋਂ ਨਵਾਂ ਸ਼ਹਿਰ ਨੂੰ ਜਾਣ ਵਾਲੀ ਸੜਕ 'ਤੇ ਖੱਬੇ ਪਾਸੇ ਨਵਾਂ ਸ਼ਹਿਰ ਵਿੱਚ ਪ੍ਰਵੇਸ਼ ਹੁੰਦਿਆਂ ਸੁਸ਼ੋਭਿਤ ਹੈ। ਇਸ ਪਾਵਨ ਅਸਥਾਨ ਨੂੰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਦੀ ਪਵਿੱਤਰ ਛੋਹ ਪ੍ਰਾਪਤ ਹੈ। ਇਤਿਹਾਸਕ ਪੱਖ ਅਤੇ ਸਰੋਤਾਂ ਅਤੇ ਪੰਥਕ ਵਿਦਵਾਨ ਡਾ. ਪਰਮਵੀਰ ਸਿੰਘ ਮੁਖੀ ਸਿੱਖ ਵਿਸ਼ਵਕੋਸ਼ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗੁਰਮਤਿ ਪ੍ਰਕਾਸ਼ ਪਰਚਾ ਅਗਸਤ 2022 ਵਿੱਚ ਛਪੇ ਲੇਖ ਅਨੁਸਾਰ ਨੌਵੇਂ ਪਾਤਸ਼ਾਹ ਜੀ ਨੇ ਆਪਣੇ ਪਰਿਵਾਰ ਸਮੇਤ ਬਾਬਾ ਬਕਾਲਾ ਸਾਹਿਬ ਜੀ ਵਿਖੇ 11 ਅਗਸਤ 1665 ਈਸਵੀ ਨੂੰ ਗੁਰਿਆਈ ਪ੍ਰਾਪਤ ਕਰਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਦਰਸ਼ਨ ਕਰਕੇ ਮਾਤਾ ਨਾਨਕੀ ਜੀ, ਸੁਪਤਨੀ ਗੁਜਰੀ ਜੀ, ਭਰਜਾਈ ਹਰੀ ਜੀ, (ਸੁਪਤਨੀ ਬਾਬਾ ਸੂਰਜਮੱਲ ਜੀ), ਮਾਮਾ ਕ੍ਰਿਪਾਲ ਚੰਦ ਜੀ, ਭਣਵਈਏ ਭਾਈ ਸਾਧੂ ਰਾਮ ਜੀ, ਭਾਈ ਮਨੀ ਸਿੰਘ ਜੀ ਦੇ ਭਰਾ ਭਾਈ ਦਿਆਲ ਦਾਸ ਜੀ, ਸ੍ਰੀ ਚਉਪਤੀ ਰਾਏ ਜੀ, ਭਾਈ ਮਤੀ ਦਾਸ ਜੀ, ਬਾਲੂ ਹਸਨਾ ਜੀ, ਅਲਮਸਤ ਜੀ, ਦੁਰਗਾ ਦਾਸ, ਬਾਬਾ ਸੱਦਾ ਜੀ, ਮਾਤਾ ਪ੍ਰੇਮੋ ਜੀ ਅਤੇ ਭਾਈ ਮੱਖਣ ਸ਼ਾਹ ਲੁਬਾਣਾ, ਦਵਾਰਕਾ ਦਾਸ ਜੀ, ਭਾਈ ਦਰਗਾਹ ਮੱਲ ਇਤਿਆਦਿਕ ਸਿੱਖਾਂ ਸਮੇਤ ਇਸ ਪਾਵਨ ਅਸਥਾਨ 'ਤੇ ਚਰਨ ਪਾਏ। ਇਸ ਤੋਂ ਪਹਿਲਾਂ ਸ੍ਰੀ ਤਰਨ ਤਾਰਨ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ, ਸੁਲਤਾਨਪੁਰ ਲੋਧੀ, ਸ੍ਰੀ ਕਰਤਾਰਪੁਰ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ, ਜਲੰਧਰ, ਪਲਾਹੀ, ਗੁਰਦੁਆਰਾ ਸ੍ਰੀ ਨਾਨਕਸਰ ਸਾਹਿਬ ਹਕੀਮਪੁਰ, ਗੁਰਦੁਆਰਾ ਬੜਾ ਸਾਹਿਬ ਹਜ਼ਾਰਾ, ਦੁਰਗਾਪੁਰ ਜੋ ਕਿ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਜੀ ਤੋਂ 2 ਕਿਲੋਮੀਟਰ 'ਤੇ ਸੁਸ਼ੋਭਿਤ ਹੈ। ਸਿਰਹਾਲਾ ਰਾਣੂਆਂ ਆਦਿਕ ਅਸਥਾਨਾਂ 'ਤੇ ਚਰਨ ਪਾ ਕੇ ਸੰਗਤਾਂ ਨੂੰ ਸੇਵਾ, ਸਿਮਰਨ ਤੇ ਸੱਚ ਦਾ ਧਰਮ ਉਪਦੇਸ਼ ਦੇ ਕੇ ਨਿਹਾਲ ਕੀਤਾ।

ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਪਹਿਲਾਂ ਬੇਰੀ ਦੇ ਅਸਥਾਨ ਜਿਥੇ ਕਿ ਸਤਿਗੁਰੂ ਜੀ ਨੇ 6 ਅਗਸਤ ਸੰਨ 1665 ਈਸਵੀ ਨੂੰ ਆਪਣੇ ਪਵਿੱਤਰ ਚਰਨ ਪਾਏ ਤੇ ਆਪ ਜੀ ਬਿਰਾਜਮਾਨ ਹੋਏ ਉਸ ਜਗ੍ਹਾ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕਰਨ ਲਈ ਇਕ ਕਮਰਾ ਤੇ ਰਿਹਾਇਸ਼ ਲਈ ਛੰਨ ਬਣਾਈ ਗਈ ਸੀ। ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਜਦੋਂ ਇਸ ਸ਼ਹਿਰ ਵਿੱਚ ਆਏ ਉਸ ਸਮੇਂ ਇਸ ਸ਼ਹਿਰ ਦਾ ਨਾਂ ਨੀਵਾਂ ਸ਼ਹਿਰ ਸੀ। ਗੁਰੂ ਜੀ ਨੇ ਪਾਵਨ ਬਚਨ ਉਚਾਰਨ ਕੀਤਾ ਇਸ ਸ਼ਹਿਰ ਦਾ ਨਾਂਅ ਨੀਵਾਂ ਸ਼ਹਿਰ ਨਹੀਂ ਇਸ ਸ਼ਹਿਰ ਦਾ ਨਾਂਅ ਨਵਾਂ ਸ਼ਹਿਰ ਸਤਿਗੁਰੂ ਜੀ ਨੇ ਉਜਾਗਰ ਕੀਤਾ। ਇਤਿਹਾਸਕ ਪੱਖ ਅਤੇ ਸਰੋਤਾਂ ਅਨੁਸਾਰ ਸਤਿਗੁਰੂ ਇਸ ਪਵਿੱਤਰ ਅਸਥਾਨ 'ਤੇ ਪਰਿਵਾਰ ਤੇ ਗੁਰਸਿੱਖਾਂ ਸਹਿਤ 5 ਮਹੀਨੇ 19 ਦਿਨ ਰਹਿ ਕੇ ਨਗਰ ਤੇ ਆਸ ਪਾਸ ਦੀਆਂ ਸੰਗਤਾਂ ਨੂੰ ਸੇਵਾ ਤੇ ਸਿਮਰਨ ਨਾਲ ਜੋੜ ਕੇ ਬੇਅੰਤ ਜੀਵਾਂ ਦਾ ਉਧਾਰ ਕੀਤਾ। ਮਾਤਾ ਗੁਜਰੀ ਜੀ ਆਪਣੇ ਹੱਥੀਂ ਲੰਗਰ ਤਿਆਰ ਕਰਕੇ ਸੰਗਤਾਂ ਨੂੰ ਛਕਾਉਂਦੇ ਰਹੇ। ਧਰਮ ਦੀ ਕਿਰਤ ਕਮਾਈ ਵਿੱਚੋਂ ਵੰਡ ਛੱਕ ਕੇ ਛੱਕਣਾ ਅਤੇ ਲੋੜਵੰਦ ਗਰੀਬਾਂ ਦੀ ਸਹਾਇਤਾ ਕਰਨੀ ਗੁਰੂ ਸਾਹਿਬ ਜੀ ਦਾ ਉਦੇਸ਼ ਸੀ। ਸਤਿਗੁਰੂ ਜੀ ਜਿਥੇ ਵੀ ਚਰਨ ਪਾਉਂਦੇ, ਜਲ ਦੀ ਘਾਟ ਨੂੰ ਦੇਖਦਿਆਂ ਖੂਹ ਤੇ ਤਲਾਵ (ਸਰੋਵਰ) ਲੱਗਵਾਉਣ ਦੀ ਸੇਵਾ ਕਰਦੇ ਸਨ। ਜਿਥੇ ਪਾਣੀ ਖਾਰਾ ਹੁੰਦਾ ਉਥੇ ਪਾਣੀ ਮਿੱਠਾ ਕਰ ਦਿੰਦੇ ਸਨ। ਇਸ ਪਾਵਨ ਅਸਥਾਨ 'ਤੇ ਜਲ ਦੀ ਜਰੂਰਤ ਨੂੰ ਵੇਖਦਿਆਂ ਆਪਣੇ ਕਰ ਕਮਲਾਂ ਨਾਲ ਸੰਗਤਾਂ ਨਾਲ ਮਿਲ ਕੇ ਖੂਹ ਦੀ ਖੁਦਾਈ ਕਰਵਾਈ। ਉਹ ਖੂਹ ਗੁਰਦੁਆਰਾ ਸਾਹਿਬ ਜੀ ਦੇ ਨਜ਼ਦੀਕ ਹੁਣ ਤੱਕ ਸੁਭਾਇਮਾਨ ਹੈ। ਇਸ ਪਾਵਨ ਅਸਥਾਨ 'ਤੇ ਆਪ ਜੀ ਦੀਆਂ ਅਮਿੱਟ ਅਤੇ ਅਨਮੋਲ ਯਾਦਾਂ ਸੁਸ਼ੋਭਿਤ ਹਨ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾਇਰੈਕਟਰ ਪਰਮਵੀਰ ਸਿੰਘ ਜੀ ਦੀ ਲਿਖਤ ਗੁਰਮਤਿ ਪ੍ਰਕਾਸ਼ ਦੇ ਪੰਨਾ 18 ਅਨੁਸਾਰ (ਨਵੰਬਰ 2022) ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੀ ਪੰਥਕ ਜਥੇਬੰਦੀ ਤੋਂ ਪਹਿਲਾਂ ਮਹਾਨ ਪਰਉਪਕਾਰੀ ਗੁਰਧਾਮਾਂ ਦੇ ਉਸਰਈਏ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਨੇ ਇਸ ਪਵਿੱਤਰ ਇਤਿਹਾਸਕ ਅਸਥਾਨ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਪੰਥਕ ਪ੍ਰਸਿੱਧ ਵਿਦਵਾਨ ਵੈਦ ਗੁਰਬਚਨ ਸਿੰਘ ਜੀ ਨੇ ਇਸ ਪਵਿੱਤਰ ਅਸਥਾਨ ਦੀ ਖੋਜ ਕਰਕੇ ਸਿੱਖ ਪੰਥ ਦੀ ਧਾਰਮਿਕ ਸ਼ਖ਼ਸੀਅਤ ਬਾਬਾ ਹਰਨਾਮ ਸਿੰਘ ਜੀ ਨਿਹੰਗ ਮੋਇਲਾ ਵਾਲਿਆਂ ਤੋਂ ਵਰੋਸਾਏ ਬਾਬਾ ਭਗਤ ਸਿੰਘ ਜੀ ਗਿਲਾਸ ਵਾਲਿਆਂ ਨੇ ਇਸ ਇਤਿਹਾਸਕ ਅਸਥਾਨ ਨੂੰ ਸੰਗਤਾਂ ਵਿਚ ਪ੍ਰਗਟ ਕਰਕੇ ਜਿਸ ਬੇਰੀ ਥੱਲੇ ਸਤਿਗੁਰੂ ਜੀ ਬਿਰਾਜਮਾਨ ਹੋਏ, ਉਸ ਪਵਿੱਤਰ ਅਸਥਾਨ 'ਤੇ ਬਾਬਾ ਜੀ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਲਈ ਇਕ ਸੁੰਦਰ ਛੋਟਾ ਕਮਰਾ ਤੇ ਰਿਹਾਇਸ਼ ਲਈ ਇਕ ਛੰਨ ਬਣਵਾਈ ਗਈ ਸੀ। ਇਥੇ ਬਾਬਾ ਜੀ ਗਿਲਾਸ ਵਾਲੇ 1971 ਈਸਵੀ ਤੱਕ ਸੇਵਾ ਕਰਦੇ ਰਹੇ। ਉਨ੍ਹਾਂ ਦੇ ਅਕਾਲ ਚਲਾਣੇ ਉਪਰੰਤ ਇਸ ਅਸਥਾਨ 'ਤੇ ਕੁਝ ਕੁ ਸ਼ਹਿਰ ਦੇ ਲੋਕਾਂ ਨੇ ਕਬਜ਼ਾ ਕਰਨਾ ਚਾਹਿਆ, ਪਰ ਬਾਬਾ ਭਗਤ ਸਿੰਘ ਜੀ ਪਾਸ ਇਕ ਰਸੀਦ ਬੁੱਕ ਸੀ, ਉਸ ਰਸੀਦ ਬੁੱਕ ਦੇ ਪਿਛਲੇ ਪਾਸੇ ਲਿਖਿਆ ਸੀ ਕਿ ਇਸ ਪਵਿੱਤਰ ਇਤਿਹਾਸਕ ਅਸਥਾਨ ਦੀ ਪੱਕੇ ਤੌਰ 'ਤੇ ਸੇਵਾ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਹੀ ਕਰੇਗੀ। ਉਨ੍ਹਾਂ ਨੂੰ ਇਸ ਅਸਥਾਨ ਦੀ ਸੇਵਾ ਸਦਾ ਲਈ ਸੌਂਪੀ ਗਈ ਹੈ। ਜਿਸ ਕਰਕੇ ਇਸ ਅਸਥਾਨ ਦੀ ਸੇਵਾ ਲਈ ਸੰਤ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਨੇ ਇਸ ਪਵਿੱਤਰ ਅਸਥਾਨ ਦੀ ਸੇਵਾ ਲਈ ਗੁਰਦੁਆਰਾ ਚੁਖੰਡੀ ਸਾਹਿਬ ਜੀ ਬਜਰੌਰ ਤੋਂ ਬਾਬਾ ਟਹਿਲ ਸਿੰਘ ਜੀ ਨੂੰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਜੀ ਨਵਾਂ ਸ਼ਹਿਰ ਵਿਖੇ ਸੰਨ 1972 ਈਸਵੀ ਨੂੰ ਭੇਜਿਆ। ਬਾਬਾ ਟਹਿਲ ਸਿੰਘ ਜੀ ਨੇ ਜ਼ਿੰਦਗੀ ਦੇ ਅੰਤ ਸਵਾਸਾਂ ਤੱਕ ਇਸ ਪਾਵਨ ਅਸਥਾਨ ਦੀ ਸੇਵਾ ਅਤੇ ਦੇਖ-ਰੇਖ ਰੱਖੀ। ਉਨ੍ਹਾਂ ਦੇ ਅਕਾਲ ਚਲਾਣੇ ਕਰ ਜਾਣ ਬਾਅਦ ਇਸ ਪਵਿੱਤਰ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਨੌਵੀਂ ਦੀ ਸੇਵਾ ਸੰਨ 1971 ਈਸਵੀ ਤੋਂ ਪੰਥਕ ਜਥੇਬੰਦੀ ਮਿਸਲ ਸ਼ਹੀਦਾਂ ਤਰਨਾ ਦਲ ਹਰੀਆਂ ਬੇਲਾਂ ਦੇ ਮੁੱਖ ਜਥੇਦਾਰ ਸਿੰਘ ਸਾਹਿਬ ਜ਼ਿੰਦਾ ਸ਼ਹੀਦ ਬਾਬਾ ਨਿਹਾਲ ਸਿੰਘ ਜੀ ਹਰੀਆਂ ਬੇਲਾਂ ਵਾਲਿਆਂ ਦੇ ਅਧੀਨ ਕੀਤੀ ਜਾ ਰਹੀ ਹੈ। ਅੱਜ ਇਸ ਪਵਿੱਤਰ ਅਸਥਾਨ 'ਤੇ ਬਾਬਾ ਨਿਹਾਲ ਸਿੰਘ ਹੀ ਹਰੀਆਂ ਬੇਲਾਂ ਵਾਲਿਆਂ ਦੀ ਅਗਵਾਈ ਵਿੱਚ ਸੰਨ 1980 ਈਸਵੀ ਨੂੰ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਜੀ ਦੀ ਬਹੁਤ ਹੀ ਆਲੀਸ਼ਾਨ ਸੁੰਦਰ ਇਮਾਰਤ ਗੁੰਬਜਾਂ ਸਹਿਤ ਉਸਾਰੀ ਗਈ ਹੈ ਅਤੇ




ਇਸ ਤੋਂ ਪਹਿਲਾਂ ਅਕਾਸ਼ ਨੂੰ ਛੋਹਦਾਂ ਨੀਲਾ ਨਿਸ਼ਾਨ ਸਾਹਿਬ ਝੁਲਾਇਆ ਗਿਆ ਹੈ। ਜਥੇਬੰਦੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪਵਿੱਤਰ ਸ਼ਹੀਦੀ ਦਿਹਾੜਾ ਹਰ ਸਾਲ ਸੰਗਤਾਂ ਦੇ ਸਹਿਯੋਗ ਨਾਲ ਬਾਬਾ ਜੀ ਦੀ ਅਗਵਾਈ ਵਿੱਚ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ ਮਨਾਇਆ ਜਾਂਦਾ ਹੈ। ਹਰ ਪੂਰਨਮਾਸ਼ੀ 'ਤੇ ਸੰਗਤਾਂ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਂਦੇ ਹਨ, ਵਿਸ਼ੇਸ਼ ਗੁਰਮਤਿ ਸਮਾਗਮ ਬਾਬਾ ਜੀ ਦੇ ਆਦੇਸ਼ ਅਨੁਸਾਰ ਸਜਾਏ ਜਾਂਦੇ ਹਨ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਅਰੰਭਤਾ ਤੋਂ ਬਾਅਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਨੂੰ ਸਮਰਪਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜਾਂ ਪਿਆਰਿਆਂ ਅਤੇ ਪੰਜਾਂ ਹੀ ਨਿਸ਼ਾਨ ਸਾਹਿਬ ਦੀ ਅਗਵਾਈ ਵਿੱਚ ਵਿਸ਼ਾਲ ਅਦੁੱਤੀ ਨਗਰ ਕੀਰਤਨ ਸਜਾਇਆ ਜਾਂਦਾ ਹੈ।

ਗੁਰੂ ਘਰ ਦੇ ਮੁੱਖ ਗ੍ਰੰਥੀ ਬਾਬਾ ਨਰੰਗ ਸਿੰਘ ਜੀ ਵੱਲੋਂ ਪ੍ਰਾਪਤ ਸਮਾਂ 8-16 ਦਸੰਬਰ ਨੂੰ 9 ਵਜੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਅਤੇ 10 ਵਜੇ ਸਵੇਰੇ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ। 8 ਦਸੰਬਰ ਨੂੰ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਖੁੱਲ੍ਹੇ ਪੰਡਾਲ ਵਿੱਚ ਦੀਵਾਨ ਸਜਾਏ ਜਾਣਗੇ, ਜਿਸ ਵਿੱਚ ਸੰਗੀਤ ਅਚਾਰੀਆ ਸੰਤ ਬਾਬਾ ਪ੍ਰੀਤਮ ਸਿੰਘ ਜੀ ਡੁਮੇਲੀ ਵਾਲੇ, ਭਾਈ ਗੁਲਜ਼ਾਰ ਸਿੰਘ, ਹਜ਼ੂਰੀ ਰਾਗੀ ਗੁ: ਸ੍ਰੀ ਮੰਜੀ ਸਾਹਿਬ ਭਾਈ ਜਤਿੰਦਰ ਪਾਲ ਸਿੰਘ, ਢਾਡੀ ਜਥਾ ਬਾਬਾ ਬਕਾਲਾ, ਗਿ: ਜੰਗ ਸਿੰਘ, ਕਥਾਵਾਚਕ ਗਿ: ਸੁਖਵੀਰ ਸਿੰਘ, ਕਵੀਸ਼ਰ ਜਥਾ ਅਤੇ ਸੰਤ ਮਹਾਂਪੁਰਸ਼ ਗੁਰਮਤਿ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ 8 ਦਸੰਬਰ ਨੂੰ 11 ਵਜੇ ਅੰਮ੍ਰਿਤ ਦਾ ਬਾਣਾ ਤਿਆਰ ਹੋਵੇਗਾ, ਗੁਰੂ ਕਾ ਲੰਗਰ ਅਤੁੱਟ ਵਰਤੇਗਾ।

* * * * * * *

## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388


## ਧੂੰਆਂ

ਇਹ ਕੋਈ
ਆਮ ਧੂੰਆਂ ਨਹੀਂ
ਜਿਹੜਾ ਆ ਵੜਦਾ
ਸਾਡੇ ਸਾਰੇ ਚੁਗਿਰਦੇ ਚ
ਤੇ ਲੈ ਲੈਂਦਾ ਹੈ
ਆਪਣੀ ਗ੍ਰਿਫਤ ਵਿੱਚ
ਜਿਉਣਾ ਦੁੱਭਰ ਕਰ ਦਿੰਦਾ
ਹਰ ਇੱਕ ਦਾ
ਜਿਸ ਦੇ ਵਿੱਚ
ਬੋਲਣਾ ਵੀ
ਸਾਹ ਲੈਣਾ ਵੀ
ਔਖਾ ਹੋ ਜਾਂਦਾ
ਜਿਸ ਦੀ ਆਮਦ ਨਾਲ
ਸੜਕਾਂ ਤੇ ਵਾਪਰਦੇ
ਹਰ ਰੋਜ਼ ਹਾਦਸੇ
ਹਸੂੰ ਹਸੂੰ ਕਰਦੇ ਚਿਹਰੇ
ਮਿੰਟਾਂ ਸਕਿੰਟਾਂ ਚ
ਪੈ ਜਾਂਦੇ ਨੇ
ਅਣ ਆਈ
ਮੌਤ ਦੇ ਮੂੰਹ ਚ
ਇਹ ਕੋਈ
ਆਮ ਧੂੰਆਂ ਨਹੀਂ...
ਇਸ ਧੂੰਏਂ ਦਾ
ਰੰਗ ਤੇ ਮੌਸਮ
ਆਪਣਾ ਵੱਖਰਾ ਹੈ
ਇਸ ਦੀ ਚਰਚਾ
ਗਲੀ ਮਹੱਲੇ ਹੀ ਨਹੀਂ
ਅੱਜ ਕੱਲ ਤਾਂ
ਦਿੱਲੀ ਤੇ ਲਾਹੌਰ
ਵਿੱਚ ਵੀ ਹੈ
ਭਾਵੇਂ ਇਹ ਕਿਸੇ ਦਾ
ਸ਼ੌਕ ਨਹੀਂ
ਮਜ਼ਬੂਰੀ ਹੈ
ਫਿਰ ਵੀ
ਚਰਚਾ ਦਾ ਵਿਸ਼ਾ ਹੈ
ਰੋਜ਼ ਦੇ ਅਖਬਾਰਾਂ ਦਾ
ਇਹ ਕੋਈ
ਆਮ ਧੂੰਆਂ ਨਹੀਂ....



ਹਰਦੀਪ ਸਿੰਘ ਭੂਦਨ
* * * * * *

## ਇਕ ਜੀਅ ਕਰਦਾ



ਇਕ ਜੀਅ ਕਰਦਾ ਪੰਛੀ ਬਣਜਾਂ,
ਤੇ ਉਡਜਾਂ ਜੰਗਲ ਵੇਲੇ!
ਆਪਣਿਆਂ ਤੋਂ ਦੂਰ ਚਲਾਂ ਜਾ,
ਤੇ ਕਦੇ ਨਾ ਹੋਵਣ ਮੇਲੇ।

ਇਕ ਜੀਅ ਕਰਦਾ ਥੋਰ ਮੈਂ ਬਣਜਾਂ,
ਤੇ ਉੱਗਜਾਂ ਕਿਤੇ ਪਹਾੜਾਂ!
ਨਾਂ ਕੋਈ ਮਾਲੀ ਸੰਜਣ ਆਵੇ,
ਤੇ ਨਾਂ ਕੋਈ ਪੁੱਛੇ ਸਾਰਾਂ।

ਇਕ ਜੀਅ ਕਰਦਾ ਜੋਬਨ ਰੁੱਤੇ ਮਰਜਾਂ,
ਤੇ ਬਣ ਜਾਵਾਂ ਮੈਂ ਤਾਰਾ *!
ਜੋਬਨ ਰੁੱਤੇ ਆਸ਼ਕ ਮਰਦੇ,
ਤੇ ਜਾਂ ਕੋਈ ਕਰਮਾਂ ਵਾਲਾ।

ਇਕ ਜੀਅ ਕਰਦਾ.....

ਅਮਰਜੀਤ ਸਿੰਘ ਸੰਧੂ

# ਕਾਵਿ-ਕਿਆਰੀ



## ਧੰਨ ਧੰਨ ਮਾਤਾ ਗੁਜਰ ਕੌਰ ਜੀ

ਮਾਵਾਂ ਚੋਂ ਸਾਡੀ ਗੁਜਰੀ ਮਾਂ ਹੈ । ਰੱਬ ਵਰਗਾ ਇਸ ਮਾਂ ਦਾ ਨਾਂ ਹੈ।
ਸਿਦਕ ਸਬਰ ਤੇ ਚੜ੍ਹਦੀ ਕਲਾ ਦਾ, ਜਜ਼ਬਾ ਮਾਂ ਦੇ ਨਾਮ ਜਮ੍ਹਾ ਹੈ।
ਜ਼ੁਲਮਾਂ ਦੀ ਜਦੋਂ ਅੱਤ ਸੀ ਹੋਈ, ਮੁਗਲੀਆ ਰਾਜ ਦਾ ਘੋਰ ਸਮਾਂ ਹੈ।
ਸਦੀਆਂ ਬੀਤ ਜਾਣ 'ਤੇ ਸਾਕਾ, ਜਾਪੇ ਸਦਾ ਨਵਾਂ ਨਵਾਂ ਹੈ।

ਨੌਵੇਂ ਪਾਤਸ਼ਾਹ ਨਾਲ ਹਮੇਸ਼ਾਂ, ਨਿੱਠ ਕੇ ਸਾਥ ਨਿਭਾਇਆ ਮਾਤਾ।
ਬਾਬੇ ਦੇ ਬਕਾਲ਼ੇ ਰਹਿੰਦਿਆਂ, ਹਰ ਇੱਕ ਬਚਨ ਪੁਗਾਇਆ ਮਾਤਾ।
ਪੂਰਬ ਦੀ ਫਿਰ ਯਾਤ੍ਰਾ ਦੇ ਵਿਚ, ਰੱਜ ਕੇ ਨਾਮ ਧਿਆਇਆ ਮਾਤਾ।
ਪਟਨੇ ਦੀ ਮੁਬਾਰਕ ਭੋਇੰ, ਗੋਬਿੰਦ ਰਾਏ ਨੂੰ ਜਾਇਆ ਮਾਤਾ।

ਨੌਵੇਂ ਪਾਤਸ਼ਾਹ ਦਿੱਲੀ ਗਏ ਜਦ, ਚਾਂਦਨੀ ਚੌਕ ਦਾ ਸਾਕਾ ਹੋਇਆ।
ਜੈਤਾ ਜੀ ਜਦੋਂ ਸੀਸ ਲਿਆਏ, ਜਾਪੇ ਪੱਤਾ ਪੱਤਾ ਰੋਇਆ।
ਮਾਤਾ ਜੀ ਭਾਣੇ ਵਿਚ ਰਹਿੰਦੇ, ਅੱਖਾਂ ਚੋਂ ਹੰਝੂ ਨਾ ਚੋਇਆ।
ਮੂੰਹ ਮੋੜਨ ਲਈ ਜ਼ਾਲਮਾ ਦਾ ਫਿਰ, ਮਾਤਾ ਹਰ ਵੰਗਾਰ ਨੂੰ ਟੋਹਿਆ।

ਅਨੰਦਪੁਰ ਸਾਹਿਬ 'ਚ ਕਲਗੀਧਰ ਦੇ ਵਲੋਂ ਸੀ ਫਿਰ ਕਿਲੇ ਬਨਾਉਣਾ।
ਮਾਂ ਨੇ ਡਿੱਠਾ ਲਾਲ ਉਹਦੇ ਨੇ, ਏਥੇ ਖਾਲਸਾ ਪੰਥ ਸਜਾਉਣਾ।
ਸਿਰਾਂ ਦੀ ਮੰਗ ਹੋਣ 'ਤੇ ਮਾਂ ਨੂੰ, ਸਿੱਖਾਂ ਆ ਸ਼ਿਕਾਇਤਾਂ ਲਉਣਾ।
ਪਿਆਰ ਨਾਲ ਸਮਝਾਉਣਾ ਮਾਂ ਨੇ, ਦੱਸਿਆ ਕੀ ਕ੍ਰਿਸ਼ਮਾ ਵਰਤਾਉਣਾ।

ਖਾਲਸਾ ਪੰਥ ਸਾਜ ਕੇ ਮਾਂ ਦੇ, ਲਾਲ ਨੇ ਕੀਤੇ ਜੌਹਰ ਨਿਆਰੇ।
ਬਾਈ ਧਾਰਾਂ ਨੂੰ ਕੰਬਣੀ ਛਿੜਦੀ, ਵੱਜਦੇ ਗੱਜਦੇ ਜਦੋਂ ਨਗਾਰੇ।
ਮੂਲ ਦੇ ਨਾਲੋਂ ਵਿਆਜ ਪਿਆਰਾ, ਮਾਂ ਨੇ ਪੋਤਰੇ ਬੜੇ ਸੰਵਾਰੇ।
ਅਜੀਤ ਸਿੰਘ , ਜੁਝਾਰ ਸਿੰਘ ਤੇ ਜ਼ੋਰਾਵਰ, ਫਤਹਿ ਸਿੰਘ ਪਿਆਰੇ।

ਅਨੰਦਪੁਰ ਸਾਹਿਬ ਨੂੰ ਛੱਡਣ ਮਗਰੋਂ, ਹੋਇਆ ਸੀ ਪਰਿਵਾਰ ਵਿਛੋੜਾ।
ਮਾਂ ਦੇ ਨਾਲ ਰਸੋਈਆ ਗੰਗੂ , ਛੋਟੇ ਲਾਲਾਂ ਦਾ ਸੀ ਜੋੜਾ।
ਕੁੰਮੇ ਮਾਸ਼ਕੀ ਦੇ ਰਾਤ ਕੱਟੀ, ਸਮੇਂ ਲਿਆ ਅਨੋਖਾ ਮੋੜਾ।
ਪਿੰਡ ਸਹੇੜੀ ਵਲ ਲੈ ਤੁਰਿਆ, ਲੂਣ ਹਰਾਮੀ ਗੰਗੂ ਕੋਹੜਾ।

ਸਾਹਿਬਜ਼ਾਦੇ ਤੇ ਮਾਤਾ ਜੀ ਨੂੰ, ਗੰਗੂ ਆਪਣੇ ਘਰ ਲੈ ਆਇਆ।
ਗਹਿਣੇ ਮੋਹਰਾਂ ਦੇਖ ਮਾਤਾ ਕੋਲ, ਗੰਗੂ ਨੇ ਸੀ ਮਤਾ ਪਕਾਇਆ।
ਮਾਤਾ ਜੀ ਦੀ ਚੋਰੀ ਕਰਕੇ, ਕੋਤਵਾਲੀ ਜਾ ਰੌਲਾ ਪਾਇਆ।
ਫੇਰ ਮੋਰਿੰਡੇ ਦੇ ਥਾਣੇ ਵਿਚ, ਮਾਤਾ ਨੂੰ ਗ੍ਰਿਫਤਾਰ ਕਰਾਇਆ।

ਸਰਹੰਦ ਦੇ ਠੰਢੇ ਬੁਰਜ 'ਤੇ ਸੀ ਫਿਰ, ਮਾਤਾ ਕੱਟੀਆਂ ਠੰਢੀਆਂ ਰਾਤਾਂ।
ਲਾਲਾਂ ਨੂੰ ਸੁਣਾਉਂਦੇ ਰਹੇ ਸੀ, ਦਾਦਾ ਜੀ ਦੀਆਂ ਮਾਤਾ ਬਾਤਾਂ।
ਬੇਗਮਾਂ ਦੇ ਡੋਲੇ ਤੇ ਲਾਲਾਂ ਜਦ ਠੁਕਰਾਈਆਂ ਸਭ ਸੌਗਾਤਾਂ।
ਕੰਧਾਂ ਵਿਚ ਚਿਣਨੇ ਦਾ ਫਤਵਾ, ਲਾ ਦਿੱਤਾ ਸੀ ਫਿਰ ਕਮਜਾਤਾਂ।

ਠੰਢੇ ਬੁਰਜ 'ਤੇ ਮੋਤੀ ਮਹਿਰੇ ਨੇ ਲਾਲਾਂ ਨੂੰ ਦੁੱਧ ਪਿਆਇਆ।
ਮਾਂ ਤੋਂ ਥਾਪੜਾ ਲੈ ਕੇ ਲਾਲਾਂ, ਕਚਹਿਰੀਏਂ ਜਾ ਜੈਕਾਰਾ ਲਾਇਆ।
ਗੁਰੂ ਦੇ ਲਾਲਾਂ ਪਾਈ ਸ਼ਹੀਦੀ, ਸੂਬਾ ਫਿਰਦਾ ਰਿਹਾ ਹਲ਼ਕਾਇਆ।
'ਦੇਸੀ' ਮਾਤਾ ਨੇ ਸਾਡੇ ਲਈ , ਸਭ ਸਰਬੰਸ ਸ਼ਹੀਦ ਕਰਾਇਆ।

ਕੁਲਵੰਤ ਸਿੰਘ ਦੇਸੀ
* * * * * *



## ◆ ਹੰਕਾਰਿਆ ਸੋ ਮਾਰਿਆ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

'ਤਖਤ ਸਾਹਿਬ' ਵਿਖੇ ਹੁੰਦਾ ਲੋਕਾਂ ਦੇਖਿਆ ਜੋ
'ਆਪਣੇ ਹਿਸਾਬ' ਹੀ ਸੁਣਾਉਂਦੇ ਸਾਰੇ ਵਾਰਤਾ।
'ਵੱਖਰੇ ਤਪਾਉਣੇ ਚੁੱਲ੍ਹੇ' ਕਹਿ ਕੇ ਬੰਦ ਕਰੋ ਸਾਰੇ
ਬਾਗੀ-ਦਾਗੀਆਂ 'ਚ ਹੈ ਕਰਾਈ ਇਕਸਾਰਤਾ।
ਹਾਈ-ਪ੍ਰੋਫਾਈਲ ਕਹਿੰਦੇ ਚੜ੍ਹੀ ਐ ਪਲੈਨ ਸਿਰੇ
ਲਾਠੀ ਵੀ ਬਚਾ ਲਈ ਨਾਲ਼ੇ ਸੱਪ ਵੀ ਏ ਮਾਰਤਾ।
ਸੋਚਦੇ ਕਈ ਵਲਟੋਹੇ ਵਾਂਗੂੰ 'ਦੋਸ਼ੀ' ਮਾਂਜਣਾ ਸੀ
ਕੌਮ-ਘਾਤੀ ਤਾਈਂ 'ਸੌਖੀ ਸਜ਼ਾ' ਦੇ ਕੇ ਸਾਰ'ਤਾ।
ਕਲਾ ਵਰਤਾਈ ਸਤਿਗੁਰੂ ਜੀ ਨੇ ਬਹੁਤੇ ਕਹਿੰਦੇ
ਪੰਥਕ ਧਿਰਾਂ ਨੂੰ ਚੰਗੀ ਲੱਗੀ ਨਹੀਂ 'ਉਦਾਰਤਾ'।
ਵੱਡੀ ਇਹ 'ਪ੍ਰਾਪਤੀ' ਕਿ ਦੋਸ਼ੀ ਨੇ ਗੁਨਾਹ ਕੀਤੇ
ਕਰਕੇ ਕਬੂਲ 'ਹਾਂ ਜੀ-ਹਾਂ ਜੀ' ਹੀ ਉਚਾਰ'ਤਾ !

## ਕਵਿਤਾ



ਜਿਉਂਦੇ ਜੀ ਨੀ ਕਰਦਾ ਕਦਰ ਕੋਈ ,
ਮਰਿਆ 'ਤੇ ਮੜੀਆ 'ਤੇ ਦੀਵੇ ਜਗਾ ਜਾਂਦੇ ਨੇ।
ਗੈਰਾਂ ਨੂੰ ਐਵੇਂ ਬਦਨਾਮ ਕਰੀ ਜਾਵੇ,
ਆਪਣੇ ਬੇੜੀਆਂ ਵਿੱਚ ਵੱਟੇ ਪਾ ਜਾਂਦੇ ਨੇ।
ਐਵੇਂ ਨਾ ਸੜਿਆ, ਕੁੜ੍ਹਿਆ, ਖਿੱਚਿਆ ਕਰ,
ਸਖ਼ਤ ਮਿਹਨਤਾਂ ਕਰਨ ਵਾਲੇ ਛਾ ਜਾਂਦੇ ਨੇ ।
ਤੇਰੇ ਦਰ ਤੋਂ ਇੱਕ ਘੁੱਟ ਨਾ ਪਾਣੀ ਮਿਲਿਆ,
ਕਈ ਤਾਂ ਜਿੰਦ ਵੇਚਕੇ ਉਲਾਂਭੇ ਲਾ ਜਾਂਦੇ ਨੇ।
ਜਿਹੜੇ ਚਿਹਰੇ ਵੇਖਕੇ ਕਰਦੇ ਦਿਲਾਂ ਦੇ ਸੌਦੇ,
ਉਹ ਵਿਉਪਾਰੀ ਏਸ ਵਣਜ 'ਚੋਂ ਧੋਖੇ ਖਾ ਜਾਂਦੇ ਨੇ।
ਜਿੰਨਾ ਮਰਜ਼ੀ ਚੰਗਾ ਵੇਖ ਲੈ ਦੁਨੀਆ ਵਿੱਚ,
ਲੋਕੀਂ ਮਾੜੀ ਜਿਹੀ ਗੱਲ 'ਤੇ ਇਲਜ਼ਾਮ ਲਾ ਜਾਂਦੇ ਨੇ।
ਜੇ ਚੰਗੀ ਰੋਟੀ ਘਰੇ ਮਿਲੇ, ਨਾ ਕੋਈ ਪ੍ਰਦੇਸੀ ਬਣੇ,
ਆਖ਼ਰ ਉਹਨਾਂ ਪ੍ਰਦੇਸੀਆ ਦੇ ,ਉੱਜੜ ਗਰਾਂ ਜਾਂਦੇ ਨੇ।
ਜਿਸ ਦਿਨ ਤੂੰ ਤੁਰ ਗਿਆ, ਛੱਡਕੇ "ਰਾਣੇ" ਨੂੰ,
ਸਿਖਰ ਦੁਪਹਿਰ ਵਰਗੇ ਲੱਗਦੇ ਤੇਰੇ ਪਿੰਡ ਨੂੰ ਰਾਹ ਜਾਂਦੇ ਨੇ।

ਰਣਵੀਰ ਸਿੰਘ ਰਾਣਾ

## ਜੋ ਨਿੱਤ ਬਦਲੇ

ਮੇਰੇ ਰਾਹ ਵਿੱਚ ਸੁੱਟ ਕੇ ਕੰਡੇ,
ਉਹ ਗੈਰਾਂ ਨੂੰ ਲੱਡੂ ਵੰਡੇ।
ਉਸ ਤੋਂ ਪਿੱਛਾ ਛਡਵਾਣ ਲਈ,
ਮੈਂ ਵਰਤੇ ਨੇ ਕਈ ਹੱਥਕੰਡੇ।
ਵਿਹਲੇ ਰਹਿ ਕੇ ਗੁਜ਼ਾਰਨ ਲੋਕੀਂ,
ਛੇ ਦਿਨ ਪਿੱਛੋਂ ਆਇਆ ਸੰਡੇ।
ਉਸ ਨੇਤਾ ਤੋਂ ਕੁਝ ਨ੍ਹੀ ਮਿਲਣਾ,
ਜੋ ਨਿੱਤ ਬਦਲੇ ਘਰ ਦੇ ਝੰਡੇ।
ਕੋਈ ਭਾਣਾ ਵਰਤਿਆ ਲੱਗਦਾ,
ਰੋਗੀ ਦੇ ਹੱਥ, ਪੈਰ ਨੇ ਠੰਡੇ।
ਉਸ ਨੂੰ ਪਿਆਰ ਨਾ ਕਰਦਾ ਕੋਈ,
ਜਿਹੜਾ ਹਰ ਥਾਂ ਨਫਰਤ ਵੰਡੇ।
ਉਸ ਨੂੰ ਸਮਝੋ ਦੁਸ਼ਮਣ 'ਮਾਨਾ',
ਜੋ ਹਰ ਥਾਂ ਦੋਸਤ ਨੂੰ ਭੰਡੇ।

ਮਹਿੰਦਰ ਸਿੰਘ ਮਾਨ



* * * * * *

6 ਸਫ਼ੇ ਦਾ ਬਾਕੀ ਹਿਸਾ

ਪਰ ਕਾਰਵਾਈ ਆਰੰਭ ਹੁੰਦਿਆਂ ਹੀ ਸਿੰਘ ਸਾਹਿਬ ਵਲੋਂ ਆਦੇਸ਼ ਕੀਤਾ ਗਿਆ ਕਿ ਜੋ ਆਗੂ ਪਤਿਤ ਹਨ, ਉਹ ਉੱਠ ਕੇ ਚਲੇ ਜਾਣ ਤੇ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਲਿਖਤੀ ਸਪੱਸ਼ਟੀਕਰਨ ਦੇ ਦੇਣ, ਉਨ੍ਹਾਂ ਬਾਰੇ ਫ਼ੈਸਲਾ ਬਾਅਦ ਵਿਚ ਕੀਤਾ ਜਾਵੇਗਾ, ਜਿਸ 'ਤੇ ਇਹ ਤਿੰਨੇ ਆਗੂ ਪਤਿਤ ਹੋਣ ਕਾਰਨ ਉੱਠ ਕੇ ਬਾਹਰ ਚਲੇ ਗਏ ਤੇ ਆਪਣਾ ਸਪੱਸ਼ਟੀਕਰਨ ਸਕੱਤਰੇਤ ਵਿਖੇ ਸੌਂਪਿਆ। ਇਨ੍ਹਾਂ ਬਾਰੇ ਕਾਰਵਾਈ ਸਿੰਘ ਸਾਹਿਬਾਨ ਦੀ ਅਗਲੀ ਹੋਣ ਵਾਲੀ ਇਕੱਤਰਤਾ ਵਿਚ ਕੀਤੇ ਜਾਣ ਦੀ ਸੰਭਾਵਨਾ ਹੈ।

### ਸੁਖਬੀਰ, ਢੀਂਡਸਾ, ਭੂੰਦੜ, ਲੰਗਾਹ, ਗਾਬੜੀਆ, ਰਣੀਕੇ ਤੇ ਡਾ. ਚੀਮਾ ਨੂੰ ਲਗਾਈ ਤਨਖ਼ਾਹ

* 3 ਦਸੰਬਰ ਨੂੰ ਸੱਚਖੰਡ ਸ੍ਰੀ ਦਰਬਾਰ ਸਾਹਿਬ, ਦੇ ਪ੍ਰਬੰਧ ਅਧੀਨ ਸੰਗਤ ਲਈ ਬਣੇ ਬਾਥਰੂਮਾਂ ਦੀ ਸਫ਼ਾਈ ਕਰਨਗੇ।

* 2 ਦਿਨ ਸ੍ਰੀ ਦਰਬਾਰ ਸਾਹਿਬ ਵਿਖੇ ਇਕ ਘੰਟਾ ਲੰਗਰ ਵਿਚ ਭਾਂਡੇ ਮਾਂਜਣ, ਇਕ ਘੰਟਾ ਕੀਰਤਨ ਸੁਣਨ ਤੇ ਹਰ ਰੋਜ਼ ਨਿੱਤਨੇਮ ਤੋਂ ਇਲਾਵਾ ਸੁਖਮਨੀ ਸਾਹਿਬ ਦਾ ਪਾਠ ਕਰਨਗੇ।

* ਇਸੇ ਤਰ੍ਹਾਂ 2 ਦਿਨ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਦੋ ਦਿਨ ਤਖ਼ਤ ਸ੍ਰੀ ਦਮਦਮਾ ਸਾਹਿਬ, ਦੋ ਦਿਨ ਸ੍ਰੀ ਦਰਬਾਰ ਸਾਹਿਬ ਸ੍ਰੀ ਮੁਕਤਸਰ ਸਾਹਿਬ ਤੇ ਦੋ ਦਿਨ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਉਕਤ ਤਨਖ਼ਾਹ ਭੁਗਤਣਗੇ।

* ਸੁਖਬੀਰ ਤੇ ਢੀਂਡਸਾ ਇਨ੍ਹਾਂ ਪੰਜ ਅਸਥਾਨਾਂ 'ਤੇ ਦੋ-ਦੋ ਦਿਨ ਹੀ ਉਕਤ ਸੇਵਾ ਤੋਂ ਇਲਾਵਾ ਇਕ ਘੰਟਾ ਰੋਜ਼ਾਨਾ ਚੋਲਾ ਪਾ ਕੇ ਹੱਥ 'ਚ ਬਰਛਾ ਫੜ ਕੇ ਤਖ਼ਤ ਸਾਹਿਬ ਤੇ ਸ੍ਰੀ ਦਰਬਾਰ ਸਾਹਿਬ ਅੱਗੇ ਪਹਿਰੇਦਾਰੀ ਦੀ ਸੇਵਾ ਕਰਨਗੇ। ਇਸ ਦੌਰਾਨ ਗਲ ਵਿਚ ਤਖ਼ਤੀ ਪਾ ਕੇ ਰੱਖਣਗੇ।

### 10 ਹੋਰਾਂ ਨੂੰ ਵੀ ਲੱਗੀ ਧਾਰਮਿਕ ਤਨਖ਼ਾਹ

ਇਸੇ ਦੌਰਾਨ ਅਕਾਲੀ ਦਲ ਤੇ ਅਕਾਲੀ ਸਰਕਾਰਾਂ ਵਲੋਂ ਕੀਤੀਆਂ ਗਲਤੀਆਂ ਸਮੇਂ ਚੁੱਪੀ ਸਾਧਣ ਜਾਂ ਗੁਨਾਹ ਦੀ ਹਮਾਇਤ ਕਰਨ ਜਾਂ ਅਹੁਦੇ ਮਾਣਨ ਲਈ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਤੇ ਅਕਾਲੀ ਦਲ ਦੀ ਸਰਕਾਰ ਵਿਚ ਕੁਝ ਦਿਨ ਮੰਤਰੀ ਰਹੇ ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਬਿਕਰਮ ਸਿੰਘ ਮਜੀਠੀਆ, ਸੋਹਣ ਸਿੰਘ ਠੰਡਲ, ਮਹੇਸ਼ਇੰਦਰ ਸਿੰਘ ਗਰੇਵਾਲ, ਸ਼ਰਨਜੀਤ ਸਿੰਘ ਢਿੱਲੋਂ, ਚਰਨਜੀਤ ਸਿੰਘ ਅਟਵਾਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਜਨਮੇਜਾ ਸਿੰਘ ਸੇਖੋਂ ਨੂੰ ਲਗਾਈ ਗਈ ਧਾਰਮਿਕ ਤਨਖ਼ਾਹ ਵਿਚ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਅਧੀਨ ਸੰਗਤ ਲਈ ਬਣੇ ਬਾਥਰੂਮਾਂ ਦੀ ਸਫਾਈ ਕਰਨ ਤੋਂ ਇਲਾਵਾ ਆਪਣੇ ਨੇੜੇ ਦੇ ਗੁਰਦੁਆਰਾ ਸਾਹਿਬ ਵਿਖੇ ਪੰਜ ਦਿਨ ਝਾੜੂ ਮਾਰਨ, ਬਰਤਨ ਮਾਂਜਣ ਦੀ ਸੇਵਾ ਕਰਨ ਤੇ ਕੀਰਤਨ ਸਰਵਣ ਕਰਨ ਦੀ ਸੇਵਾ ਨਿਭਾਉਣ ਦਾ ਆਦੇਸ਼ ਕੀਤਾ ਗਿਆ।

### ਵਲਟੋਹਾ ਨੂੰ ਤਾੜਨਾ

ਸਿੰਘ ਸਾਹਿਬਾਨ ਨੇ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਬਾਰੇ ਕਿਹਾ ਕਿ ਉਸ ਨੇ ਪਹਿਲਾਂ ਵੀ ਸਿੰਘ ਸਾਹਿਬਾਨ ਬਾਰੇ ਬੇ-ਬੁਨਿਆਦ ਗੱਲਾਂ ਕੀਤੀਆਂ, ਜਿਸ ਕਰਕੇ ਪੰਜ ਸਿੰਘ ਸਾਹਿਬਾਨ ਵਲੋਂ ਸ਼੍ਰੋਮਣੀ ਅਕਾਲੀ ਦਲ ਨੂੰ ਆਦੇਸ਼ ਕੀਤਾ ਸੀ ਕਿ ਇਸ ਨੂੰ 10 ਸਾਲ ਲਈ ਪਾਰਟੀ ਵਿਚੋਂ ਕੱਢਿਆ ਜਾਵੇ ਤੇ ਤਾੜਨਾ ਵੀ ਕੀਤੀ ਗਈ ਸੀ ਕਿ ਇਹ ਆਪਣੀਆਂ ਕੋਝੀਆਂ ਹਰਕਤਾਂ ਤੋਂ ਬਾਜ਼ ਆਵੇ, ਪਰ ਇਸ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਪ੍ਰਵਾਹ ਨਹੀਂ ਕੀਤੀ। ਇਸ ਲਈ ਇਸ ਨੂੰ ਦੁਬਾਰਾ ਤਾੜਨਾ ਕੀਤੀ ਜਾਂਦੀ ਹੈ ਕਿ ਇਹ ਆਪਣੀਆਂ ਹਰਕਤਾਂ ਤੋਂ ਬਾਜ਼ ਆਵੇ ਨਹੀਂ ਤਾਂ ਅਗਲੀ ਇਕੱਤਰਤਾ ਵਿਚ ਇਸ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ।

### ਤਿੰਨ ਸਾਬਕਾ ਜਥੇਦਾਰਾਂ ਦਾ ਸਪੱਸ਼ਟੀਕਰਨ ਰੱਦ

ਸਿੰਘ ਸਾਹਿਬਾਨ ਨੇ ਬੀਤੇ ਸਮੇਂ 'ਚ ਡੇਰਾ ਸਿਰਸਾ ਮੁਖੀ ਦੀ ਮੁਆਫੀ ਸੰਬੰਧੀ ਸਾਬਕਾ ਜਥੇਦਾਰਾਂ ਦਾ ਮਾਮਲਾ ਵਿਚਾਰ ਕੇ ਆਦੇਸ਼ ਕੀਤਾ ਕਿ ਸਾਬਕਾ ਜਥੇਦਾਰਾਂ ਦੇ ਆਏ ਸਪੱਸ਼ਟੀਕਰਨ ਤਸੱਲੀਬਖਸ਼ ਨਹੀਂ ਹਨ। ਸੁਖਬੀਰ ਸਿੰਘ ਬਾਦਲ ਵਲੋਂ ਇਨ੍ਹਾਂ ਨੂੰ ਘਰ ਬੁਲਾਉਣਾ ਕਬੂਲ ਕੀਤਾ। ਇਸ ਲਈ ਇਨ੍ਹਾਂ ਦੇ ਸਪੱਸ਼ਟੀਕਰਨ ਜਨਤਕ ਕੀਤੇ ਜਾਂਦੇ ਹਨ। ਉਹ ਚਿੱਠੀ ਵੀ ਜਨਤਕ ਕੀਤੀ ਜਾਂਦੀ ਹੈ, ਜਿਸ ਨੂੰ ਮੁਆਫੀ ਦਾ ਆਧਾਰ ਬਣਾਇਆ ਗਿਆ ਸੀ। ਇਸ ਲਈ ਸ਼੍ਰੋਮਣੀ ਕਮੇਟੀ ਨੂੰ ਆਦੇਸ਼ ਜਾਰੀ ਕੀਤਾ ਜਾਂਦਾ ਹੈ ਕਿ ਗਿਆਨੀ ਗੁਰਬਚਨ ਸਿੰਘ ਨੂੰ ਦਿੱਤੀਆਂ ਗੱਡੀਆਂ, ਮੁਲਾਜ਼ਮਾਂ ਸਮੇਤ ਸਾਰੀਆਂ ਸਹੂਲਤਾਂ ਵਾਪਸ ਲਈਆਂ ਜਾਣ, ਗਿਆਨੀ ਗੁਰਮੁਖ ਸਿੰਘ ਦੀ ਬਦਲੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਾਹਰ ਕੀਤੀ ਜਾਵੇ ਤੇ ਕਿਸੇ ਵੀ ਤਖ਼ਤ ਸਾਹਿਬ 'ਤੇ ਨਾ ਲਗਾਇਆ ਜਾਵੇ। ਜਿੰਨਾਂ ਚਿਰ ਇਹ ਤਿੰਨੋਂ ਅੱਜ ਦੀ ਤਰ੍ਹਾਂ ਪੇਸ਼ ਹੋ ਕੇ ਪੰਥ ਪਾਸੋਂ ਮੁਆਫੀ ਨਹੀਂ ਮੰਗਦੇ ਇਨ੍ਹਾਂ 'ਤੇ ਜਨਤਕ ਸਮਾਗਮ 'ਚ ਬੋਲਣ 'ਤੇ ਰੋਕ ਲਗਾਈ ਜਾਂਦੀ ਹੈ।

### ਕਿਉਂ ਲੱਗੀ ਧਾਰਮਿਕ ਸਜ਼ਾ

ਬਹੁਤ ਸਾਰੇ ਸਿੱਖ ਚਿੰਤਕ ਤੇ ਜਥੇਬੰਦੀਆਂ ਇਸ ਗੱਲ ਦੀ ਵਕਾਲਤ ਕਰ ਰਹੀਆਂ ਸਨ ਕਿ ਸੁਖਬੀਰ ਸਿੰਘ ਬਾਦਲ ਨੂੰ ਕਿਸੇ ਤਰ੍ਹਾਂ ਦੀ ਰੋਕ ਲਗਾ ਕੇ ਉਸ ਨੂੰ ਸਿਆਸੀ ਕੀਮਤ ਚੁਕਾਉਣੀ ਚਾਹੀਦੀ ਹੈ, ਅਤੇ ਇਹ ਸੁਖਬੀਰ ਸਿੰਘ ਬਾਦਲ ਦੇ ਖੇਮੇ ਦੀ ਸਭ ਤੋਂ ਵੱਡੀ ਚਿੰਤਾ ਸੀ ਜਿਸ ਨੇ ਸਿੰਘ ਸਾਹਿਬਾਨ ਦਾ ਕੰਮ ਵੀ ਔਖਾ ਕਰ ਦਿੱਤਾ ਸੀ। ਸੁਖਬੀਰ ਸਿੰਘ ਬਾਦਲ ਦਾ ਗਰੁਪ ਤੇ ਆਈਟੀ ਵਿੰਗ ਲਗਾਤਾਰ ਸ਼ੋਸ਼ਲ ਮੀਡੀਆ ਉਪਰ ਜਥੇਦਾਰਾਂ ਉਪਰ ਹਮਲੇ ਕਰ ਰਿਹਾ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਸਜ਼ਾ ਨਹੀਂ ਹੋਣੀ ਚਾਹੀਦੀ। ਸੁਖਬੀਰ ਸਿੰਘ ਬਾਦਲ ਲਈ ਇਹ ਇਕੱਲੀ ਸਕਾਰਾਤਮਕ ਗੱਲ ਸੀ ਕਿ ਉਸਨੂੰ ਸਿਆਸੀ ਸਜ਼ਾ ਨਹੀਂ ਮਿਲੀ ਪਰ ਇਸ ਦੀ ਭਾਰੀ ਕੀਮਤ ਚੁਕਾਉਣੀ ਪਈ ਹੈ ਕਿ ਉਸਨੂੰ ਆਪਣੇ ਗੁਨਾਹ ਅਕਾਲ ਤਖਤ ਸਾਹਿਬ ਤੋਂ ਕਬੂਲ ਕਰਨੇ ਪਏ ਹਨ। ਉਸ ਦੇ ਖੇਮੇ ਲਈ ਦੂਸਰੀ ਤਸੱਲੀ ਇਹ ਹੋ ਸਕਦੀ ਹੈ ਕਿ ਅਕਾਲ ਤਖ਼ਤ ਸਾਹਿਬ ਨੇ ਸੁਖਬੀਰ ਦੇ ਪਿਤਾ ਪ੍ਰਕਾਸ਼ ਸਿੰਘ ਬਾਦਲ ਦੀ ਅਕਾਲ ਤਖਤ ਸਾਹਿਬ ਤੋਂ ਦਿਤੀ ਫਖਰੇ ਕੌਮ ਦੀ ਉਪਾਧੀ ਵਾਪਸ ਲੈਣ ਤੋਂ ਇਲਾਵਾ ਸਮੂਹਿਕ ਸਜ਼ਾ ਲਈ ਗਈ ਸੀ। ਸੁਖਬੀਰ ਸਿੰਘ ਬਾਦਲ ਨੂੰ ਪਾਰਟੀ ਦੇ ਕੁਝ ਹੋਰ ਆਗੂਆਂ ਦੇ ਬਰਾਬਰ ਖੜ੍ਹਾ ਕਰ ਦਿੱਤਾ ਗਿਆ।

ਭਾਵੇਂ ਇਸ ਫੈਸਲੇ ਨੇ ਸੁਖਬੀਰ ਸਿੰਘ ਬਾਦਲ ਨੂੰ ਇਕੱਲੇ ਦੋਸ਼ੀ ਹੋਣ ਤੋਂ ਬਚਾਇਆ, ਜੋ ਕਿ ਸੁਖਬੀਰ ਸਿੰਘ ਬਾਦਲ ਦਾ ਖੇਮਾ ਚਾਹੁੰਦਾ ਸੀ ਪਰ ਅਕਾਲ ਤਖਤ ਸਾਹਿਬ ਤੋਂ ਕਾਰਵਾਈ ਦਾ ਬਿਰਤਾਂਤ ਦਿਲਚਸਪ ਤੇ ਇਤਿਹਾਸਕ ਪਹਿਲੂ ਇਹ ਸੀ ਕਿ ਸੁਖਬੀਰ ਸਿੰਘ ਬਾਦਲ ਨੂੰ ਬਾਦਲ ਸ਼ਾਸਨ ਦੌਰਾਨ ਕੀਤੇ ਗਏ ਅਪਰਾਧਾਂ ਲਈ "ਹਾਂ ਜਾਂ ਨਾਂਹ" ਵਿਚ ਸਵੀਕਾਰ ਕਰਨ ਲਈ ਕਿਹਾ ਗਿਆ ਸੀ, ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਰਘਬੀਰ ਸਿੰਘ ਦਾ ਇਹ ਫੈਸਲਾ ਸਿਖ ਸੰਗਤ ਦੀ ਯਾਦ ਵਿਚ ਉਕਰਿਆ ਰਹਿ ਸਕਦਾ ਹੈ ਕਿ ਉਨ੍ਹਾਂ ਨੇ ਸੁਖਬੀਰ ਸਿੰਘ ਬਾਦਲ ਦੇ ਗੁਨਾਹਾਂ ਬਾਰੇ ਸੁਆਲਾਂ ਦੇ ਅਸਪਸ਼ਟ ਜਵਾਬ ਦਾ ਸਹਾਰਾ ਲੈਣ ਦੀ ਆਗਿਆ ਨਹੀਂ ਦਿੱਤੀ।

ਪਾਰਟੀ ਵਿਚ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਲੈ ਕੇ ਉੱਠੀ ਬਗ਼ਾਵਤ ਅਤੇ ਦਲ ਦੀ ਅੰਦਰੂਨੀ ਲੜਾਈ ਕਰਕੇ ਹੀ ਅਕਾਲ ਤਖ਼ਤ ਸਾਹਿਬ ਤੋਂ ਜਥੇਦਾਰਾਂ ਨੂੰ ਇਸ ਵਿਚ ਦਖ਼ਲ ਦੇਣਾ ਪਿਆ, ਜਿਨ੍ਹਾਂ ਨੇ ਅੱਜ ਅਕਾਲੀ ਲੀਡਰਸ਼ਿਪ ਨੂੰ ਇਕ ਤਰ੍ਹਾਂ ਨਾਲ ਸ਼ੀਸ਼ਾ ਦਿਖਾਉਣ ਦੀ ਕੋਸ਼ਿਸ਼ ਕੀਤੀ ਹੈ। ਸਿੰਘ ਸਾਹਿਬਾਨ ਨੇ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਸੁਖਬੀਰ ਸਿੰਘ ਬਾਦਲ ਦਾ ਪ੍ਰਧਾਨ ਵਜੋਂ ਅਸਤੀਫ਼ਾ ਪ੍ਰਵਾਨ ਕਰਨ ਅਤੇ ਨਵੇਂ ਸਿਰੇ ਤੋਂ ਭਰਤੀ ਕਰਕੇ ਅਕਾਲੀ ਦਲ ਦਾ ਨਵਾਂ ਪ੍ਰਧਾਨ ਚੁਣਨ ਦਾ ਆਦੇਸ਼ ਦਿੱਤਾ ਹੈ। ਇਸ ਦੌਰਾਨ ਜਥੇਦਾਰ ਸਾਹਿਬਾਨ ਵਲੋਂ ਕਿਹਾ ਗਿਆ ਕਿ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਆਪਣੇ ਇਨ੍ਹਾਂ ਗੁਨਾਹਾਂ ਕਾਰਨ ਸਿੱਖ ਪੰਥ ਦੀ ਰਾਜਸੀ ਅਗਵਾਈ ਕਰਨ ਦਾ ਨੈਤਿਕ ਅਧਿਕਾਰ ਗੁਆ ਚੁੱਕੀ ਹੈ। ਇਸ ਲਈ ਪੰਜ ਸਿੰਘ ਸਾਹਿਬਾਨ ਵਲੋਂ ਹੇਠ ਲਿਖੇ ਅਨੁਸਾਰ ਦੋਵਾਂ ਧਿਰਾਂ ਨਾਲ ਸੰਬੰਧਿਤ ਤੇ ਅਕਾਲ ਤਖ਼ਤ ਸਾਹਿਬ ਦੇ ਨੁਮਾਇੰਦੇ ਵਜੋਂ 7 ਆਗੂਆਂ ਦੀ ਡਿਊਟੀ ਲਗਾਈ ਗਈ ਕਿ ਉਹ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਆਰੰਭ ਕਰਨ, ਭਰਤੀ ਬੋਗਸ ਨਾ ਹੋਵੇ, ਆਧਾਰ ਕਾਰਡ ਦੀ ਕਾਪੀ ਸਹਿਤ ਮੈਂਬਰ ਬਣਾਇਆ ਜਾਵੇ। ਪੁਰਾਣੇ ਡੈਲੀਗੇਟਾਂ ਦੇ ਨਾਲ-ਨਾਲ ਨਵੇਂ ਡੈਲੀਗੇਟ ਬਣਾ ਕੇ ਛੇ ਮਹੀਨੇ ਦੇ ਅੰਦਰ-ਅੰਦਰ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਵਿਧਾਨ ਮੁਤਾਬਿਕ ਕਰਨ। ਇਸ 7 ਮੈਂਬਰੀ ਕਮੇਟੀ ਵਿਚ ਹਰਜਿੰਦਰ ਸਿੰਘ ਧਾਮੀ ਪ੍ਰਧਾਨ ਸ਼੍ਰੋਮਣੀ ਕਮੇਟੀ ਇਸ ਕਮੇਟੀ ਦੇ ਮੁਖੀ ਹੋਣਗੇ ਜਦ ਕਿ ਪ੍ਰੋ: ਕ੍ਰਿਪਾਲ ਸਿੰਘ ਬਡੂੰਗਰ ਸਾਬਕਾ ਪ੍ਰਧਾਨ ਸ਼੍ਰੋਮਣੀ ਕਮੇਟੀ, ਇਕਬਾਲ ਸਿੰਘ ਝੂੰਦਾਂ, ਗੁਰਪ੍ਰਤਾਪ ਸਿੰਘ ਵਡਾਲਾ, ਮਨਪ੍ਰੀਤ ਸਿੰਘ ਇਆਲੀ, ਸੰਤਾ ਸਿੰਘ ਉਮੈਦਪੁਰੀ ਤੇ ਬੀਬੀ ਸਤਵੰਤ ਕੌਰ (ਸਪੁੱਤਰੀ ਸ਼ਹੀਦ ਭਾਈ ਅਮਰੀਕ ਸਿੰਘ) ਅਕਾਲ ਤਖ਼ਤ ਸਾਹਿਬ ਦੇ ਨੁਮਾਇੰਦੇ ਵਜੋਂ ਮੈਂਬਰ ਹੋਣਗੇ। ਇਸੇ ਦੌਰਾਨ ਸਿੰਘ ਸਾਹਿਬਾਨ ਵਲੋਂ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੂੰ ਆਦੇਸ਼ ਕੀਤਾ ਗਿਆ ਕਿ ਪ੍ਰਧਾਨ ਸੁਖਬੀਰ ਸਮੇਤ ਜਿਨ੍ਹਾਂ ਨੇ ਅਸਤੀਫੇ ਦਿੱਤੇ ਹਨ, ਦੇ ਤਿੰਨ ਦਿਨਾਂ ਦੇ ਅੰਦਰ-ਅੰਦਰ ਅਸਤੀਫੇ ਪ੍ਰਵਾਨ ਕਰਕੇ ਅਕਾਲ ਤਖ਼ਤ ਸਾਹਿਬ ਵਿਖੇ ਜਾਣਕਾਰੀ ਭੇਜੀ ਜਾਵੇ। ਉਨ੍ਹਾਂ ਕਿਹਾ ਕਿ ਵੱਖ ਹੋਇਆ ਧੜਾ ਆਪਣਾ ਅਲੱਗ ਚੁੱਲ੍ਹਾ ਸਮੇਟੇ ਤੇ ਸ਼੍ਰੋਮਣੀ ਅਕਾਲੀ ਦਲ ਦੀ ਮਜ਼ਬੂਤੀ ਲਈ ਕਾਰਜ ਕਰੇ। ਬਾਗ਼ੀ ਤੇ ਦਾਗੀ ਅਕਾਲੀਆਂ ਨੂੰ ਆਦੇਸ਼ ਦਿੱਤਾ ਗਿਆ ਕਿ ਆਪਣੀਆਂ ਸਾਰੀਆਂ ਅਹੁਦੇਦਾਰੀਆਂ ਭੰਗ ਕਰੋ, ਵੱਖਰਾ ਸੁਰ ਰਾਗ ਮੀਡੀਆ ਵਿਚ ਨਹੀਂ ਦਿਖਣਾ ਚਾਹੀਦਾ। ਦੋਵੇਂ ਧਿਰਾਂ ਆਪਣੀ ਹਉਮੈ ਤੇ ਈਰਖਾ ਦਾ ਤਿਆਗ ਕਰਕੇ ਇਕੱਠੇ ਹੋ ਕੇ ਚੱਲਣ।

### ਸਵਾ ਲੱਖ ਬੂਟੇ ਲਗਾਉਣ ਦਾ ਆਦੇਸ਼

ਸਿੰਘ ਸਾਹਿਬਾਨ ਵਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਰੇ ਵਰਕਰਾਂ ਨੂੰ ਮਿਤੀ 1 ਮਾਰਚ ਤੋਂ ਲੈ ਕੇ 30 ਅਪ੍ਰੈਲ 2025 ਤੱਕ 1,25,000 ਬੂਟੇ ਲਗਾਉਣ ਤੇ ਉਨ੍ਹਾਂ ਦਾ ਪਾਲਣ ਪੋਸ਼ਣ ਕਰਨ ਦਾ ਵੀ ਆਦੇਸ਼ ਜਾਰੀ ਕੀਤਾ ਗਿਆ।

### ਸਰਨਾ ਤਨਖ਼ਾਹੀਆ ਐਲਾਨਿਆ

ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਹਰਵਿੰਦਰ ਸਿੰਘ ਸਰਨਾ ਸਾਬਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਿੱਖ ਵਿਦਵਾਨਾਂ ਨੂੰ ਇੰਜੜ ਕਹਿਣ, ਸਿੰਘ ਸਾਹਿਬਾਨ ਦੀ ਆਪਸੀ ਇਕਸੁਰਤਾ ਨੂੰ ਯੂਨੀਅਨ ਆਖ ਕੇ ਜਥੇਦਾਰ ਸਾਹਿਬਾਨਾਂ ਦੀ ਸ਼ਖ਼ਸੀਅਤ ਨੂੰ ਨੀਵਾਂ ਵਿਖਾਉਣ ਤੇ ਫਿਰ ਸ੍ਰੀ ਅਕਾਲ ਤਖ਼ਤ ਸਾਹਿਬ ਚਿੱਠੀ ਭੇਜ ਕੇ ਇਹ ਕਹਿਣਾ ਕਿ, ਮੈਨੂੰ ਆਪਣੇ ਕਹੇ 'ਤੇ ਕੋਈ ਪਛਤਾਵਾ ਨਹੀਂ ਹੈ, ਕਾਰਨ ਹਰਵਿੰਦਰ ਸਿੰਘ ਸਰਨਾ ਨੂੰ ਤਨਖ਼ਾਹੀਆ ਐਲਾਨਦਿਆਂ ਆਦੇਸ਼ ਕੀਤਾ ਗਿਆ ਕਿ ਸੰਗਤਾਂ ਇਸ ਨੂੰ ਮੂੰਹ ਨਾ ਲਗਾਉਣ।

### ਸ਼੍ਰੋਮਣੀ ਕਮੇਟੀ ਵਲੋਂ ਦਿੱਤੇ ਇਸ਼ਤਿਹਾਰਾਂ ਦੀ 7 ਅਕਾਲੀ ਆਗੂ ਕਰਨਗੇ ਵਿਆਜ਼ ਸਮੇਤ ਭਰਪਾਈ

ਸਿੰਘ ਸਾਹਿਬਾਨ ਦੀ ਇਕੱਤਰਤਾ ਦੌਰਾਨ ਡੇਰਾ ਸਿਰਸਾ ਮੁਖੀ ਦੀ ਮੁਆਫੀ ਸੰਬੰਧੀ ਅਖ਼ਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਦੇ ਮਾਮਲੇ ਨੂੰ ਵਿਚਾਰ ਕੇ ਆਦੇਸ਼ ਕੀਤਾ ਗਿਆ ਕਿ ਮੁਆਫੀ ਨੂੰ ਸਹੀ ਠਹਿਰਾਉਣ ਲਈ ਅਖਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਦੀ ਰਕਮ ਵਿਆਜ ਸਮੇਤ ਸੁਖਬੀਰ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਸੁੱਚਾ ਸਿੰਘ ਲੰਗਾਹ, ਹੀਰਾ ਸਿੰਘ ਗਾਬੜੀਆ, ਬਲਵਿੰਦਰ ਸਿੰਘ ਭੂੰਦੜ, ਗੁਲਜ਼ਾਰ ਸਿੰਘ ਰਣੀਕੇ ਤੇ ਦਲਜੀਤ ਸਿੰਘ ਚੀਮਾ ਤੋਂ ਭਰਪਾਈ ਕਰਵਾ ਕੇ ਸ੍ਰੀ ਦਰਬਾਰ ਸਾਹਿਬ ਵਿਖੇ ਜਮ੍ਹਾਂ ਕਰਵਾਉਣ, ਸਹਿਤ ਵਿਆਜ ਰਕਮ ਦਾ ਵੇਰਵਾ ਅਕਾਊਂਟ ਬ੍ਰਾਂਚ ਜਾਰੀ ਕਰੇਗੀ।

### ਅੰਤ੍ਰਿੰਗ ਕਮੇਟੀ ਸੰਬੰਧੀ ਵੀ ਸੁਣਾਇਆ ਫ਼ੈਸਲਾ

ਸਿੰਘ ਸਾਹਿਬਾਨ ਵਲੋਂ ਸਿਰਸਾ ਮੁਖੀ ਦੀ ਮੁਆਫੀ ਸੰਬੰਧੀ ਅਖ਼ਬਾਰਾਂ ਵਿਚ ਦਿੱਤੇ ਇਸ਼ਤਿਹਾਰਾਂ ਸੰਬੰਧੀ ਮਾਮਲਾ ਵਿਚਾਰ ਕੇ 2015 ਦੀ ਅੰਤ੍ਰਿੰਗ ਕਮੇਟੀ, ਸ਼੍ਰੋਮਣੀ ਕਮੇਟੀ ਦੇ ਮੈਂਬਰ ਰਘੂਜੀਤ ਸਿੰਘ ਵਿਰਕ, ਕੇਵਲ ਸਿੰਘ ਬਾਦਲ, ਰਾਮਪਾਲ ਸਿੰਘ ਬਹਿਣੀਵਾਲ, ਭਾਈ ਰਜਿੰਦਰ ਸਿੰਘ ਮਹਿਤਾ, ਗੁਰਬਚਨ ਸਿੰਘ ਕਰਮੂੰਵਾਲਾ, ਸੁਰਜੀਤ ਸਿੰਘ ਗੜ੍ਹੀ, ਜਿਨ੍ਹਾਂ ਇਸ਼ਤਿਹਾਰ ਦੇਣ ਸਮੇਂ ਵਿਰੋਧ ਨਹੀਂ ਕੀਤਾ ਸੀ, ਨੂੰ 500 ਰੁਪਏ ਦੀ ਕੜਾਹਿ ਪ੍ਰਸ਼ਾਦਿ ਦੀ ਦੇਗ ਕਰਵਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਵਾਉਣ ਦਾ ਆਦੇਸ਼ ਕੀਤਾ ਗਿਆ।

### ਤਤਕਾਲੀ ਜਥੇਦਾਰ ਗਿਆਨੀ ਮੱਲ ਸਿੰਘ ਦਾ ਮਾਮਲਾ

ਇਸੇ ਦੌਰਾਨ ਸਵ: ਗਿਆਨੀ ਮੱਲ ਸਿੰਘ ਸਾਬਕਾ ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਧਰਮ ਪਤਨੀ ਨੇ ਆਪਣੇ ਪਤੀ ਦੀ ਖਿਮਾ ਜਾਚਨਾ ਲਈ ਅਕਾਲ ਤਖ਼ਤ ਸਾਹਿਬ ਤੋਂ ਲਿਖਤੀ ਮੁਆਫੀ ਮੰਗੀ, ਜਿਸ 'ਤੇ ਸਿੰਘ ਸਾਹਿਬਾਨ ਵਲੋਂ ਅਗਲੀ ਇਕੱਤਰਤਾ ਵਿਚ ਵਿਚਾਰ ਕੀਤੀ ਜਾਵੇਗੀ।


# ਐਂਜੇਲਾ ਮਾਰਕੇਲ ਦੀ ਕਿਤਾਬ ਫਰੀਡੰਮ ਨੇ ਭਾਰਤ ਦੀ ਫਿਰਕੂ ਰਾਜਨੀਤੀ ਤੇ ਵਿਸ਼ਵ ਨੀਤੀ ਬਾਰੇ ਕੀਤੇ ਖੁਲਾਸੇ

**ਖਾਸ ਖਬਰ** ○ 30 ਭਾਸ਼ਾਵਾਂ ਵਿੱਚ ਲਾਂਚ ਹੋਈ ○ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਮੁਸਲਮਾਨਾਂ ਅਤੇ ਈਸਾਈਆਂ 'ਤੇ ਹੋਰ ਹਮਲੇ ਹੋਏ ○ ਡਾਕਟਰ ਮਨਮੋਹਣ ਸਿੰਘ ਯੋਗ ਪ੍ਰਧਾਨ ਮੰਤਰੀ ਤੇ ਅਰਥ ਸ਼ਾਸਤਰੀ ਸਨ ○ ਪੁਤਿਨ, ਟਰੰਪ ਅਤੇ ਸ਼ਰਨਾਰਥੀਆਂ ਬਾਰੇ ਬਹੁਤ ਕੁਝ ਕਹਿੰਦੀ ਹੈ ਇਹ ਪੁਸਤਕ

ਐਂਜੇਲਾ ਮਾਰਕੇਲ ਦੀ ਕਿਤਾਬ ਨੂੰ ਇੱਕੋ ਸਮੇਂ 30 ਭਾਸ਼ਾਵਾਂ ਵਿੱਚ ਲਾਂਚ ਕੀਤਾ ਗਿਆ ਹੈ। ਇਹ ਕਿਤਾਬ ਜਰਮਨ ਵਿੱਚ 'ਫ੍ਰੀਹਾਈਟ' ਅਤੇ ਅੰਗਰੇਜ਼ੀ ਵਿੱਚ 'ਫ੍ਰੀਡਮ' ਦੇ ਨਾਂ ਨਾਲ ਇਸ ਹਫਤੇ ਮਾਰਕੀਟ ਵਿੱਚ ਉਤਾਰੀ ਗਈ ਸੀ। ਇਹ 30 ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਹੋਈ ਹੈ। ਲੰਬੇ ਸਮੇਂ ਤੋਂ ਇਸ ਦੀ ਉਡੀਕ ਕੀਤੀ ਜਾ ਰਹੀ ਸੀ। ਐਂਜੇਲਾ ਮਾਰਕੇਲ 16 ਸਾਲਾਂ ਤੱਕ ਯੂਰਪ ਦੀ ਸਭ ਤੋਂ ਵੱਡੀ ਅਰਥਵਿਵਸਥਾ ਜਰਮਨੀ ਦੀ ਚਾਂਸਲਰ ਰਹੀ। 736 ਪੰਨਿਆਂ ਦੀ ਇਸ ਕਿਤਾਬ ਵਿੱਚ ਮਰਕੇਲ ਨੇ ਆਪਣੀਆਂ ਨੀਤੀਆਂ, ਫੈਸਲਿਆਂ ਅਤੇ ਤਜ਼ਰਬਿਆਂ ਦਾ ਵਿਸਥਾਰਪੂਰਵਕ ਵੇਰਵਾ ਦਿੱਤਾ ਹੈ ਅਤੇ ਆਪਣਾ ਬਚਾਅ ਵੀ ਕੀਤਾ ਹੈ।

ਸਾਬਕਾ ਜਰਮਨ ਚਾਂਸਲਰ ਐਂਜੇਲਾ ਮਾਰਕੇਲ ਦੀ ਹਾਲ ਹੀ ਵਿੱਚ ਪ੍ਰਕਾਸ਼ਿਤ ਕਿਤਾਬ ਫਰੀਡਮ: ਮੈਮੋਇਰਜ਼ 1951-2021 ਦੇ ਅਨੁਸਾਰ, ਉਸਨੇ ਚਿੰਤਾ ਜ਼ਾਹਰ ਕੀਤੀ ਸੀ ਕਿ ਜਦੋਂ ਤੋਂ ਮੋਦੀ ਪ੍ਰਧਾਨ ਮੰਤਰੀ ਬਣੇ ਹਨ, "ਦੂਜੇ ਧਰਮਾਂ ਦੇ ਲੋਕਾਂ, ਮੁੱਖ ਤੌਰ 'ਤੇ ਮੁਸਲਮਾਨ ਅਤੇ ਈਸਾਈ, ਉਪਰ ਹਿੰਦੂ, ਰਾਸ਼ਟਰਵਾਦੀਆਂ ਦੁਆਰਾ ਹਮਲੇ ਵਧ ਗਏ ਹਨ।" ਉਸ ਦਾ ਕਹਿਣਾ ਹੈ ਕਿ ਉਸ ਨੇ ਮੋਦੀ ਨੂੰ ਆਪਣੀ ਚਿੰਤਾ ਤੋਂ ਜਾਣੂ ਕਰਵਾਇਆ ਸੀ।

ਮਰਕੇਲ ਨੇ ਲਿਖਿਆ ਕਿ ਜਦੋਂ ਉਸਨੇ ਮੋਦੀ ਕੋਲ ਇਹ ਮੁੱਦਾ ਉਠਾਇਆ ਤਾਂ ਮਰਕੇਲ ਦੇ ਅਨੁਸਾਰ ਮੋਦੀ ਨੇ ਇਸਦਾ ਜ਼ੋਰਦਾਰ ਖੰਡਨ ਕੀਤਾ ਅਤੇ ਜ਼ੋਰ ਦਿੱਤਾ ਕਿ ਭਾਰਤ ਇੱਕ ਧਾਰਮਿਕ ਸਹਿਣਸ਼ੀਲ ਦੇਸ਼ ਹੈ ਅਤੇ ਰਹੇਗਾ। ਉਸ ਦੇ ਇਨਕਾਰ ਦਾ ਸਾਬਕਾ ਜਰਮਨ ਚਾਂਸਲਰ ਦੁਆਰਾ ਜ਼ੋਰਦਾਰ ਵਿਰੋਧ ਕੀਤਾ ਗਿਆ ਸੀ, ਜਿਸ ਨੇ ਕਿਹਾ ਸੀ ਕਿ ਬਦਕਿਸਮਤੀ ਨਾਲ, ਤੱਥ ਕੁਝ ਹੋਰ ਕਹਿੰਦੇ ਹਨ। ਇਨ੍ਹਾਂ ਤਥਾਂ ਅਨੁਸਾਰ ਭਾਰਤ ਵਿਚ ਘੱਟ ਗਿਣਤੀਆਂ ਅਸੁਰੱਖਿਅਤ ਹਨ। ਉਹ ਅੱਗੇ ਕਹਿੰਦੀ ਹੈ ਕਿ ਕਿ ਉਸ ਦੀਆਂ ਚਿੰਤਾਵਾਂ ਅਜੇ ਵੀ ਬਰਕਰਾਰ ਹਨ - ਆਖਿਰਕਾਰ, ਧਾਰਮਿਕ ਆਜ਼ਾਦੀ ਹਰ ਲੋਕਤੰਤਰ ਦਾ ਇੱਕ ਮੁੱਖ ਹਿੱਸਾ ਹੈ। ਅਪਰੈਲ 2015 ਵਿੱਚ ਜਰਮਨੀ ਵਿੱਚ ਮੋਦੀ ਨਾਲ ਆਪਣੀ ਸ਼ੁਰੂਆਤੀ ਮੁਲਾਕਾਤ ਨੂੰ ਯਾਦ ਕਰਦੇ ਹੋਏ, ਮਾਰਕੇਲ ਨੇ ਕਿਹਾ, "ਮੋਦੀ ਨੂੰ ਵਿਜ਼ੂਅਲ ਪ੍ਰਭਾਵ ਵੀਡਿਓ, ਫੋਟੋ ਪਸੰਦ ਸਨ। ਅਰਥਾਤ ਉਹ ਮੀਡੀਆ ਵਿਚ ਪ੍ਰਸ਼ੰਸਾ ਤੇ ਫੋਟਵਾਂ ਨੂੰ ਪਸੰਦ ਕਰਦੇ ਹਨ। ਮੋਦੀ ਨੇ ਆਪਣੀਆਂ ਚੋਣ ਮੁਹਿੰਮਾਂ ਵਿਚ ਇਸ ਨੀਤੀ ਦੀ ਵਰਤੋਂ ਕੀਤੀ ਹੈ, ਜਿਸ ਵਿੱਚ ਉਸਨੇ ਇੱਕ ਸਟੂਡੀਓ ਵਿੱਚ ਭਾਸ਼ਣ ਦਿੱਤਾ ਅਤੇ 50 ਤੋਂ ਵੱਧ ਵੱਖ-ਵੱਖ ਸਥਾਨਾਂ 'ਤੇ ਆਪਣੀ ਤਸਵੀਰ ਨੂੰ ਲਾਈਵ ਪੇਸ਼ ਕੀਤਾ, ਹਰ ਪ੍ਰੋਗਰਾਮ ਵਿੱਚ ਹਜ਼ਾਰਾਂ ਲੋਕ ਉਨ੍ਹਾਂ ਨੂੰ ਸੁਣਦੇ ਸਨ। 2014 ਦੀਆਂ ਆਮ ਚੋਣਾਂ ਦੌਰਾਨ ਮੋਦੀ ਨੇ ਇਸ ਦੀ ਖੂਬ ਵਰਤੋਂ ਕੀਤੀ ਸੀ।"




ਡਾਕਟਰ ਮਨਮੋਹਣ ਸਿੰਘ ਬਾਰੇ ਸਾਬਕਾ ਜਰਮਨ ਚਾਂਸਲਰ ਨੇ ਸਾਬਕਾ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨਾਲ ਆਪਣੀ ਮੁਲਾਕਾਤ ਬਾਰੇ ਵੀ ਦੱਸਿਆ। ਉਹ ਦੱਸਦੀ ਹੈ ਕਿ ਮਨਮੋਹਨ ਸਿੰਘ "ਦੇਸ਼ ਦੇ ਪਹਿਲੇ ਗੈਰ-ਹਿੰਦੂ ਪ੍ਰਧਾਨ ਮੰਤਰੀ" ਸਨ ਅਤੇ ਉਨ੍ਹਾਂ ਦਾ "ਮੁੱਖ ਉਦੇਸ਼ ਭਾਰਤ ਦੇ 1.2 ਬਿਲੀਅਨ ਲੋਕਾਂ ਦੇ ਦੋ ਤਿਹਾਈ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨਾ ਸੀ ਜੋ ਪੇਂਡੂ ਖੇਤਰਾਂ ਵਿੱਚ ਰਹਿੰਦੇ ਸਨ।" ਸਿੰਘ ਵਿਆਪਕ ਅੰਤਰਰਾਸ਼ਟਰੀ ਤਜ਼ਰਬੇ ਵਾਲੇ ਯੋਗ ਕੌਮਾਂਤਰੀ ਅਰਥ ਸ਼ਾਸਤਰੀ ਸਨ। ਇਹ ਅੰਕੜਾ 800 ਮਿਲੀਅਨ ਲੋਕਾਂ ਦੇ ਬਰਾਬਰ ਸੀ, ਜੋ ਕਿ ਜਰਮਨੀ ਦੀ ਕੁੱਲ ਆਬਾਦੀ ਦਾ 10 ਗੁਣਾਂ ਹੈ।

ਐਂਜੇਲਾ ਮਾਰਕੇਲ ਨੇ ਡਾ: ਮਨਮੋਹਨ ਸਿੰਘ ਬਾਰੇ ਲਿਖਿਆ - "ਮੈਂ ਉਨ੍ਹਾਂ ਤੋਂ ਆਪਣੀਆਂ ਚਰਚਾਵਾਂ ਦੌਰਾਨ ਅਮੀਰ ਦੇਸ਼ਾਂ ਦੀਆਂ ਵਧਦੀਆਂ ਚਿੰਤਾਵਾਂ ਬਾਰੇ ਬਹੁਤ ਕੁਝ ਸਿੱਖਿਆ ਹੈ। ਉਨ੍ਹਾਂ ਦੇ ਅਨੁਸਾਰ, ਅਸੀਂ ਸੋਚਿਆ ਸੀ ਕਿ ਉਹ ਸਾਡੇ ਮੁੱਦਿਆਂ ਵਿੱਚ ਬਹੁਤ ਦਿਲਚਸਪੀ ਲੈਣਗੇ, ਪਰ ਅਸੀਂ ਤਿਆਰ ਨਹੀਂ ਸੀ। ਉਨ੍ਹਾਂ ਵੱਲ ਬਹੁਤ ਧਿਆਨ ਦੇਣ ਲਈ ਮਰਕੇਲ ਲਿਖਦੀ ਹੈ - "ਮੈਂ ਡਾਕਟਰ ਸਾਹਿਬ ਦੀ ਗੱਲ ਸਮਝ ਗਈ ਤੇ ਉਭਰਦੇ ਦੇਸ਼ਾਂ ਦੇ ਸਾਹਮਣੇ ਆਉਣ ਵਾਲੀਆਂ ਦਰਪੇਸ਼ ਚੁਣੌਤੀਆਂ ਦਾ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ।" ਜਰਮਨੀ ਦੀ ਸਾਬਕਾ ਚਾਂਸਲਰ ਮਰਕੇਲ ਨੂੰ ਕਿਹਾ ਕਿ ਅਮੀਰ ਦੇਸ਼ ਭਾਰਤ ਵਰਗੇ ਗਰੀਬ ਦੇਸ਼ਾਂ ਦੀ ਮਦਦ ਕਰਨ ਬਾਰੇ ਜ਼ਿਆਦਾ ਨਹੀਂ ਸੋਚਦੇ। ਉਸਦਾ ਕਹਿਣਾ ਸੀ ਕਿ ਉਹ ਯੋਗ ਪ੍ਰਧਾਨ ਮੰਤਰੀ ਤੇ ਵਿਸ਼ਵ ਪਧਰ ਦੇ ਆਰਥ ਸ਼ਾਸਤਰੀ ਸਨ।

ਡਾ: ਮਨਮੋਹਨ ਸਿੰਘ ਨੇ ਮਰਕੇਲ ਨੂੰ 5,000 ਸਾਲਾਂ ਤੋਂ ਵੱਧ ਦੇ ਇਤਿਹਾਸ ਵਾਲੇ ਆਪਣੇ ਦੇਸ਼ ਦੀ ਸੱਭਿਆਚਾਰਕ ਅਮੀਰੀ ਬਾਰੇ ਦੱਸਿਆ। ਇਕੱਲੇ ਭਾਰਤੀ ਸੰਵਿਧਾਨ ਅਧੀਨ 22 ਸਰਕਾਰੀ ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ। ਇਸ ਦੀ ਵਿਭਿੰਨਤਾ ਦੇਸ਼ ਦੀ ਏਕਤਾ ਵਿੱਚ ਯੋਗਦਾਨ ਪਾਉਂਦੀ ਹੈ। ਇਸ ਪੱਖੋਂ ਭਾਰਤ ਆਪਣੇ ਗੁਆਂਢੀ ਦੇਸ਼ਾਂ ਨਾਲੋਂ ਵੱਧ ਯੂਰਪੀ ਸੰਘ ਵਰਗਾ ਹੈ। ਸਿੰਘ ਅਤੇ ਉਨ੍ਹਾਂ ਦੀ ਪਹਿਲੀ ਮੁਲਾਕਾਤ 2006 ਵਿੱਚ ਹੋਈ ਸੀ।

### ਵਿਸ਼ਵ ਨੀਤੀ ਬਾਰੇ ਖੁਲਾਸੇ

2021 ਵਿੱਚ ਅਹੁਦਾ ਛੱਡਣ ਤੋਂ ਬਾਅਦ, ਮਾਰਕੇਲ ਉੱਤੇ ਰੂਸ ਪ੍ਰਤੀ ਬਹੁਤ ਨਰਮ ਰੁਖ ਅਪਣਾਉਣ ਦਾ ਦੋਸ਼ ਲਗਾਇਆ ਗਿਆ ਸੀ। ਦੋਸ਼ ਸੀ ਕਿ ਇਸ ਕਾਰਨ ਜਰਮਨੀ ਸਸਤੀ ਰੂਸੀ ਗੈਸ 'ਤੇ ਖਤਰਨਾਕ ਰੂਪ ਨਾਲ ਨਿਰਭਰ ਹੋ ਗਿਆ। ਇਸ ਦੇ ਨਾਲ ਹੀ ਪਰਵਾਸੀਆਂ ਨੂੰ ਲੈਕੇ ਉਸ ਦੀ ਖੁੱਲ੍ਹੀ ਨੀਤੀ ਨੇ ਦੇਸ਼ ਵਿੱਚ ਕਈ ਸਮੱਸਿਆਵਾਂ ਅਤੇ ਸੱਜੇ-ਪੱਖੀ ਤਾਕਤਾਂ ਦੇ ਉਭਾਰ ਦਾ ਰਾਹ ਪੱਧਰਾ ਕੀਤਾ।

ਮਰਕੇਲ ਦੀ ਆਤਮਕਥਾ ਅਜਿਹੇ ਸਮੇਂ ਵਿੱਚ ਆਈ ਹੈ ਜਦੋਂ ਯੂਕਰੇਨ ਅਤੇ ਰੂਸ ਵਿੱਚ ਜੰਗ ਚੱਲ ਰਹੀ ਹੈ। ਇਸ ਦੇ ਨਾਲ ਹੀ ਡੋਨਾਲਡ ਟਰੰਪ ਅਮਰੀਕਾ ਦੇ ਵ੍ਹਾਈਟ ਹਾਊਸ ਵਿਚ ਵਾਪਸੀ ਕਰਨ ਜਾ ਰਹੇ ਹਨ ਅਤੇ ਜਰਮਨੀ ਵਿਚ ਸੱਤਾਧਾਰੀ ਗਠਜੋੜ ਦੇ ਟੁੱਟਣ ਤੋਂ ਬਾਅਦ ਮੱਧਕਾਲੀ ਚੋਣਾਂ ਹੋਣ ਜਾ ਰਹੀਆਂ ਹਨ।

70 ਸਾਲਾ ਮਰਕੇਲ ਆਪਣੀ ਸ਼ਾਂਤ ਅਤੇ ਸਥਿਰ ਲੀਡਰਸ਼ਿਪ ਸ਼ੈਲੀ ਲਈ ਜਾਣੀ ਜਾਂਦੀ ਹੈ। ਉਨ੍ਹਾਂ ਮੌਜੂਦਾ ਵਿਵਾਦ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ। ਮਰਕੇਲ ਨੇ ਇਹ ਕਿਤਾਬ ਆਪਣੇ ਲੰਬੇ ਸਮੇਂ ਤੋਂ ਸਲਾਹਕਾਰ ਬਿਆਟੇ ਬਾਊਮੈਨ ਨਾਲ ਮਿਲ ਕੇ ਲਿਖੀ ਹੈ। ਕਈ ਸਾਲਾਂ ਤੱਕ ਲੋਕਾਂ ਦੀਆਂ ਨਜ਼ਰਾਂ ਤੋਂ ਦੂਰ ਰਹਿਣ ਤੋਂ ਬਾਅਦ ਮਰਕੇਲ ਨੇ ਕਈ ਮੀਡੀਆ ਅਦਾਰਿਆਂ ਨੂੰ ਇੰਟਰਵਿਊ ਦਿੱਤੇ ਹਨ। ਇਸ ਵਿੱਚ ਉਸਨੇ ਕਮਿਊਨਿਸਟ ਪੂਰਬੀ ਜਰਮਨੀ ਵਿੱਚ ਆਪਣੇ ਬਚਪਨ ਦੇ ਦਿਨਾਂ ਦੇ ਨਾਲ-ਨਾਲ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਅਤੇ ਡੋਨਾਲਡ ਟਰੰਪ ਨਾਲ ਤਿੱਖੇ ਟਕਰਾਅ ਦਾ ਜ਼ਿਕਰ ਕੀਤਾ ਹੈ। ਜੋ ਕਿ, ਮਾਰਕੇਲ ਦੇ ਅਨੁਸਾਰ, "ਅਜਿਹੇ ਰਾਜਨੇਤਾਵਾਂ ਦੇ ਸ਼ਿਕੰਜੇ ਵਿੱਚ ਸੀ, ਜਿਨ੍ਹਾਂ ਦੀ ਪ੍ਰਵਿਰਤੀ ਨਿਰਕੁੰਸ਼ ਅਤੇ ਤਾਨਾਸ਼ਾਹੀ ਸੀ।"

ਆਪਣੀ ਸੰਸਕਰਨ ਵਿੱਚ, ਮਰਕੇਲ ਨੇ ਆਪਣੇ ਵਿਚਾਰਾਂ ਅਤੇ ਕੰਮਾਂ ਬਾਰੇ ਖੁੱਲ੍ਹ ਕੇ ਗੱਲ ਕੀਤੀ ਹੈ। ਇਨ੍ਹਾਂ ਵਿੱਚ 2015 ਵਿੱਚ ਵੱਡੀ ਗਿਣਤੀ ਵਿੱਚ ਸ਼ਰਨਾਰਥੀਆਂ ਨੂੰ ਆਉਣ ਦੀ ਇਜਾਜ਼ਤ ਦੇਣਾ ਵੀ ਸ਼ਾਮਲ ਹੈ। ਇਸ ਘਟਨਾ ਨੇ ਉਸ ਦੀ ਅਗਵਾਈ ਦੇ ਆਖਰੀ ਸਾਲਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ ਹੈ।

ਆਲੋਚਕਾਂ ਨੇ ਮਾਰਕੇਲ ਉਪਰ ਸ਼ਰਨਾਰਥੀਆਂ ਬਾਰੇ ਖੁੱਲੇ ਨੀਤੀ ਨਾਲ ਸਵਾਗਤ ਕਰਨ ਦਾ ਦੋਸ਼ ਲਗਾਉਂਦਿਆਂ ਹੋਇਆਂ ਜਰਮਨੀ ਵਿੱਚ ਕਟੜ-ਸੱਜੇ ਪਾਰਟੀ ਅਲਟਰਨੇਟਿਵ ਫਾਰ ਜਰਮਨੀ (ਏਐਫਡੀ) ਦੇ ਉਭਾਰ ਲਈ ਦੋਸ਼ੀ ਠਹਿਰਾਇਆ । ਉਸ ਸਮੇਂ ਮਰਕੇਲ ਨੇ ਸੀਰੀਆ ਤੋਂ ਆਏ ਸ਼ਰਨਾਰਥੀਆਂ ਨਾਲ ਸੈਲਫੀ ਲਈ ਸੀ। ਉਹ ਕਹਿੰਦੀ ਹੈ ਕਿ ਉਹ "ਅਜੇ ਵੀ ਇਹ ਨਹੀਂ ਸਮਝਦੀ ਕਿ ਲੋਕਾਂ ਨੇ ਇਹ ਕਿਵੇਂ ਮੰਨਿਆ ਕਿ ਇੱਕ ਤਸਵੀਰ ਵਿੱਚ ਇੱਕ ਦੋਸਤਾਨਾ ਚਿਹਰਾ ਲੱਖਾਂ ਲੋਕਾਂ ਨੂੰ ਆਪਣੇ ਘਰ ਛੱਡਕੇ ਭੱਜਣ ਲਈ ਉਤਸ਼ਾਹਿਤ ਕਰੇਗਾ।"

ਮਾਰਕੇਲ ਨੇ ਮੰਨਿਆ, "ਯੂਰਪ ਨੂੰ ਹਮੇਸ਼ਾ ਆਪਣੀਆਂ ਬਾਹਰੀ ਸਰਹੱਦਾਂ ਦੀ ਰੱਖਿਆ ਕਰਨੀ ਚਾਹੀਦੀ ਹੈ।" ਹਾਲਾਂਕਿ, ਉਹ ਜ਼ੋਰ ਦੇ ਕੇ ਕਹਿੰਦੀ ਹੈ, "ਖੁਸ਼ਹਾਲੀ ਅਤੇ ਕਾਨੂੰਨ ਦਾ ਰਾਜ ਹਮੇਸ਼ਾ ਜਰਮਨੀ ਅਤੇ ਯੂਰਪ ਨੂੰ ਇੱਕ ਅਜਿਹੀ ਜਗ੍ਹਾ ਬਣਾਏਗਾ ... ਜਿੱਥੇ ਲੋਕ ਜਾਣਾ ਚਾਹੁੰਦੇ ਹਨ।"

ਇਸ ਦੇ ਨਾਲ, ਉਸਨੇ ਕਿਤਾਬ ਦੇ ਫਰਾਂਸੀਸੀ ਐਡੀਸ਼ਨ ਵਿੱਚ ਲਿਖਿਆ ਹੈ ਕਿ "ਜਰਮਨੀ ਦੀ ਤੇਜ਼ੀ ਨਾਲ ਬੁੱਢੀ ਆਬਾਦੀ ਕਰਮਚਾਰੀਆਂ ਦੀ ਘਾਟ ਪੈਦਾ ਕਰ ਰਹੀ ਹੈ ਅਤੇ ਕਾਨੂੰਨੀ ਪ੍ਰਵਾਸ ਨੂੰ ਜ਼ਰੂਰੀ ਬਣਾ ਰਹੀ ਹੈ।"

### ਪੁਤਿਨ ਅਤੇ ਰੂਸ ਨਾਲ ਸਬੰਧ

ਮਰਕੇਲ ਰੂਸੀ ਵੀ ਬੋਲਦੀ ਹੈ ਅਤੇ ਪੁਤਿਨ ਜਰਮਨ ਬੋਲਦਾ ਹੈ। ਉਸਨੇ ਪੁਤਿਨ ਨਾਲ ਆਪਣੇ ਸਾਲਾਂ ਤਕ ਨਿਭਾਏ ਰਿਸ਼ਤੇ ਦਾ ਵੀ ਬਚਾਅ ਕੀਤਾ ਹੈ। ਸਾਬਕਾ ਕੇਜੀਬੀ ਏਜੰਟ ਪੁਤਿਨ ਇੱਕ ਵਾਰ ਮਾਰਕੇਲ ਨਾਲ ਮੁਲਾਕਾਤ ਦੌਰਾਨ ਆਪਣੇ ਲੈਬਰਾਡੋਰ ਕੁੱਤੇ ਨੂੰ ਲੈ ਕੇ ਆਇਆ ਸੀ ਅਤੇ ਉਹ ਜਾਣਦਾ ਸੀ ਕਿ ਮਾਰਕਲ ਕੁੱਤਿਆਂ ਤੋਂ ਡਰਦੀ ਸੀ।

ਮਾਰਕੇਲ ਨੇ ਰੂਸੀ ਨੇਤਾ ਬਾਰੇ ਲਿਖਿਆ ਕਿ ਇੱਕ ਵਿਅਕਤੀ ਜਿਸਦੀ ਨਿਰੰਤਰ ਤਲਾਸ਼ ਰਹੀ ਹੈ, ਜੋ ਆਪਣੇ ਨਾਲ ਦੁਰਵਿਵਹਾਰ ਦੀ ਸ਼ੰਕਾ ਤੋਂ ਡਰਿਆ ਹੋਇਆ ਹੈ ਅਤੇ ਹਮੇਸ਼ਾ ਹਮਲਾ ਕਰਨ ਲਈ ਤਿਆਰ ਰਹਿੰਦਾ ਹੈ, ਜਿਸ ਵਿੱਚ ਇੱਕ ਕੁੱਤੇ ਨਾਲ ਆਪਣੀ ਤਾਕਤ ਦਾ ਪ੍ਰਦਰਸ਼ਨ ਕਰਨਾ ਅਤੇ ਦੂਜਿਆਂ ਨੂੰ ਉਡੀਕਣਾ ਵੀ ਸ਼ਾਮਲ ਹੈ। ਹਾਲਾਂਕਿ, ਉਸਨੇ ਇਹ ਵੀ ਲਿਖਿਆ ਕਿ "ਸਾਰੀਆਂ ਮੁਸ਼ਕਲਾਂ ਦੇ ਬਾਵਜੂਦ", ਉਹ ਸਹੀ ਸੀ ਕਿ ਉਸਨੇ ਰੂਸ ਨਾਲ ਸਬੰਧਾਂ ਨੂੰ ਟੁੱਟਣ ਨਹੀਂ ਦਿੱਤਾ... ਅਤੇ ਵਪਾਰਕ ਸਬੰਧਾਂ ਰਾਹੀਂ ਸਮਝੌਤਿਆਂ ਨੂੰ ਬਚਾਉਣ ਵਿੱਚ ਸਫਲ ਰਹੀ। ਮਰਕੇਲ ਨੇ ਦਲੀਲ ਦਿੱਤੀ ਹੈ ਕਿ ਇਹ ਸੱਚ ਹੈ ਕਿ, "ਸੰਯੁਕਤ ਰਾਜ ਅਮਰੀਕਾ ਦੇ ਨਾਲ, ਰੂਸ ਦੁਨੀਆ ਦੀਆਂ ਦੋ ਸਭ ਤੋਂ ਪ੍ਰਮੁੱਖ ਪ੍ਰਮਾਣੂ ਸ਼ਕਤੀਆਂ ਵਿੱਚੋਂ ਇੱਕ ਹੈ।"

ਮਰਕੇਲ ਨੇ ਯੂਕਰੇਨ ਦੇ ਨਾਟੋ ਵਿੱਚ ਸ਼ਾਮਲ ਹੋਣ ਦੇ ਆਪਣੇ ਵਿਰੋਧ ਨੂੰ ਵੀ ਜਾਇਜ਼ ਠਹਿਰਾਇਆ ਹੈ। ਮਰਕੇਲ ਨੇ 2008 ਵਿੱਚ ਬੁਖਾਰਾ ਕਾਨਫਰੰਸ ਵਿੱਚ ਇਸ ਪ੍ਰਸਤਾਵ ਦਾ ਵਿਰੋਧ ਕੀਤਾ ਸੀ। ਉਸ ਦਾ ਕਹਿਣਾ ਹੈ ਕਿ ਇਹ ਵਿਚਾਰ ਕਿ ਨਾਟੋ ਦੀ ਉਮੀਦਵਾਰੀ ਯੂਕਰੇਨ ਨੂੰ ਪੁਤਿਨ ਦੇ ਹਮਲੇ ਤੋਂ ਬਚਾਏਗੀ, ਇਹ ਨੀਤੀ ਗਲਤ ਤੇ ਖਤਰਨਾਕ ਹੈ। ਇਹ ਵਿਸ਼ਵ ਜੰਗ ਦਾ ਅਖਾੜਾ ਸਿਰਜੇਗੀ।

# ਜਸਲੀਨ ਕੌਰ ਨੇ ਯੂਕੇ ਦਾ ਵੱਕਾਰੀ ਟਰਨਰ ਪੁਰਸਕਾਰ ਜਿੱਤ ਕੇ ਵਧਾਇਆ ਭਾਈਚਾਰੇ ਦਾ ਮਾਣ-ਸਨਮਾਨ ਵਜੋਂ ਮਿਲੇਗੀ 25000 ਪੌਂਡ ਦੀ ਰਾਸ਼ੀ



ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ) ਸਕਾਟਲੈਂਡ ਵਸਦੇ ਸਿੱਖ ਭਾਈਚਾਰੇ ਦੇ ਮਾਣ ਵਿੱਚ ਗਲਾਸਗੋ ਵਿੱਚ ਜੰਮੀ ਕਲਾਕਾਰ ਕੁੜੀ ਜਸਲੀਨ ਕੌਰ ਨੇ ਬਰਤਾਨੀਆ ਦਾ ਵੱਕਾਰੀ ਟਰਨਰ ਪੁਰਸਕਾਰ 2024 ਜਿੱਤ ਕੇ ਵਾਧਾ ਕੀਤਾ ਹੈ। ਜਸਲੀਨ ਕੌਰ ਦੀਆਂ ਰਚਨਾਵਾਂ ਸਕਾਟਲੈਂਡ ਦੇ ਸਿੱਖ ਭਾਈਚਾਰੇ ਵਿੱਚ ਰਹਿੰਦਿਆਂ ਉਸ ਦੇ ਜੀਵਨ ਤੋਂ ਪ੍ਰੇਰਿਤ ਹਨ।

ਜਸਲੀਨ ਕੌਰ ਨੇ ਮੰਗਲਵਾਰ ਰਾਤ ਲੰਡਨ ਵਿੱਚ ਟੈਟ ਬ੍ਰਿਟੇਨ ਵਿੱਚ ਇੱਕ ਸਮਾਰੋਹ ਵਿੱਚ ਆਪਣੀ ਇਕੱਲੀ ਪ੍ਰਦਰਸ਼ਨੀ 'ਅਲਟਰ ਅਲਟਰ' ਲਈ 25,000 ਪੌਂਡ ਦਾ ਇਨਾਮ ਜਿੱਤਿਆ ਹੈ। ਉਸ ਦੀ ਪ੍ਰਦਰਸ਼ਨੀ ਵਿੱਚ ਇਕੱਠੀਆਂ ਕੀਤੀਆਂ ਅਤੇ ਦੁਬਾਰਾ ਬਣਾਈਆਂ ਗਈਆਂ ਵਸਤੂਆਂ ਦੀਆਂ ਮੂਰਤੀਆਂ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਹਰੇਕ ਨੂੰ ਕਲਾਕਾਰ ਦੀ ਆਪਣੀ ਪੇਸ਼ਕਾਰੀ ਨਾਲ ਜੁੜੀ ਇਮਰਸਿਵ ਧੁਨੀ ਅਤੇ ਸੰਗੀਤਕ ਰਚਨਾਇੱਕ ਦੁਆਰਾ ਐਨੀਮੇਟ ਕੀਤਾ ਗਿਆ ਹੈ। ਟਰਨਰ ਪ੍ਰਾਈਜ਼ ਜਿਊਰੀ ਨੇ ਕਿਹਾ ਕਿ ਉਨ੍ਹਾਂ ਨੇ ਰੋਜ਼ਾਨਾ ਦੀਆਂ ਵਸਤੂਆਂ 'ਤੇ ਪ੍ਰਤੀਬਿੰਬਾਂ ਲਈ ਜਸਲੀਨ ਕੌਰ ਨੂੰ ਜੇਤੂ ਵਜੋਂ ਚੁਣਿਆ ਹੈ।

• ਸਨਮਾਨ ਜਿੱਤਣ 'ਤੇ ਜਸਲੀਨ ਕੌਰ ਨੇ ਕਿਹਾ, "ਮੈਨੂੰ ਅੱਜ ਸਥਾਨਕ ਸਿੱਖ ਭਾਈਚਾਰੇ ਦੇ ਲੋਕਾਂ ਅਤੇ ਉਨ੍ਹਾਂ ਲੋਕਾਂ ਤੋਂ ਬਹੁਤ ਸਾਰੇ ਸੰਦੇਸ਼ ਮਿਲੇ ਹਨ ਜਿਨ੍ਹਾਂ ਨਾਲ ਵਿਚਰਦਿਆਂ ਮੈਂ ਵੱਡੀ ਹੋਈ ਹਾਂ। ਮੈਂ ਉਨ੍ਹਾਂ ਸਾਰਿਆਂ ਦੀ ਨੁਮਾਇੰਦਗੀ ਕਰਨ ਲਈ ਤਿਆਰ ਹਾਂ।" ਉਸਦੀ ਪ੍ਰਦਰਸ਼ਨੀ ਤਿੰਨ ਹੋਰ ਸ਼ਾਰਟਲਿਸਟ ਕੀਤੇ ਕਲਾਕਾਰਾਂ ਦੇ ਨਾਲ, ਜਿਨ੍ਹਾਂ ਵਿਚੋਂ ਹਰ ਇੱਕ ਨੇ 10,000 ਪੌਂਡ ਜਿੱਤਿਆ, ਥੇਮਜ਼ ਨਦੀ ਦੇ ਕੰਢੇ ਟੈਟ ਬ੍ਰਿਟੇਨ ਮਿਊਜ਼ੀਅਮ ਵਿੱਚ ਫਰਵਰੀ 2025 ਦੇ ਅੱਧ ਤੱਕ ਪ੍ਰਦਰਸ਼ਿਤ ਕੀਤੀ ਜਾਵੇਗੀ।

1984 ਵਿੱਚ ਸਥਾਪਿਤ ਇਸ ਇਨਾਮ ਦਾ ਨਾਮ ਚਿੱਤਰਕਾਰ ਜੇ ਐੱਮ ਡਬਲਿਊ ਟਰਨਰ (1775-1851) ਦੇ ਨਾਮ 'ਤੇ ਰੱਖਿਆ ਗਿਆ ਹੈ ਅਤੇ ਹਰ ਸਾਲ ਇੱਕ ਬ੍ਰਿਟਿਸ਼ ਕਲਾਕਾਰ ਨੂੰ ਇੱਕ ਸ਼ਾਨਦਾਰ ਪ੍ਰਦਰਸ਼ਨੀ ਜਾਂ ਉਨ੍ਹਾਂ ਦੇ ਕੰਮ ਦੀ ਹੋਰ ਪੇਸ਼ਕਾਰੀ ਲਈ ਦਿੱਤਾ ਜਾਂਦਾ ਹੈ। ਬ੍ਰਿਟਿਸ਼ ਭਾਰਤੀ ਮੂਰਤੀਕਾਰ ਅਨੀਸ਼ ਕਪੂਰ ਇਸਦੇ ਪਿਛਲੇ ਜੇਤੂਆਂ ਵਿੱਚ ਸ਼ਾਮਲ ਹਨ।

## ਸੰਖੇਪ ਖਬਰਾਂ

*ਟਰੂਡੋ ਸਰਕਾਰ ਵਿਰੁੱਧ ਬੇਵਿਸਾਹੀ ਮਤੇ ਦੀ ਹਮਾਇਤ ਨਹੀਂ ਕਰੇਗੀ ਐਨ.ਡੀ.ਪੀ.

*ਜਿਸ ਨੇ ਸੁਖਬੀਰ ਬਾਦਲ 'ਤੇ ਗੋਲੀ ਚਲਾਈ ਉਹ ਮੈਨੂੰ ਵੀ ਮਾਰਨਾ ਚਾਹੁੰਦਾ ਸੀ: ਬਿਟੂ

*ਅਮਰੀਕਾ ਵਿਚ 'ਥੈਂਕਸਗਿਵਿੰਗ ਦਿਵਸ' ਮੌਕੇ ਸਿੱਖ ਸੰਸਥਾ ਨੇ 5 ਰਾਜਾਂ ਵਿਚ ਲੋੜਵੰਦਾਂ ਨੂੰ ਛਕਾਇਆ ਲੰਗਰ

*ਦੱਖਣੀ ਕੋਰੀਆ ਚ ਐਮਰਜੈਂਸੀ ਮਾਰਸ਼ਲ ਲਾਅ ਦਾ ਐਲਾਨ

*ਬੰਗਲਾਦੇਸ਼ ਚ ਹਿੰਦੂਆਂ ਤੇ ਹਮਲਿਆਂ ਤੋਂ ਯੂਕੇ ਸੰਸਦ ਮੈਂਬਰ ਫ਼ਿਕਰਮੰਦ


*ਦਿੱਲੀ ਵਿਚ ਪ੍ਰਦਰਸ਼ਨ ਕਰਨ ਲਈ ਦਿੱਲੀ ਪੁਲੀਸ ਤੋਂ ਮਨਜ਼ੂਰੀ ਲੈਣ ਕਿਸਾਨ: ਡਿਪਟੀ ਕਮਿਸ਼ਨਰ

## ਸ੍ਰੀ ਦਰਬਾਰ ਸਾਹਿਬ ਬਾਹਰ ਸੁਖਬੀਰ ਬਾਦਲ ਤੇ ਹਮਲੇ ਦੀ ਘਟਨਾ ਦੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੀਤੀ ਨਿੰਦਾ

ਸ੍ਰੀ ਦਰਬਾਰ ਸਾਹਿਬ ਵਿਖੇ ਸੁਖਬੀਰ ਸਿੰਘ ਬਾਦਲ ਤੇ ਅੱਜ ਹੋਈ ਫਾਇਰਿੰਗ ਦੀ ਘਟਨਾ ਦੀ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਨਿੰਦਾ ਕੀਤੀ ਹੈ। ਸਿੰਘ ਸਾਹਿਬ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਬਾਹਰ ਗੋਲੀ ਚੱਲਣਾ ਬੇਹੱਦ ਮੰਦਭਾਗਾ ਹੈ। ਸੁਖਬੀਰ ਬਾਦਲ ਤੇ ਫੈਸਲਾ ਗੁਰੂ ਦੀ ਰਜ਼ਾ ਚ ਰਹਿ ਕੇ ਲਿਆ ਗਿਆ ਸੀ। ਅਜਿਹੇ ਪਾਵਨ ਸਥਾਨ ਤੇ ਹਮਲੇ ਵਰਗੀ ਘਟਨਾ ਵਾਪਰਨਾ ਬਹੁਤ ਦੁਖਦਾਈ ਅਤੇ ਨਿੰਦਣਯੋਗ ਹੈ ਜੋ ਨਹੀਂ ਹੋਣੀ ਚਾਹੀਦੀ ਸੀ।

## ਇੰਸਟਾਗ੍ਰਾਮ 'ਤੇ ਕੁੜੀ ਨਾਲ ਕੀਤੀ ਦੋਸਤੀ, ਮਗਰੋਂ ਕੁੜੀ ਨੇ ਕਰਵਾ ਦਿੱਤਾ ਕਤਲ

### ✪ ਪੁਲਸ ਵਲੋਂ ਪ੍ਰੇਮਿਕਾ ਸਮੇਤ 6 ਲੋਕਾਂ ਖ਼ਿਲਾਫ ਪਰਚਾ ਦਰਜ



ਤਰਨਤਾਰਨ-ਜ਼ਿਲ੍ਹਾ ਤਰਨਤਾਰਨ ਵਿਖੇ ਇਕ ਨੌਜਵਾਨ ਦਾ ਮਹਿਲਾ ਨਾਲ ਦੋਸਤੀ ਨੂੰ ਲੈ ਕੇ ਕਤਲ ਹੋਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਮਿਲੀ ਜਾਣਕਾਰੀ ਮੁਤਾਬਕ ਨੌਜਵਾਨ ਨੂੰ ਪਹਿਲਾਂ ਕਿਡਨੈਪ ਕੀਤਾ ਗਿਆ ਅਤੇ ਫਿਰ ਉਸ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ ਗਈ ਜਿਸ ਕਾਰਣ ਉਸ ਦੀ ਮੌਤ ਹੋ ਗਈ। ਮੁਲਜ਼ਮ ਬੇਹੱਦ ਗੰਭੀਰ ਹਾਲਤ ਵਿਚ ਨੌਜਵਾਨ ਨੂੰ ਜ਼ੀਰਾ ਸ਼ਹਿਰ ਦੀ ਸੜਕ ਦੇ ਕਿਨਾਰੇ 'ਤੇ ਸੁੱਟ ਕੇ ਫਰਾਰ ਹੋ ਗਏ। ਇਲਾਜ ਦੌਰਾਨ ਨੌਜਵਾਨ ਦਮ ਤੋੜ ਗਿਆ। ਮ੍ਰਿਤਕ ਦੀ ਪਛਾਣ ਜਗਜੀਤ ਸਿੰਘ ਸਰਹਾਲੀ ਕਲਾ ਵਜੋਂ ਹੋਈ ਹੈ। ਜਗਜੀਤ ਵਿਆਹਿਆ ਸੀ ਅਤੇ ਆਪਣੇ ਪਿੱਛੇ ਪਤਨੀ ਅਤੇ ਢਾਈ ਸਾਲ ਦੀ ਬੇਟੀ ਨੂੰ ਛੱਡ ਗਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਜਗਜੀਤ ਸਿੰਘ ਇਕ ਰੈਸਟੋਰੈਂਟ ਵਿਚ ਕੰਮ ਕਰਦਾ ਸੀ। ਇਸ ਦੌਰਾਨ ਜਗਜੀਤ ਦੀ ਮਾਨਸਾ ਦੀ ਰਹਿਣ ਵਾਲੀ ਇਕ ਮਹਿਲਾ ਨਾਲ ਇੰਸਟਾਗ੍ਰਾਮ 'ਤੇ ਦੋਸਤੀ ਹੋ ਗਈ। ਇਸੇ ਦੇ ਚੱਲਦੇ ਨੌਜਵਾਨ ਦਾ ਕਤਲ ਕੀਤਾ ਗਿਆ। ਦੂਜੇ ਪਾਸੇ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਮਹਿਲਾ ਦੋਸਤ ਸਮੇਤ 6 ਲੋਕਾਂ ਖ਼ਿਲਾਫ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।


## CHANGE OF NAME

Please one tick box

☐ £30 Print in UK only

☐ £60 Print UK & India

☐ £80 Print UK & India (Express)

NOTE: Please allow 28 days for publication in India

I MR / MRS / MISS ____

SON / DAUGHTER / WIFE OF MR ____

WHOSE PERMANENT ADDRESS IN INDIA IS ____

AND IS NOW LIVING AT ____

____ HEREBY GIVE NOTICE OF MY INTENTION

TO CHANGE MY NAME TO ____

TEL ____

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

TO PAY BY CREDIT CARD TEL: 01332-372851

Account Name: Punjab Times Trust Ltd

Account No: 20853011 Sort Code: 20-25-85


## CHANGE OF NAME

I, RAMANJIT KAUR SAHOTA W/O SH. JASKARAN SIDHU WHOSE PERMANANT ADDRESS IN INDIA IS, VILL: MOHANWAL, P.O & TEHSIL: GARHSHANKAR, DISTT. HOSHIARPUR, PUNJAB, AND IS NOW LIVING AT 121 BEDFORD AVENUE, HAYES, MIDDLESEX, LONDON, UB4 0DU, U.K. HEREBY GIVE NOTICE OF MY INTENTION TO CHANGE MY NAME AFTER MARRIAGE TO RAMANJIT KAUR SIDHU. PLEASE ALL CONCERN NOTE. (U)

I, SIMRAN D/O MR. SUKHVIR SINGH WHOSE PERMANANT ADDRESS IN INDIA IS, VPO: GURRA VIA SARIH, TEH: NAKODAR, DISTT: JALANDHAR, PUNJAB, AND IS NOW LIVING AT 112 LOWBRIDGE WALK, BILSTON, WV14 6BJ, ENGLAND, U.K. HEREBY GIVE NOTICE OF MY INTENTION TO CHANGE MY NAME TO MRS. SIMRAN KAUR. (U)

# ਗਰਭਵਤੀ ਔਰਤਾਂ ਲਈ ਲਾਹੇਵੰਦ ਹੈ 'ਮੱਕੀ' ਦੀ ਰੋਟੀ

ਮੱਕੀ 'ਚ ਭਰਪੂਰ ਮਾਤਰਾ 'ਚ ਆਇਰਨ ਪਾਇਆ ਜਾਂਦਾ ਹੈ, ਜੋ ਸਰੀਰ 'ਚ ਅਨੀਮੀਆ ਨੂੰ ਦੂਰ ਕਰਨ 'ਚ ਮਦਦਗਾਰ ਹੁੰਦਾ ਹੈ। ਇਹ ਖਾਸ ਤੌਰ 'ਤੇ ਗਰਭਵਤੀ ਔਰਤਾਂ ਲਈ ਫਾਇਦੇਮੰਦ ਹੈ, ਕਿਉਂਕਿ ਇਸ ਦੌਰਾਨ ਔਰਤਾਂ 'ਚ ਆਇਰਨ ਦੀ ਜ਼ਰੂਰਤ ਵਧ ਜਾਂਦੀ ਹੈ। ਆਇਰਨ ਨਾਲ ਭਰਪੂਰ ਮੱਕੀ ਦੀ ਰੋਟੀ ਅਨੀਮੀਆ ਵਰਗੀਆਂ ਸਮੱਸਿਆਵਾਂ ਨੂੰ ਦੂਰ ਕਰਨ 'ਚ ਵੀ ਮਦਦਗਾਰ ਹੈ। ਮੱਕੀ ਦੀ ਰੋਟੀ ਵਿੱਚ ਵਿਟਾਮਿਨ ਬੀ ਪਾਇਆ ਜਾਂਦਾ ਹੈ, ਜੋ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ ਵਿੱਚ ਮਦਦਗਾਰ ਹੁੰਦਾ ਹੈ। ਹਾਈ ਬਲੱਡ ਪ੍ਰੈਸ਼ਰ ਤੋਂ ਪੀੜਤ ਲੋਕਾਂ ਨੂੰ ਆਪਣੀ ਰੋਜ਼ਾਨਾ ਖੁਰਾਕ ਵਿੱਚ ਮੱਕੀ ਦੀ ਰੋਟੀ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਇਸ 'ਚ ਵਿਟਾਮਿਨ ਏ ਮੌਜੂਦ ਹੁੰਦਾ ਹੈ, ਜੋ ਅੱਖਾਂ ਨੂੰ ਸਿਹਤਮੰਦ ਰੱਖਦਾ ਹੈ। ਇਹ ਅੱਖਾਂ ਦੀ ਦੇਖਣ ਦੀ ਸਮਰੱਥਾ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ ਇਹ ਅੱਖਾਂ 'ਚ ਹੋਣ ਵਾਲੀਆਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਨੂੰ ਰੋਕਦਾ ਹੈ। ਇਸ 'ਚ ਮੌਜੂਦ ਮੈਗਨੀਸ਼ੀਅਮ, ਜ਼ਿੰਕ, ਆਇਰਨ ਅਤੇ ਫਾਸਫੋਰਸ ਵਰਗੇ ਤੱਤ ਹੱਡੀਆਂ ਨੂੰ ਮਜ਼ਬੂਤ ਬਣਾਉਂਦੇ ਹਨ। ਇਹ ਬੁਢਾਪੇ ਵਿੱਚ ਹੱਡੀਆਂ ਦੀਆਂ ਸਮੱਸਿਆਵਾਂ ਨੂੰ ਘੱਟ ਕਰਦਾ ਹੈ। ਇਹ ਗਰਭਵਤੀ ਔਰਤਾਂ ਲਈ ਮਹੱਤਵਪੂਰਨ ਹੈ। ਕਿਉਂਕਿ ਇਸ ਸਮੇਂ ਹੱਡੀਆਂ 'ਤੇ ਜ਼ਿਆਦਾ ਦਬਾਅ ਪੈਂਦਾ ਹੈ।

# ਮੋਟਾਪੇ ਕਾਰਣ ਕਿਵੇਂ ਵੱਧਦੈ ਟਾਈਪ-2 ਡਾਇਬਟੀਜ਼ ਦਾ ਖ਼ਤਰਾ?

## ✪ ਅਮਰੀਕੀ ਵਿਗਿਆਨੀਆਂ ਨੇ ਦਿੱਤੀ ਜਾਣਕਾਰੀ




ਵਾਸ਼ਿੰਗਟਨ-ਵਿਗਿਆਨੀਆਂ ਨੇ ਇਸ ਗੱਲ ਦਾ ਪਤਾ ਲਾਇਆ ਹੈ ਕਿ ਮੋਟਾਪੇ ਨਾਲ ਕਿਵੇਂ ਟਾਈਪ-2 ਡਾਇਬਟੀਜ਼ ਦਾ ਖ਼ਤਰਾ ਵੱਧ ਜਾਂਦਾ ਹੈ। ਖੋਜ ਦੇ ਸਿੱਟੇ ਸੈੱਲ ਰਿਪੋਰਟਸ ਵਿਚ ਪ੍ਰਕਾਸ਼ਿਤ ਹੋਏ ਹਨ। ਅਮਰੀਕੀ ਖੋਜੀਆਂ ਨੇ ਦਾਅਵਾ ਕੀਤਾ ਹੈ ਕਿ ਇਸ ਨਾਲ ਟਾਈਪ-2 ਡਾਇਬਟੀਜ਼ ਤੇ ਹੋਰਨਾਂ ਕ੍ਰੌਨਿਕ ਬਿਮਾਰੀਆਂ ਦੇ ਇਲਾਜ ਵਿਚ ਸਹੂਲਤ ਮਿਲੇਗੀ।

ਯੂਨੀਵਰਸਿਟੀ ਆਫ ਕੈਲੀਫੋਰਨੀਆ ਲਾਸ ਏਂਜਲਸ ਦੀ ਖੋਜੀਆਂ ਦੀ ਟੀਮ ਨੇ ਦਿਖਾਇਆ ਕਿ ਮੋਟਾਪਾ ਸਰੀਰ ਵਿਚ ਅਹਿਮ ਸੈਲੂਲਰ ਬਿਲਡਿੰਗ ਬਲਾਕ ਰਾਇਬੋਸੋਮਲ ਫੈਕਟਰ ਦਾ ਉਤਪਾਦਨ ਕਰਨ 'ਚ ਮੁਸ਼ਕਲ ਪੈਦਾ ਕਰਦਾ ਹੈ। ਬਿਨਾਂ ਲੁੜੀਂਦੇ ਰਾਇਬੋਸੋਮਲ ਦੇ ਚਰਬੀ ਸਟੈੱਮ ਕੋਸ਼ਿਕਾਵਾਂ ਕਿਰਿਆਸ਼ੀਲ ਚਰਬੀ ਕੋਸ਼ਿਕਾਵਾਂ ਦਾ ਨਿਰਮਾਣ ਨਹੀਂ ਕਰ ਸਕਦੀਆਂ। ਇਸ ਤਰ੍ਹਾਂ ਉਨ੍ਹਾਂ ਦੀ ਊਰਜਾ ਫਸ ਜਾਂਦੀ ਹੈ, ਜੋ ਵੱਧ ਕੇ ਡਾਇਬਟੀਜ਼ ਦੇ ਵਿਕਾਸ 'ਚ ਅਹਿਮ ਭੂਮਿਕਾ ਨਿਭਾਉਂਦੀ ਹੈ। ਯੂਸੀਐੱਲਏ ਦੇ ਇੰਟੀਗ੍ਰੇਟਿਵ ਬਾਇਓਲੌਜੀ ਐਂਡ ਸਾਈਕੋਲੌਜੀ 'ਚ ਐਸੋਸੀਏਟ ਪ੍ਰੋਫੈਸਰ ਡਾ. ਕਲਾਡੀਓ ਵਿਲੈਨੁਆ ਨੇ ਕਿਹਾ ਕਿ ਹਾਲਾਂਕਿ ਚਰਬੀ ਵਾਲੇ ਟਿਸ਼ੂਜ਼ ਨੂੰ ਲੰਬੇ ਸਮੇਂ ਤੋਂ ਕਾਰਨ ਦੱਸਿਆ ਜਾ ਰਿਹਾ ਹੈ, ਜਦਕਿ ਇਹ ਅਸਲ 'ਚ ਗਲੂਕੋਜ਼ ਦੇ ਸੋਖਣ ਨੂੰ ਆਮ ਬਣਾਏ ਰੱਖਦਾ ਹੈ।

ਡਾ. ਵਿਲੈਨੁਆ ਨੇ ਕਿਹਾ ਕਿ ਚਰਬੀ ਵਾਲੇ ਟਿਸ਼ੂਜ਼ ਖਾਣੇ ਤੋਂ ਊਰਜਾ ਇਕੱਠੀ ਕਰਦੇ ਹਨ। ਇਸ ਤਰ੍ਹਾਂ ਇਨ੍ਹਾਂ ਦੇ ਠੀਕ ਨਾਲ ਕੰਮ ਨਾ ਕਰਨ ਕਾਰਨ ਵਧੇਰੇ ਊਰਜਾ ਹੋਰਨਾਂ ਅੰਗਾਂ ਵਿਚ ਜਾਣ ਲੱਗਦੀ ਹੈ। ਇਹ ਲਿਵਰ 'ਚ ਜਾ ਕੇ ਫੈਟੀ ਲਿਵਰ ਰੋਗ ਤੇ ਦਿਲ 'ਚ ਐਥੇਰੋਸਕਲੋਰੋਸਿਸ ਜਾਂ ਸਟਰੋਕ ਦਾ ਕਾਰਨ ਬਣਦੀ ਹੈ। ਖੋਜੀਆਂ ਦੀ ਟੀਮ ਨੇ ਆਪਣੇ ਅਧਿਐਨ 'ਚ ਮੋਟੇ ਤੇ ਡਾਇਬਟਿਕ ਚੂਹਿਆਂ ਨੂੰ ਸ਼ਾਮਲ ਕੀਤਾ। ਇਨ੍ਹਾਂ ਚੂਹਿਆਂ ਵਿਚ ਚਰਬੀ ਦੇ ਟਿਸ਼ੂਜ਼ ਪਤਲੇ ਚੂਹਿਆਂ ਦੇ ਮੁਕਾਬਲੇ ਚਾਰ ਤੋਂ ਪੰਜ ਗੁਣਾ ਵੱਡੀ ਪਾਈ ਗਈ। ਖੋਜੀਆਂ ਦੀ ਟੀਮ ਨੇ ਉਨ੍ਹਾਂ ਨੂੰ ਰੋਸਿਗਲਿਟੇਜ਼ੋਨ ਦਿੱਤਾ ਤੇ ਇਸਦਾ ਨਤੀਜਾ ਰਿਹਾ ਕਿ ਇਨ੍ਹਾਂ ਦਾ ਰਾਇਬੋਸੋਮਲ ਕਾਰਕ ਵੱਧ ਕੇ ਆਮ ਪੱਧਰ 'ਤੇ ਆ ਗਿਆ। ਇਸ ਤਰ੍ਹਾਂ ਚੂਹਿਆਂ 'ਚ ਚਰਬੀ ਟਿਸ਼ੂਜ਼ ਸਹੀ ਢੰਗ ਨਾਲ ਕੰਮ ਕਰਨ ਦੇ ਨਾਲ ਊਰਜਾ ਇਕੱਠੀ ਕਰਨ ਲੱਗੇ। ਇਹ ਹਾਰਮੋਨ ਵੀ ਪੈਦਾ ਕਰਦੇ ਹਨ ਤੇ ਸੋਖਣ 'ਚ ਭੂਮਿਕਾ ਨਿਭਾਉਂਦੇ ਹਨ। ਵਿਗਿਆਨੀਆਂ ਨੇ ਪਾਇਆ ਕਿ ਦਵਾਈ ਲੈਣ ਤੋਂ ਬਾਅਦ ਚੂਹੇ ਮੋਟੇ ਜ਼ਰੂਰ ਰਹੇ ਪਰ ਡਾਇਬਟੀਜ਼ ਗਾਇਬ ਹੋ ਗਈ।


# ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰ ਤਿਆਰ

**TO BUY OR PRINT YOUR OWN NEW YEAR'S CALANDERS**
**PLEASE CONTACT US ON 01332-372 851**

**ਦਸੰਬਰ ਦੇ ਅਖੀਰ ਕ੍ਰਿਸਮਿਸ ਦੀਆਂ ਛੁੱਟੀਆਂ ਲਈ ਦੋ ਹਫਤੇ ਪੰਜਾਬ ਟਾਈਮਜ਼ ਦਾ ਦਫ਼ਤਰ ਬੰਦ ਹੋਣ ਕਾਰਨ**
**10 ਦਸੰਬਰ ਤੋਂ ਬਾਅਦ ਕੋਈ ਨਵੇਂ ਆਰਡਰ ਨਹੀਂ ਲਏ ਜਾਣਗੇ**

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2025 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।
* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;




**Specialist in Full Colour and all other Commercial Printing.**

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

**What's App Contact: 07966 388 388**

CALL NOW AND SPEAK TO MANINDER SINGH OR HARJINDER SINGH MANDER ON: 01332-372851

# MANAK SOLICITORS

**Nosheen Bukhari**
Wills & Probate Director

Nosheen is an experienced Private Client Solicitor, specialising in all matters connected to Wills, Lasting Powers of Attorney, Court of Protection applications, Probate and Trust work. She is renowned as friendly, approachable, respectful and empathetic to clients.



Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)**

**Surinder Singh Manak LLB (Hons)**


Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਗੁਰੂ ਤੇਗ ਬਹਾਦਰ ਬਾਣੀ ਦਾ ਵਿਚਾਰਧਾਰਕ ਪੱਖ

ਜਸਵਿੰਦਰ ਸਿੰਘ ਰੁਪਾਲ



ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਨਾਮ ਜਿਹਨ ਵਿੱਚ ਆਉਂਦਿਆਂ ਹੀ ਇੱਕ ਤਪੱਸਵੀ, ਬੈਰਾਗੀ, ਸ਼ਾਂਤੀ ਅਤੇ ਭਗਤੀ ਕਰਨ ਵਾਲੀ ਸ਼ਖਸ਼ੀਅਤ ਦੀ ਤਸਵੀਰ ਸਾਹਮਣੇ ਆਉਂਦੀ ਹੈ, ਜਿਸ ਨੇ ਮਨੁੱਖੀ ਅਧਿਕਾਰਾਂ ਦੀ ਖਾਤਰ ਆਪਣੀ ਕੁਰਬਾਨੀ ਦਿੱਤੀ ਸੀ। ਉਹਨਾਂ ਦੇ ਵਿਅਕਤੀਤਵ ਵਿੱਚ ਜਿੱਥੇ ਭਗਤ, ਸਾਧੂ ਸੁਭਾਅ, ਧਾਰਮਿਕ ਖੁਲ੍ਹਦਿਲੀ, ਖਿਮਾਸ਼ੀਲ, ਦਾਰਸ਼ਨਿਕ ਵੇਤਾ ਸ਼ਾਂਤੀ ਦੇ ਦੂਤ ਵਾਲੇ ਸੰਤ ਦੇ ਗੁਣ ਸ਼ਾਮਿਲ ਸਨ, ਉਥੇ ਬਹਾਦਰ ਯੋਧਾ,ਦ੍ਰਿੜ ਨਿਸ਼ਚੇ ਵਾਲੇ, ਨਿਡਰ ਨਿਰਭਉ, ਕਰਾਂਤੀਕਾਰੀ, ਬਾਗੀ ਆਦਿ ਵਰਗੇ ਇੱਕ ਸਿਪਾਹੀ ਦੇ ਗੁਣ ਵੀ ਭਰਪੂਰ ਮਾਤਰਾ ਵਿੱਚ ਮਿਲਦੇ ਹਨ ਅਤੇ ਇਹ ਗੁਣ ਆਪਸ ਵਿੱਚ ਇੰਝ ਓਤ-ਪਰੋਤ ਹੋਏ ਹੋਏ ਹਨ ਕਿ ਇੱਕ ਨੂੰ ਦੂਜੇ ਤੋਂ ਨਿਖੇੜਨਾ ਆਸਾਨ ਨਹੀਂ।

ਕੋਈ ਵੀ ਕਿਰਤ ਆਪਣੇ ਕਰਤੇ ਦੇ ਅਨੁਭਵ ਤੋਂ ਬਾਹਰ ਨਹੀਂ ਹੋ ਸਕਦੀ। ਹਰ ਕਿਰਤ ਵਿੱਚ ਕਰਤਾ ਆਪ ਸਮਾਇਆ ਹੋਇਆ ਹੁੰਦਾ ਹੈ। ਖਾਸ ਕਰਕੇ ਸੰਤ ਭਗਤ ਤਾਂ ਸਿਰਫ ਓਹੀ ਆਖਦੇ ਹਨ, ਜੋ ਉਹਨਾਂ ਦੇਖਿਆ, ਪਰਖਿਆ, ਜਾਣਿਆ ਅਤੇ ਬੁਝਿਆ ਹੁੰਦਾ ਹੈ। "ਸੋ ਬੋਲਹਿ ਜੋ ਪੇਖਹਿ ਆਖੀ" (ਪੰਨਾ 894) ਗੁਰਬਾਣੀ ਫੁਰਮਾਨ ਹੈ। ਗੁਰਮਤਿ ਦੇ ਇਸੇ ਸਿਧਾਂਤ ਤੇ ਪੂਰੇ ਉਤੱਰ ਰਹੇ ਗੁਰੂ ਤੇਗ ਬਹਾਦਰ ਜੀ ਬਾਰੇ ਪੂਰੇ ਵਿਸ਼ਵਾਸ ਨਾਲ ਅਤੇ ਪ੍ਰਮਾਣਿਕਤਾ ਨਾਲ ਇਹ ਆਖ ਸਕਦੇ ਹਾਂ ਕਿ ਜੋ ਉਹਨਾਂ ਆਪਣੀ ਬਾਣੀ ਵਿੱਚ ਲਿਖਿਆ, ਉਸ ਦਾ ਅੱਖਰ ਅੱਖਰ ਉਹਨਾਂ ਆਪਣੇ ਜੀਵਨ ਵਿੱਚ ਕਮਾਇਆ ਵੀ।

ਇਸ ਲਈ ਉਹਨਾਂ ਦੀ ਬਾਣੀ ਤੇ ਵਿਚਾਰ ਕਰਨ ਤੋਂ ਪਹਿਲਾਂ ਉਹਨਾਂ ਦੀ ਜੀਵਨ-ਸ਼ੈਲੀ, ਜੀਵਨ ਪ੍ਰਤੀ ਦ੍ਰਿਸ਼ਟੀਕੋਣ, ਆਦਰਸ਼, ਪ੍ਰੇਰਨਾ, ਉਹਨਾਂ ਦਾ ਸਮਕਾਲੀ ਸਮਾਜ ਪ੍ਰਤੀ ਨਜਰੀਆ ਦੇਖਣਾ ਵੀ ਜਰੂਰੀ ਹੈ, ਜਿਸਨੇ ਉਹਨਾਂ ਦੀ ਬਾਣੀ ਤੇ ਪ੍ਰਭਾਵ ਪਾਇਆ। ਗੁਰੂ ਜੀ ਤੇ ਆਪਣੇ ਤੋਂ ਪਹਿਲਾਂ ਹੋਏ ਗੁਰੂ ਸਾਹਿਬਾਨ ਅਤੇ ਭਗਤ ਜਨ ਸਭਨਾਂ ਦਾ ਬਹੁਤ ਡੂੰਘਾ ਅਸਰ ਸੀ। ਗੁਰਬਾਣੀ ਨੂੰ ਸ਼ਬਦ-ਰੂਪ ਵਿੱਚ ਪੂਰਨ ਸਤਿਕਾਰ ਮਿਲ ਚੁੱਕਿਆ ਸੀ।

ਇਸ ਲਈ ਉਹਨਾਂ ਦੇ ਬਾਣੀ ਰਚਣ ਸਮੇਂ ਦੇ ਵਿਚਾਰ ਮਹਿਜ ਖਿਆਲੀ ਉਡਾਰੀਆਂ ਨਹੀਂ ਹੋ ਸਕਦੇ ਕਿਉਂਕਿ ਉਹ ਪਹਿਲੇ ਗੁਰੂ ਸਾਹਿਬਾਨ ਵਾਂਗ ਹੀ ਇਸ ਗੱਲ ਤੋਂ ਭਲੀ ਭਾਂਤ ਵਾਕਿਫ ਸਨ ਕਿ ਓਹਨਾਂ ਦੁਆਰਾ ਰਚਿਆ ਇੱਕ ਇੱਕ ਸ਼ਬਦ ਸਿੱਖਾਂ ਦੀ ਜੀਵਨ-ਜਾਚ ਦਾ ਹਿੱਸਾ ਬਣਨਾ ਏ ਉਹਨਾਂ ਦੇ ਜੀਵਨ ਦੇ ਸਿਰਫ ਉਹ ਪੱਖ ਬਹੁਤ ਹੀ ਸੰਖੇਪ ਵਿੱਚ ਵਿਚਾਰਦੇ ਹਾਂ ਜਿਹਨਾਂ ਦਾ ਜਿਕਰ ਉਹਨਾਂ ਦੀ ਬਾਣੀ ਵਿੱਚ ਉੱਘੜ ਕੇ ਸਾਹਮਣੇ ਆਉਂਦਾ ਹੈ।

ਬਚਪਨ ਵਿੱਚ ਹੀ ਆਪਣਾ ਕੋਟ ਆਪਣੇ ਤਨ ਤੋਂ ਉਤਾਰ ਕੇ ਇੱਕ ਲੋੜਵੰਦ ਨੂੰ ਦੇਣਾ ਸਬੂਤ ਹੈ ਇਸ ਗੱਲ ਦਾ ਕਿ ਉਹਨਾਂ ਨੂੰ ਦੁਨਿਆਵੀ ਪਦਾਰਥਾਂ ਦੀ ਕੋਈ ਪਕੜ ਨਹੀਂ



ਸੀ।

ਬਾਬਾ ਬਕਾਲੇ ਵਿਖੇ 22 ਮੰਜੀਆਂ ਲੱਗਣ ਸਮੇਂ ਆਪ ਜੀ ਦਾ ਇਕਾਂਤ ਵਿੱਚ ਸਿਮਰਨ ਕਰਦੇ ਰਹਿਣਾ ਉਹਨਾਂ ਦੀ ਦੁਨਿਆਵੀ ਮਾਣ ਤੋਂ ਦੂਰ ਹੋਣ ਅਤੇ ਵਿਵਾਦ ਤੋਂ ਬਚਣ ਦੀ ਕੋਸ਼ਿਸ਼ ਦਰਸਾਉਂਦਾ ਹੈ।

ਕਸ਼ਮੀਰੀ ਪੰਡਤਾਂ ਨੂੰ ਦਿੱਤਾ ਦਿਲਾਸਾ ਅਤੇ ਬਾਂਹ ਫੜਨ ਦਾ ਕਾਰਜ ਉਹਨਾਂ ਦੀ ਸਮਦ੍ਰਿਸ਼ਟੀ ਦਿਖਾਉਂਦਾ ਹੈ ਅਤੇ ਉਹਨਾਂ ਦੀ ਪਰਉਪਕਾਰੀ ਬਿਰਤੀ ਦੀ ਝਲਕ ਦਿਖਾਉਂਦਾ ਹੈ। ਜਿਸ ਜਨੇਊ ਤੇ ਉਹਨਾਂ ਦਾ ਆਪਣਾ ਵਿਸ਼ਵਾਸ ਹੀ ਨਹੀਂ ਸੀ, ਜਿਸ ਦਾ ਗੁਰੂ ਨਾਨਕ ਜੀ ਨੇ ਖੰਡਨ ਕੀਤਾ ਸੀ,ਉਸੇ ਜਨੇਊ ਦੀ ਰਖਵਾਲੀ ਲਈ ਆਪਣੀ ਜਾਨ ਕੁਰਬਾਨ ਕਰ ਦੇਣੀ ਜਿੱਥੇ ਇੱਕ ਪਾਸੇ ਉਹਨਾਂ ਦੀ ਧਾਰਮਿਕ ਖੁੱਲ੍ਹ ਦੀ ਲਖਾਇਕ ਹੈ,ਉੱਥੇ ਉਹਨਾਂ ਦੀ ਮਨੁੱਖੀ ਅਧਿਕਾਰਾਂ ਦੀ ਆਜਾਦੀ ਪ੍ਰਤੀ ਬਚਨਵੱਧਤਾ ਦਾ ਸਬੂਤ ਵੀ ਹੈ॥

ਬਾਣੀ ਦਾ ਵਿਚਾਰਧਾਰਕ ਪੱਖ- ਗੁਰੂ ਤੇਗ ਬਹਾਦਰ ਜੀ ਦੀ ਲਿਖੀ ਸਾਰੀ ਬਾਣੀ ਹੀ ਗੁਰੂ ਗਰੰਥ ਸਾਹਿਬ ਜੀ ਵਿੱਚ ਸ਼ਾਮਲ ਹੈ ਇਸ ਵਿੱਚ ਰਾਗਾਂ ਵਿੱਚ ਲਿਖੀ ਬਾਣੀ ਵੀ ਅਤੇ ਰਾਗ-ਮੁਕਤ ਬਾਣੀ ਵੀ ਦੋਵੇਂ ਆ ਜਾਂਦੀਆਂ ਹਨ। ਰਾਗ ਵਿੱਚ ਲਿਖੀ ਬਾਣੀ ਦੇ ਕੁੱਲ 59 ਪਦੇ ਹਨ, ਜਿਹੜੇ 15 ਰਾਗਾਂ ਵਿੱਚ ਲਿਖੇ ਗਏ ਹਨ ।ਰਾਗ-ਰਹਿਤ ਬਾਣੀ ਵਿੱਚ ਉਹ ਬੈਰਾਗਮਈ 57 ਸਲੋਕ ਆਉਂਦੇ ਹਨ, ਜਿਨਾਂ ਨੂੰ ਅਖੰਡ ਪਾਠ ਜਾਂ ਸਹਿਜ ਪਾਠ ਦੀ ਸਮਾਪਤੀ ਤੇ ਪੜ੍ਹਿਆ ਜਾਂਦਾ ਹੈ ।ਇਹ ਸਾਰੀ ਬਾਣੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਤਰਤੀਬ ਵਿੱਚ ਸ਼ਾਮਲ ਕੀਤੀ ਸੀ,ਜਿਹੜੀ ਤਰਤੀਬ ਗੁਰੂ ਅਰਜਨ ਦੇਵ ਜੀ ਨੇ ਨਿਸ਼ਚਿਤ ਕੀਤੀ ਸੀ।

ਗੁਰੂ ਜੀ ਦੀ ਬਾਣੀ ਦਾ ਵਿਸ਼ਾ ਪੱਖ ਮੁੱਖ ਰੂਪ ਵਿੱਚ ਮਨੁੱਖ ਨੂੰ ਸੰਸਾਰਕ ਮੋਹ ਤਿਆਗ ਕੇ ਪ੍ਰਭੂ ਭਗਤੀ ਵੱਲ ਲਗਾਉਣਾ ਹੈ ।ਸਾਰੀ ਬਾਣੀ ਵਿੱਚ ਇਸੇ ਵਿਸ਼ੇ ਦਾ ਵਿਸਥਾਰ ਕੀਤਾ ਗਿਆ ਹੈ। ਪ੍ਰਭੂ ਦੇ ਮਿਲਾਪ ਲਈ ਉਸ ਦੀ ਬੰਦਗੀ ਅਤੇ ਸਿਮਰਨ ਕਰਨਾ ਚਾਹੀਦਾ ਹੈ।

"ਰੇ ਮਨ ਰਾਮ ਸਿਉ ਕਰਿ ਪ੍ਰੀਤਿ।
ਸ੍ਰਵਨ ਗੋਬਿੰਦ ਗੁਨੁ ਸੁਨਉ
ਅਰੁ ਗਾਉ ਰਸਨਾ ਗੀਤਿ॥"
(ਸੋਰਠਿ ਮਹਲਾ 9 ਪੰਨਾ 631)

"ਹਰਿ ਜਸੁ ਰੇ ਮਨਾ
ਗਾਇ ਲੈ ਜੋ ਸੰਗੀ ਹੈ ਤੇਰੋ।
ਅਉਸਰੁ ਬੀਤਿਓ ਜਾਤੁ ਹੈ
ਕਹਿਓ ਮਾਨ ਲੈ ਮੇਰੋ॥"
(ਤਿਲੰਗ ਮਹਲਾ 9 ਪੰਨਾ 726)

"ਰੇ ਮਨ ਓਟਿ ਲੇਹੁ ਹਰਿ ਨਾਮਾ।
ਜਾ ਕੈ ਸਿਮਰਨਿ ਦੁਰਮਤਿ ਨਾਸੇ
ਪਾਹਿ ਪਦੁ ਨਿਰਬਾਨਾ॥"
(ਰਾਗੁ ਰਾਮਕਲੀ ਮਹਲਾ 9 ਪੰਨਾ 901)

ਉਸ ਦੀ ਪ੍ਰਾਪਤੀ ਲਈ ਬਾਹਰਲੇ ਦਿਖਾਵੇ ਅਤੇ ਕਰਮ-ਕਾਂਡਾਂ ਦੀ ਜਰੂਰਤ ਨਹੀ,ਸਗੋਂ ਉਸ ਨੂੰ ਤਾਂ ਆਪਣੇ ਅੰਦਰੋਂ ਹੀ ਪਾਇਆ ਜਾ ਸਕਦਾ ਹੈ ।ਉਹ ਨਿਰਗੁਣ ਪ੍ਰਭੂ ਜੋ ਸਭ ਕੁਝ ਤੋਂ ਨਿਰਲੇਪ ਹੈ, ਉਹ ਤਾਂ ਸਦਾ ਹੀ ਇਨਸਾਨ ਦੇ ਨਾਲ ਰਹਿੰਦਾ ਹੈ। ਲੋੜ ਉਸ ਨੂੰ ਖੋਜਣ ਦੀ ਹੈ ਅਤੇ ਆਪਣੀ ਅੰਦਰੂਨੀ ਯਾਤਰਾ ਕਰਨ ਨਾਲ ਹੀ ਉਸ ਤੱਕ ਪੁੱਜਿਆ ਜਾ ਸਕਦਾ ਹੈ।

"ਕਾਹੇ ਰੇ ਬਨ ਖੋਜਨ ਜਾਈ।
ਸਰਬ ਨਿਵਾਸੀ ਸਦਾ ਅਲੇਪਾ,
ਤੋਹੀ ਸੰਗਿ ਸਮਾਈ॥"
(ਰਾਗ ਧਨਾਸਰੀ ਮਹਲਾ 9,ਪੰਨਾ 684)

ਉਸ ਪ੍ਰਭੂ ਦੀ ਬੇਅੰਤਤਾ, ਸਰਬ-ਸ਼ਕਤੀਮਾਨਤਾ ਦੱਸਦੇ ਹੋਏ ਉਸ ਦਾ ਹੁਕਮ ਪਛਾਨਣਾ,ਉਸ ਦੀ ਰਜਾ ਵਿੱਚ ਰਹਿਣਾ ਅਤੇ ਉਸ ਤੇ ਵਿਸ਼ਵਾਸ਼ ਲਿਆਉਣਾ ਹਰ ਮਨੁੱਖ ਦਾ ਮੁਢੱਲਾ ਕਰਮ ਹੈ। ਸਾਰੇ ਸੁੱਖਾਂ ਦਾ ਦਾਤਾ ਕੇਵਲ ਪ੍ਰਭੂ ਹੀ ਹੈ। "ਸਭ ਸੁਖ ਦਾਤਾ ਰਾਮ ਹੈ,ਦੂਸਰ ਨਾਹਿਨ ਕੋਇ" (ਸਲੋਕ ਮਹਲਾ 9 ਪੰਨਾ 1426) ਮਨੁੱਖ ਦਾ ਆਪਣਾ ਬਲ ਇੰਨਾ ਨਹੀ ਕਿ ਉਹ ਆਪ ਦੁੱਖਾਂ ਨੂੰ ਦੂਰ ਕਰ ਸਕੇ ਅਤੇ ਸੁੱਖਾਂ ਦੀ ਪ੍ਰਾਪਤੀ ਕਰ ਸਕੇ, ਭਾਵੇਂ ਉਹ "ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ॥ (ਸਲੋਕ ਮਹਲਾ 9 ਪੰਨਾ 1427)" ਅਨੁਸਾਰ ਲਗਾਤਾਰ ਸੁੱਖ ਲਈ ਯਤਨ ਕਰਦਾ ਹੈ।

ਨਾਸ਼ਮਾਨਤਾ ਨੂੰ ਜਿੰਨਾ ਜੋਰ ਦੇ ਕੇ ਗੁਰੂ ਤੇਗ ਬਹਾਦਰ ਜੀ ਨੇ ਦਰਸਾਇਆ ਹੈ, ਸ਼ਾਇਦ ਹੋਰ ਕਿਸੇ ਵੀ ਗੁਰੂ ਜਾਂ ਭਗਤ ਨੇ ਨਹੀਂ ਲਿਖਿਆ। ਗੁਰਮਤਿ ਸਿਧਾਂਤ ਜਲ ਮਹਿ ਕਮਲ ਦੀ ਨਿਆਈਨ ਰਹਿਣ ਦਾ ਹੈ,ਗੁਰੂ ਤੇਗ ਬਹਾਦਰ ਜੀ ਵੀ ਘਰ ਗ੍ਰਹਿਸਥੀ ਵਿੱਚ ਵਿਚਰਦੇ ਹੋਏ ਇਸ ਤੋਂ ਨਿਰਲੇਪ ਰਹੇ। ਉਹਨਾਂ ਨੂੰ ਜੱਗ ਦੀ ਨਾਸ਼ਮਾਨਤਾ ਦਾ ਜੋ ਅਨੁਭਵ ਅਤੇ ਸੋਝੀ ਸੀ, ਉਸੇ ਨੂੰ ਉਹ ਆਪਣੀ ਰਚਨਾ ਵਿੱਚ ਵਿਅਕਤ ਕਰਦੇ ਹਨ ਅਤੇ ਲੋਕਾਈ ਨੂੰ ਸੁਚੇਤ ਕਰਦੇ ਹਨ ਕਿ ਉਹ ਜੱਗ ਦੀ, ਪਰਵਿਾਰ ਦੀ, ਧਨ ਸੰਪਤ ਦੀ ਅਤੇ ਨਿਜ ਦੀ ਪਕੜ ਤੋਂ ਉੱਚਾ ਉਠੇ।

ਨਾਸ਼ਮਾਨਤਾ ਕਈ ਪ੍ਰਕਾਰ ਦੀ ਹੈ-

ਵਸਤੂ ਪੂਰਨ ਸੰਸਾਰ ਦੀ ਨਾਸ਼ਮਾਨਤਾ ਵਿੱਚ ਇਹ ਦਿਸਦਾ ਜਗਤ ਅਤੇ ਇਸ ਦੀਆਂ ਸਾਰੀਆਂ ਵਸਤੂਆਂ ਆ ਜਾਂਦੀਆਂ ਹਨ। ਗੁਰੂ ਜੀ ਅਨੁਸਾਰ ਜੋ ਵੀ ਪੈਦਾ ਹੋਇਆ ਹੈ,ਉਸ ਨੇ ਖਤਮ ਵੀ ਜਰੂਰ ਹੋਣਾ ਹੈ ਫਿਰ ਉਸ ਨਾਲ ਮੋਹ ਕਿਉਂ ਪਾਇਆ ਜਾਵੇ।

"ਜੋ ਉਪਜਿਓ ਸੋ ਬਿਨਸ ਹੈ,
ਪਰੋ ਆਜੁ ਕੇ ਕਾਲ ॥
ਨਾਨਕ ਹਰਿ ਗੁਨ ਗਾਇ ਲੈ
ਛਾਡਿ ਸਗਲ ਜੰਜਾਲ॥"
(ਸਲੋਕ ਮਹਲਾ 9, ਪੰਨਾ 1428)

"ਕਾ ਕੋ ਤਨੁ ਧਨੁ ਸੰਪਤਿ
ਕਾਕੀ ਕਾ ਸਿਉ ਨੇਹੁ ਲਗਾਈ ॥
ਜੋ ਦੀਸੈ ਸੋ ਸਗਲ ਬਿਨਾਸੈ,
ਜਿਉ ਬਾਦਰ ਕੀ ਛਾਈ॥"
(ਰਾਗੁ ਸਾਰੰਗ ਮਹਲਾ 9 ਪੰਨਾ 1231)

ਇਸ ਥੋੜ-ਚਿਰੇ ਸੰਸਾਰ ਨੂੰ ਸਿਰਫ ਨਾਸ਼ਮਾਨ ਹੀ ਨਹੀਂ ਕਿਹਾ, ਸਗੋਂ ਇਸ ਨੂੰ ਮਿਥਿਆ ਵੀ ਕਿਹਾ ਹੈ। ਮਿਥਿਆ ਉਤਨੀ ਦੇਰ ਹੈ, ਜਿੰਨੀ ਦੇਰ ਇਸ ਜਗਤ ਵਿੱਚ ਰਮੇ ਹੋਏ ਪ੍ਰਭੂ ਨੂੰ ਮਹਿਸੂਸ ਨਹੀਂ ਕੀਤਾ ਜਾਂਦਾ। ਸਿਰਫ ਅਕਾਲ-ਪੁਰਖ ਹੀ ਸੱਚ ਹੈ, ਉਸ ਤੋਂ ਬਿਨਾਂ ਸਭ ਝੂਠ ਦਾ ਪਸਾਰਾ ਹੈ, ਪਰ ਇਸ ਨੂੰ ਇਨਸਾਨ ਸੱਚ ਸਮਝੀ ਬੈਠਾ ਹੈ।

ਬਾਕੀ ਹਿਸਾ ਸਫਾ 54 ਤੇ ਪੜ੍ਹੋ

53 ਸਫ਼ੇ ਦੀ ਬਾਕੀ

"ਇਹ ਸੰਸਾਰ ਸਗਲ ਹੈ
ਸੁਪਨੋ ਦੇਖਿ ਕਹਾ ਲੋਭਾਵੈ ॥"
(ਸਾਰੰਗ ਮਹਲਾ 9 ਪੰਨਾ 1231)

"ਜਿਉ ਸੁਪਨਾ ਅਰ ਪੇਖਨਾ
ਐਸੇ ਜਗੁ ਕੋ ਜਾਨਿ ॥
ਇਨਮੈ ਕਛੁ ਸਾਚੋ ਨਹੀ
ਨਾਨਕ ਬਿਨੁ ਭਗਵਾਨ ॥"
(ਸਲੋਕ ਮਹਲਾ 9 ਪੰਨਾ 1427)

ਵਸਤੂ ਸੰਸਾਰ ਦੇ ਦੋ ਪੱਖ ਹਨ-ਬਾਹਰੀ ਅਤੇ ਅੰਦਰੂਨੀ। ਬਾਹਰੀ ਉਹ ਜੋ ਨਾਸਮਾਨ ਹੈ ਅਤੇ ਮਿਥਿਆ ਹੈ। ਅੰਦਰੂਨੀ ਉਹ ਜਿਸ ਵਿੱਚ ਰਮਿਆ ਰਾਮ ਨਜਰ ਆਉਂਦਾ ਹੈ-

"ਸਾਧੋ ਰਚਨਾ ਰਾਮ ਬਨਾਈ ॥
ਇਕਿ ਬਿਨਸੈ ਇੱਕ ਅਸਥਿਰੁ ਮਾਨੈ
ਅਚਰਜੁ ਲਖਿਓ ਨ ਜਾਈ ॥''
(ਗਉੜੀ ਮਹਲਾ 9 ਪੰਨਾ 219)

ਨਾਸ਼ਮਾਨਤਾ ਨੂੰ ਜਿਉ ਜਿਉ ਮਨੁੱਖੀ ਮਨ ਸਮਝਣ ਲੱਗਦਾ ਹੈ,ਤਿਉ ਤਿਉ ਉਸ ਵਿੱਚ ਬੈਰਾਗ ਪੈਦਾ ਹੁੰਦਾ ਹੈ। ਪਰ ਗੁਰੂ ਜੀ ਜੋਗੀਆਂ ਸੰਨਿਆਸੀਆਂ ਦੇ ਘਰ ਬਾਰ ਛੱਡ ਕੇ ਜੰਗਲਾਂ ਵਿੱਚ ਜਾਣ ਨੂੰ ਕੋਈ ਮਾਣਤਾ ਨਹੀਂ ਦਿੰਦੇ, ਅਜਿਹੇ ਕਰਮ-ਕਾਂਡ ਜੋ ਵੀ ਪ੍ਰਭੂ ਨੂੰ ਮਿਲਣ ਲਈ ਕੀਤੇ ਜਾਂਦੇ ਸਨ, ਆਪ ਨੇ ਸਭ ਦਾ ਖੰਡਨ ਕੀਤਾ ਹੈ। ਜਾਗਿਆ ਬੈਰਾਗ ਇਸ ਜਗਤ ਵਿੱਚ ਰਹਿੰਦੇ ਹੋਏ ਹੀ ਇਸ ਵਿੱਚ ਖਚਿਤ ਹੋਣ ਤੋਂ ਬਚ ਸਕਦਾ ਹੈ। ਇਹੀ ਅੱਗੇ ਚੱਲ ਕੇ ਉਸ ਪਰਮਾਤਮਾ ਨਾਲ ਪ੍ਰੇਮ ਕਰਨ ਲਈ ਵੀ ਸਹਾਇਕ ਬਣਦਾ ਹੈ।ਪਰ ਕਰਮ ਕਾਂਡਾਂ ਵਿੱਚ ਫਸ ਕੇ ਉਸ ਸੱਚਾਈ ਤੋਂ ਕੋਹਾਂ ਦੂਰ ਹੋ ਕੇ ਹਉਮੈ ਦੀ ਮੈਲ ਲਗਾ ਬੈਠਦਾ ਹੈ।

"ਕਾਹੇ ਰੇ ਬਨ ਖੋਜਨ ਜਾਈ।
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ ॥"
(ਧਨਾਸਰੀ ਮਹਲਾ 9 ਪੰਨਾ 684)

"ਤੀਰਥ ਬਰਤ ਅਰੁ ਦਾਨ ਕਰਿ
ਮਨ ਮੈ ਧਰੈ ਗੁਮਾਨੁ ॥
ਨਾਨਕ ਨਿਹਫਲ ਜਾਤ ਤਿਹ
ਜਿਉ ਕੁੰਚਰ ਇਸਨਾਨੁ ॥"
(ਸਲੋਕ ਮਹਲਾ 9 ਪੰਨਾ 1428)

"ਜੋਗੀ ਜਤਨ ਕਰਤ ਸਭਿ
ਹਾਰੇ ਗੁਨੀ ਰਹੇ ਗੁਨ ਗਾਈ।
ਜਨ ਨਾਨਕ ਹਰਿ ਭਏ ਦਇਆਲਾ
ਤਉ ਸਬ ਬਿਧਿ ਬਨਿਆਈ ॥"
(ਗਉੜੀ ਮਹਲਾ 9 ਪੰਨਾ 219)

ਉਸ ਪ੍ਰਭੂ ਨੂ ਇਸ ਸੰਸਾਰ ਵਿੱਚ ਰਹਿੰਦੇ ਹੋਏ ਹੀ, ਜੱਰੇ ਜੱਰੇ ਵਿੱਚੋਂ ਪਹਿਚਾਨਣਾ ਹੈ।

"ਪੁਹਪ ਮਧਿ ਜਿਉ ਬਾਸੁ ਬਸਤੁ ਹੈ,
ਮੁਕਰ ਮਾਹਿ ਜੈਸੇ ਛਾਈ ॥
ਤੈਸੇ ਹੀ ਹਰਿ ਬਸੇ ਨਿਰੰਤਰ
ਘਟ ਹੀ ਖੋਜਹੁ ਭਾਈ ॥"
(ਧਨਾਸਰੀ ਮਹਲਾ 9 ਪੰਨਾ 684)

ਮਨੁੱਖ ਆਪਣੇ ਪਰਵਿਾਰ ਨਾਲ ਬਹੁਤ ਮੋਹ ਰੱਖਦਾ ਹੈ ਓਤੇ ਅਪਣੇ ਮਾਤਾ ਪਿਤਾ, ਭੈਣ, ਭਰਾ, ਪਤਨੀ, ਪੁੱਤ, ਧੀਆਂ ਅਤੇ ਸਾਕ ਸੰਬੰਧੀਆਂ ਦੀ ਪਿਆਰ ਖਿੱਚ ਵਿੱਚ ਪ੍ਰਭੂ ਨੂੰ ਵਿਸਾਰ ਦਿੰਦਾ ਹੈ। ਗੁਰੂ ਜੀ ਅਨੁਸਾਰ ਇਹਨਾਂ ਸਭਨਾਂ ਦੀ ਪ੍ਰੀਤ ਸਵਾਰਥ ਭਰੀ ਹੈ, ਕਾਰਨ ਮਾਇਆ ਹੈ ਅਤੇ ਅੰਤ ਨਹੀਂ ਨਿਭਣੀ-

"ਦਾਰਾ ਮੀਤ ਪੂਤ ਸਨਬੰਧੀ
ਸਗਰੇ ਧਨ ਸਿਉ ਲਾਗੇ ॥
ਜਬ ਹੀ ਨਿਰਧਨ ਦੇਖਿਓ
ਨਰ ਕਉ ਸੰਗੁ ਛਾਡਿ ਸਭ ਭਾਗੇ ॥"
(ਸੋਰਠਿ ਮਹਲਾ 9 ਪੰਨਾ 634)

''ਘਰਿ ਕੀ ਨਾਰਿ ਬਹੁਤੁ ਹਿਤੁ
ਜਾਸਿਉ ਸਦਾ ਰਹਿਤ ਸੰਗ ਲਾਗੀ ॥
ਜਬ ਹੀ ਹੰਸ ਤਜੀ ਇਹ ਕਾਇਆ
ਪ੍ਰੇਤ ਪ੍ਰੇਤ ਕਰਿ ਭਾਗੀ ॥"
(ਸੋਰਠਿ ਮਹਲਾ 9 ਪੰਨਾ 631)

ਇਨਸਾਨ ਦੀ ਅਗਲੀ ਖਿੱਚ ਉਸਦੀ ਧਨ ਸੰਪਤੀ,ਮਹਿਲ ਮਾੜੀਆਂ, ਜਾਇਦਾਦ ਹੈ,ਉਹ ਇਹਨਾਂ ਦੀ ਪ੍ਰਾਪਤੀ ਲਈ ਵਿਕਾਰਾਂ ਵਿੱਚ ਵੀ ਫਸਿਆ ਰਹਿੰਦਾ ਹੈ ਅਤੇ ਇਹਨਾਂ ਤੇ ਗਰੂਰ ਵੀ ਕਰਦਾ ਹੈ।ਸਾਰੀ ਜਿੰਦਗੀ ਧਨ ਜੋੜਦਾ ਰਹਿੰਦਾ ਹੈ ਅਤੇ ਜਾਇਦਾਦ ਬਣਾਉਂਦਾ ਰਹਿੰਦਾ ਹੈ।ਆਪਣਾ ਕੀਮਤੀ ਸਮਾਂ ਇਹਨਾਂ ਨਾਸਮਾਨ ਅਤੇ ਨਾਲ ਨਾ ਜਾਣ ਵਾਲੀਆਂ ਵਸਤਾਂ ਨੂੰ ਇਕੱਠਾ ਕਰਨ ਵਿੱਚ ਲੱਗਿਆ ਰਹਿੰਦਾ ਹੈ।

"ਧਨੁ ਦਾਰਾ ਸੰਪਤਿ ਸਗਲ
ਜਿਨਿ ਅਪੁਨੀ ਕਰਿ ਮਾਨਿ ॥
ਇਨ ਮੈ ਕਛੁ ਸੰਗੀ ਨਹੀ
ਨਾਨਕ ਸਾਚੀ ਜਾਨਿ ॥"
(ਸਲੋਕ ਮਹਲਾ 9 ਪੰਨਾ 1426)

"ਸੰਪਤਿ ਰਥ ਧਨ ਰਾਜ ਸਿਉ
ਅਤਿ ਨੇਹੁ ਲਗਾਇਓ ॥
ਕਾਲ ਫਾਸ ਜਬ ਗਲਿ ਪਰੀ
ਸਭ ਭਇਓ ਪਰਾਇਓ ॥"
(ਤਿਲੰਗ ਮਹਲਾ 9 ਪੰਨਾ 727)

ਅਪਣੀ ਦੇਹ ਦਾ ਹੰਕਾਰ ਵੀ ਮਨੁੱਖ ਦੇ ਰਸਤੇ ਵਿੱਚ ਬਹੁਤ ਵੱਡੀ ਰੁਕਾਵਟ ਹੈ। ਉਹ ਸਦਾ ਇਸ ਤਨ ਨੂੰ ਸਵਾਰਨ ਸ਼ਿੰਗਾਰਨ ਅਤੇ ਇਸ ਤੇ ਮਾਣ ਕਰਨ ਵਿੱਚ ਹੀ ਖੁਭਿਆ ਰਹਿੰਦਾ ਹੈ। ਗੁਰੁ ਜੀ ਇਸ ਮੋਹ ਤੋਂ ਵੀ ਵੈਰਾਗ ਉਪਜਾਉਣ ਦੀ ਪ੍ਰੇਰਨਾ ਦਿੰਦੇ ਹਨ।

"ਗਰਬੁ ਕਰਤੁ ਹੈ ਦੇਹ ਕੋ
ਬਿਨਸੈ ਛਿਨ ਮਹਿ ਮੀਤ ॥
ਜਿਹ ਪ੍ਰਾਨੀ ਹਰਿ ਜਸੁ
ਕਹਿਓ ਨਾਨਕ ਤਿਹਿ ਜਗੁ ਜੀਤੁ ॥"
(ਸਲੋਕ ਮਹਲਾ 9 ਪੰਨਾ 1427)

"ਝੂਠਾ ਤਨੁ ਸਾਚਾ ਕਰਿ ਮਾਨਿਓ
ਜਿਉ ਸੁਪਨਾ ਰੈਨਾਈ ॥
ਜੋ ਦੀਸੈ ਸੋ ਸਗਲ ਬਿਨਾਸੈ
ਜਿਉ ਬਾਦਰ ਕੀ ਛਾਈ ॥"
(ਗਉੜੀ ਮਹਲਾ 9 ਪੰਨਾ 219)

ਮਨੁੱਖ ਇਹਨਾਂ ਬੰਧਨਾਂ ਵਿੱਚ ਜਕੜਿਆ ਵਿਕਾਰੀ ਹੋ ਜਾਂਦਾ ਹੈ। ਕਾਮ ਕਰੋਧ, ਲੋਭ, ਮੋਹ, ਹੰਕਾਰ, ਉਸਤਤਿ, ਨਿੰਦਾ, ਮਾਣ, ਅਪਮਾਨ, ਦੁਬਿਧਾ ਅਗਿਆਨਤਾ ਆਦਿ ਉਸ ਦੇ ਅਧਿਆਤਮਕ ਮਾਰਗ ਤੋਂ ਭਟਕਾਉਂਦੇ ਹਨ। ਗੁਰੁ ਜੀ ਇਹਨਾਂ ਤੋਂ ਬਚਣ ਦੀ ਪ੍ਰੂਰਨਾ ਕਰਦੇ ਹਨ।

"ਕਾਮੁ ਕ੍ਰੋਧ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸ ਭਾਗਉ ॥"
(ਗਉੜੀ ਮਹਲਾ 9 ਪੰਨਾ 219)

"ਝੂਠੈ ਲਾਲਚਿ ਲਾਗਿ ਕੈ
ਨਹਿ ਮਰਨੁ ਪਛਾਨਾ ॥"
(ਤਿਲੰਗ ਮਹਲਾ 9 ਪੰਨਾ 726)

ਇਹਨਾਂ ਸਭ ਤੋਂ ਬਚਣ ਦਾ ਇੱਕੋ ਇੱਕ ਉਪਾਅ ਪ੍ਰਭੂ ਦੀ ਭਗਤੀ ਅਤੇ ਸਿਮਰਨ ਹੈ। ਇਸੇ ਸਿਮਰਨ ਕਰਕੇ ਅਜਾਮਲ ਅਤੇ ਗਨਿਕਾ, ਵਰਗੇ ਵੀ ਤਰ ਗਏ। ਪਰਮਾਤਮਾ ਬਹੁਤ ਦਿਆਲੂ ਹੈ ਅਤੇ ਉਹ ਸ਼ਰਨ ਪਏ ਦੀ ਲਾਜ ਰੱਖਦਾ ਹੈ।

ਤੇਗ ਬਹਾਦਰ ਜੀ ਨੇ ਦਾਰਸ਼ਨਿਕ ਪੱਖ ਵੀ ਆਪਣੀ ਬਾਣੀ ਵਿੱਚ ਲਿਖਿਆ ਹੈ,ਪਰ ਉਸਨੂੰ ਅਪਨੀ ਰਚਨਾ ਤੇ ਕਿਤੇ ਵੀ ਭਾਰੂ ਨਹੀਂ ਹੋਣ ਦਿੱਤਾ। ਬ੍ਰਹਮ, ਜਗਤ, ਜੀਵ, ਮਾਇਆ, ਮੁਕਤੀ ਆਦਿ ਵਰਗੇ ਦਾਰਸ਼ਨਿਕ ਵਿਸ਼ਿਆਂ ਤੇ ਕਲਮ ਚਲਾਉਂਦੇ ਹੋਏ ਵੀ ਸਹਿਜਤਾ ਅਤੇ ਸਰਲਤਾ ਨੂੰ ਆਂਚ ਨਹੀਂ ਆਉਣ ਦਿੱਤੀ। ਇਨਾਂ ਸ਼ਬਦਾਂ ਦੀ ਵਿਆਖਿਆ ਵੀ ਇੰਨੀ ਸਰਲ ਹੈ ਕਿ ਆਮ ਪਾਠਕ ਵੀ ਸਮਝ ਲੈਂਦਾ ਹੈ।

ਗੁਰੂ ਜੀ ਦਾ ਮਨੁੱਖ ਨੂੰ ਇਹੋ ਸੰਦੇਸ਼ ਹੈ ਕਿ ਉਹ ਅਪਣੇ ਜੀਵਨ ਦਾ ਮਕਸਦ ਪਛਾਣੇ। ਜਗਤ ਦੀ, ਧਨ-ਜਾਇਦਾਦ ਦੀ, ਪਰਿਵਾਰ ਦੀ ਅਤੇ ਆਪਣੇ ਤਨ ਦੀ ਹਰ ਖਿੱਚ ਤੋਂ ਆਜਾਦ ਹੋ ਕੇ ਵਿਚਰੇ। ਪ੍ਰਭੂ ਪ੍ਰਾਪਤੀ ਦੇ ਰਸਤੇ ਦੀਆਂ ਰੁਕਾਵਟਾਂ ਜੋਂ ਮਨ ਦੇ ਵਿਕਾਰ ਹਨ, ਉਹਨਾਂ ਤੋਂ ਬਚੇ। ਸੁਖਮ ਵਿਕਾਰ ਮਾਣ ਹੈ, ਜਿਸ ਨੂੰ ਆਮ ਇਨਸਾਨ ਵਿਕਾਰ ਹੀ ਨਹੀਂ ਮੰਦਾ। ਪਰ ਤੇਗ ਬਹਾਦਰ ਜੀ ਨੇ ਇਸ ਮਾਣ ਨੂੰ ਕਰੜੇ ਹੱਥੀਂ ਲਿਆ ਹੈ। "ਮਾਨ ਮੋਹ ਦੋਨੋਂ ਕਉ ਪਰਹਰਿ" ਆਖਿਆ ਹੈ ਕਿਉਂਕਿ ਇਹ ਮਾਣ ਇਨਸਾਨ ਦੀ ਰੂਹਾਨੀਅਤ ਤਰੱਕੀ ਵਿੱਚ ਮਜਬੂਤ ਕੰਧ ਬਣ ਕੇ ਖਲੋ ਜਾਂਦਾ ਹੈ। ਪ੍ਰਭੂ ਦੀ ਭਗਤੀ ਵੱਲ ਲੱਗਣ ਲਈ ਪਰੇਰਿਆ ਹੈ। ਭਗਤੀ ਪ੍ਰੇਮ ਨਾਲ ਹੁੰਦੀ ਹੈ, ਇਹ ਹਮੇਸ਼ਾ ਸਥਿਰ ਹੈ, ਗਿਆਨ ਪੈਦਾ ਕਰਦੀ ਹੈ, ਫਲ ਦਾਤੀ ਹੈ, ਮੁਕਤੀ ਦਿਵਾਉਂਦੀ ਹੈ, ਸ਼ੰਕਾ ਦੂਰ ਕਰਦੀ ਹੈ, ਲੋਭ ਮੋਹ ਜਿਹੇ ਔਗਣਾਂ ਨੂੰ ਭਜਾਉਂਦੀ ਹੈ, ਭੈ ਦੂਰ ਕਰਦੀ ਹੈ, ਨਿਰਭਉ ਅਤੇ ਨਿਰਵੈਰ ਬਣਨ ਵਿੱਚ ਮੱਦਦ ਕਰਦੀ ਹੈ। ਗੁਰੂ ਜੀ ਨੇ ਉਹਨਾਂ ਦੇ ਗੁਣ ਗਾਏ ਹਨ, ਜਿਨਾਂ ਨੇ ਬਗਤੀ ਕੀਤੀ ਹੈ ਅਤੇ ਭਗਤੀ-ਵਿਹੂਣ ਮਨੁੱਖ ਦੀ ਭਟਕਣ ਅਤੇ ਅਗਿਆਨਤਾ ਦਾ ਜਿਕਰ ਵੀ ਕੀਤਾ ਹੈ। ਗੁਰੂ ਜੀ ਦੀ ਬਾਣੀ ਵਿੱਚ ਚਿਤਰਿਆ ਹੋਇਆ ਮਨੁੱਖ ਨਾ ਕਿਸੇ ਨੂੰ ਭੈ ਦਿੰਦਾ ਹੈ ਅਤੇ ਨਾ ਕਿਸੇ ਦਾ ਭੈ ਮੰਨਦਾ ਹੈ। ਉਸ ਦੀ ਇੱਕੋ ਟੇਕ ਪ੍ਰਭੂ ਤੇ ਹੈ, ਜਦੋਂ ਉਸ ਦੀ ਸ਼ਰਨ ਵਿੱਚ ਜਾਂਦਾ ਹੈ ਤਾਂ ਸਾਰੇ ਬੰਧਨ ਟੁੱਟ ਜਾਂਦੇ ਹਨ ਅਤੇ ਇਹ ਮਨੁੱਖ ਬਲਸ਼ਾਲੀ ਬਣ ਜਾਂਦਾ ਹੈ-

"ਬਲ ਹੋਆ ਬੰਧਨ ਛੁਟੇ,
ਸਭ ਕਿਛੁ ਹੋਤ ਉਪਾਇ ॥
ਨਾਨਕ ਸਭ ਕਿਛੁ ਤੁਮਰੈ ਹਾਥ ਮੈ,
ਤੁਮਹੀ ਹੋਤ ਸਹਾਇ ॥"
(ਸਲੋਕ ਮਹਲਾ 9 ਪੰਨਾ 1428)

ਇਸ ਤਰਾਂ ਇਹ ਬਾਣੀ ਮਨੁੱਖ ਨੂੰ ਵਿਕਾਰਾਂ ਵੱਲੋਂ ਮੋੜ ਕੇ ਪ੍ਰਭੂ ਨਾਲ ਜੋੜਨ ਦਾ ਕਾਰਜ ਬਹੁਤ ਹੀ ਸਰਲਤਾ ਨਾਲ ਕਰਦੀ ਹੈ।

**ਸ਼ਹਾਇਕ ਪੁਸਤਕਾਂ :-**

ਤੇਗ ਬਹਾਦਰ ਸੀ ਕ੍ਰਿਆ- ਡਾ. ਜੋਗਿੰਦਰ ਸਿੰਘ

ਗੁਰੂ ਤੇਗ ਬਹਾਦਰ ਜੀ ਦਾ ਭਗਤੀ ਦਰਸ਼ਨ-ਡਾ.ਮਨਮੋਹਨ ਸਿੰਘ

ਗੁਰੂ ਤੇਗ ਬਹਾਦਰ ਜੀਵਨ, ਸਮਾਂ ਅਤੇ ਰਚਨਾ-ਡਾ.ਸੁਰਿੰਦਰ ਸਿੰਘ ਕੋਹਲੀ

ਸ਼੍ਰੀ ਗੁਰੂ ਤੇਗ ਬਹਾਦਰ ਜੀਵਨ ਤੇ ਰਚਨਾ-ਫੌਜਾ ਸਿੰਘ ਤਾਰਨ ਸਿੰਘ

ਗੁਰੂ ਗ੍ਰੰਥ ਵਿਚਾਰ ਕੋਸ਼-ਸੰ.ਪਿਆਰਾ ਸਿੰਘ ਪਦਮ

******

# ਪਤਨੀ ਨਾਲ ਪੰਜ ਸਾਲ ਪਹਿਲਾਂ ਕੀਤੇ ਬਲਾਤਕਾਰ ਵਿਚ ਪਤੀ ਨੂੰ 20 ਸਾਲ ਦੀ ਸਜ਼ਾ

## ✪ ਵਿਆਹ ਕਰਨ ਦੇ ਬਾਵਜੂਦ ਹਾਈਕੋਰਟ ਨੇ ਸੁਣਾਈ ਸਜ਼ਾ



ਚੰਡੀਗੜ੍ਹ-ਬਲਾਤਕਾਰ ਪੀੜਤ ਲੜਕੀ ਨੇ ਬਲਾਤਕਾਰੀ ਨੂੰ ਮਾਫ਼ ਕਰ ਕੇ ਉਸ ਨਾਲ ਵਿਆਹ ਕਰ ਲਿਆ ਪਰ ਅਦਾਲਤ ਦੀ ਨਜ਼ਰ ਵਿਚ ਉਸ ਦਾ ਪਤੀ ਬਲਾਤਕਾਰੀ ਹੀ ਰਿਹਾ, ਇਸ ਲਈ ਉਸ ਨੂੰ 20 ਸਾਲ ਦੀ ਸਜ਼ਾ ਸੁਣਾਈ ਹੈ। ਜ਼ਿਲ੍ਹਾ ਅਦਾਲਤ ਨੇ ਉਸ 'ਤੇ 50 ਹਜ਼ਾਰ ਰੁਪਏ ਜੁਰਮਾਨਾ ਵੀ ਲਾਇਆ ਹੈ। ਪੰਜ ਸਾਲ ਪਹਿਲਾਂ ਨਾਬਾਲਗ ਲੜਕੀ ਦੇ ਪਿਤਾ ਨੇ ਦੋਸ਼ੀ ਨੌਜਵਾਨ 'ਤੇ ਉਸ ਦੀ ਧੀ ਨਾਲ ਜਬਰ ਜਨਾਹ ਕਰਨ ਦਾ ਦੋਸ਼ ਲਾਉਂਦੇ ਹੋਏ ਸੈਕਟਰ-19 ਥਾਣਾ ਵਿਚ ਗੁਮਸ਼ੁਦਗੀ ਦੀ ਐੱਫਆਈਆਰ ਦਰਜ ਕਰਵਾਈ ਸੀ। ਦੋ ਦਿਨ ਬਾਅਦ ਲੜਕੀ ਦੋਸ਼ੀ ਨੌਜਵਾਨ ਦੇ ਕੋਲੋਂ ਹੀ ਮਿਲੀ ਸੀ। ਉਸ ਨੇ ਪੁਲਿਸ ਨੂੰ ਅਗਵਾ ਤੇ ਬਲਾਤਕਾਰ ਬਾਰੇ ਦੱਸਿਆ ਸੀ। ਪੁਲਿਸ ਨੇ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ। ਬਾਅਦ ਵਿਚ ਨੌਜਵਾਨ ਨੇ ਪੀੜਤਾ ਨਾਲ ਵਿਆਹ ਕਰ ਲਿਆ ਸੀ ਤੇ ਹੁਣ ਉਹ ਕਾਫ਼ੀ ਸਮੇਂ ਤੋਂ ਇਕੱਠੇ ਰਹਿ ਰਹੇ ਸਨ। ਉਨ੍ਹਾਂ ਦੀ ਇਕ ਧੀ ਵੀ ਹੈ। ਉਥੇ ਪੀੜਤ ਲੜਕੀ ਵੀ ਅਦਾਲਤ 'ਚ ਆਪਣੇ ਬਿਆਨ ਤੋਂ ਮੁੱਕਰ ਗਈ ਤੇ ਉਸ ਨੇ ਜੱਜ ਦੇ ਸਾਹਮਣੇ ਕਿਹਾ ਕਿ ਦੋਸ਼ੀ ਨੌਜਵਾਨ ਨੇ ਉਸ ਨਾਲ ਕੋਈ ਗ਼ਲਤ ਕੰਮ ਨਹੀਂ ਕੀਤਾ ਸੀ। ਫਿਰ ਵੀ ਅਦਾਲਤ ਨੇ ਨੌਜਵਾਨ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਸਜ਼ਾ ਸੁਣਾ ਦਿੱਤੀ।

ਦੋਸ਼ ਮੁਤਾਬਕ ਨੌਜਵਾਨ ਨੇ ਜਦ ਪੀੜਤਾ ਨਾਲ ਜਬਰ ਜਨਾਹ ਕੀਤਾ ਸੀ, ਤਦ ਉਨ੍ਹਾਂ ਦਾ ਵਿਆਹ ਨਹੀਂ ਹੋਇਆ ਸੀ ਤੇ ਲੜਕੀ ਦੀ ਉਮਰ ਸਾਢੇ 16 ਸਾਲ ਸੀ। ਜਬਰ ਜਨਾਹ ਤੋਂ ਬਾਅਦ ਲੜਕੀ ਗਰਭਵਤੀ ਹੋ ਗਈ ਸੀ। ਉਸ ਦਾ ਗਰਭਪਾਤ ਕਰਵਾ ਦਿੱਤਾ ਗਿਆ ਸੀ ਪਰ ਪੁਲਿਸ ਨੇ ਡੀਐੱਨਏ ਸੈਂਪਲ ਲੈ ਲਿਆ ਸੀ ਜੋ ਦੋਸ਼ੀ ਨੌਜਵਾਨ ਨਾਲ ਮਿਲ ਗਿਆ ਸੀ। ਇਸ ਕਾਰਨ ਇਹ ਸਾਬਤ ਹੋ ਗਿਆ ਕਿ ਦੋਸ਼ੀ ਨੇ ਹੀ ਨਾਬਾਲਗਾ ਨਾਲ ਜਬਰ ਜਨਾਹ ਕੀਤਾ ਸੀ। ਅਦਾਲਤ ਨੇ ਉਸ ਨੂੰ ਪਾਕਸੋ ਐਕਟ ਵਿਚ ਦੋਸ਼ੀ ਕਰਾਰ ਦੇ ਦਿੱਤਾ।

# • ਪੰਜਾਬੀ ਫ਼ਿਲਮ ਦਰਪਣ •

### "ਨੀਂ ਕੰਧ ਸਰਹਿੰਦ ਦੀਏ" ਸ਼ਰਧਾ ਪੰਮੇ ਮੱਲ੍ਹੀ ਦੀ




ਸ਼ਰਧਾ ਭਾਵਨਾ ਵਾਲਾ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਅਫ਼ਸਰ ਗਾਇਕ ਬਲਜਿੰਦਰ ਪੰਮਾ ਮੱਲ੍ਹੀ ਨੇ ਸ਼ਰਧਾ ਭਾਵਨਾ ਨਾਲ ਰਿਕਾਰਡ ਕਰਵਾ ਦਿੱਤਾ ਹੈ। ਇਹ ਸ਼ਹੀਦੀ ਹਫ਼ਤੇ ਦੌਰਾਨ ਰਲੀਜ਼ ਹੋਏਗਾ ਤੇ ਇਸ ਦੇ ਨਿਰਮਾਤਾ ਬੀ ਲੇਹਲ ਦੱਸਦੇ ਨੇ ਕਿ ਅਸੀਂ ਸੰਸਾਰ ਭਰ ਨੂੰ ਸਰਹਿੰਦ ਦੀ ਓਸ ਕੰਧ ਦਾ ਇਤਿਹਾਸ ਦਰਸਾ ਰਹੇ ਹਾਂ ਇਸ ਧਾਰਮਿਕ ਗੀਤ ਰਾਹੀਂ ਤੇ ਪੰਮਾ ਮੱਲ੍ਹੀ ਜਿਹੜੇ ਸਟਾਰ ਗਾਇਕ ਨੇ ਜੱਸੀ ਬ੍ਰਦਰਸ ਦੇ ਸੰਗੀਤ ਵਿੱਚ ਇਸ ਗੀਤ ਨੂੰ ਇਵੇਂ ਨਿਭਾ ਗਏ ਨੇ ਕਿ ਇਹ ਸਦਾਬਹਾਰ ਧਾਰਮਿਕ ਸਮਾਗਮਾਂ ਤੇ ਚਲਣ ਵਾਲਾ ਗੀਤ ਬਣ ਜਾਏਗਾ। ਇਸ ਦਾ ਵੀਡਿਓ ਵੀ ਧਾਰਮਿਕ ਇਤਿਹਾਸ ਦੀ ਤਰਜ਼ਮਾਨੀ ਕਰਨ ਵਾਲਾ ਬਣਿਆ ਹੈ। ਪੰਮਾ ਮੱਲ੍ਹੀ ਮਿਊਜ਼ਿਕ ਦੀ ਭੇਂਟ "ਨੀਂ ਕੰਧ ਸਰਹਿੰਦ ਦੀਏ" ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਨਿੱਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੇ ਲਾਸਾਨੀ ਗੀਤ ਬਣਿਆ ਜਿਹੜਾ ਕਿਸੇ ਵੀ ਧਾਰਮਿਕ ਫ਼ਿਲਮ ਦਾ ਹਿੱਸਾ ਬਣ ਸਕਦਾ ਹੈ।

### ਤਾਨੀਆ ਡਾਂਗ ਜਿੱਧਰ ਦੇਖੋ ਛਾਈ ਜਾਏ



"ਜੱਟ ਜੁਗਾੜੀ ਹੁੰਦੇ ਨੇ" ਫ਼ਿਲਮ ਨਾਲ ਪਰਦੇ ਤੇ ਆ ਕਿ ਤਾਨੀਆ ਡਾਂਗ ਨੇ ਦਰਸ਼ਕਾਂ ਨੂੰ ਅਹਿਸਾਸ ਕਰਵਾ ਦਿੱਤਾ ਸੀ ਕਿ ਓਹ ਅਦਾਕਾਰਾ ਵੀ ਚੋਟੀ ਦੀ ਹੈ ਤੇ ਪਲੇ ਬੈਕ ਦੇ ਕਿ ਪ੍ਰਭਾਵ ਦੇ ਗਈ ਕਿ ਕੱਲ ਦੀ ਓਹ ਸਟਾਰ ਪਲੇ ਬੈਕ ਗਾਇਕ ਹੋਏਗੀ। ਅੱਜ ਕਲ ਤਾਨੀਆ ਦੀ ਐਂਕਰਿੰਗ ਵੀ ਗਜ਼ਬ ਦੀ ਹੋ ਰਹੀ ਹੈ ਤੇ "ਹਲਦੀ ਰਸਮ" ਤੇ ਓਸ ਦੀ ਪੇਸ਼ਕਾਰੀ ਓਸ ਨੂੰ ਭਾਰਤ ਭਰ ਵਿੱਚ ਲੋਕ ਪ੍ਰਿਅ ਕਰ ਰਹੀ ਹੈ।

ਤਾਨੀਆ ਹੁਸਨ ਦੀ ਓਹ ਹੱਟੀ ਹੈ ਜਿੱਥੇ ਸਾਰਾ ਹੀ ਸੌਦਾ ਮਹਿੰਗੇ ਭਾਅ ਦਾ ਹੈ ਤੇ ਹਰ ਚੀਜ਼ ਬਹੁਮੁੱਲੀ ਹੈ। ਉਮੀਦ ਐ ਨਵੇਂ ਸਾਲ ਵਿੱਚ ਪਾਲੀਵੁੱਡ ਕੀ ਬਾਲੀਵੁੱਡ ਵੀ ਓਸ ਦੇ ਇਰਦ ਗਿਰਦ ਹੋਊ ਤੇ ਓਹ ਸਟਾਰ ਐਕਟ੍ਰੈਸ ਗਾਇਕਾ ਹੋਏਗੀ।

### ਰਜਿੰਦਰ ਰੁਬੀ "ਛੱਲੇ ਮੁੰਦੀਆਂ" ਜਿਹੀ ਪਿਆਰੀ ਅਭਿਨੇਤਰੀ ਤੇ ਗਾਇਕਾ



ਹੁਸਨ ਲਾਹੌਰ ਦਾ ਤੇ ਹੁਸਨ ਰੁਬੀ ਦਾ ਇੱਕੋ ਹੀ ਗੱਲ, ਕਿਉਂ ਸੁਖਵਿੰਦਰ ਪੰਛੀ ਗੱਲ ਲੱਖ ਦੀ ਕਰੋੜ ਦੀ ਤੇ ਰਜਿੰਦਰ ਰੁਬੀ ਪੰਜਾਬੀ ਫ਼ਿਲਮਾਂ ਦੀ ਚੰਚਲ ਹਸੀਨ ਨਾਇਕਾ ਰਹੀ ਹੈ। ਇਸ ਵਕਤ ਰੁਬੀ ਦੀ ਗਾਇਕੀ ਤੇ ਅਦਾਇਗੀ ਫਰਾਂਸ ,ਯੋਰਪ ਤੇ ਕਨੇਡਾ ਤੱਕ ਛਾਈ ਹੋਈ ਹੈ। ਰਜਿੰਦਰ ਰੁਬੀ ਕਿਸੇ "ਸ਼ਾਹਾਂ ਦੀ ਲਾਡਲੀ ਕੁੜੀ" ਜਿਹੀ ਪਿਆਰੀ "ਦਿਲ ਦਾ ਮਾਮਲਾ" ਫ਼ਿਲਮ ਵਿੱਚ ਗੁੱਗੂ ਗਿੱਲ ਨਾਲ ਨਾਇਕਾ ਆਈ ਤੇ ਨਾਲ ਓਸ ਦੇ ਅਮਰ ਨੂਰੀ ਸੀ। ਯੋਗਰਾਜ ਸਿੰਘ ਨਾਲ "ਕਬਜ਼ਾ" ਕਰਨ ਵਾਲੀ ਰੁਬੀ ਦਾ ਅਸਲੀ ਕਬਜ਼ਾ ਪੰਛੀ ਤੇ ਹੈ। ਜਲਦੀ ਰੁਬੀ ਦੇ ਹਰਮਨ ਪਿਆਰੇ ਨਿਰਦੇਸ਼ਕ ਮਨਜੀਤ ਸਿੰਘ ਸਰਾਂ ਓਸ ਨੂੰ ਖ਼ੁਸ਼ਖਬਰੀ ਦੇ ਸਕਦੇ ਹਨ ਤੇ ਰੁਬੀ ਫ਼ਿਰ ਫ਼ਿਲਮੀ ਪਰਦੇ ਤੇ ਆਪਣੇ ਹੁਸਨ ਤੇ ਅਦਾਇਗੀ ਨਾਲ ਅਭਿਨੈ ਦੀ ਦੁਕਾਨ ਖ਼ੂਬ ਚਲਾਉਂਦੀ ਨਜ਼ਰ ਆਏਗੀ।

### ਸੁਰਜੀਤ ਭੁੱਲਰ "ਮਜਾਜਣ" ਦੇ ਬਾਅਦ "ਸਨੈਪਚੈਟ" ਗੁਰਲੇਜ਼ ਅਖਤਰ ਨਾਲ



ਭੂਸ਼ਨ ਮਦਾਨ ਦੀ ਫ਼ਿਲਮ "ਮਜਾਜਣ" ਵਿੱਚ ਦੋ ਗੀਤ ਅੱਜ ਦੇ ਸਟਾਰ ਗਾਇਕ ਸੁਰਜੀਤ ਭੁੱਲਰ ਨੇ ਗਾਏ ਸਨ ਤੇ ਇਹ ਗੀਤ ਹਰ ਮੋਬਾਈਲ ਦਾ ਸ਼ਿੰਗਾਰ ਬਣੇ ਸਨ। ਗਾਣੇ ਤਾਂ ਬੇਸ਼ੁਮਾਰ ਭੁੱਲਰ ਦੇ ਹਿੱਟ ਰਹੇ ਹਨ ਜਿਹਨਾਂ ਵਿੱਚ "ਮਿੱਤਰਾਂ ਦਾ ਰੰਗ ਪੱਕਾ ਫੀਮ ਵਰਗਾ" ਸ਼ਾਮਿਲ ਹੈ। ਹੁਣ ਸੁਰਜੀਤ ਭੁੱਲਰ ਨਵੀਂ ਦੋਗਾਣਾ ਐਲਬਮ "ਸਨੈਪਚੈਟ" ਨਾਲ ਹਾਜ਼ਿਰ ਹੋ ਰਿਹਾ ਹੈ। ਇਸ ਵਿੱਚ ਅੱਜ ਦੀ ਸੁਪਰ ਗਾਇਕਾ ਗੁਰਲੇਜ਼ ਅਖਤਰ ਨੇ ਸੁਰਜੀਤ ਭੁੱਲਰ ਨਾਲ ਗਾਇਆ ਹੈ। ਕੇ ਵੀ ਸਿੰਘ ਦੇ ਸੰਗੀਤ ਨਾਲ ਭੁੱਲਰ ਤੇ ਗੁਰਲੇਜ਼ ਦੀ "ਸਨੈਪਚੈਟ" ਖ਼ੂਬ ਵਾਇਰਲ ਹੋ ਰਹੀ ਹੈ। ਜੱਗੀ ਸੰਘੇੜਾ ਨੇ ਇਹ "ਸਨੈਪਚੈਟ" ਲਿਖੀ ਹੈ ਤੇ ਸੁਰਜੀਤ ਭੁੱਲਰ ਦਾ ਦੋਗਾਣਾ ਗਾਇਕੀ ਦਾ ਸਫ਼ਰ ਫ਼ਿਰ ਇੱਕ ਵਾਰ ਨਵੀਂ ਉਚਾਈ ਵੱਲ ਵਧ ਰਿਹਾ ਹੈ।

### ਰੋਮਾਂਟਿਕ ਹੀਰੋ ਬਣ ਉੱਭਰੇ ਅਫ਼ਸਰ ਐਕਟਰ ਸਿੰਗਰ ਗੁਰਦੀਪ ਸੰਧੂ



ਇੱਕ ਪਾਸੇ ਪੰਜਾਬ ਦੇ ਮਾਲ ਵਿਭਾਗ ਵਿੱਚ ਤਹਿਸੀਲਦਾਰ ਦਾ ਕੰਮ ਦਿਆਨਤਦਾਰੀ ਨਾਲ ਕਰ ਰਹੇ ਤੇ "ਪਰਾਲੀ" ਨਾ ਸਾੜੋ ਦਾ ਹੋਕਾ ਗਾ ਕਿ ਦੇ ਕਿ ਯੂਟਿਊਬ ਤੇ ਪੌਣੇ ਤਿੰਨ ਲੱਖ ਵਿਊ ਲੈਣ ਵਾਲੇ ਗੁਰਦੀਪ ਸੰਧੂ ਦੀ ਇਮੇਜ ਰੋਮਾਂਟਿਕ ਹੀਰੋ ਦੀ ਬਣੀ ਪਈ ਹੈ। ਦੀਕਸ਼ਾ ਓਹਨਾਂ ਨਾਲ ਹੁਮਾ ਕੁਰੈਸ਼ੀ ਲੱਗਦੀ ਹੈ ਤੇ ਰੁਪਾਲੀ ਨਾਲ ਜਤਿੰਦਰ-ਜਯਾ ਪ੍ਰਦਾ ਦੀ ਜੋੜੀ ਲੱਗਦੀ ਹੈ। ਪ੍ਰੀਤ ਬਾਜਵਾ ਨਾਲ ਗੋਵਿੰਦਾ ਦਿਵਿਆ ਭਾਰਤੀ ਦਾ ਅਹਿਸਾਸ ਕਰਵਾ ਰਹੇ ਗੁਰਦੀਪ ਸੰਧੂ ਦੇ ਚਰਚੇ ਚਾਹੇ ਆਪਣਾ ਗੀਤ ਹੋਏ ਜਾਂ ਬਲਵਿੰਦਰ ਸੇਖੋਂ ਦਾ ਪੂਰੇ ਹਨ। ਹੁਣ ਵੱਡੇ ਪੱਧਰ ਤੇ ਫ਼ਿਲਮ ਨਾਇਕ ਸੰਧੂ ਤੇ ਫ਼ਿਲਮ ਗਾਇਕਾ ਸੁਦੇਸ਼ ਕੁਮਾਰੀ ਨਾਲ ਓਹ ਟਰੈਕ ਲਿਆ ਰਹੇ ਹਨ ਤਾਂ ਇਸ ਦੇ ਵੀਡਿਓ ਵਿੱਚ ਨਾਇਕਾ ਨੂੰ ਮੰਦਕਣੀ ਦੀ ਦਿੱਖ ਤੇ ਗੁਰਦੀਪ ਸੰਧੂ ਬਿਲਕੁਲ ਰਿਸ਼ੀ ਕਪੂਰ ਦਿੱਖ ਵਿੱਚ ਨਜ਼ਰ ਆਉਣ ਵਾਲੇ ਹਨ।ਪੰਜਾਬੀ ਫ਼ਿਲਮਾਂ ਦੇ ਮਾਹਿਰ ਵੀ ਆਖਦੇ ਨੇ ਕਿ ਰੋਮਾਂਟਿਕ ਮਾਹੌਲ ਦੇ ਗਾਣਿਆਂ ਦੀ ਮਾਡਲਿੰਗ ਲਈ ਮੈਜਿਸਟਰੇਟ ਕਲਾਕਾਰ ਗੁਰਦੀਪ ਸੰਧੂ ਪੂਰੇ ਹਿੱਟ ਫਿੱਟ ਹਨ।ਯਾਦ ਰਹੇ ਨਵੇਂ ਸਾਲ ਵਿੱਚ ਓਹਨਾਂ ਦੀ ਫ਼ਿਲਮ "ਹਾਸੇ ਦਾ ਮਰਾਸਾ" ਆ ਰਹੀ ਹੈ।

### ਆਰਤੀ ਤੇ ਅਸ਼ੋਕ ਦੇਣਗੇ "ਗੋਲਡ ਮੈਡਲ ਦਾ ਦਹੇਜ"



ਸ਼੍ਰੀ ਗ੍ਰੇਸਾ ਫ਼ਿਲਮਜ਼ ਨੇ ਦਾਜ ਦੀ ਬੁਰੀ ਅਲਾਮਤ ਤੇ ਪੰਜਾਬੀ ਵੈੱਬ ਫ਼ਿਲਮ "ਗੋਲਡ ਮੈਡਲ ਦਾ ਦਹੇਜ" ਬਣਾ ਲਈ ਹੈ। ਆਰਤੀ ਸਿੰਘ ਤੇ ਅਸ਼ੋਕ ਪੁਰੀ ਨੇ ਦੱਸਿਆ ਕਿ ਫ਼ਿਲਮ ਵਿੱਚ ਜਿੱਥੇ ਓਹਨਾਂ ਦੇ ਖਾਸ ਕਿਰਦਾਰ ਹਨ ਓਥੇ ਨੈਂਸੀ ਅਰੋੜਾ ਵੀ ਫ਼ਿਲਮ ਵਿੱਚ ਹੈ। ਅਸ਼ੋਕ ਪੁਰੀ ਇਸ ਦੇ ਨਿਰਦੇਸ਼ਕ ਹਨ ਤੇ ਓਹਨਾਂ ਕਿਹਾ ਕਿ ਭਾਜਪਾ ਸਾਂਸਦ ਅਵਿਨਾਸ਼ ਰਾਏ ਖੰਨਾ ਦੀ ਕਹਾਣੀ ਤੇ ਇਹ ਫ਼ਿਲਮ ਬਣੀ ਹੈ ਤੇ ਇਸ ਵਿੱਚ ਥੀਮ ਗੀਤ ਵੀ ਲੋਕਾਂ ਨੂੰ ਭਾਵੁਕ ਤੇ ਜਜ਼ਬਾਤੀ ਕਰੇਗਾ। ਅੰਜੂ ਵੀ ਰੱਤੀ ਦਾ ਇਸ ਗੀਤ ਲਈ ਸਹਿਯੋਗ ਲਿਆ ਗਿਆ ਹੈ। ਇਸ ਤਰਾਂ ਹੀ ਕੁਮਾਰ ਵਿਨੋਦ ਨੇ ਵੀ ਇਸ ਫ਼ਿਲਮ ਲਈ ਆਪਣੀ ਆਵਾਜ਼ ਦਿੱਤੀ ਹੈ। ਅਸ਼ੋਕ ਪੁਰੀ ਨੇ ਕਿਹਾ ਕਿ ਇਹ ਫ਼ਿਲਮ ਡੀ ਡੀ ਪੰਜਾਬੀ, ਦੂਰਦਰਸ਼ਨ ਲੋਕ ਸਭਾ, ਰਾਜ ਸਭਾ ਤੇ ਸੰਸਦ ਟੀਵੀ ਦੇ ਨਾਲ ਡੀ ਡੀ ਨੈਸ਼ਨਲ, ਇੰਡੀਆ ਤੇ ਭਾਰਤੀ ਦੇ ਪੱਧਰ ਤੇ ਪ੍ਰਸਾਰਨ ਲਈ ਓਹ ਕੋਸਿਸ਼ ਕਰਨਗੇ।

-ਅੰਮ੍ਰਿਤ ਪਵਾਰ

ਕਵਿਤਾ

## ਦੁੱਖਾਂ ਦੇ ਤੂਫਾਨ

ਭਾਵੇਂ ਪੇਕਿਆਂ 'ਚ ਹੁੰਦੀਆਂ ਨੇ ਚਾਰ ਦਿਨ ਦੀਆਂ ਮਹਿਮਾਨ ਧੀਆਂ,
ਤਾਂ ਵੀ ਇਨ੍ਹਾਂ ਨੂੰ ਸਮਝਣ ਆਪਣੀ ਜ਼ਿੰਦ ਜਾਨ ਧੀਆਂ।
ਚੰਗਾ ਪੜ੍ਹ ਲਿਖ ਕੇ ਉੱਚੇ ਅਹੁਦਿਆਂ ਤੇ ਬਿਰਾਜਮਾਨ ਹੋ ਕੇ,
ਸਮਾਜ ਵਿੱਚ ਬਣਾਉਣ ਆਪਣੀ ਵੱਖਰੀ ਪਹਿਚਾਨ ਧੀਆਂ।
ਆਪਣੇ ਹੱਕਾਂ ਲਈ ਉਠਾਉਣ ਆਵਾਜ਼ ਇਕੱਠੀਆਂ ਹੋ ਕੇ,
ਪਹਿਲਾਂ ਵਾਂਗ ਹੁਣ ਰਹਿਣ ਨਾ ਦੋਸਤੋ, ਬੇਜ਼ਬਾਨ ਧੀਆਂ।
ਪੁੱਤਾਂ ਕੋਲੋਂ ਰਹੀ ਨਾ ਉਨ੍ਹਾਂ ਨੂੰ ਹੁਣ ਆਸ ਕੋਈ ਵੀ,
ਸਹੁਰਿਆਂ ਵਾਂਗ ਮਾਪਿਆਂ ਨੂੰ ਵੀ ਦੇਣ ਸਨਮਾਨ ਧੀਆਂ।
ਜਿਨ੍ਹਾਂ ਕੰਮਾਂ ਨੂੰ ਕਰਨ ਬਾਰੇ ਬੰਦਾ ਸੋਚ ਵੀ ਨਹੀਂ ਸਕਦਾ,
ਉਨ੍ਹਾਂ ਕੰਮਾਂ ਨੂੰ ਨੇਪਰੇ ਚਾੜ੍ਹ ਕੇ ਸਭ ਨੂੰ ਕਰਨ ਹੈਰਾਨ ਧੀਆਂ।
ਇਸ ਨੂੰ ਵਗਦਾ ਦੇਖ ਕੇ ਅੱਖਾਂ ਚੋਂ ਹੰਝੂ ਨਾ ਕੇਰਨ,
ਦੁੱਖਾਂ ਦੇ ਤੂਫਾਨ ਨੂੰ ਰੋਕਣ ਬਣ ਕੇ ਚੱਟਾਨ ਧੀਆਂ।
ਪੇਕਿਆਂ, ਸਹੁਰਿਆਂ ਨੂੰ ਇਹ ਬਰਾਬਰ ਸਮਝਦੀਆਂ ਨੇ,
ਦੇਖ ਸਕਦੀਆਂ ਨਹੀਂ ਕਿਸੇ ਦਾ ਵੀ ਹੁੰਦਾ ਨੁਕਸਾਨ ਧੀਆਂ।

ਮਹਿੰਦਰ ਸਿੰਘ ਮਾਨ
ਸਾਮ੍ਹਣੇ ਅੰਗਦ ਸਿੰਘ ਐਮ ਐਲ ਏ ਹਾਊਸ
ਕੈਨਾਲ ਰੋਡ, ਨਵਾਂ ਸ਼ਹਿਰ-144514
ਫੋਨ 9915803554



# ਵਿਸ਼ਵ ਪੰਜਾਬੀ ਸਭਾ ਕਨੇਡਾ ਨੇ ਲੋਕ ਸ਼ਾਇਰ ਜਗਦੀਸ਼ ਰਾਣਾ ਨੂੰ ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਐਵਾਰਡ 2024 ਨਾਲ਼ ਕੀਤਾ ਸਨਮਾਨਿਤ



ਜਲੰਧਰ (ਤੇਜਿੰਦਰ ਮਨਚੰਦਾ)-ਵਿਸ਼ਵ ਪੰਜਾਬੀ ਸਭਾ ਕਨੇਡਾ ਵਲੋਂ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ (ਰਜਿ.) ਦੇ ਸਹਿਯੋਗ ਨਾਲ਼ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਇਕ ਸ਼ਾਨਦਾਰ ਤੇ ਪ੍ਰਭਾਵਸ਼ੀਲ ਸਾਹਤਿਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਵਿਸ਼ਵ ਪੰਜਾਬੀ ਸਭਾ ਕਨੇਡਾ ਦੇ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ ਕਨੇਡਾ ਤੋਂ ਉਚੇਚੇ ਤੌਰ ਤੇ ਪਹੁੰਚੇ ਅਤੇ ਪ੍ਰਧਾਨਗੀ ਮੰਡਲ ਵਿਚ ਪ੍ਰੋ.ਸੰਧੂ ਵਰਿਆਣਵੀ (ਜਨ ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ), ਡਾ.ਬਲਦੇਵ ਸਿੰਘ ਬੱਦਨ(ਸਾਬਕਾ ਨਿਰਦੇਸ਼ਕ ਨੈਸ਼ਨਲ ਬੁੱਕ ਟਰੱਸਟ ਇੰਡੀਆ), ਡਾ.ਕੰਵਲ ਭੱਲਾ ਪ੍ਰਧਾਨ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ), ਅਤੇ ਲੋਕ ਸ਼ਾਇਰ ਸੰਤ ਰਾਮ ਉਦਾਸੀ ਦੀ ਸਪੁੱਤਰੀ ਡਾ.ਇਕਬਾਲ ਕੌਰ ਉਦਾਸੀ ਅਤੇ ਹਰਬੰਸ ਸਿੰਘ ਅਕਸ ਦੇ ਨਾਲ਼ ਬਿਰਾਜਮਾਨ ਹੋਏ। ਇਸ ਮੌਕੇ ਵਿਸ਼ਵ ਪੰਜਾਬੀ ਸਭਾ ਕਨੇਡਾ ਵਲੋਂ ਲੋਕ ਸ਼ਾਇਰ ਜਗਦੀਸ਼ ਰਾਣਾ ਨੂੰ ਲੋਕ ਕਵੀ ਸੰਤ ਰਾਮ ਉਦਾਸੀ ਯਾਦਗਾਰੀ ਐਵਾਰਡ 2024 , ਜਿਸ ਵਿੱਚ ਗਿਆਰਾਂ ਹਜ਼ਾਰ ਰੁਪਏ ਨਕਦ, ਸ਼ਾਨਦਾਰ ਲੋਈ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।

ਜਗਦੀਸ਼ ਰਾਣਾ ਨੇ ਕਿਹਾ ਕਿ ਵਿਸ਼ਵ ਪ੍ਰਸਿੱਧ ਲੋਕ ਸ਼ਾਇਰ ਸੰਤ ਰਾਮ ਉਦਾਸੀ ਦੇ ਨਾਮ ਤੇ ਯਾਦਗਾਰੀ ਪੁਰਸਕਾਰ ਮਿਲਣਾ ਮੇਰੇ ਲਈ ਬਹੁਤ ਵੱਡੀ ਤੇ ਮਾਣ ਵਾਲੀ ਗੱਲ ਹੈ। ਇਸ ਨਾਲ਼ ਸਮਾਜ ਅਤੇ ਸਾਹਿਤ ਪ੍ਰਤੀ ਮੇਰੀ ਜਿੰਮੇਵਾਰੀ ਹੋਰ ਵੀ ਵੱਧ ਗਈ ਹੈ। ਸਭਾ ਵਲੋਂ ਇਸ ਮੌਕੇ ਬਠਿੰਡਾ ਤੋਂ ਕਵਿੱਤਰੀ ਮਨਦੀਪ ਸਿੱਧੂ ਸਹਿਜ ਦਾ ਪਲੇਠਾ ਕਾਵਿ ਸੰਗ੍ਰਹਿ ਧੀਆਂ ਦੀ ਦਾਸਤਾਨ ਵੀ ਲੋਕ ਅਰਪਣ ਕੀਤਾ ਗਿਆ। ਵਿਸ਼ਵ ਪੰਜਾਬੀ ਸਭਾ ਕਨੇਡਾ ਦੇ ਭਾਰਤ ਦੇ ਪ੍ਰਧਾਨ ਲੈਕ.ਬਲਬੀਰ ਕੌਰ ਰਾਏਕੋਟੀ ਨੇ ਸਭਾ ਦੀਆਂ ਗਤਿਵਧਿਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਸਾਂਝੀ ਕੀਤੀ।

ਡਾ.ਦਲਬੀਰ ਸਿੰਘ ਕਥੂਰੀਆ ਨੇ ਕਿਹਾ ਕਿ ਉਹ ਪੰਜਾਬ ਪੰਜਾਬੀ ਅਤੇ ਪੰਜਾਬੀਅਤ ਲਈ ਹਰ ਤਰ੍ਹਾਂ ਨਾਲ ਹੀਲੇ ਵਸੀਲੇ ਕਰਦੇ ਰਹਿਣਗੇ। ਉਹਨਾਂ ਵਿਸ਼ੇਸ਼ ਜ਼ਿਕਰ ਕੀਤਾ ਕਿ ਪਾਕਿਸਤਾਨ ਦੀ ਫੇਰੀ ਦੌਰਾਨ ਪਾਕਿ ਪੰਜਾਬ ਦੇ ਮੁੱਖ ਮੰਤਰੀ ਬੀਬੀ ਮਰੀਅਮ ਸ਼ਰੀਫ਼ ਨਾਲ਼ ਮਿਲ ਕੇ ਉਹਨਾਂ ਲਹਿੰਦੇ ਪੰਜਾਬ ਵਿੱਚ ਪੰਜਾਬੀ ਲਾਗੂ ਕਰਾਉਣ ਲਈ ਯਤਨ ਕੀਤੇ ਸੀ ਜਿਸ ਵਿੱਚ ਉਹ ਕਾਮਯਾਬ ਹੋਏ ਹਨ। ਪ੍ਰੋ.ਸੰਧੂ ਵਰਿਆਣਵੀ ਅਤੇ ਡਾ.ਬਲਦੇਵ ਸਿੰਘ ਬੱਦਨ ਨੇ ਜਗਦੀਸ਼ ਰਾਣਾ ਨੂੰ ਮੁਬਾਰਕਬਾਦ ਦਿੰਦੇ ਹੋਏ ਕਿਹਾ ਕਿ ਵਿਸ਼ਵ ਪੰਜਾਬੀ ਸਭਾ ਦੀ ਚੋਣ ਬੜੀ ਢੁੱਕਵੀਂ ਹੈ ਕਿਉਂਕਿ ਜਗਦੀਸ਼ ਰਾਣਾ ਵੀ ਸੰਤ ਰਾਮ ਉਦਾਸੀ ਵਾਂਗ ਆਪਣੀ ਸ਼ਾਇਰੀ ਰਾਹੀਂ ਪੀੜਤ ਧਿਰ ਦੀ ਆਵਾਜ਼ ਬੁਲੰਦ ਹੀ ਨਹੀਂ ਕਰਦਾ ਸਗੋਂ ਲਾਚਾਰ ਤੇ ਮਜ਼ਲੂਮ ਲੋਕਾਂ ਦੇ ਹੱਕਾਂ ਲਈ ਮੋਹਰੇ ਹੋ ਸੰਘਰਸ਼ ਵੀ ਕਰਦਾ ਹੈ। ਇਸ ਮੌਕੇ ਸਾਹਿਤ ਕਲਾ ਅਤੇ ਸੱਭਿਆਚਾਰਕ ਮੰਚ ਵਲੋਂ ਮੰਚ ਦੇ ਪ੍ਰਧਾਨ ਡਾ.ਕੰਵਲ ਭੱਲਾ, ਸਵਿੰਦਰ ਸੰਧੂ ਦੁਆਰਾ ਵਿਸ਼ਵ ਪੰਜਾਬੀ ਸਭਾ ਦੇ ਚੇਅਰਮੈਨ ਡਾ.ਦਲਬੀਰ ਸਿੰਘ ਕਥੂਰੀਆ, ਭਾਰਤ ਦੇ ਪ੍ਰਧਾਨ ਲੈਕ.ਬਲਬੀਰ ਕੌਰ ਰਾਏਕੋਟੀ ਅਤੇ ਮਨਦੀਪ ਸਿੱਧੂ ਸਹਿਜ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਵਿਸ਼ਵ ਪੰਜਾਬੀ ਸਭਾ ਕਨੇਡਾ ਵਲੋਂ ਪ੍ਰੋ ਸੰਧੂ ਵਰਿਆਣਵੀ, ਡਾ.ਬਲਦੇਵ ਸਿੰਘ ਬੱਦਨ, ਡਾ.ਕੰਵਲ ਭੱਲਾ, ਮਨਜੀਤ ਕੌਰ ਮੀਸ਼ਾ , ਡਾ.ਇਕਬਾਲ ਕੌਰ ਉਦਾਸੀ ਨੂੰ ਕਿਤਾਬਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਮਰਹੂਮ ਉਸਤਾਦ ਸ਼ਾਇਰ ਹਰਜਿੰਦਰ ਬੱਲ ਦੀ ਯਾਦ ਵਿੱਚ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਹਰਦਿਆਲ ਹੁਸ਼ਿਆਰਪੁਰੀ, ਗੁਰਦੀਪ ਸਿੰਘ ਸੈਣੀ, ਜਰਨੈਲ ਸਾਖ਼ੀ, ਸਵਿੰਦਰ ਸੰਧੂ, ਮਨਦੀਪ ਸਿੱਧੂ ਸਹਿਜ, ਸੁਰਜੀਤ ਕੌਰ, ਸੁਰਜੀਤ ਸਾਜਨ, ਸੰਤ ਸੰਧੂ, ਕੀਮਤੀ ਕੈਸਰ, ਸੁਦੇਸ਼ ਕਲਿਆਣ, ਸੋਹਣ ਸਹਿਜਲ, ਸੁਖਦੇਵ ਗੰਢਵਾਂ, ਨਵਤੇਜ਼ ਗੜ੍ਹਦੀਵਾਲਾ, ਕੇ ਸਾਧੂ ਸਿੰਘ, ਸੁਖਦੇਵ ਭੱਟੀ, ਚਰਨਜੀਤ ਸਮਾਲਸਰ, ਅਵਤਾਰ ਸਮਾਲਸਰ, ਹਰਜਿੰਦਰ ਜਿੰਦੀ, ਦਿਲਬਹਾਰ ਸ਼ੌਕਤ, ਬਲਵਿੰਦਰ ਦਿਲਦਾਰ, ਆਸ਼ੀ ਈਸਪੁਰੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ ਓਥੇ ਹੀ ਮੰਗਲ ਸਿੰਘ ਭੰਡਾਲ, ਗਿਆਨ ਸਿੰਘ ਕੰਗ, ਮੇਹਰ ਮਲਿਕ, ਡਾ.ਸੁੱਚਾ ਸਿੰਘ ਗਿੱਲ ਨੇ ਵੀ ਵਿਚਾਰ ਸਾਂਝੇ ਕੀਤੇ। ਇਸ ਮੌਕੇ ਵਿਸ਼ੇਸ਼ ਤੌਰ ਤੇ ਜਗਦੀਸ਼ ਡਾਲੀਆ, ਮਾਧਵੀ ਅੱਗਰਵਾਲ, ਮਨਜੀਤ ਸਿੰਘ, ਤਰਸੇਮ ਜਲੰਧਰੀ, ਗੁਰਦੀਪ ਸਿੰਘ ਉਜਾਲਾ, ਕਰਨਲ ਜਗਬੀਰ ਸਿੰਘ ਸੰਧੂ, ਨਛੱਤਰ ਭੋਗਲ, ਗੁਰਲਾਲ ਸਿੰਘ ਸਿੱਧੂ, ਹਰਭਜਨ ਨਾਹਲ, ਅਮਰ ਸਿੰਘ ਅਮਰ, ਗੀਤਕਾਰ ਐਸ ਐਸ ਸੰਧੂ, ਗੀਤਾ ਵਰਮਾ, ਡਾ.ਰਾਮ ਮੂਰਤੀ, ਗੁਰਚਰਨ ਸਿੰਘ ਚੀਮਾ, ਸਾਹਿਬਾ ਜੀਟਨ ਕੌਰ, ਸੰਦੀਪ ਕੌਰ ਚੀਮਾ, ਵਰਿੰਦਰ ਸਿੰਘ ਵਿਰਦੀ, ਕੁਲਭੂਸ਼ਨ, ਨਗੀਨਾ ਸਿੰਘ ਬਲੱਗਣ, ਰਾਜੇਸ਼ ਥਾਪਾ, ਜਸਪਾਲ ਜ਼ੀਰਵੀ, ਰੋਹਿਤ ਸਿੱਧੂ ਅਤੇ ਹੋਰ ਹਾਜ਼ਿਰ ਸਨ।

# ਚੰਗੇ ਭੱਵਿਖ ਲਈ ਨਕੋਦਰ ਦੇ ਇਟਲੀ ਆਏ ਨੌਜਵਾਨ ਨੇ ਹਾਲਾਤਾਂ ਤੋਂ ਦੁੱਖੀ ਹੋ ਰੇਲ ਗੱਡੀ ਅੱਗੇ ਛਾਲ ਮਾਰ ਕੀਤੀ ਆਤਮ ਹੱਤਿਆ

ਰੋਮ (ਗੁਰਸ਼ਰਨ ਸਿੰਘ ਸੋਨੀ)-ਇਟਲੀ ਦੇ ਕੰਪਾਨੀਆ ਸੂਬੇ ਦੇ ਜ਼ਿਲ੍ਹਾ ਸਲੇਰਨੋ ਅਧੀਨ ਆਉਂਦੇ ਸ਼ਹਿਰ ਅਸਚੇਇਆ ਦੇ ਰੇਲਵੇ ਸਟੇਸ਼ਨ ਉਪੱਰ ਇੱਕ ਭਾਰਤੀ ਨੌਜਵਾਨ ਵੱਲੋਂ ਰੇਲਗੱਡੀ ਅੱਗੇ ਛਾਲ ਮਾਰਕੇ ਆਤਮ ਹੱਤਿਆ ਕਰਨ ਦਾ ਦੁੱਖਦਾਇਕ ਮਾਮਲਾ ਸਾਹਮਣੇ ਆਇਆ ਹੈ। ਇਟਾਲੀਅਨ ਮੀਡੀਏ ਵਿੱਚ ਨਸ਼ਰ ਹੋਈ ਜਾਣਕਾਰੀ ਅਨੁਸਾਰ ਸ਼ਹਿਰ ਅਸਚੇਇਆ (ਸਲੇਰਨੋ) ਦੇ ਰੇਲਵੇ ਸਟੇਸ਼ਨ ਉਪੱਰ ਇੱਕ 23 ਸਾਲ ਦੇ ਭਾਰਤੀ ਨੌਜਵਾਨ ਨੇ ਰੋਮ ਤੋਂ ਰਿਜੋਕਲਾਬਰੀਆ ਜਾ ਰਹੀ ਰੇਲ ਗੱਡੀ ਇੰਟਰਸਿਟੀ ਦੇ ਅੱਗੇ ਛਾਲ ਮਾਰਕੇ ਆਤਮ ਹੱਤਿਆ ਕੀਤੀ ਹੈ।

ਇਸ ਘਟਨਾ ਸੰਬਧੀ ਪ੍ਰੈੱਸ ਵੱਲੋਂ ਇੱਕਠੀ ਕੀਤੀ ਜਾਣਕਾਰੀ ਅਨੁਸਾਰ ਮ੍ਰਿਤਕ ਦਾ ਨਾਮ ਉਂਕਾਰ ਸਿੰਘ (23) ਪੁੱਤਰ ਭੁਪਿੰਦਰ ਸਿੰਘ ਵਾਸੀ ਨੋਕਦਰ (ਜਲੰਧਰ) ਸੀ ਜਿਹੜਾ ਕਿ ਅਕਤੂਬਰ 2023 ਨੂੰ ਹੀ 12-13 ਲੱਖ ਕਰਜ਼ਾ ਚੁੱਕ ਮਾਪਿਆ ਨੇ ਘਰ ਦੀ ਗਰੀਬੀ ਦੂਰ ਕਰਨ 9 ਮਹੀਨਿਆਂ ਵਾਲੇ ਪੇਪਰਾਂ ਉਪੱਰ ਇਟਲੀ ਭੇਜਿਆ ਸੀ। ਪ੍ਰੈੱਸ ਨੂੰ ਭੁੱਬਾਂ ਮਾਰ ਰੋਂਦੇ ਮਰਹੂਮ ਉਂਕਾਰ ਸਿੰਘ ਦੇ ਪਿਤਾ ਭੁਪਿੰਦਰ ਸਿੰਘ ਨੇ ਭਾਰਤ ਤੋਂ ਫੋਨ ਰਾਹੀ ਦੱਸਿਆ ਕਿ ਉਹਨਾਂ ਦਾ ਇਕਲੌਤਾ ਪੁੱਤ ਸੀ ਉਂਕਾਰ ਸਿੰਘ ਜਿਹੜਾ ਕਿ ਇਟਲੀ ਉਹਨਾਂ ਦਾ ਸਹਾਰਾ ਬਣਨ ਗਿਆ ਸੀ ਪਰ ਅਫ਼ਸੋਸ ਜਦੋਂ ਉਹ ਇਟਲੀ ਗਿਆ ਤਾਂ ਏਜੰਟ ਨੇ ਉਸ ਦੀ ਬਾਂਹ ਨਹੀਂ ਫੜ੍ਹੀ ਜਿਸ ਕਾਰਨ ਉਂਕਾਰ ਸਿੰਘ ਬਹੁਤ ਜ਼ਿਆਦਾ ਪ੍ਰੇਸ਼ਾਨ ਰਹਿੰਦਾ ਸੀ।

ਘਟਨਾ ਵਾਲੇ ਦਿਨ ਵੀ ਉਹ ਕਤਾਨੀਆ ਤੋਂ ਬਰੇਸ਼ੀਆ ਕੰਮ ਲਈ ਹੀ ਜਾ ਰਿਹਾ ਸੀ ਕਿ ਪ੍ਰੇਸ਼ਾਨੀ ਕਾਰਨ ਰਾਹ ਵਿੱਚ ਹੀ ਉੱਤਰ ਗਿਆ ਜਿੱਥੇ ਇਹ ਭਾਣਾ ਵਰਤ ਗਿਆ। ਜਦੋਂ ਦਾ ਉਂਕਾਰ ਸਿੰਘ ਇਟਲੀ ਗਿਆ ਉਸ ਨੂੰ ਇੱਕ ਦਿਨ ਵੀ ਕੰਮ ਨਹੀਂ ਮਿਲਿਆ ਜਿਸ ਕਾਰਨ ਉਸ ਨੂੰ ਖਰਚਾ ਵੀ ਭੁਪਿੰਦਰ ਸਿੰਘ ਭਾਰਤ ਤੋਂ ਭੇਜ ਦਾ ਸੀ ਪਿਛਲੇ ਇੱਕ ਸਾਲ ਵਿੱਚ ਉਸ ਨੇ ਕਰੀਬ ਡੇਢ ਲੱਖ ਰੁਪਈਏ ਉਂਕਾਰ ਸਿੰਘ ਨੂੰ ਖਰਚ ਭੇਜਿਆ। ਘਟਨਾ ਤੋਂ 2 ਦਿਨ ਪਹਿਲਾਂ ਵੀ 20 ਹਜ਼ਾਰ ਰੁਪਏ ਭੇਜੇ। ਭੁਪਿੰਦਰ ਸਿੰਘ ਚਾਹੁੰਦਾ ਸੀ ਕਿਸੇ ਢੰਗ ਨਾਲ ਉਸ ਦੇ ਜਿਗਰ ਦਾ ਟੁੱਕੜਾ ਇਟਲੀ ਸੈੱਟ ਹੋ ਜਾਵੇ। ਮ੍ਰਿਤਕ ਉਂਕਾਰ ਸਿੰਘ ਨੇ ਕੰਮ ਲੱਭਣ ਲਈ ਬਹੁਤ ਕੋਸ਼ਿਸ ਕੀਤੀ ਪਰ ਬਿਨ੍ਹਾਂ ਪੇਪਰਾਂ ਕੰਮ ਨਾ



ਮਿਲਿਆ ਜਿਸ ਦੇ ਚੱਲਦਿਆਂ ਉਸ ਨੇ ਦਿਮਾਗ ਉਪੱਰ ਬੋਝ ਪਾ ਲਿਆ।

ਭੁਪਿੰਦਰ ਸਿੰਘ ਨੇ ਉਹਨਾਂ ਤਮਾਮ ਟ੍ਰੈਵਲ ਏਜੰਟਾਂ ਨੂੰ ਦੁੱਖੀ ਹੁੰਦਿਆਂ ਕਿਹਾ ਹੈ ਕਿ ਉਹ ਕਿਸੇ ਵੀ ਨੌਜਵਾਨ ਨਾਲ ਅਜਿਹਾ ਧੋਖਾ ਨਾ ਕਰਨ ਤੇ ਸਹੀ ਢੰਗ ਨਾਲ ਇਟਲੀ ਨੌਜਵਾਨਾਂ ਦੇ ਪੇਪਰ ਜਮ੍ਹਾਂ ਕਰਵਾਕੇ ਪੀ ਆਰ ਲੈਕੇ ਦੇਣ। ਮੋਟੀਆਂ-ਮੋਟੀਆਂ ਰਕਮਾਂ ਲੈਕੇ ਜਿਹੜੇ ਏਜੰਟ ਧੋਖਾ ਕਰ ਰਹੇ ਹਨ ਉਹਨਾਂ ਖਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਭੁਪਿੰਦਰ ਸਿੰਘ ਨੇ ਭਾਰਤੀ ਅੰਬੈਂਸੀ ਰੋਮ ਤੇ ਇਟਲੀ ਦੇ ਭਾਰਤੀ ਭਾਈਚਾਰੇ ਤੋਂ ਮਦਦ ਦੀ ਗੁਹਾਰ ਲਗਾਈ ਹੈ ਤਾਂ ਜੋ ਉਹ ਆਪਣੇ ਲਾਡਲੇ ਦਾ ਅੰਤਿਮ ਸੰਸਕਾਰ ਆਪਣੇ ਹੱਥਾਂ ਨਾਲ ਕਰ ਸਕਣ। ਇਟਲੀ ਪੁਲਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਇਟਲੀ ਵਿੱਚ ਜਿਸ ਤਰ੍ਹਾਂ ਭਾਰਤੀ ਨੌਜਵਾਨਾਂ 9 ਮਹੀਨਿਆਂ ਵਾਲੇ ਪੇਪਰਾਂ ਉਪੱਰ ਧੜਾਧੜ ਆ ਰਹੇ ਹਨ ਉਹ ਵੀ ਸਿਰਫ਼ ਇਟਲੀ ਐਂਟਰੀ ਵਿੱਚ ਅਜਿਹੇ ਨੌਜਵਾਨ ਜਦੋਂ ਇਟਲੀ ਆਕੇ ਪੇਪਰ ਨਹੀਂ ਬਣਾ ਪਾਉਂਦੇ ਤਾਂ ਬਹੁਤ ਪ੍ਰੇਸ਼ਾਨ ਹੁੰਦੇ ਹਨ ਕਿਉਂਕਿ ਬਹੁਤੇ ਨੌਜਵਾਨ ਕਰਜ਼ਾ ਚੁੱਕ ਆਏ ਹੁੰਦੇ ਹਨ ਜਿਹਨਾਂ ਨੂੰ ਇਟਲੀ ਆਕੇ ਵੀ ਭੱਵਿਖ ਧੁੰਧਲਾ ਹੀ ਲੱਗਦਾ ਹੈ ਜਿਸ ਕਾਰਨ ਇਹ ਜਾਂ ਤਾਂ ਨਸ਼ਿਆਂ ਵਿੱਚ ਪੈਕੇ ਸੜਕਾਂ ਉਪੱਰ ਬੈਠ ਭੀਖ ਮੰਗਣ ਲੱਗਦੇ ਹਨ ਜਾਂ ਫਿਰ ਉਂਕਾਰ ਸਿੰਘ ਵਾਂਗਰ ਵਕਤ ਦੇ ਧੱਕੇ ਚੜ੍ਹ ਮੌਤ ਨੂੰ ਗਲੇ ਲਾਉਣਾ ਹੀ ਠੀਕ ਸਮਝ ਦੇ ਹਨ। ਇਟਲੀ ਵਿੱਚ ਅਜਿਹੇ ਦਿਮਾਗੀ ਪ੍ਰੇਸ਼ਾਨੀ ਕਾਰਨ ਮਰਨ ਵਾਲਿਆਂ ਦੀ ਗਿਣਤੀ ਵੱਧਦੀ ਜਾ ਰਹੀ ਹੈ ਜਿਹੜਾ ਕਿ ਚਿੰਤਾ ਦਾ ਵਿਸ਼ਾ ਹੈ।

# ਸਾਡਾ ਵਿਰਸਾ-ਪੰਜਾਬ ਦੀਆਂ ਬਾਰਾਂ

ਕਰਨਲ ਰਮੇਸ਼ ਦਵੇਸਰ (ਰਿਟਾ:)
919923483103





ਸਾਡਾ ਵਿਰਸਾ ਇਕ ਸਤਰੰਗੀ ਪੀਂਘ ਵਾਂਗੂ ਹੈ। ਜਿਥੇ ਪੰਜਾਬ ਦੀਆਂ ਦੁਆਬਾਂ, ਸਾਡੇ ਲੋਕ ਗੀਤ, ਵੱਖ-ਵੱਖ ਲਹਿਜੇ ਅਤੇ ਬਹਾਦਰੀ ਦੇ ਕਿੱਸੇ ਹਨ, ਉਸੇ ਤਰ੍ਹਾਂ, ਸਾਡੇ ਵਿਰਸੇ ਦਾ ਇਕ ਹੋਰ ਰੰਗ "ਪੰਜਾਬ ਦੇ ਬਾਰ ਦੇ ਇਲਾਕੇ" ਵੀ ਸਾਡੀ ਤਹਜ਼ੀਬ ਦਾ ਅਟੁੱਟ ਹਿੱਸਾ ਹੈ। ਇਕ ਪੰਜਾਬੀ ਹੋਣ ਦੇ ਨਾਅਤੇ ਜ਼ਰੂਰੀ ਹੈ ਕਿ ਅਸੀਂ ਇਸ ਅਮੁੱਲ ਖਜ਼ਾਨੇ ਦੀ ਜਾਣਕਾਰੀ ਸਾਂਝੀ ਕਰੀਏ।"ਬਾਰ" ਇਕ ਫਾਰਸੀ ਦਾ ਲ਼ਫਜ ਹੈ ਇਸਦਾ ਮਤਲਬ ਕਿ ਉਹ ਖਿੱਤੇ ਜੋ ਇਨਸਾਨੀ ਅਬਾਦੀ ਤੋਂ ਦੂਰ, ਯਾ ਘੱਟ ਵੱਸੋਂ ਵਾਲੇ, ਜੰਗਲੀ ਯਾ ਜੰਗਲਾਂ ਦੇ ਨਾਲ ਲਗਦੇ, ਅਤੇ ਪਾਣੀ ਦੀ ਘਾਟ ਕਰਕੇ ਖੇਤੀਬਾੜੀ ਤੋਂ ਵਾਂਝੇ ਰਹੇ, ਉਨ੍ਹਾਂ ਇਲਾਕਿਆਂ ਨੂੰ "ਬਾਰ" ਕਿਹਾ ਜਾਂਦਾ ਹੈ। ਜਿਵੇਂ ਪੰਜਾਬ ਦੀਆਂ ਬਿਸਤ ਦੁਆਬ, ਬਾਰੀ (ਮਾਝਾ), ਰਚਨਾ, ਛੱਝ ਤੇ ਸਿੱਸ ਦੁਆਬਾਂ ਹਨ। ਉਸੇ ਤਰ੍ਹਾਂ ਸਾਡੀਆਂ ਚਾਰ ਬਾਰਾਂ ਵੀ ਹਨ ਜੋ ਕਿ ਸਤਲੁਜ-ਜਿਹਲਮ ਦਰਿਆਵਾਂ ਦੇ ਵਿਚਾਲੇ ਹਨ, ਅਤੇ ਇਤ਼ਫਾਕਨ ਲਹਿੰਦੇ ਪੰਜਾਬ ਵਿਚ ਪੈਂਦੀਆਂ ਹਨ।

ਅੱਗੇ ਵਧਣ ਤੋਂ ਪਹਿਲਾਂ ਕੁਝ ਜਾਣਕਾਰੀ ਸਾਂਝੀ ਕਰਨਾ ਚਾਹੁੰਦਾ ਹਾਂ ਜਿਸਦਾ ਤਾਅਲੁਕ ਇਸ ਮਜ਼ਮੂਨ ਨਾਲ ਹੈ। ਸਭ ਨੂੰ ਪਤਾ ਹੈ ਕਿ ਵਕਤ ਦੇ ਨਾਲ ਦਰਿਆ ਆਪਣਾ ਵਹਾ ਬਦਲ ਲੈਂਦੇ ਹਨ। ਇਤਿਹਾਸਕਾਰਾਂ ਦੇ ਮੁਤਾਬਿਕ ਕੋਈ 8-10 ਹਜ਼ਾਰ ਸਾਲ ਪਹਿਲਾਂ ਸਤਲੁਜ ਦਰਿਆ ਨੇ ਉਕਾੜਾ ਦੇ ਦੱਖਣ ਵਿੱਚ ਆਪਣਾ ਵਹਾ ਬਦਲ ਲਿਆ ਸੀ। ਪੁਰਾਣੇ ਵਹਾ ਨੂੰ ਅੱਜ ਕਲ੍ਹ ਹਾਕੜਾ ਦਰਿਆ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਜੋ ਕਿ ਇੱਕ ਬਰਸਾਤੀ ਨਾਲਾ ਹੈ। ਦੂਜੀ ਗੱਲ, ਤਰਨ ਤਾਰਨ ਜ਼ਿਲ੍ਹੇ ਦੇ ਹਰੀਕੇ ਬੈਰਾਜ ਉੱਤੇ ਸਤਲੁਜ ਤੇ ਬਿਆਸ ਦਰਿਆ ਮਿਲ ਜਾਂਦੇ ਹਨ ਇਸ ਤੋਂ ਅੱਗੇ ਸਤਲੁਜ ਦੇ ਨਾਂ ਨਾਲ ਹੀ ਜਾਣਿਆ ਜਾਂਦਾ ਹੈ।

ਚੜ੍ਹਦੇ ਪਾਸਿਓਂ ਸ਼ੁਰੂ ਕਰੀਏ ਤਾਂ ਸਭ ਤੋਂ ਪਹਿਲਾਂ "ਗੰਜੀ ਬਾਰ" ਦਾ ਇਲਾਕਾ ਜੋ ਕਿ ਬਾਰੀ ਦੁਆਬ (ਮਾਝੇ) ਦੇ ਦੱਖਣੀ ਹਿੱਸੇ ਵਿਚ ਸਤਲੁਜ ਤੇ ਹਾਕੜਾ ਦਰਿਆਵਾਂ ਦੇ ਵਿਚਾਲੇ ਦਾ ਇਲਾਕਾ ਹੈ, ਇਸ ਵਿਚ ਉਕਾੜਾ, ਖਾਣੇਵਾਲ ਅਤੇ ਹੜੱਪਾ ਦੇ ਇਲਾਕੇ ਆਉਂਦੇ ਹਨ। ਆਮ ਤੌਰ ਤੇ ਇਹ ਕੰਡੀ (ਛੋਟੀਆਂ ਪਹਾੜੀਆਂ ਦਾ ਇਲਾਕਾ ਹੈ), ਉੱਚਾ ਨੀਵਾਂ ਹੋਣ ਕਰਕੇ ਇਸ ਨੂੰ ਢਾਇਆ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ। ਇਹ ਬਹੁਤ ਹੀ ਉਪਜਾਊ ਖਿੱਤਾ ਹੈ, ਪਰ ਪਾਣੀ ਦੀ ਥੋੜ੍ਹ ਵਜੋਂ ਇਹ ਖੇਤੀ-ਬਾੜੀ ਤੋਂ ਵਾਂਝਿਆ ਰਿਹਾ, ਇਸ ਕਰਕੇ ਇਸ ਨੂੰ ਗੰਜੀ ਬਾਰ ਦਾ ਨਾਂਅ ਦਿੱਤਾ ਗਿਆ। ਇਕ ਹੋਰ ਸੋਚ ਦੇ ਮੁਤਾਬਿਕ, ਇਸ ਦਾ ਨਾਂਅ ਫ਼ਾਰਸੀ ਲ਼ਫਜ਼ "ਗੰਜ" ਜਿਸਦਾ ਮਤਲਬ ਖਜ਼ਾਨਾ ਹੈ ਤੋਂ ਲਿਆ ਗਿਆ ਹੈ। ਸ਼ੇਖ ਬਾਬਾ ਫ਼ਰੀਦ ਇਸ ਇਲਾਕੇ ਤੋਂ ਆਉਂਦੇ ਹਨ। ਇਕ ਹੋਰ ਮਹਾਨ ਸ਼ਖਸੀਅਤ "ਰਾਏ ਅਹਿਮਦ ਖਰਾਲ ਖਾਨ" ਜਿਨ੍ਹਾਂ ਨੇ 1857 ਦੀ ਜੰਗੇ ਆਜ਼ਾਦੀ ਵਿੱਚ ਹਿੱਸਾ ਲਿਆ, ਵੀ ਗੰਜੀ ਬਾਰ ਦੇ ਸਨ। ਕਿਹਾ ਜਾਂਦਾ ਹੈ ਕਿ ਸਿੰਕਦਰ ਬਾਦਸ਼ਾਹ ਜਦ ਮੁੜ ਅਪਨੇ ਦੇਸ਼ ਯੂਨਾਨ ਨੂੰ ਜਾ ਰਿਹਾ ਸੀ ਤੇ ਗੰਜੀ ਬਾਰ ਦੇ ਫੌਜੀ ਦਸਤਿਆਂ ਨੇ ਉਸ ਦੀ ਫੌਜ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਕੀਤਾ।

ਬਾਰੀ ਦੁਆਬ ਦੀ ਦੂਜੀ ਬਾਰ - "ਨੀਲੀ ਬਾਰ" ਹੈ ਜੋ ਸਤਲੁਜ ਤੇ ਰਾਵੀ ਦਰਿਆਵਾਂ ਦੇ ਦਰਮਿਆਨ ਅਤੇ ਗੰਜੀ ਬਾਰ ਦੇ ਦੱਖਣ ਵਿਚ ਹੈ। ਇਸ ਵਿਚ ਸਾਹੀਵਾਲ, ਉਕਾੜਾ ਅਤੇ ਪਾਕਪਟਨ ਦੇ ਇਲਾਕੇ ਸ਼ਾਮਿਲ ਹਨ। ਕਿਹਾ ਜਾਂਦਾ ਹੈ ਕਿ ਇਥੇ ਸਤਲੁਜ ਦਰਿਆ ਦਾ ਪਾਣੀ ਬਹੁਤ ਸਾਫ ਹੈ ਤੇ ਨੀਲੀ ਭਾਅ ਮਾਰਦਾ ਹੈ, ਇਸ ਕਰਕੇ ਇਸਨੂੰ ਨੀਲੀ ਬਾਰ ਦਾ ਨਾਂਅ ਦਿੱਤਾ ਗਿਆ। ਇਥੋਂ ਦੀ ਨੀਲੀ ਨਸਲ ਦੀ ਗਾਂ ਬਹੁਤ ਮਸ਼ਹੂਰ ਹੈ।

ਰਚਨਾ ਦੁਆਬ, ਰਾਵੀ ਤੇ ਝਨਾਬ ਦਰਿਆਵਾਂ ਦੇ ਦਰਮਿਆਨ ਅਤੇ ਪੰਜਾਬ ਦੀ ਸਭ ਤੋਂ ਮਸ਼ਹੂਰ ਅਤੇ ਸਭ ਤੋਂ ਵੱਡੀ "ਸਾਂਦਲ ਬਾਰ" ਦਾ ਇਲਾਕਾ ਹੈ। ਫੈਸਲਾਬਾਦ, ਝੰਗ,ਚਿਨਿਓਟ, ਟੋਬਾ ਟੇਕ ਸਿੰਘ ਅਤੇ ਸ਼ੇਖੂਪੁਰਾ ਦੇ ਇਲਾਕੇ ਸ਼ਾਮਿਲ ਹਨ। ਜ਼ਿਆਦਾਤਰ ਜੰਗਲੀ ਇਲਾਕਾ ਹੋਣ ਕਰਕੇ ਇਸ ਨੂੰ ਜੰਗਲੀ ਬਾਰ ਵੀ ਕਿਹਾ ਜਾਂਦਾ ਹੈ ਇਹ ਬਹੁਤ ਹੀ ਉਪਜਾਊ ਇਲਾਕਾ ਹੈ। ਸ਼ਹੀਦ ਭਗਤ ਸਿੰਘ ਦੀ ਪੈਦਾਇਸ਼ ਚੱਕ 105 ਬੰਗਾਂ ਵਿਚ ਹੋਈ ਸੀ।

ਪੰਜਾਬ ਦੇ ਦੋ ਮਸ਼ਹੂਰ ਤੇ ਅਮਰ ਪ੍ਰੇਮੀ ਜੋੜੇ ਹੀਰ-ਰਾਂਝਾ ਅਤੇ ਮਿਰਜ਼ਾ-ਸਾਹਿਬਾਂ ਦਾ ਤਾਅਲੁਕ ਸਾਂਦਲ ਬਾਰ ਨਾਲ ਹੈ। ਮਸ਼ਹੂਰ "ਕਿੱਸਾ ਹੀਰ" ਤੇ ਬਾਣੀ ਵਾਰਿਸ ਸ਼ਾਹ ਵੀ ਇਥੋ ਦੇ ਸਨ। ਹੋਰ ਤੇ ਹੋਰ ਗਰੀਬਾਂ ਦੇ ਮਸੀਹਾ ਅਤੇ ਨਾਮੀ ਹਸਤੀ "ਦੁੱਲਾ ਭੱਟੀ" ਜਿਨ੍ਹਾਂ ਨੇ ਬਾਦਸ਼ਾਹ ਅਕਬਰ ਨਾਲ ਲੋਹਾ ਲਿਆ ਸੀ ਅਤੇ ਇਹਨਾਂ ਨੂੰ ਲੋਹੜੀ ਤੇ "ਦੁੱਲਾ ਭੱਟੀ ਵਾਲਾ" ਦੇ ਨਾਂ ਤੇ ਯਾਦ ਕਰਦੇ ਹਾਂ, ਉਹ ਵੀ ਇਸ ਇਲਾਕੇ ਦੇ ਸਨ। ਕਿਹਾ ਜਾਂਦਾ ਹੈ ਕਿ ਇਸ ਬਾਰ ਦਾ ਨਾਂਅ ਦੁੱਲ੍ਹਾ ਭੱਟੀ ਦੇ ਦਾਦੇ ਸਾਂਦਲ ਦੇ ਨਾਂਅ ਤੇ ਰੱਖਿਆ ਗਿਆ ਸੀ। ਦੂਜੀ ਦਲੀਲ ਜੋ ਇਸ ਕਰਕੇ ਜਿਆਦਾ ਢੁਕਵੀਂ ਲੱਗਦੀ ਹੈ ਕਿ ਸਤਯੁਗ ਦੇ ਰਿਸ਼ੀ ਸ਼ਾਂਡਲਿਆ ਦੇ ਨਾਂਅ ਉੱਤੇ ਰੱਖਿਆ ਗਿਆ ਸੀ।

ਪੰਜਾਬ ਦੀ ਚੌਥੀ ਤੇ ਆਖਰੀ ਬਾਰ ਛੱਝ ਦੁਆਬ, ਝਨਾਬ- ਜ਼ਿਹਲਮ ਦਰਿਆਵਾਂ ਦੇ ਕੇਂਦਰੀ ਅਤੇ ਦੱਖਣੀ ਇਲਾਕੇ ਨੂੰ "ਕਿਰਾਨਾ ਬਾਰ" ਕਿਹਾ ਜਾਂਦਾ ਹੈ। ਇਸ ਵਿਚ ਮੰਡੀ ਬਹਉਦੀਨ, ਸਰਗੋਧਾ ਅਤੇ ਗੁਜਰਾਤ ਦੇ ਇਲਾਕੇ ਆਉਂਦੇ ਹਨ। ਇਸ ਦਾ ਨਾਂਅ ਇਸ ਇਲਾਕੇ ਵਿਚ "ਕਿਰਾਨਾ ਪਹਾੜ" ਦੇ ਨਾਂਅ ਉੱਤੇ ਰੱਖਿਆ ਗਿਆ ਹੈ। 18ਵੀਂ ਸਦੀ ਵਿਚ ਚੜ੍ਹਦੇ ਪੰਜਾਬ ਤੋਂ ਗੋਂਦਲ ਗੋਤਰ ਦੇ ਲੋਕ ਇਸ ਬਾਰ ਵਿਚ ਆ ਵਸੇ, ਜਿਸ ਕਰਕੇ ਇਸ ਖਿੱਤੇ ਨੂੰ ਗੋਂਦਲ ਬਾਰ ਵੀ ਕਿਹਾ ਜਾਂਦਾ ਹੈ। ਇਹ ਇਲਾਕਾ ਸਾਂਦਲ ਬਾਰ ਤੋਂ ਵੀ ਜ਼ਿਆਦਾ ਉਪਜਾਊ ਹੈ।

ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਬਾਰ ਦੇ ਜ਼ਿਆਦਾਤਰ ਇਲਾਕੇ ਜੰਗਲ ਸੀ ਅਤੇ ਘੱਟ ਆਬਾਦੀ ਦੇ ਨਾਲ-ਨਾਲ ਆਬ ਪਾਸ਼ੀ (ਸਿੰਚਾਈ) ਦੇ ਸਾਧਨ ਨਾਂ ਹੋਣ ਦੇ ਬਰਾਬਰ ਸੀ। 1857 ਦੀ ਜੰਗੇ ਅਜ਼ਾਦੀ ਨੂੰ ਦਬਾਉਣ ਤੋਂ ਬਾਅਦ ਅੰਗਰੇਜ਼ਾਂ ਨੇ ਮੁਕੰਮਲ ਹਕੂਮਤ ਹਾਸਿਲ ਕਰ ਲਈ। ਇਥੇ ਮੈਂ ਅੰਗਰੇਜ਼ਾਂ ਦੀ ਦੂਰ-ਅੰਦੇਸ਼ੀ ਦੀ ਸਿਫਤ ਕਰਨ ਤੋਂ ਬਗੈਰ ਨਹੀਂ ਰਹਿ ਸਕਦਾ। ਕਿਉਂਕਿ ਉਨ੍ਹਾਂ ਨੇ ਸਭ ਤੋਂ ਪਹਿਲਾਂ ਬਾਰ ਦੇ ਇਲਾਕਿਆਂ ਨੂੰ ਵਸਾਉਣ, ਖੇਤੀਬਾੜੀ ਤੇ ਸਿੰਚਾਈ ਦੇ ਕਾਬਿਲ ਬਣਾਉਣ ਦਾ ਬੀੜ੍ਹਾ ਉਠਾਇਆ। ਇਹ ਮੁਹਿੰਮ 1885 ਤੋਂ ਸ਼ੁਰੂ ਹੋਈ।

ਬਾਰ ਦੇ ਇਲਾਕਿਆਂ ਦੀ ਉਸਾਰੀ ਲਈ ਸਿੰਚਾਈ ਨੂੰ ਸੁਧਾਰਨ ਲਈ ਇਨ੍ਹਾਂ ਇਲਾਕਿਆਂ ਵਿਚ 9 ਨਹਿਰਾਂ ਬਣਾਉਣ ਦਾ ਫੈਸਲਾ ਕੀਤਾ ਗਿਆ। ਸਭ ਤੋਂ ਪਹਿਲਾਂ ਇਥੇ ਨਹਿਰੀ ਬਸਤੀਆਂ ਵਸਾਉਣ ਦਾ ਫੈਸਲਾ ਕੀਤਾ ਗਿਆ ਅਤੇ ਵੱਡੇ ਪੈਮਾਨੇ ਤੇ ਮਾਝੇ ਤੇ ਕੁੱਝ ਹੱਦ ਤੱਕ ਦੁਆਬੇ ਤੋਂ 10 ਲੱਖ ਲੋਕਾਂ ਨੂੰ ਇੱਥੇ ਲਿਆਂਦਾ ਗਿਆ। ਜੰਗਲੀ ਅਤੇ ਖਾਲੀ ਇਲਾਕੇ ਹੋਣ ਕਰਕੇ, ਇਥੋਂ ਦੀ ਜ਼ਮੀਨ ਸਰਕਾਰੀ ਮਲਕੀਅਤ ਸੀ ਅਤੇ ਇੰਨ੍ਹਾਂ ਟੱਬਰਾਂ ਨੂੰ ਇੱਥੇ ਜ਼ਮੀਨ ਅਲਾਟ ਕੀਤੀ ਗਈ। ਇਹ 9 ਨਹਿਰੀ ਬਸਤੀਆਂ ਦਾ ਵੇਰਵਾ ਇਹ ਹੈ :-

ਗੰਜੀ ਅਤੇ ਨੀਲੀ ਬਾਰਾਂ ਵਿਚ 1880-88 ਵਿਚ ਸਿਧਾਣੀ ਬਸਤੀ (ਮੁਲਤਾਨ), ਸੁਹਾਗ ਪਾਰਾ ਬਸਤੀ (ਸਾਹੀਵਾਲ), 1896 ਵਿਚ ਚੁਨੀਆ ਬਸਤੀ, 1914 ਵਿਚ ਦੱਖਣੀ ਲਾਹੌਰ ਅਤੇ ਉਕਾੜਾ ਦੇ ਵਿਚਕਾਹੇ ਲੋਅਰ ਬਾਰੀ ਦੁਆਬ ਤੇ 1926 ਨੀਲੀ ਬਾਰ ਬਸਤੀ (ਸਾਹੀਵਾਲ-ਮੁਲਤਾਨ) ਵਿਚ ਵਸਾਈਆਂ ਗਈਆਂ।

ਸਾਂਦਲ ਬਾਰ 1892 ਵਿਚ ਸਭ ਤੋਂ ਵੱਡੀ ਚਿਨਾਬ ਬਸਤੀ ਫੈਸਲਾਬਾਦ ਅਤੇ ਝੰਗ ਦੇ ਇਲਾਕੇ ਵਿਚ ਵਸਾਈ ਗਈ। ਇਸ ਤੋਂ ਬਾਅਦ 1914 ਵਿਚ "ਉਪਰੀ ਚਿਨਾਬ" ਬਸਤੀ ਹੋਂਦ ਵਿਚ ਆਈ। ਕਿਰਾਨਾ ਬਾਰ ਵਿਚ 1902 ਨੂੰ ਜੇਹਲਮ ਬਸਤੀ ਨੂੰ ਵਸਾਉਣ ਦਾ ਕੰਮ ਸ਼ੁਰੂ ਹੋਇਆ, ਨਾਲ ਹੀ ਇੱਥੇ ਘੋੜਿਆਂ ਦੀ ਨਸਲ ਸੁਧਾਰਨ ਦਾ ਫਾਰਮ ਵੀ ਬਣਾਇਆ ਗਿਆ। ਨਹਿਰੀ ਬਸਤੀਆਂ ਦੇ ਵਸਾਉਣ ਅਤੇ 9 ਨਹਿਰਾਂ ਦੀ ਉਸਾਰੀ ਦਾ ਕੰਮ 1940 ਵਿਚ ਮੁਕੰਮਲ ਹੋ ਗਿਆ। ਇਸ ਮੁਹਿੰਮ ਨੇ ਪੰਜਾਬ ਦੀ ਨੁਹਾਰ ਬਦਲ ਦਿੱਤੀ। ਜਿਥੇ 1879 ਵਿਚ ਇਸ ਖਿੱਤੇ ਵਿਚ ਸਿਰਫ ਇਕ "ਅੱਪਰ ਬਾਰੀ ਦੁਆਬ" ਨਹਿਰ ਸੀ, ਉਥੇ 1940 ਤੱਕ ਨਹਿਰਾਂ ਦਾ ਜਾਲ ਵਿਛ ਗਿਆ। ਜੋ ਇਲਾਕੇ ਪਾਣੀ ਖੁਣੋ ਬੰਜਰ ਤੇ ਰੇਗਿਸਤਾਨ ਬਣ ਗਏ ਸੀ ਉਥੇ ਖੇਤੀਬਾੜੀ ਸ਼ੁਰੂ ਹੋ ਗਈ। ਸਹੀ ਮਾਇਨਿਆਂ ਵਿਚ ਇਹਨਾਂ ਨਾਲ ਪੰਜਾਬ ਵਿਚ ਹਰਾ ਇਨਕਲਾਬ ਆ ਗਿਆ, ਕਿਉਂਕਿ ਇਕ ਕਰੋੜ 10 ਲੱਖ ਏਕੜ ਹੋਰ ਜ਼ਮੀਨ ਨੂੰ ਸਿੰਚਾਈ ਅਤੇ ਖੇਤੀ-ਬਾੜੀ ਦੇ ਅੰਦਰ ਲਿਆਂਦਾ ਗਿਆ। ਫੈਸਲਾਬਾਦ ਤੇ ਝੰਗ ਜਿਥੇ ਇਕ ਵੀ ਨਹਿਰ ਨਹੀਂ ਸੀ ਉਹ ਪੂਰੇ ਮੁਲਕ ਲਈ ਸਭ ਤੋਂ ਉੱਤਮ ਨਹਿਰੀ ਨਿਜ਼ਾਮ ਦੀ ਮਿਸਾਲ ਬਣ ਗਿਆ। ਇੰਨ੍ਹਾਂ ਬਾਰਾਂ ਦੀ ਇਤਿਹਾਸਕ, ਸਮਾਜਿਕ ਅਤੇ ਬਹਾਦਰੀ ਅਤੇ ਇੱਥੋਂ ਦੇ ਲੋਕਾਂ ਮਿਹਨਤ ਸਦਕੇ ਪੰਜਾਬੀ ਵਿਰਸੇ ਵਿਚ ਆਪਣੀ ਖਾਸ ਜਗ੍ਹਾ ਬਣਾ ਲਈ, ਕਿਸੇ ਸਿਆਨੇ ਨੇ ਠੀਕ ਹੀ ਆਖਿਆ ਹੈ ਕਿ "ਪੰਜਾਬ ਦੀਆਂ ਬਾਰਾਂ ਤੇ ਦੁੱਧ ਦੀਆਂ ਧਾਰਾਂ"।

# ਚੌਧਰੀ ਨਿਹੰਗ ਖਾਂ

ਰਮੇਸ਼ ਬੱਗਾ ਚੋਹਲਾ
ਮੋਬ : 9463132719



ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ (ਧਰਮ) ਦਾ ਮੁਹਾਂਦਰਾ ਸਰਵ-ਸ਼ਾਂਝਾ ਬਣਾਉਣ ਲਈ ਭਾਈ ਮਰਦਾਨਾ ਜੀ ਨੂੰ ਆਪਣਾ ਪੱਕਾ ਮਿੱਤਰ ਬਣਾ ਲਿਆ ਅਤੇ ਇਸ ਮਿੱਤਰ-ਪਿਆਰੇ ਦੇ ਸੰਗ ਦੇਸ਼ਾਂ-ਵਿਦੇਸ਼ਾਂ ਵਿਚ ਸਿੱਖੀ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਰਹੇ। ਇਨ੍ਹਾਂ ਧਰਮੀ ਪੁਰਖਾਂ ਦੀ ਜੋੜੀ ਕਈ ਠੱਗਾਂ, ਚੋਰਾਂ ਅਤੇ ਹੰਕਾਰੀਆਂ ਨੂੰ ਸੱਚੇ ਧਰਮ (ਕਿਰਤ ਕਰਨ, ਵੰਡ ਛੱਕਣ ਅਤੇ ਨਾਮ ਜੱਪਣ) ਨਾਲ ਜੋੜਨ ਵਿਚ ਸਫ਼ਲ ਰਹੀ। ਗੁਰੂ ਸਾਹਿਬ ਦੀ ਵਿਲੱਖਣ ਅਤੇ ਵਿਵੇਕਸ਼ੀਲ ਵਿਚਾਰਧਾਰਾ ਨੇ ਜਿਥੇ ਰਾਖਸ਼ ਬਿਰਤੀ ਵਾਲਿਆਂ ਦੇ 'ਲੋਕ' ਨੂੰ ਸੰਵਾਰ ਦਿੱਤਾ ਉਥੇ ਉਨ੍ਹਾਂ ਦੇ 'ਪਰਲੋਕ' ਨੂੰ ਸੰਵਾਰਨ ਦਾ ਮੰਤਰ (ਸਤਿਨਾਮ) ਵੀ ਦਿੜ੍ਹ ਕਰਵਾ ਦਿੱਤਾਹੈ। ਇਹ ਸਿਲਸਲਾ ਪੂਰੇ ਗੁਰੂ-ਕਾਲ ਤੱਕ ਚੱਲਦਾ ਰਿਹਾ ਅਤੇ ਸਮੇਂ-ਸਮੇਂ ਸਿੱਖ ਸ਼ਰਧਾਲੂਆਂ ਦਾ ਸ਼ੁਮਾਰ ਵੱਧਦਾ ਗਿਆ। ਇਨ੍ਹਾਂ ਸ਼ਰਧਾਲੂਆਂ ਵਿਚ ਕੁੱਝ ਅਜਿਹੇ ਸ਼ਰਧਾਲੂ ਵੀ ਸ਼ਾਮਿਲ ਸਨ ਜਿਨ੍ਹਾਂ ਦਾ ਪਿੱਤਰੀ ਧਰਮ ਕੋਈ ਹੋਰ ਸੀ ਪਰ ਉਹ ਗੁਰੂ ਸਾਹਿਬਾਨ ਪ੍ਰਤੀ ਵੀ ਅਥਾਹ ਸ਼ਰਧਾ-ਭਾਵਨਾ ਰੱਖਦੇ ਸਨ। ਇਸ ਸ਼ਰਧਾ-ਭਾਵਨਾ ਦੇ ਸਦਕਾ ਹੀ ਕਈ ਗ਼ੈਰ-ਸਿੱਖ ਸ਼ਰਧਾਲੂਆਂ ਨੇ ਸਿੱਖੀ 'ਤੇ ਅਜਿਹੇ ਅਹਿਸਾਨ ਕੀਤੇ ਹਨ ਜਿਨ੍ਹਾਂ ਦਾ ਸਿੱਖ ਇਤਿਹਾਸ ਹਮੇਸ਼ਾਂ ਲਈ ਰਿਣੀ ਰਹੇਗਾ। ਇਨ੍ਹਾਂ ਅਹਿਸਾਨਾਂ ਵਿਚ ਹੀ ਸ਼ਾਮਿਲ ਹੈ ਕੋਟਲਾ ਨਿਹੰਗ ਕਿਲ੍ਹੇ ਵਾਲੇ ਚੌਧਰੀ ਨਿਹੰਗ ਖਾਂ ਦਾ ਕਲਗੀਧਰ ਪਾਤਸ਼ਾਹ ਦੇ ਲਾਡਲੇ ਤੇ ਜੁਝਾਰੂ ਸਿੱਖ ਭਾਈ ਬਚਿੱਤਰ ਸਿੰਘ ਤੇ ਕੀਤਾ ਗਿਆ ਅਹਿਸਾਨ।

ਇਸਲਾਮੀ ਸਭਿਆਚਾਰ ਨਾਲ ਜੁੜੇ ਹੋਣ ਦੇ ਬਾਵਜੂਦ ਸਿੱਖੀ (ਵਿਸ਼ੇਸ਼ ਕਰਕੇ ਗੁਰੂ ਗੋਬਿੰਦ ਸਿੰਘ) ਪ੍ਰਤੀ ਡੂੰਘੀ ਸ਼ਰਧਾ ਅਤੇ ਸਪਰਪਣ ਦੀ ਭਾਵਨਾ ਰੱਖਣ ਵਾਲੇ ਚੌਧਰੀ ਨਿਹੰਗ ਖਾਂ ਵਲਦ ਨੌਰੰਗ ਖਾਂ ਦਾ ਸਬੰਧ ਜ਼ਿਲ੍ਹਾ ਰੂਪਨਗਰ ਦੇ ਪਿੰਡ ਕੋਟਲਾ ਨਿਹੰਗ ਨਾਲ ਜੁੜਿਆ ਹੋਇਆ। ਇਸ ਪਿੰਡ ਦੇ ਵਿਚਾਲੇ ਰਾਜਪੂਤ ਘਰਾਣੇ ਦੁਆਰਾ ਤਿਆਰ ਕੀਤਾ ਇੱਕ ਕਿਲ੍ਹਾ ਸੀ ਜਿਸ ਉਪਰ ਉਹ ਕਾਫੀ ਸਮਾਂ ਕਾਬਜ਼ ਰਹੇ। ਇਸ ਘਰਾਣੇ ਤੋਂ ਬਾਅਦ ਇਸ ਕਿਲ੍ਹੇ ਉਪਰ ਚੌਧਰੀ ਨਿਹੰਗ ਖਾਂ ਦੇ ਪੁਰਖਿਆਂ ਦਾ ਵੀ ਕਬਜ਼ਾ ਰਿਹਾ ਹੈ। ਨਿਹੰਗ ਖਾਂ ਦਾ ਪਰਿਵਾਰ ਸੁਲੇਮਾਨ ਗ਼ਜਨਵੀਂ ਦੀ ਵੰਸ਼ ਵਿਚੋਂ ਮੰਨਿਆ ਜਾਂਦਾ ਹੈ। ਖਾਨ ਸਾਹਿਬ ਦਾ ਸਮੁੱਚਾ ਪਰਿਵਾਰ (ਨਿਹੰਗ ਖਾਂ ਦੀ ਬੇਗਮ ਜੈਨਾ, ਫ਼ਰਜੰਦ ਆਲਮ ਖਾਂ ਅਤੇ ਪੁੱਤਰੀ ਮੁਮਤਾਜ਼) ਤਨੋਂ-ਮਨੋਂ ਗੁਰੂ-ਘਰ ਨਾਲ ਜੁੜਿਆ ਹੋਇਆ ਸੀ।

ਚੌਧਰੀ ਨੌਰੰਗ ਖਾਂ ਅਤੇ ਉਸ ਦੇ ਪਿਤਾ ਦਾ ਸਿੱਖੀ ਨਾਲ ਨਾਤਾ ਉਸ ਵਕਤ ਜੁੜਿਆ ਸੀ ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨਵਾਬ ਨਾਸਰ ਅਲੀ ਦੇ ਕਹਿਣ 'ਤੇ ਰੋਪੜ ਆਏ ਸਨ ਅਤੇ ਇੱਕ ਦਿਨ ਕਿਲ੍ਹੇ ਵਿਚ ਠਹਿਰੇ ਸਨ। ਦੋਵਾਂ ਨੇ ਸੰਮਤ 1692 ਵਿਚ ਸਾਵਣ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਪਰਿਵਾਰ ਸਮੇਤ ਗੁਰੂ ਸਾਹਿਬ ਨੂੰ ਮੱਥਾ ਟੇਕਿਆ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ। ਇਸ ਅਸ਼ੀਰਵਾਦ ਨਾਲ ਗੁਰੂ-ਘਰ ਨਾਲ ਉਨ੍ਹਾਂ ਦਾ ਸੰਬੰਧ ਹੋਰ ਵੀ ਗੂੜਾ ਹੋ ਗਿਆ। ਇਸ ਗੂੜਤਾ ਕਰਕੇ ਹੀ ਉਹ ਗੁਰੂ ਸਾਹਿਬ ਨੂੰ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆ ਕੇ ਵੇਚਿਆ ਕਰਦੇ ਸਨ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਲੈ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਹੰਗ ਖਾਂ ਅਤੇ ਉਸ ਦੇ ਪਰਿਵਾਰ ਦੀ ਨੇੜਤਾ ਗੁਰੂ-ਨਾਲ ਬਣੀ ਰਹੀ।













ਚੌਧਰੀ ਨੌਰੰਗ ਖਾਂ ਅਤੇ ਉਸ ਦੇ ਪਿਤਾ ਦਾ ਸਿੱਖੀ ਨਾਲ ਨਾਤਾ ਉਸ ਵਕਤ ਜੁੜਿਆ ਸੀ ਜਦੋਂ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨਵਾਬ ਨਾਸਰ ਅਲੀ ਦੇ ਕਹਿਣ 'ਤੇ ਰੋਪੜ ਆਏ ਸਨ ਅਤੇ ਇੱਕ ਦਿਨ ਕਿਲ੍ਹੇ ਵਿਚ ਠਹਿਰੇ ਸਨ। ਦੋਵਾਂ ਨੇ ਸੰਮਤ 1692 ਵਿਚ ਸਾਵਣ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਪਰਿਵਾਰ ਸਮੇਤ ਗੁਰੂ ਸਾਹਿਬ ਨੂੰ ਮੱਥਾ ਟੇਕਿਆ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ। ਇਸ ਅਸ਼ੀਰਵਾਦ ਨਾਲ ਗੁਰੂ-ਘਰ ਨਾਲ ਉਨ੍ਹਾਂ ਦਾ ਸੰਬੰਧ ਹੋਰ ਵੀ ਗੂੜਾ ਹੋ ਗਿਆ। ਇਸ ਗੂੜਤਾ ਕਰਕੇ ਹੀ ਉਹ ਗੁਰੂ ਸਾਹਿਬ ਨੂੰ ਚੰਗੀ ਨਸਲ ਦੇ ਘੋੜੇ ਅਤੇ ਸ਼ਸਤਰ ਲਿਆ ਕੇ ਵੇਚਿਆ ਕਰਦੇ ਸਨ। ਛੇਵੇਂ ਗੁਰੂ ਹਰਗੋਬਿੰਦ ਸਾਹਿਬ ਦੇ ਸਮੇਂ ਤੋਂ ਲੈ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਨਿਹੰਗ ਖਾਂ ਅਤੇ ਉਸ ਦੇ ਪਰਿਵਾਰ ਦੀ ਨੇੜਤਾ ਗੁਰੂ-ਨਾਲ ਬਣੀ ਰਹੀ।

ਕਲਗੀਧਰ ਪਾਤਸ਼ਾਹ ਚੌਧਰੀ ਨਿਹੰਗ ਖਾਂ ਅਤੇ ਉਸ ਦੇ ਪਰਿਵਾਰ ਨੂੰ ਵੱਖ-ਵੱਖ ਸਮੇਂ 'ਤੇ ਚਾਰ ਵਾਰ ਮਿਲੇ। ਮਿਲਾਪ ਦੀਆਂ ਇਹ ਘੜੀਆਂ ਆਪਸੀ ਸਾਂਝ ਅਤੇ ਪਿਆਰ ਨੂੰ ਵਧਾਉਦੀਆਂ ਰਹੀਆਂ।

ਭੰਗਾਣੀ ਦਾ ਜੰਗ ਜਿੱਤਣ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਦੇ ਸਿੱਖ ਪਿੰਡ ਕੋਟਲਾ ਨਿਹੰਗ ਕੋਲੋਂ ਦੇ ਲੰਘ ਰਹੇ ਸਨ। ਪਿੰਡ ਦੇ ਨੇੜੇ ਨਿਹੰਗ ਖਾਂ ਦਾ ਚੂਨੇ ਦਾ ਭੱਠਾ ਚੱਲ ਰਿਹਾ ਸੀ। ਮੌਸਮ ਵਿਚ ਆਏ ਵਿਗਾੜ ਕਾਰਨ ਗੁਰੂ ਸਾਹਿਬ ਨੇ ਭੱਠੇ ਦੇ ਇੱਕ ਮਜ਼ਦੂਰ ਕੋਲੋਂ ਆਰਾਮ ਕਰਨ ਲਈ ਸੁੱਕੀ ਥਾਂ ਬਾਬਤ ਪੁੱਛਿਆ। ਮਜ਼ਦੂਰ ਨੇ ਮਜ਼ਾਕ ਵਿਚ ਕਹਿ ਦਿੱਤਾ ਕਿ ਸਾਡੇ ਕੋਲ ਤਾਂ ਸਿਰਫ ਭੱਠਾ ਹੀ ਹੈ। ਵਹਿਗੁਰੂ ਬੋਲ ਕੇ ਗੁਰੂ ਸਾਹਿਬ ਨੇ ਨੀਲੇ ਨੂੰ ਅੱਡੀ ਲਾਈ ਅਤੇ ਬਲਦੇ ਹੋਏ ਭੱਠੇ 'ਤੇ ਜਾ ਚੜ੍ਹੇ। ਬਾਬੇ ਨਾਨਕ ਦੀ ਕ੍ਰਿਪਾ ਸਦਕਾ ਅੱਗ ਨਾਲ ਤਪਿਆ ਭੱਠਾ ਠੰਢਾ-ਠਾਰ ਹੋ ਗਿਆ। ਇਸ ਗੱਲ ਦੀ ਗਵਾਹੀ ਗੁਰਦੁਆਰਾ ਭੱਠਾ ਸਾਹਿਬ ਵਿਖੇ ਲੱਗੇ ਘੋੜੇ ਦੇ ਪੌੜਾਂ ਦੇ ਨਿਸ਼ਾਨ ਅੱਜ ਵੀ ਭਰ ਰਹੇ ਹਨ। ਗੁਰੂ ਸਾਹਿਬ ਵੱਲੋਂ ਭੱਠੇ 'ਤੇ ਵਰਤਾਈ ਠੰਡ ਦੀ ਖ਼ਬਰ ਜਦ ਚੌਧਰੀ ਨਿਹੰਗ ਖਾਂ ਕੋਲ ਪਹੁੰਚੀ ਤਾਂ ਉਹ ਆਪਣੇ ਪਰਿਵਾਰਕ ਮੈਂਬਰਾਂ ਸਮੇਤ ਭੱਠ 'ਤੇ ਆ ਗਿਆ। ਚੌਧਰੀ ਅਤੇ ਉਨ੍ਹਾਂ ਦੇ ਪਰਿਵਾਰ ਨੇ ਗੁਰੂ ਸਾਹਿਬ ਨੂੰ ਸੱਜਦਾ ਕੀਤਾ ਅਤੇ ਆਪਣੀ ਹਵੇਲੀ/ਘਰ ਵਿਚ ਲੈ ਗਏ। ਪਰਿਵਾਰ ਦੇ ਮੈਂਬਰਾਂ ਨੇ ਰਾਤ ਰੱਖ ਕੇ ਗੁਰੂ ਸਾਹਿਬ ਅਤੇ ਉਨ੍ਹਾਂ ਦੇ ਸਿੱਖਾਂ ਦੀ ਰੱਜਵੀਂ ਸੇਵਾ ਕੀਤੀ ਅਤੇ ਗੁਰੂ ਸਾਹਿਬ ਦੇ ਪਿਆਰ ਦੇ ਪਾਤਰ ਬਣ ਗਏ। ਇਸ ਪਿਆਰ ਸਦਕਾ ਹੀ ਗੁਰੂ ਗੋਬਿੰਦ ਸਿੰਘ ਜੀ ਨਿਹੰਗ ਖਾਂ ਦੇ ਸੱਦੇ 'ਤੇ ਉਸ ਦੇ ਫ਼ਰਜੰਦ ਆਲਮ ਖਾਂ ਦੀ ਕੁੜਮਾਈ 'ਤੇ ਉਸ ਦੇ ਗ੍ਰਹਿ/ਕਿਲ੍ਹੇ ਵਿਖੇ ਆਏ ਅਤੇ ਪਰਿਵਾਰ ਦੀਆਂ ਖ਼ੁਸ਼ੀਆਂ ਵਿਚ ਇਜ਼ਾਫ਼ਾ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਦਾ ਚੌਧਰੀ ਨਿਹੰਗ ਖਾਂ ਅਤੇ ਉਸ ਦੇ ਪਰਿਵਾਰ ਨਾਲ ਅੰਤਿਮ ਮੇਲ 7 ਪੋਹ ਸੰਮਤ 1762 ਨੂੰ ਹੋਇਆ ਜਦੋਂ ਉਹ ਸ੍ਰੀ ਆਨੰਦਪੁਰ ਸਾਹਿਬ ਨੂੰ ਆਪਣੀ ਆਖਰੀ ਫ਼ਤਿਹ ਬੁਲਾ ਕੇ ਸ੍ਰੀ ਚਮਕੌਰ ਸਾਹਿਬ ਵੱਲ ਜਾ ਰਹੇ ਸਨ। ਇਹ ਸੰਕਟ ਦਾ ਸਮਾਂ ਸੀ। ਇਸ ਲਈ ਕੁੱਝ ਸਮੇਂ ਦੇ ਪੜਾਅ ਤੋਂ ਬਾਅਦ ਗੁਰੂ ਸਾਹਿਬ ਤਾਂ ਅਗਲੇਰੇ ਪੰਧ ਲਈ ਰਵਾਨਾ ਹੋ ਗਏ ਪਰ ਆਪਣੇ ਇੱਕ ਜ਼ਖ਼ਮੀ ਯੋਧੇ ਭਾਈ ਬਚਿੱਤਰ ਸਿੰਘ ਦੀ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਚੌਧਰੀ ਸਾਹਿਬ ਅਤੇ ਉਸ ਦੇ ਪਰਿਵਾਰ ਨੂੰ ਸੌਂਪ ਗਏ।

ਭਾਈ ਬਚਿੱਤਰ ਸਿੰਘ ਦਾ ਜਿਸਮ ਜਖ਼ਮਾਂ ਨਾਲ ਛੱਲਣੀ ਸੀ ਅਤੇ ਉਹ ਨੀਮ ਬੇਹੋਸ਼ੀ ਦੀ ਹਾਲਤ ਵਿਚ ਸਨ। ਭਾਈ ਸਾਹਿਬ ਦੀ ਦੇਖ-ਭਾਲ ਅਤੇ ਸੇਵਾ-ਸੰਭਾਲ ਦਾ ਜ਼ਿੰਮਾ ਨਿਹੰਗ ਖਾਂ ਦੀ ਬੇਟੀ ਬੀਬੀ ਮੁਮਤਾਜ਼ ਨੇ ਸੰਭਾਲ ਲਿਆ ਅਤੇ ਰਾਤ-ਦਿਨ ਉਨ੍ਹਾਂ ਦੇ ਸਿਰਹਾਣੇ ਰਹਿਣ ਲੱਗੀ।

ਇਸ ਸਮੇਂ ਦੌਰਾਨ ਕਿਸੇ ਮੁਖ਼ਬਰ ਨੇ ਮੁਗਲ ਦਰਬਾਰ ਵਿਚ ਮੁਖ਼ਬਰੀ ਕਰ ਦਿੱਤੀ ਕਿ ਗੁਰੂ ਗੋਬਿੰਦ ਸਿੰਘ ਜੀ ਚੌਧਰੀ ਨਿਹੰਗ ਖਾਂ ਦੀ ਹਵੇਲੀ/ਕਿਲ੍ਹੇ ਵਿਚ ਪਨਾਹ ਲਈ ਬੈਠੇ ਹਨ। ਇਸ ਚੁਗਲੀ ਕਾਰਨ ਸ਼ਾਹੀ ਫ਼ੌਜ ਨੇ ਹਵੇਲੀ ਨੂੰ ਘੇਰਾ ਪਾ ਲਿਆ। ਭਾਵੇਂ ਮੁਗਲ ਫ਼ੌਜ ਚੌਧਰੀ ਨਿਹੰਗ ਖਾਂ ਦਾ ਅਦਬ ਕਰਦੀ ਸੀ ਪਰ ਫਿਰ ਵੀ ਜਾਫ਼ਰ ਅਲੀ ਨੇ ਆਉਂਦੇ ਸਾਰ ਹੀ ਤਲਾਸ਼ੀ ਦੀ ਮੁਹਿੰਮ ਆਰੰਭ ਕਰ ਦਿੱਤੀ। ਇਸ ਤਲਾਸ਼ੀ ਦੇ ਦੌਰਾਨ ਜ਼ਾਫ਼ਰ ਆਲੀ ਦੇ ਹੱਥ ਕੁੱਝ ਨਹੀਂ ਲੱਗਾ। ਨਾ ਹੀ ਗੁਰੂ ਸਾਹਿਬ ਆਪ ਅਤੇ ਨਾ ਹੀ ਉਨ੍ਹਾਂ ਦਾ ਕੋਈ ਸਿੰਘ ਮਿਲਿਆ ਤੇ ਅਖੀਰ ਉਹ ਉਸ ਕੋਠੜੀ ਦੇ ਕੋਲ ਪਹੁੰਚ ਗਿਆ ਜਿਸ ਵਿਚ ਭਾਈ ਬਚਿੱਤਰ ਸਿੰਘ ਅਤੇ ਬੀਬੀ ਮੁਮਤਾਜ਼ ਸਨ। ਅੰਦਰੋਂ ਕੁੰਦੀ ਲੱਗੀ ਹੋਣ ਕਾਰਨ ਜ਼ਾਫਰ ਅਲੀ ਨੂੰ 'ਦਾਲ ਵਿਚ ਕੁੱਝ ਕਾਲਾ' ਲੱਗਣ ਲੱਗਾ। ਆਪਣੇ ਸ਼ੱਕ ਨੂੰ ਮਿਟਾਉਣ ਲਈ ਜਦੋਂ ਉਸ ਨੇ ਚੌਧਰੀ ਨਿਹੰਗ ਖਾਂ ਨੂੰ ਇਸ ਬੰਦ ਕਮਰੇ ਬਾਬਤ ਪੁੱਛਿਆ ਤਾਂ ਚੌਧਰੀ ਸਾਹਿਬ ਨੇ ਕਿਹਾ, 'ਕਿ ਇਸ ਕੋਠੜੀ ਵਿਚ ਮੇਰੀ ਧੀ ਤੇ ਮੇਰਾ ਦਾਮਾਦ ਸੁੱਤੇ ਪਏ ਹਨ।'

ਨਿਹੰਗ ਖਾਂ ਦੇ ਇਸ ਢੁੱਕਵੇ ਅਤੇ ਹਿਫ਼ਾਜਤੀ ਜਵਾਬ ਨਾਲ ਜਾਫ਼ਰ ਅਲੀ ਤਾਂ ਸੰਤੁਸ਼ਟ ਹੋ ਚਲਾ ਗਿਆ ਪਰ ਆਪਣੇ ਅੱਬਾ ਦੇ ਇਹ ਬੋਲ ਬੀਬੀ ਮੁਮਤਾਜ਼ ਦੇ ਕੰਨੀ ਪੈ ਗਏ। ਅੱਬਾ ਦੇ ਬੋਲ ਪੁਗਾਉਂਦਿਆਂ ਹੋਇਆਂ ਉਸ ਨੇ ਮਨ ਹੀ ਮਨ ਵਿੱਚ ਭਾਈ ਬਚਿੱਤਰ ਸਿੰਘ ਨੂੰ ਆਪਣਾ ਪਤੀ ਪ੍ਰਵਾਨ ਕਰ ਲਿਆ ਅਤੇ ਉਸ ਦੀ ਤਨਦੇਹੀ ਨਾਲ ਸੇਵਾ ਕਰਨ ਲੱਗੀ। ਬੀਬੀ ਵਲੋਂ ਤਨੋਂ-ਮਨੋਂ ਕੀਤੀ ਸੇਵਾ ਦੇ ਬਾਵਜੂਦ 23 ਦਸੰਬਰ 1605 ਈ. ਨੂੰ ਭਾਈ ਬਚਿੱਤਰ ਸਿੰਘ ਸਦੀਵੀਂ ਵਿਛੋੜਾ ਦੇ ਗਿਆ।

ਕੁੱਝ ਦਿਨਾਂ ਬਾਅਦ ਚੌਧਰੀ ਨਿਹੰਗ ਖਾਂ ਦੇ ਭਾਈਚਾਰੇ ਵਿਚੋਂ ਕੋਈ ਬੀਬੀ ਮੁਮਤਾਜ਼ ਦਾ ਹੱਥ ਮੰਗਣ ਵਾਸਤੇ ਆ ਗਿਆ। ਜਦੋਂ ਮੁਮਤਾਜ਼ ਨਾਲ ਗੱਲ ਕੀਤੀ ਗਈ ਤਾਂ ਉਸ ਨੇ ਆਪਣੇ ਅੱਬਾ ਨੂੰ ਕਿਹਾ ਕਿ, 'ਮੇਰਾ ਨਿਕਾਹ ਤਾਂ ਉਸ ਦਿਨ ਹੀ ਹੋ ਗਿਆ ਸੀ ਜਿਸ ਦਿਨ ਤੁਸੀਂ ਫ਼ੌਜਦਾਰ ਨੂੰ ਕਿਹਾ ਸੀ ਕਿ ਇਸ ਕੋਠੜੀ ਵਿਚ ਮੇਰੀ ਧੀ ਤੇ ਜਵਾਈ ਸੁੱਤੇ ਪਏ ਹੋਏ ਹਨ। ਹੁਣ ਦੂਸਰੀ ਵਾਰ ਮੈਂ ਨਿਕਾਹ ਨਹੀਂ ਕਰਵਾ ਸਕਦੀ।'

ਇਤਿਹਾਸ ਗਵਾਹ ਹੈ ਕਿ ਬੀਬੀ ਮੁਮਤਾਜ਼ ਨੇ ਫਿਰ ਸਾਰੀ ਹਯਾਤੀ ਆਪਣਾ ਨਿਕਾਹ ਨਹੀਂ ਕਰਵਾਇਆ ਅਤੇ ਜੀਵਨ ਦਾ ਬਾਕੀ ਸਮਾਂ ਭਾਈ ਬਚਿੱਤਰ ਸਿੰਘ ਦੀ ਯਾਦ ਅਤੇ ਖ਼ੁਦਾ ਦੀ ਇਬਾਦਤ ਵਿਚ ਗੁਜ਼ਾਰ ਦਿੱਤਾ।

ਸਿੱਖ ਇਤਿਹਾਸ ਜਿਥੇ ਸੰਕਟ ਦੇ ਸਮੇਂ ਨਿਹੰਗ ਖਾਂ ਵੱਲੋਂ ਗੁਰੂ ਸਾਹਿਬ ਨੂੰ ਦਿੱਤੇ ਗਏ ਭਰਵੇਂ ਸਹਿਯੋਗ ਲਈ ਉਸ ਦਾ ਧੰਨਵਾਦੀ ਰਹੇਗਾ, ਉਥੇ ਨਾਲ ਹੀ ਬੀਬੀ ਮੁਮਤਾਜ਼ ਵੱਲੋਂ ਕੀਤੇ ਗਏ ਸੰਕਲਪ (ਨਿਕਾਹ ਨਾ ਕਰਵਾਉਣਾ) ਨੂੰ ਵੀ ਸਲਾਮ ਕਰਦਾ ਰਹੇਗਾ।

#1348/17/1, ਗਲੀ ਨੰ: 8 ਰਿਸ਼ੀ ਨਗਰ ਐਕਸਟੈਂਸ਼ਨ (ਲੁਧਿਆਣਾ)